ਐਤਵਾਰ, 15 ਮਾਰਚ, 2026
2 ਚੇਤ { ਨਾਨਕਸ਼ਾਹੀ 558 / ਬਿਕਰਮੀ 2082
ਜਿਲਦ/VOL. : 74
ਅੰਕ/NO. : 283

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 15 MARCH, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

# ਸ਼ਾਹ ਪੰਜਾਬੀਆਂ ਨੂੰ ਨਿਹੋਰੇ ਮਾਰ ਕੇ ਚੱਲਦੇ ਬਣੇ : ਮਾਨ

## ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਭਾਰੀ ਸਮਰਥਨ ਮਿਲਿਆ

**ਮੁਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**




ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ ਦੌਰਾਨ ਸੂਬੇ ਦੇ ਮੁੱਖ ਮਸਲਿਆਂ ਦਾ ਕੋਈ ਹੱਲ ਨਾ ਕਰਨ ਲਈ ਕਰੜੀ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਲੋਕਾਂ ਨੂੰ ਐੱਮ ਐੱਸ ਪੀ, ਕਿਸਾਨ ਕਰਜ਼ਾ ਮਾਫੀ ਅਤੇ ਖ਼ਾਸ ਪੈਕੇਜ ਦੀ ਉਮੀਦ ਸੀ, ਪਰ ਲੋਕਾਂ ਪੱਲੇ ਸਿਰਫ਼ ਨਿਰਾਸ਼ਾ ਹੀ ਪਈ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਪੰਜਾਬ ਨਾਲ ਲਗਾਤਾਰ ਪੱਖਪਾਤ ਕਰਦੀ ਆ ਰਹੀ ਹੈ, ਸੂਬੇ ਦੇ ਹੱਕੀ ਫੰਡ ਰੋਕ ਰਹੀ ਹੈ, ਕਿਸਾਨਾਂ ਦੀਆਂ ਮੰਗਾਂ ਨੂੰ ਅਣਡਿੱਠ ਕਰ ਰਹੀ ਹੈ ਅਤੇ ਸੂਬੇ ਤੋਂ ਬਾਹਰ ਜ਼ਬਤ ਕੀਤੀਆਂ ਨਸ਼ੇ ਦੀਆਂ ਵੱਡੀਆਂ ਖੇਪਾਂ 'ਤੇ ਕੋਈ ਕਾਰਵਾਈ ਨਹੀਂ ਕਰ ਰਹੀ, ਸਗੋਂ ਪੰਜਾਬ ਨੂੰ ਬਦਨਾਮ ਕਰ ਰਹੀ ਹੈ।ਉਨ੍ਹਾ ਕਿਹਾ ਕਿ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਪੰਜਾਬ ਸਰਕਾਰ ਨਸ਼ਿਆਂ 'ਤੇ ਕਾਬੂ ਪਾਉਣ, ਅਰਥ ਵਿਵਸਥਾ ਮਜ਼ਬੂਤ ਕਰਨ ਅਤੇ ਨਿਵੇਸ਼ ਆਕਰਸ਼ਿਤ ਕਰਨ ਲਈ ਢੁਕਵੇਂ ਕਦਮ ਚੁੱਕ ਰਹੀ ਹੈ। ਉਨ੍ਹਾ ਦੱਸਿਆ ਕਿ ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਉਦਯੋਗ ਜਗਤ ਵੱਲੋਂ ਵੱਡਾ ਸਮਰਥਨ ਮਿਲ ਰਿਹਾ ਹੈ ਅਤੇ ਨਿਵੇਸ਼ਕ ਸੂਬੇ ਵਿੱਚ ਨਵੇਂ ਕਾਰੋਬਾਰੀ ਮੌਕਿਆਂ ਦੀ ਭਾਲ ਕਰ ਰਹੇ ਹਨ।ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਾਹ ਸਿਰਫ਼ ਪੰਜਾਬੀਆਂ ਨੂੰ ਮੰਦਾ-ਚੰਗਾ ਬੋਲ ਕੇ ਚਲੇ ਗਏ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ, ਖੇਤੀ ਕਰਜ਼ਿਆਂ ਦੀ ਮੁਆਫੀ ਅਤੇ ਕਿਸਾਨਾਂ ਲਈ ਹੋਰ ਉਪਾਵਾਂ ਵਰਗੇ ਵੱਡੇ ਐਲਾਨਾਂ ਦੀ ਉਮੀਦ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੰਜਾਬ ਦੇ ਆਰ ਡੀ ਐੱਫ ਅਤੇ ਜੀ ਐੱਸ ਟੀ ਫੰਡ ਰੋਕ ਦਿੱਤੇ ਹਨ ਅਤੇ ਅਜੇ ਤੱਕ 1,600 ਕਰੋੜ ਰੁਪਏ ਦੀ ਹੜ੍ਹ ਰਾਹਤ ਰਾਸ਼ੀ ਵੀ ਜਾਰੀ ਨਹੀਂ ਕੀਤੀ ਹੈ।ਗੈਂਗਸਟਰਵਾਦ ਦਾ ਮੁੱਦਾ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਕੌਮੀ ਪੱਧਰ 'ਤੇ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਨਾਕਾਮ ਰਹੀ ਹੈ।ਪੰਜਾਬ ਦੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਭਾਜਪਾ ਸਰਕਾਰ ਨੇ ਗੁਜਰਾਤ ਜੇਲ੍ਹ ਵਿੱਚ ਪਨਾਹ ਦਿੱਤੀ ਹੋਈ ਹੈ ਅਤੇ ਉਸ ਨੂੰ ਪੰਜਾਬ ਲਿਆਉਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾ ਰਹੀ ਹੈ। ਉਨ੍ਹਾ ਪੰਜਾਬ ਤੋਂ ਬਾਹਰ ਨਸ਼ੀਲੇ ਪਦਾਰਥਾਂ ਦੀ ਵੱਡੀ ਜ਼ਬਤੀ ਵਿਰੁੱਧ ਕਾਰਵਾਈ ਨਾ ਹੋਣ 'ਤੇ ਵੀ ਸਵਾਲ ਉਠਾਇਆ। ਮੁੱਖ ਮੰਤਰੀ ਨੇ ਕਿਹਾ ਕਿ ਗੁਜਰਾਤ ਵਿੱਚ ਲੱਖਾਂ ਟਨ ਨਸ਼ੀਲੇ ਪਦਾਰਥ ਜ਼ਬਤ ਕੀਤੇ ਜਾ ਰਹੇ ਹਨ ਪਰ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਉਨ੍ਹਾ ਕਿਹਾ ਕਿ ਪੂਰਾ ਦੇਸ਼ ਜਾਣਦਾ ਹੈ ਕਿ ਗੁਜਰਾਤ ਦੇ ਮੁੰਦਰਾ ਬੰਦਰਗਾਹ 'ਤੇ ਲਗਪਗ 3,000 ਕਿਲੋ ਨਸ਼ੀਲੇ ਪਦਾਰਥ ਜ਼ਬਤ ਕੀਤੇ ਸਨ, ਪਰ

• ਬਾਕੀ ਸਫਾ 2 'ਤੇ

# ਨਸ਼ਾ ਭਾਜਪਾ ਦੀ ਸੱਤਾ ਵਾਲੇ ਰਾਜਾਂ ਤੋਂ ਆਉਂਦਾ : ਅਮਨ ਅਰੋੜਾ

## ਅਮਿਤ ਸ਼ਾਹ ਦੀ ਫੇਰੀ 'ਤੇ ਚੁੱਕੇ ਸਵਾਲ



**ਚੰਡੀਗੜ੍ਹ** : ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਸ਼ਨੀਵਾਰ ਚੰਡੀਗੜ੍ਹ 'ਚ ਪੰਜਾਬ ਭਵਨ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ ਨੂੰ ਲੈ ਕੇ ਵੱਡੇ ਸਵਾਲ ਖੜੇ ਕੀਤੇ ਹਨ। ਉਹਨਾ ਕਿਹਾ ਕਿ ਅਮਿਤ ਸ਼ਾਹ ਜੀ ਪੰਜਾਬ ਦੇ ਵਾਸੀਆਂ ਨੂੰ ਇਸ ਗੱਲ ਦਾ ਜਵਾਬ ਦੇ ਕੇ ਜਾਣ ਕਿ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਦਾ ਜੋ ਆਰ ਡੀ ਐੱਫ 8300 ਕਰੋੜ ਰੁਪਿਆ ਕੇਂਦਰ ਸਰਕਾਰ ਰੋਕੀ ਬੈਠੀ ਹੈ, ਕੀ ਉਹ ਅੱਜ ਦੇ ਕੇ ਜਾਣਗੇ ਜਾਂ ਕੋਈ ਇਸ ਸੰਬੰਧੀ ਹੋਰ ਜੁਮਲਾ ਛੱਡ ਕੇ ਵਾਪਸ ਪਰਤਣਗੇ। ਇਸ ਦੇ ਨਾਲ ਹੀ ਅਰੋੜਾ ਨੇ ਜੀ ਐੱਸ ਟੀ ਦੇ ਮੁੱਦੇ 'ਤੇ ਵੀ ਸਵਾਲ ਖੜੇ ਕੀਤੇ, ਜਿਸ ਨਾਲ ਪੰਜਾਬ ਦਾ 6000 ਕਰੋੜ ਦਾ ਨੁਕਸਾਨ ਹੋਇਆ ਹੈ, ਉਸ ਬਾਰੇ ਵੀ ਪੰਜਾਬ ਦੇ ਲੋਕਾਂ ਨੂੰ ਦੱਸ ਕੇ ਜਾਣ। ਅਮਨ ਅਰੋੜਾ ਨੇ ਪ੍ਰਧਾਨ ਮੰਤਰੀ ਦੀ ਹੜ੍ਹਾਂ ਦੀ ਫੇਰੀ ਦੌਰਾਨ ਪੰਜਾਬ ਨੂੰ 1600 ਕਰੋੜ ਦੇਣ ਦੀ ਗੱਲ ਕਹੀ ਸੀ ਕਿ ਉਹ ਚੈੱਕ ਅੱਜ ਅਮਿਤ ਸ਼ਾਹ ਜੀ ਲੈ ਕੇ ਆ ਰਹੇ ਹਨ। ਅਰੋੜਾ ਨੇ ਇਸ ਬਾਰੇ ਖੁਲਾਸਾ ਕੀਤਾ ਕਿ ਪੰਜਾਬ ਨੂੰ 1600 ਕਰੋੜ ਵਿਚੋਂ 16 ਰੁਪਏ ਤੱਕ ਵੀ ਨਹੀਂ ਮਿਲੇ। ਉਨ੍ਹਾ ਕਿਹਾ ਕਿ ਪੰਜਾਬ ਦੇ ਨਾਲ ਲੱਗਦੇ ਸੂਬਿਆਂ ਵਿਚ ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਉੱਥੇ ਇੰਡਸਟਰੀ ਲਈ ਸਹੂਲਤਾਂ ਦਿੱਤੀਆਂ, ਉਸ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ

• ਬਾਕੀ ਸਫਾ 2 'ਤੇ

## ਸ਼ਾਹ ਪੰਜਾਬ ਦੇ ਰੋਕੇ 9000 ਕਰੋੜ ਦਾ ਹਿਸਾਬ ਦੇਣ : ਧਾਲੀਵਾਲ



**ਅੰਮ੍ਰਿਤਸਰ/ਚੰਡੀਗੜ੍ਹ** : ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਮੋਗਾ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ 'ਤੇ ਤਿੱਖਾ ਹਮਲਾ ਬੋਲਿਆ ਹੈ। ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਕਦਮ ਰੱਖਣ ਤੋਂ ਪਹਿਲਾਂ ਅਮਿਤ ਸ਼ਾਹ ਨੂੰ ਪੰਜਾਬ ਦੇ ਉਨ੍ਹਾਂ ਹਜ਼ਾਰਾਂ ਕਰੋੜ ਰੁਪਏ ਦਾ ਹਿਸਾਬ ਦੇਣਾ ਚਾਹੀਦਾ ਹੈ, ਜੋ ਕੇਂਦਰ ਸਰਕਾਰ ਨੇ ਰੋਕ ਕੇ ਰੱਖੇ ਹੋਏ ਹਨ।ਸ਼ਨੀਵਾਰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਅਮਿਤ ਸ਼ਾਹ ਜੀ, ਪੰਜਾਬ ਦੀ ਤਰੱਕੀ ਦੇ 8300 ਕਰੋੜ ਜੋ ਹੁਣ ਵਧ ਕੇ 9000 ਕਰੋੜ ਰੁਪਏ ਹੋ ਗਏ ਹਨ, ਕੇਂਦਰ ਸਰਕਾਰ ਦਬਾਈ ਬੈਠੀ ਹੈ। ਧਾਲੀਵਾਲ ਨੇ ਕਿਹਾ ਕਿ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਪੰਜਾਬ ਨੂੰ ਜੋ ਵਿੱਤੀ ਨੁਕਸਾਨ ਝੱਲਣਾ ਪਿਆ ਹੈ, ਕੇਂਦਰ ਸਰਕਾਰ ਉਸ ਦੀ ਭਰਪਾਈ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਅਮਿਤ ਸ਼ਾਹ ਪੰਜਾਬ ਦੇ ਰੁਕੇ ਹੋਏ ਜੀ ਐੱਸ ਟੀ ਫੰਡ ਤੁਰੰਤ ਮੁਹੱਈਆ ਕਰਵਾਉਣ

• ਬਾਕੀ ਸਫਾ 2 'ਤੇ

# ਸੋਨਮ ਵਾਂਗਚੁਕ ਜੋਧਪੁਰ ਜੇਲ੍ਹ 'ਚੋਂ ਰਿਹਾਅ



**ਨਵੀਂ ਦਿੱਲੀ** : ਪ੍ਰਸਿੱਧ ਸਮਾਜਿਕ ਆਗੂ ਸੋਨਮ ਵਾਂਗਚੁਕ ਨੂੰ ਜੋਧਪੁਰ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਲੱਦਾਖ ਦੇ ਪ੍ਰਸਿੱਧ ਵਾਤਾਵਰਨ ਕਾਰਕੁਨ ਅਤੇ ਇੰਜੀਨੀਅਰ ਸੋਨਮ ਵਾਂਗਚੁਕ ਦੀ ਨਜ਼ਰਬੰਦੀ ਨੂੰ ਤੁਰੰਤ ਖ਼ਤਮ ਕਰਨ ਦਾ ਐਲਾਨ ਕੀਤਾ। ਗ੍ਰਹਿ ਮੰਤਰਾਲੇ ਵੱਲੋਂ ਸ਼ਨੀਵਾਰ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਇਹ ਫੈਸਲਾ ਖੇਤਰ ਵਿੱਚ ਸ਼ਾਂਤੀ, ਸਥਿਰਤਾ ਅਤੇ ਆਪਸੀ ਵਿਸ਼ਵਾਸ ਦਾ ਮਾਹੌਲ ਬਣਾਉਣ ਲਈ ਲਿਆ ਗਿਆ ਹੈ। ਵਾਂਗਚੁਕ ਨੂੰ ਸਤੰਬਰ 2025 ਵਿੱਚ ਲੇਹ ਵਿੱਚ ਕਾਨੂੰਨ-ਵਿਵਸਥਾ ਦੀ ਗੰਭੀਰ ਸਥਿਤੀ ਦੇ ਮੱਦੇਨਜ਼ਰ ਕੌਮੀਂ ਸੁਰੱਖਿਆ ਐਕਟ ਤਹਿਤ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਉਹ ਆਪਣੀ ਹਿਰਾਸਤ ਦੀ ਅੱਧੀ ਮਿਆਦ ਪੂਰੀ ਕਰ ਚੁੱਕੇ ਹਨ। ਸਰਕਾਰ ਨੇ ਸਪੱਸ਼ਟ ਕੀਤਾ ਕਿ ਲੱਦਾਖ ਵਿੱਚ ਲਗਾਤਾਰ ਹੋ ਰਹੇ ਬੰਦ ਅਤੇ ਪ੍ਰਦਰਸ਼ਨਾਂ ਕਾਰਨ ਉੱਥੋਂ ਦੀ ਆਰਥਿਕਤਾ, ਸੈਰ-ਸਪਾਟਾ ਅਤੇ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਪੈ ਰਿਹਾ ਸੀ। ਗ੍ਰਹਿ ਮੰਤਰਾਲੇ ਅਨੁਸਾਰ ਸਰਕਾਰ ਲੱਦਾਖ ਦੇ ਹਿੱਤਾਂ ਅਤੇ ਸੰਵਿਧਾਨਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਭਾਈਚਾਰਿਆਂ ਨਾਲ ਰਚਨਾਤਮਕ ਗੱਲਬਾਤ ਕਰਨ ਲਈ ਵਚਨਬੱਧ ਹੈ।

# ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ 'ਚ 30 ਦਿਨਾਂ ਦਾ ਵਾਧਾ

**ਦੁਬਈ** : ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਅਤੇ ਹਵਾਈ ਰੂਟਾਂ ਵਿੱਚ ਆਈ ਰੁਕਾਵਟ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਦੇਸ਼ ਵਿੱਚ ਫਸੇ ਵਿਦੇਸ਼ੀ ਨਾਗਰਿਕਾਂ ਲਈ ਵੱਡਾ ਐਲਾਨ ਕੀਤਾ ਹੈ। ਦੁਬਈ ਸਥਿਤ ਭਾਰਤੀ ਦੂਤਾਵਾਸ ਅਨੁਸਾਰ ਜਿਨ੍ਹਾਂ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ ਖ਼ਤਮ ਹੋ ਰਹੇ ਹਨ, ਉਨ੍ਹਾਂ ਨੂੰ 30 ਦਿਨਾਂ ਦੀ ਮੁਫ਼ਤ ਵੀਜ਼ਾ ਐਕਸਟੈਂਸ਼ਨ ਦਿੱਤੀ ਜਾਵੇਗੀ। ਇਸ ਤੋਂ ਇਲਾਵਾ 28 ਫਰਵਰੀ ਤੋਂ ਬਾਅਦ ਜੰਗ ਕਾਰਨ ਹੋਏ 'ਓਵਰਸਟੇਅ' (ਜ਼ਿਆਦਾ ਦੇਰ ਰੁਕਣ) ਲਈ ਕੋਈ ਵੀ ਜੁਰਮਾਨਾ ਨਹੀਂ ਵਸੂਲਿਆ ਜਾਵੇਗਾ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਹਵਾਈ ਰਸਤੇ ਖੁੱਲ੍ਹਣ 'ਤੇ ਇਨ੍ਹਾਂ ਨਾਗਰਿਕਾਂ ਨੂੰ ਬਿਨਾਂ ਕਿਸੇ ਫੀਸ ਦੇ 'ਐਗਜ਼ਿਟ ਪਰਮਿਟ' ਵੀ ਜਾਰੀ ਕੀਤੇ ਜਾਣਗੇ। ਭਾਰਤ ਨੇ ਇਹ ਵੀ ਐਲਾਨ ਕੀਤਾ ਕਿ ਜੇਕਰ ਕੋਈ ਫਲਾਈਟ ਡਾਇਵਰਟ ਹੋ ਕੇ ਭਾਰਤ ਆਉਂਦੀ ਹੈ, ਤਾਂ ਯਾਤਰੀਆਂ ਨੂੰ ਮੁਫ਼ਤ 'ਟੈਂਪਰੇਰੀ ਲੈਂਡਿੰਗ ਪਰਮਿਟ' ਦਿੱਤਾ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਇਤਿਹਾਸਕ ਰੂਪ ਦੇਣਾ ਸ਼ਲਾਘਾਯੋਗ : ਸੰਤ ਨਿਰਮਲ ਦਾਸ

## ਸ਼ੋਭਾ ਯਾਤਰਾਵਾਂ, ਡਰੋਨ ਸ਼ੋਅ ਤੇ ਦਸਤਾਵੇਜ਼ੀ ਸ਼ੋਅ ਦੀਆਂ ਤਿਆਰੀਆਂ ਸ਼ੁਰੂ : ਦੀਪਕ ਬਾਲੀ



**ਚੰਡੀਗੜ੍ਹ** : ਪੰਜਾਬ ਵਿਰਾਸਤ ਅਤੇ ਸੈਰ-ਸਪਾਟਾ ਪ੍ਰਮੋਸ਼ਨ ਬੋਰਡ ਦਫ਼ਤਰ ਵਿਖੇ ਸੰਤ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਦੇ 650 ਵੇਂ ਜਨਮ ਦਿਵਸ ਦੇ ਇਤਿਹਾਸਕ ਅਤੇ ਸ਼ਾਨਦਾਰ ਜਸ਼ਨ ਦੀ ਯੋਜਨਾ ਬਣਾਉਣ ਲਈ ਇੱਕ ਉੱਚ-ਪੱਧਰੀ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਵੱਖ-ਵੱਖ ਡੇਰਿਆਂ ਤੋਂ ਪੁੱਜੇ ਸਤਿਕਾਰਯੋਗ ਸੰਤਾਂ-ਮਹਾਪੁਰਖਾਂ, ਅਧਿਆਤਮਿਕ ਆਗੂਆਂ ਅਤੇ ਗਿਆਨਵਾਨ ਵਿਦਵਾਨਾਂ ਨੇ ਕੀਤੀ, ਜਿਸ ਵਿਚ ਸਮਾਜ ਦੇ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧੀਆਂ ਅਤੇ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਅਤੇ ਪੰਜਾਬ ਵਿਰਾਸਤ ਅਤੇ ਸੈਰ-ਸਪਾਟਾ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਦੀਪਕ ਬਾਲੀ ਨੇ ਵੀ ਸ਼ਿਰਕਤ ਕੀਤੀ ਅਤੇ ਆਪਣੇ ਕੀਮਤੀ ਸੁਝਾਅ ਸਾਂਝੇ ਕੀਤੇ। ਸੰਤ ਨਿਰਮਲ ਦਾਸ (ਜੋੜੇ ਵਾਲੇ), ਸੰਤ ਗੁਰਦੀਪ ਗਿਰੀ (ਪਠਾਨਕੋਟ ਵਾਲੇ), ਸੰਤ ਮਨਦੀਪ ਦਾਸ (ਡੇਰਾ ਬੱਲਾਂ), ਸੰਤ ਪ੍ਰਦੀਪ ਦਾਸ (ਡੇਰਾ ਕਠਾਰ),

• ਬਾਕੀ ਸਫਾ 2 'ਤੇ

# ਹੈਪੀ ਸਰਪੰਚ ਕਤਲ ਮਾਮਲੇ 'ਚ ਮੁੱਖ ਦੋਸ਼ੀ ਬੱਬਲੂ ਲਦਾਖ ਤੋਂ ਕਾਬੂ

**ਮੋਗਾ** : ਬਾਘਾ ਪੁਰਾਣਾ ਇਲਾਕੇ 'ਚ ਦਿਨ-ਦਿਹਾੜੇ ਹੋਏ ਹੈਪੀ ਸਰਪੰਚ ਪੱਤੋ ਹੀਰਾ ਸਿੰਘ ਦੇ ਕਤਲ ਮਾਮਲੇ 'ਚ ਮੋਗਾ ਪੁਲਸ ਨੂੰ ਵੱਡੀ ਕਾਮਯਾਬੀ ਮਿਲੀ ਹੈ।

ਇਸ ਮਾਮਲੇ ਦੇ ਮੁੱਖ ਦੋਸ਼ੀ ਮਨਪ੍ਰੀਤ ਸਿੰਘ ਉਰਫ਼ ਬੱਬਲੂ ਨੂੰ ਲਦਾਖ ਤੋਂ ਕਾਬੂ ਕੀਤਾ ਗਿਆ ਹੈ। ਹੈਪੀ ਸਰਪੰਚ ਜਦੋਂ ਆਪਣੀ ਥਾਰ ਵਿਚੋਂ ਨਿਕਲ ਕੇ ਆਪਣੇ ਜਿੰਮ ਵੱਲ ਜਾ ਰਿਹਾ ਸੀ ਤਾਂ ਮਗਰੋਂ ਇਕ ਫਾਰਚੂਨਰ ਗੱਡੀ ਆਉਂਦੀ ਹੈ, ਜਿਸ 'ਚ ਮਨਪ੍ਰੀਤ ਸਿੰਘ ਉਰਫ਼ ਬੱਬਲੂ ਤੇ ਉਸ ਦੇ ਸਾਥੀ ਮੌਜੂਦ ਸਨ। ਡੀ ਐੱਸ ਪੀ ਦਲਵੀਰ ਸਿੰਘ ਮੁਤਾਬਕ ਸੀ ਸੀ ਟੀ ਵੀ ਫੁਟੇਜ 'ਚ ਮਨਪ੍ਰੀਤ ਸਿੰਘ ਉਰਫ਼ ਬੱਬਲੂ ਗੋਲੀਆਂ ਚਲਾਉਂਦਾ ਹੋਇਆ ਵੀ ਨਜ਼ਰ ਆ ਰਿਹਾ ਹੈ।

# ਮਹਿਲਾ ਮਜ਼ਦੂਰਾਂ ਲਈ ਮਾਸਿਕ ਧਰਮ ਛੁੱਟੀ ਨੂੰ ਕਾਨੂੰਨੀ ਅਧਿਕਾਰ ਬਣਾਇਆ ਜਾਵੇ : ਅਮਰਜੀਤ ਕੌਰ

**ਲੁਧਿਆਣਾ/ਭੁਬਨੇਸ਼ਵਰ (ਐੱਮ ਐੱਸ ਭਾਟੀਆ)**



ਭੁਬਨੇਸ਼ਵਰ ਵਿੱਚ ਸ਼ੁਰੂ ਹੋਈ ਦੋ ਦਿਨਾ (14-15 ਮਾਰਚ) ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ (ਏਟਕ) ਦੀ ਵਰਕਿੰਗ ਕਮੇਟੀ ਦੀ ਮੀਟਿੰਗ ਨੇ ਮਹਿਲਾ ਮਜ਼ਦੂਰਾਂ ਲਈ ਮਾਸਿਕ ਧਰਮ ਛੁੱਟੀ ਨੂੰ ਕਾਨੂੰਨੀ ਅਧਿਕਾਰ ਬਣਾਉਣ ਦੀ ਜ਼ੋਰਦਾਰ ਮੰਗ ਕੀਤੀ ਹੈ।ਏਟਕ ਦੇ ਕੌਮੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਬਿਆਨ ਵਿੱਚ ਕਿਹਾ ਕਿ ਮੀਟਿੰਗ ਨੇ ਭਾਰਤ ਦੇ ਸੁਪਰੀਮ ਕੋਰਟ ਦੀਆਂ ਹਾਲੀਆ ਟਿੱਪਣੀਆਂ ਉੱਤੇ ਗੰਭੀਰ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਮਾਸਿਕ ਧਰਮ ਛੁੱਟੀ ਨੂੰ ਵਪਾਰਕ ਮਾਡਲ ਦੇ ਨਜ਼ਰੀਏ ਨਾਲ ਦੇਖਣ ਦੀ ਸੋਚ ਨਿਰਾਸ਼ਾਜਨਕ ਹੈ ਅਤੇ ਇਹ ਮਹਿਲਾਵਾਂ ਦੇ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਦੀ ਹੈ।ਏਟਕ ਦੀ ਵਰਕਿੰਗ ਕਮੇਟੀ ਨੇ ਇਸ ਸੰਬੰਧੀ ਇੱਕ ਪ੍ਰਸਤਾਵ ਪਾਸ ਕੀਤਾ ਹੈ, ਜਿਸ ਵਿੱਚ ਕਿਹਾ ਕਿ ਮਾਸਿਕ ਧਰਮ ਇੱਕ ਕੁਦਰਤੀ ਜੈਵਿਕ ਪ੍ਰਕਿਰਿਆ ਹੈ ਅਤੇ ਮਾਸਿਕ ਧਰਮ ਦੀ ਉਮਰ ਵਿੱਚ ਮੌਜੂਦ ਲੱਖਾਂ ਮਹਿਲਾ ਮਜ਼ਦੂਰ ਹਰ ਮਹੀਨੇ ਸਿਹਤ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਦੀਆਂ ਹਨ। ਖਾਸ ਕਰਕੇ ਫੈਕਟਰੀਆਂ, ਨਿਰਮਾਣ ਖੇਤਰ, ਖੇਤੀਬਾੜੀ, ਬਾਗ਼ਬਾਨੀ, ਘਰੇਲੂ ਕੰਮ ਅਤੇ ਵੱਡੇ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੀਆਂ ਮਹਿਲਾਵਾਂ ਲਈ ਮਾਸਿਕ ਧਰਮ ਦੇ ਦੌਰਾਨ ਆਰਾਮ ਅਤੇ ਸਫ਼ਾਈ ਦੀ ਘਾਟ ਕਾਰਨ ਕਈ ਵਾਰ ਅਪਮਾਨਜਨਕ ਅਤੇ ਕਠਿਨ ਹਾਲਾਤ ਬਣ ਜਾਂਦੇ ਹਨ।ਵਰਕਿੰਗ ਕਮੇਟੀ ਨੇ ਸਪੱਸ਼ਟ ਕੀਤਾ ਕਿ ਮਾਤਰਤਵ ਭਲਾਈ ਅਤੇ ਮਾਸਿਕ ਧਰਮ ਸਿਹਤ ਸੁਰੱਖਿਆ ਕੋਈ ਰਹਿਮ ਜਾਂ ਦਾਨ ਨਹੀਂ, ਸਗੋਂ ਰਾਜ ਦੀ ਸਮਾਜਿਕ ਅਤੇ ਸੰਵਿਧਾਨਕ ਜ਼ਿੰਮੇਵਾਰੀ ਹੈ। ਜੇ ਮਾਸਿਕ ਧਰਮ ਛੁੱਟੀ ਨੂੰ

• ਬਾਕੀ ਸਫਾ 2 'ਤੇ

# ਫਰਜ਼ੀ ਲੁੱਟ ਮਾਮਲੇ 'ਚ 11 ਭਾਰਤੀਆਂ 'ਤੇ ਚੱਲੇਗਾ ਕੇਸ

**ਨਿਊ ਯਾਰਕ** : ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 11 ਭਾਰਤੀ ਨਾਗਰਿਕਾਂ 'ਤੇ ਵੀਜ਼ਾ ਧੋਖਾਧੜੀ ਦੇ ਗੰਭੀਰ ਦੋਸ਼ ਲੱਗੇ ਹਨ। ਵਕੀਲਾਂ ਅਨੁਸਾਰ ਇਨ੍ਹਾਂ ਵਿਅਕਤੀਆਂ ਨੇ ਗਰੀਨ ਕਾਰਡ ਹਾਸਲ ਕਰਨ ਲਈ ਸਟੋਰਾਂ ਵਿੱਚ 'ਫਰਜ਼ੀ ਹਥਿਆਰਬੰਦ ਲੁੱਟਾਂ' ਕਰਵਾਉਣ ਦੀ ਸਾਜ਼ਿਸ਼ ਰਚੀ ਸੀ। ਇਸ ਸਕੀਮ ਦਾ ਮਕਸਦ ਸਟੋਰ ਕਲਰਕਾਂ ਨੂੰ ਅਪਰਾਧ ਦੇ 'ਨਕਲੀ ਪੀੜਤ' ਦਿਖਾ ਕੇ 'ਯੂ-ਵੀਜ਼ਾ' ਲਈ ਅਪਲਾਈ ਕਰਵਾਉਣਾ ਸੀ, ਜੋ ਕਿ ਹਿੰਸਕ ਅਪਰਾਧਾਂ ਦੇ ਪੀੜਤਾਂ ਨੂੰ ਅਮਰੀਕਾ ਵਿੱਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਦੋਸ਼ੀਆਂ ਵਿੱਚ ਜਿਤੇਂਦਰ ਕੁਮਾਰ ਪਟੇਲ, ਮਹੇਸ਼ ਕੁਮਾਰ ਪਟੇਲ ਅਤੇ ਸੰਜੇ ਕੁਮਾਰ ਪਟੇਲ ਸਮੇਤ ਕੁੱਲ 11 ਲੋਕ ਸ਼ਾਮਲ ਹਨ, ਜੋ ਮੈਸੇਚਿਉਸੇਟਸ, ਕੇਨਟਕੀ ਅਤੇ

• ਬਾਕੀ ਸਫਾ 2 'ਤੇ

# ਮੋਦੀ ਸਰਕਾਰ ਆਪਣੇ ਹਿੱਤਾਂ ਲਈ ਖੇਤੀਬਾੜੀ ਨੂੰ ਕੁਰਬਾਨ ਕਰਨ ਲਈ ਤਿਆਰ : ਰਾਹੁਲ

**ਨਵੀਂ ਦਿੱਲੀ** : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸ਼ਨੀਵਾਰ ਦੋਸ਼ ਲਗਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਆਪਣੇ ਵਾਅਦੇ ਪੂਰੇ ਨਹੀਂ ਕੀਤੇ ਅਤੇ ਆਪਣੇ ਹਿੱਤਾਂ ਲਈ ਭਾਰਤ ਦੀ ਖੇਤੀਬਾੜੀ ਨੂੰ ਕੁਰਬਾਨ ਕਰਨ ਲਈ ਤਿਆਰ ਹੈ। ਇਕ ਫੇਸਬੁਕ ਪੋਸਟ ਵਿਚ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ ਹਾਲ ਹੀ 'ਚ ਸਦਨ 'ਚ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਨ ਅਤੇ ਕੀ ਸੰਯੁਕਤ ਰਾਜ ਅਮਰੀਕਾ ਨਾਲ ਵਪਾਰ ਸਮਝੌਤਾ ਨਰਿੰਦਰ ਮੋਦੀ ਸਰਕਾਰ ਦੀ ਮੌਜੂਦਾ ਐੱਮ ਐੱਸ ਪੀ ਨੀਤੀ ਨੂੰ ਬਦਲ ਦੇਵੇਗਾ, ਬਾਰੇ ਇਕ ਸਵਾਲ ਸਾਂਝਾ ਕੀਤਾ। ਉਨ੍ਹਾ ਕਿਹਾ ਕਿ ਲੋਕ ਸਭਾ ਵਿਚ ਮੈਂ ਸਰਕਾਰ ਨੂੰ ਸਿੱਧਾ ਸਵਾਲ ਪੁੱਛਿਆ, '2021 'ਚ ਕਿਸਾਨਾਂ ਨਾਲ ਕੀਤਾ ਗਿਆ ਇਕ ਕਾਨੂੰਨੀ ਐੱਮ ਐੱਸ ਪੀ 32+50 ਪ੍ਰਤੀਸ਼ਤ ਦਾ ਵਾਅਦਾ ਅਜੇ ਤੱਕ ਕਿਉਂ ਲਾਗੂ ਨਹੀਂ ਕੀਤਾ ਗਿਆ?' ਸਿੱਧੇ ਜਵਾਬ ਤੋਂ ਪਰ੍ਹੇ ਸਰਕਾਰ ਨੇ ਸਿਰਫ਼ ਆਪਣੀ ਮੌਜੂਦਾ

• ਬਾਕੀ ਸਫਾ 2 'ਤੇ

# 'ਛੋਟੇ ਭਰਾ' ਵਾਲੀ ਭੂਮਿਕਾ ਖ਼ਤਮ : ਸ਼ਾਹ

## ਕੈਪਟਨ ਅਮਰਿੰਦਰ ਰਹੇ ਗੈਰ-ਹਾਜ਼ਰ



**ਮੋਗਾ/ਅਜੀਤਵਾਲ (ਇਕਬਾਲ ਸਿੰਘ ਖਹਿਰਾ, ਨਛੱਤਰ ਸੰਧੂ)**-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਕਿਲੀ ਚਹਿਲਾਂ ਮੋਗਾ ਦੀ ਧਰਤੀ ਤੋਂ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੀ ਮੁਹਿੰਮ ਦਾ ਰਸਮੀ ਆਗਾਜ਼ ਕਰ ਦਿੱਤਾ। ਪਾਰਟੀ ਦੀ 'ਬਦਲਾਅ ਰੈਲੀ' ਨੂੰ ਸੰਬੋਧਨ ਕਰਦਿਆਂ ਨਾਨਕਸ਼ਾਹੀ ਨਵੇਂ ਸਾਲ ਦੀਆਂ ਮੁਬਾਰਕਾਂ ਦਿੰਦਿਆਂ ਸ਼ਾਹ ਨੇ ਸਪੱਸ਼ਟ ਕੀਤਾ ਕਿ ਹੁਣ ਭਾਜਪਾ ਪੰਜਾਬ ਵਿੱਚ 'ਛੋਟੇ ਭਰਾ' (ਜੂਨੀਅਰ ਸਹਿਯੋਗੀ) ਵਜੋਂ ਨਹੀਂ, ਸਗੋਂ ਆਪਣੇ ਦਮ 'ਤੇ ਸਰਕਾਰ ਬਣਾਉਣ ਦੇ ਮਕਸਦ ਨਾਲ ਮੈਦਾਨ ਵਿੱਚ ਉਤਰੇਗੀ। ਉਨ੍ਹਾ ਕਿਹਾ ਕਿ ਜਿਸ ਤਰ੍ਹਾਂ ਕੇਂਦਰ ਨੇ ਦੇਸ਼ ਵਿੱਚੋਂ ਨਕਸਲਵਾਦ ਨੂੰ ਨੱਥ ਪਾਈ ਹੈ, ਉਸੇ ਤਰ੍ਹਾਂ ਪੰਜਾਬ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹੋਂ ਪੁੱਟਿਆ ਜਾਵੇਗਾ। ਕੇਂਦਰੀ ਮੰਤਰੀ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ 'ਤਿੰਨ ਵੱਡੇ ਖ਼ਤਰਿਆਂ'-ਗੈਂਗਸਟਰ ਕਲਚਰ, ਜ਼ਬਰਦਸਤੀ ਧਰਮ ਪਰਿਵਰਤਨ ਅਤੇ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਅਹਿਦ ਲਿਆ। ਉਨ੍ਹਾ ਭਰੋਸਾ ਦਿੱਤਾ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਰੈਲੀ ਹੋਈ ਅੱਜ ਮੋਗੇ ਵਿੱਚ ਭਾਜਪਾ ਦੀ,
ਅਗਲੀ ਚੋਣ ਦਾ ਚੱਕਰ ਆ ਸ਼ੁਰੂ ਬੇਲੀ।
ਅਮਿਤ ਸ਼ਾਹ ਨੇ ਝਾੜੇ ਹਨ ਬਹੁਤ ਤੋੜੇ,
ਮੁਹਿੰਮ ਜਿਨ੍ਹਾਂ ਤੋਂ ਅੱਗੇ ਦੀ ਤੁਰੂ ਬੇਲੀ।
ਲੀਡਰ ਆਉਣਗੇ ਸਾਰਿਆਂ ਸੂਬਿਆਂ ਦੇ,
ਆਉਣੇ ਨਾਲ ਹੀ ਧਾਰਮਿਕ ਗੁਰੂ ਬੇਲੀ।
ਘਰੋ-ਘਰੀ ਜਾ ਲੋਕਾਂ ਨੂੰ ਮਿਲਣਗੇ ਫਿਰ,
ਕਿੰਗਰਾ ਨਫਰਤ ਦਾ ਸੋਚਦੇ ਭੁਰੂ ਬੇਲੀ।
ਸੱਤਰ ਸਾਲਾਂ ਵਿੱਚ ਕੰਡੇ ਜੋ ਆਪ ਬੀਜੇ,
ਭੁੱਲਣ ਸੌਖਾ ਨਾ ਉਨ੍ਹਾਂ ਦਾ ਦਰਦ ਬੇਲੀ।
ਪਤਾ ਨਹੀਂ ਕੱਲ੍ਹ ਨੂੰ ਕਿਸੇ ਥਾਂ ਕੀ ਹੋਣਾ,
ਘੜੀ ਹਾਲ ਦੀ ਮੌਸਮ ਆ ਸਰਦ ਬੇਲੀ।

-ਤੀਸ ਮਾਰ ਖਾਂ

# ਨੌਜਵਾਨ ਦੀ ਹਲਕਾਅ ਕਾਰਨ ਮੌਤ

**ਫ਼ਿਰੋਜ਼ਪੁਰ** : ਪਿੰਡ ਸਾਬੂਆਣਾ ਦੇ ਨੌਜਵਾਨ ਮਹਿਕਦੀਪ ਸਿੰਘ ਪੁੱਤਰ ਰਾਜਬੀਰ ਸਿੰਘ (22) ਦੀ ਪਾਲਤੂ ਕੁੱਤੇ ਦੇ ਕੱਟਣ ਤੋਂ ਬਾਅਦ ਹਲਕਾਅ ਕਾਰਨ ਮੌਤ ਹੋ ਗਈ। ਪਿਛਲੇ ਕੁਝ ਦਿਨਾਂ ਤੋਂ ਨੌਜਵਾਨ ਮਹਿਕਦੀਪ ਅਜੀਬ ਹਰਕਤਾਂ ਕਰ ਰਿਹਾ ਸੀ। ਮ੍ਰਿਤਕ ਨੌਜਵਾਨ ਆਪਣੇ ਹੀ ਪਰਵਾਰਕ ਮੈਂਬਰਾਂ ਨਾਲ ਲੜਾਈ-ਝਗੜਾ ਕਰ ਰਿਹਾ ਸੀ। ਪਰਵਾਰਕ ਮੈਂਬਰਾਂ ਵੱਲੋਂ ਉਸ ਦਾ ਸਰਕਾਰੀ ਹਸਪਤਾਲ 'ਚ ਇਲਾਜ ਵੀ ਸ਼ੁਰੂ ਕਰਵਾਇਆ ਹੋਇਆ ਸੀ, ਪਰ ਸ਼ੁੱਕਰਵਾਰ ਮਹਿਕਦੀਪ ਜਦੋਂ ਆਪਣੇ ਪਰਵਾਰਕ ਮੈਂਬਰਾਂ ਨਾਲ ਆਪਣੀ ਦਵਾਈ ਲੈਣ ਲਈ ਸਥਾਨਕ ਸਿਵਲ ਹਸਪਤਾਲ ਆਇਆ ਤਾਂ ਅਚਾਨਕ ਹਲਕਾਅ ਵਧ ਗਿਆ। ਇਸ ਮੌਕੇ ਨੌਜਵਾਨ ਵੱਲੋਂ ਆਪਣੀ ਕਾਰ ਅਤੇ ਸਿਵਲ ਹਸਪਤਾਲ ਅੰਦਰ ਪਏ ਸਮਾਨ ਦੀ ਭੰਨਤੋੜ ਵੀ ਕੀਤੀ ਗਈ। ਨੌਜਵਾਨ ਦੀ ਹਾਲਤ ਨੂੰ ਚਿੰਤਾਜਨਕ ਦੇਖਦੇ ਹੋਏ ਡਾਕਟਰਾਂ ਵੱਲੋਂ ਉਸ ਨੂੰ ਮੈਡੀਕਲ ਕਾਲਜ ਫਰੀਦਕੋਟ ਇਲਾਜ ਲਈ ਭੇਜ ਦਿੱਤਾ ਗਿਆ। ਪਰ ਮਹਿਕਦੀਪ ਸਿੰਘ ਦੀ ਰਸਤੇ 'ਚ ਹੀ ਮੌਤ ਹੋ ਗਈ।

ਸ੍ਰੀ ਰਾਮ ਗੋਵਿੰਦ ਹਰ ਵਾਹਿਗੁਰੂ
ਪਰਮ ਸੰਤ ਬਾਬਾ ਰਾਮ ਸਿੰਘ ਜੀ ਗਿਆਰ੍ਹਵੀਂ ਵਾਲਿਆਂ ਦੀ
17ਵੀਂ ਬਰਸੀ

ਦੇ ਸਬੰਧ 'ਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ
17 ਮਾਰਚ ਦਿਨ ਮੰਗਲਵਾਰ ਨੂੰ ਸਵੇਰੇ 12.00 ਵਜੇ
ਗੁਰੂ ਘਰ ਗਿਆਰਵੀਂ ਵਾਲੇ ਦੌਧਰ (ਮੋਗਾ) ਵਿਖੇ ਪਾਏ ਜਾਣਗੇ।
ਇਸ ਮੌਕੇ ਗੁਰੂ ਦਾ ਲੰਗਰ ਅਟੁੱਟ ਵਰਤੇਗਾ ਤੇ ਕੀਰਤਨ ਦਰਬਾਰ ਵੀ ਸਜਾਇਆ ਜਾਵੇਗਾ। ਆਪ ਸਭ ਨੇ ਬਰਸੀ ਸਮਾਗਮ 'ਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ।

ਵਲੋਂ : ਸੰਤ ਅਰਜਨ ਸਿੰਘ ਜੀ ਗਿਆਰ੍ਹਵੀਂ ਵਾਲੇ ਦੌਧਰ ਅਤੇ ਸਮੂਹ ਸੰਗਤ ਦੇਸ਼-ਵਿਦੇਸ਼

## ਜੀਵਨ ਕੁਮਾਰ ਇੰਸਾ ਦਾ ਪਰਵਾਰ ਵੱਲੋਂ ਮਰਨ ਉਪਰੰਤ ਸਰੀਰ ਦਾਨ



**ਲਹਿਰਾਗਾਗਾ (ਪਵਨ ਸ਼ਰਮਾ)**-ਇਥੋਂ ਨੇੜਲੇ ਪਿੰਡ ਗੋਬਿੰਦਗੜ੍ਹ ਜੇਜੀਆਂ ਦੇ ਜੀਵਨ ਕੁਮਾਰ ਇੰਸਾ ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਤਿਆਗ ਕੇ ਕੁੱਲ ਮਾਲਕ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਪੂਜਨੀਕ ਗੁਰੂ ਸੰਤ ਡਾਕਟਰ ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾ ਵੱਲੋਂ ਚਲਾਏ ਜਾ ਰਹੇ ਮਾਨਵਤਾ ਭਲਾਈ ਕਾਰਜਾਂ ਤਹਿਤ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਪਰਿਵਾਰ ਵੱਲੋਂ ਮਰਨ ਉਪਰੰਤ ਉਨ੍ਹਾਂ ਦੀਆਂ ਦੋਵੇਂ ਅੱਖਾਂ ਤੇ ਸਰੀਰ ਦਾਨ ਕੀਤਾ ਗਿਆ। ਜਾਣਕਾਰੀ ਅਨੁਸਾਰ ਐੱਮਐੱਸਜੀ ਡੇਰਾ ਸੱਚਾ ਸੌਦਾ ਤੇ ਮਾਨਵਤਾ ਭਲਾਈ ਕੇਂਦਰ ਗੋਬਿੰਦਗੜ੍ਹ ਜੇਜੀਆਂ ਤੋਂ ਲੈ ਕੇ ਪੂਰੇ ਪਿੰਡ ਵਿੱਚ ਜੀਵਨ ਇੰਸਾ ਅਮਰ ਰਹੇ ਦੇ ਨਾਅਰੇ ਗੂੰਜੇ, ਜੀਵਨ ਕੁਮਾਰ ਇੰਸਾ ਸੱਚ ਕਹੂੰ ਅਖਬਾਰ ਦੇ ਪੱਤਰਕਾਰ ਭੀਮ ਸੈਨ ਇੰਸਾ ਦੇ ਵੱਡੇ ਭਾਈ ਸਨ, ਉਹ ਸੱਚੀ ਸ਼ਾਹੀ ਕੰਟੀਨ ਸੇਵਾਦਾਰ ਸਨ, ਇਨ੍ਹਾਂ ਨੇ ਪਿੰਡ ਗੋਬਿੰਦਗੜ੍ਹ ਜੇਜੀਆਂ ਦੇ ਪਹਿਲੇ ਸਰੀਰਦਾਨੀਆਂ ਵਿੱਚ ਆਪਣਾ ਨਾਮ ਦਰਜ ਕਰਵਾਇਆ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸਜੀ ਹੋਈ ਐਂਬੂਲੈਂਸ ਵਿੱਚ ਰੱਖ ਕੇ ਪੂਰੇ ਪਿੰਡ ਗੋਬਿੰਦਗੜ੍ਹ ਜੇਜੀਆਂ ਵਿੱਚ ਲਿਜਾਇਆ ਗਿਆ, ਜਿੱਥੇ ਕਿ ਪਿੰਡ ਵਾਸੀਆਂ ਨੇ ਫੁੱਲਾਂ ਨਾਲ ਸਜੀ ਐਂਬੂਲੈਂਸ ਵਿੱਚ ਮ੍ਰਿਤਕ ਦੇਹ 'ਤੇ ਸਾਧ ਸੰਗਤ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ। ਇਨ੍ਹਾਂ ਦੀ ਮ੍ਰਿਤਕ ਦੇਹ ਨੂੰ ਵੈਦ ਯੋਗਾਦੱਤ ਸ਼ਰਮਾ ਆਯੁਰਵੈਦਕ ਬੁਲੰਦ ਸ਼ਹਿਰ ਖੁਰਜਾ ਵਿਖੇ ਮੈਡੀਕਲ ਖੋਜਾਂ ਲਈ ਭੇਜਿਆ ਗਿਆ ਅਤੇ ਅੱਖਾਂ ਟਰਾਈਸਿਟੀ ਹਸਪਤਾਲ ਗੁਰੂ ਕਾ ਲੰਗਰ ਮੋਹਾਲੀ ਵਿਖੇ ਆਈ ਡੁਨੇਸ਼ਨ ਸੁਸਾਇਟੀ ਬਲਾਕ ਮਲੋਟ ਦੇ ਸੇਵਾਦਾਰ ਮੋਨੂੰ ਇੰਸਾ, ਅਰੁਣ ਇੰਸਾ, ਅਮਨ ਇੰਸਾ ਨੇ ਸੁਰੱਖਿਅਤ ਪਹੁੰਚਾਇਆ, ਐਂਬੂਲੈਂਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਦੀ ਰਸਮ ਪਿੰਡ ਦੀ ਸਰਪੰਚ ਤੇਜ ਕੌਰ ਦੇ ਬੇਟੇ ਅਵਤਾਰ ਸਿੰਘ ਤੇ ਬਲਾਕ ਸੰਮਤੀ ਮੈਂਬਰ ਸਰਦਾਰਨੀ ਪਰਮਜੀਤ ਕੌਰ ਦੇ ਪਤੀ ਅਮਰਜੀਤ ਸਿੰਘ ਮਾਵੀ ਨੇ ਨਿਭਾਈ।

## ਅਧਿਕਾਰ ਸੰਘਰਸ਼ ਪਾਰਟੀ ਵਿਧਾਨ ਸਭਾ ਚੋਣਾਂ 'ਚ ਔਰਤਾਂ ਨੂੰ 40 ਟਿਕਟਾਂ ਅਲਾਟ ਕਰੇਗੀ : ਭਿੰਡਰ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਅਧਿਕਾਰ ਸੰਘਰਸ਼ ਪਾਰਟੀ ਦੇ ਪੰਜਾਬ ਪ੍ਰਧਾਨ ਇੰਜ. ਸੁਰਿੰਦਰ ਸਿੰਘ ਭਿੰਡਰ ਨੇ ਪਾਰਟੀ ਦੇ ਸਟੇਟ ਦਫ਼ਤਰ ਤੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਇਕ ਸਾਲ



ਪਹਿਲਾਂ 8 ਮਾਰਚ 2025 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਪਾਰਟੀ ਦਾ ਪੰਜਾਬ ਪ੍ਰੈੱਸ ਕਲੱਬ ਜਲੰਧਰ ਤੋਂ ਅਗਾਜ਼ ਕੀਤਾ ਗਿਆ ਸੀ ਤਾਂ ਕਿ ਔਰਤ ਵਰਗ ਨੂੰ ਬਰਾਬਰ ਦਾ ਸਨਮਾਨ ਦਿੱਤਾ ਜਾਵੇ।ਇਸ ਤਰ੍ਹਾਂ ਅਧਿਕਾਰ ਸੰਘਰਸ਼ ਪਾਰਟੀ ਨੇ ਆਪਣਾ ਪਹਿਲਾ ਸਾਲਾਨਾ ਸਥਾਪਨਾ ਦਿਵਸ ਤੇ ਅੰਤਰਰਾਸ਼ਟਰੀ ਮਹਿਲਾ ਦਿਵਸ 8 ਮਾਰਚ 2026 ਨੂੰ ਟੀਚਰ ਹੋਮ ਬਠਿੰਡਾ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਪਾਰਟੀ ਨੇ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਮੁਤਾਬਿਕ ਔਰਤ ਦਿਵਸ ਨੂੰ ਸਮਰਪਤ ਭਾਵਨਾ ਨਾਲ ਤੇ ਔਰਤਾਂ ਨੂੰ ਸਮਾਜ ਵਿੱਚ ਬਰਾਬਰ ਦਾ ਰੁਤਬਾ ਦੇਣ ਲਈ ਪਹਿਲੀ ਕਿਸ਼ਤ ਵਿੱਚ ਹੀ 8 ਵਿਧਾਨ ਸਭਾ ਹਲਕਿਆਂ ਵਿੱਚੋਂ 6 ਵਿਧਾਨ ਸਭਾ ਹਲਕਿਆਂ ਦਾ ਇੰਚਾਰਜ ਮਹਿਲਾਵਾਂ ਅਤੇ ਦੋ ਹਲਕਿਆਂ ਦੇ ਇੰਚਾਰਜ ਮਰਦ ਨੇਤਾਵਾਂ ਨੂੰ ਨਿਯੁਕਤ ਗਿਆ।ਪੰਜਾਬ ਵਿੱਚ ਹੋਣ ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਨੂੰ 35 ਪ੍ਰਤੀਸ਼ਤ ਟਿਕਟਾਂ ਭਾਵ 40 ਦੇ ਕਰੀਬ ਟਿਕਟਾਂ ਦੇਵੇਗੀ।ਇੰਜ. ਭਿੰਡਰ ਨੇ ਕਿਹਾ ਕਿ ਅਸਪਾ ਦੀ ਸਰਕਾਰ ਬਣਨ 'ਤੇ ਮੰਡਲ ਕਮਿਸ਼ਨ ਰਿਪੋਰਟ ਤੇ 85ਵੀਂ ਸੰਵਿਧਾਨਕ ਸੋਧ ਇੰਨ-ਬਿੰਨ ਲਾਗੂ ਕੀਤੀ ਜਾਵੇਗੀ।

# ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਨੂੰ ਬਣਾਇਆ ਜਾਵੇਗਾ ਹੋਰ ਕਾਰਗਰ



**ਜਲੰਧਰ** : ਦੇਸ਼ ਭਗਤ ਯਾਦਗਾਰ ਹਾਲ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੀ ਲਾਇਬ੍ਰੇਰੀ ਅਤੇ ਕਿਤਾਬ ਘਰ ਸਬ-ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ, ਸੁਰਿੰਦਰ ਕੁਮਾਰੀ ਕੋਛੜ, ਚਰੰਜੀ ਲਾਲ ਅਤੇ ਵਿਜੈ ਬੰਬੇਲੀ ਸ਼ਾਮਿਲ ਹੋਏ।

ਮੀਟਿੰਗ ਵਿੱਚ ਲਾਇਬ੍ਰੇਰੀ ਅਤੇ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਨਾਲ ਸੰਬੰਧਤ ਮੁੱਦਿਆਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਪਿੱਛੋਂ ਕਮੇਟੀ ਨੇ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ ਦੇ ਮੈਂਬਰ ਵਿਦਿਆਰਥੀਆਂ ਨਾਲ ਵੀ ਮੀਟਿੰਗ ਕੀਤੀ ਅਤੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਵਿਦਿਆਰਥੀਆਂ ਨੇ ਲਾਇਬ੍ਰੇਰੀ ਦੇ ਸਮੇਂ, ਵਾਈਫਾਈ ਦੀ ਸਹੂਲਤ ਸੰਬੰਧੀ ਆਪਣੀਆਂ ਮੰਗਾਂ ਰੱਖੀਆਂ। ਸਬ-ਕਮੇਟੀ ਨੇ ਫੈਸਲਾ ਕੀਤਾ ਹੈ ਕਿ ਆਮ ਲੋਕਾਂ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਮੁੱਖ ਰੱਖ ਕੇ ਹੁਣ ਲਾਇਬ੍ਰੇਰੀ, ਮਿਊਜ਼ੀਅਮ ਅਤੇ ਕਿਤਾਬ-ਘਰ ਨੂੰ ਐਤਵਾਰ ਵਾਲੇ ਦਿਨ ਵੀ ਖੁੱਲ੍ਹੇ ਰੱਖਣ ਦਾ ਪ੍ਰਬੰਧ ਕੀਤਾ ਜਾਏਗਾ। ਲਾਇਬ੍ਰੇਰੀ ਵਿਚਲੇ ਅਰਕਾਈਵਜ਼ ਮੈਟੀਰੀਅਲ ਦਾ ਸਰਵੇ ਕਰਕੇ ਰਹਿੰਦੇ ਦਸਤਾਵੇਜ਼ਾਂ ਦਾ ਡਿਜੀਟਲੀਕਰਨ ਕਰਨ ਦਾ ਕੰਮ ਤੁਰੰਤ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲਾਇਬ੍ਰੇਰੀ ਨੂੰ ਹੋਰ ਵਧੇਰੇ ਲੋਕ-ਮੁੱਖ, ਵਿਦਿਆਰਥੀ-ਮੁੱਖ ਬਣਾਇਆ ਜਾਵੇਗਾ। ਇਹ ਜਾਣਕਾਰੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ ਨੇ ਦਿੱਤੀ।

## ਸਿਮਰਨਦੀਪ ਕੌਰ ਨੂੰ ਯੂ ਪੀ ਐੱਸ ਸੀ ਪ੍ਰੀਖਿਆ ਪਾਸ ਕਰਨ 'ਤੇ ਕੀਤਾ ਸਨਮਾਨਤ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਿਮਰਨਦੀਪ ਕੌਰ ਖਹਿਰਾ ਦੀ 26 ਸਾਲ ਦੀ ਉਮਰ ਵਿੱਚ ਵੱਡੀ ਪ੍ਰਾਪਤੀ ਲਈ ਪਿੰਡ ਵਾਸੀਆਂ, ਮਾਪਿਆਂ ਤੇ ਰਿਸ਼ਤੇਦਾਰਾਂ 'ਚ ਖ਼ੁਸ਼ੀ ਦੀ ਲਹਿਰ, ਇਸ ਕਾਮਯਾਬੀ ਲਈ ਵੱਖ-ਵੱਖ ਸੰਸਥਾਵਾਂ, ਰਾਜਨੀਤਕ ਆਗੂਆਂ ਤੇ ਧਾਰਮਿਕ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾ ਰਿਹਾ ਹੈ।ਇਸ ਖ਼ੁਸ਼ੀ ਦੇ ਮੌਕੇ 'ਤੇ ਨਜ਼ਦੀਕੀ ਰਿਸ਼ਤੇਦਾਰ ਮਨਜੀਤ ਸਿੰਘ ਨੰਬਰਦਾਰ ਤੇ ਲਖਵਿੰਦਰ ਸਿੰਘ ਜਵੰਦਾ ਸਮਾਣਾ ਵੱਲੋਂ ਸਿਰੋਪਾ ਪਾ ਕੇ ਤੇ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਲਖਵਿੰਦਰ ਸਿੰਘ ਜਵੰਦਾ ਨੇ ਦੱਸਿਆ ਸਿਮਰਨਦੀਪ ਕੌਰ ਖਹਿਰਾ ਪਿੰਡ ਬਿਰੜਵਾਲ ਦੀ ਰਹਿਣ ਵਾਲੀ ਹੈ, ਜਿਸ ਨੇ ਖ਼ਾਲਸਾ ਕਾਲਜ ਪਟਿਆਲਾ ਤੋਂ ਮੁਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਘਰ ਬੈਠ ਕੇ ਤਿਆਰੀ ਕੀਤੀ ਤੇ ਭਾਰਤ ਭਰ 'ਚੋਂ ਯੂ ਪੀ ਐੱਸ ਸੀ ਦੀ ਪ੍ਰੀਖਿਆ ਪਾਸ ਕਰਕੇ 15ਵਾਂ ਰੈਂਕ ਲੈ ਕੇ ਆਈ ਏ ਐੱਸ ਬਣੀ ਤੇ ਪੰਜਾਬ ਦੀ ਨੌਜਵਾਨੀ ਲਈ ਚਾਨਣ ਮੁਨਾਰਾ ਬਣੀ।

## ਬਲਾਕ ਸੰਮਤੀ ਚੇਅਰਮੈਨ ਦੀ ਚੋਣ ਫਿਰ ਮੁਲਤਵੀ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਬਲਾਕ ਸੰਮਤੀ ਗੁਰੂ ਹਰਸਹਾਏ ਦੀ ਚੋਣ ਲਈ ਮੀਟਿੰਗ ਰੱਖੀ ਗਈ ਸੀ, ਜਿਸ 'ਚ ਚੋਣ ਅਮਲਾ ਤਿਆਰ ਸੀ, ਪਰ ਉਹ ਚੋਣ ਕਰਵਾਉਣ ਲਈ ਦਫ਼ਤਰ ਨਹੀਂ ਪੁੱਜੇ। ਇਸ ਚੋਣ ਦਾ ਟਾਈਮ ਸ਼ਾਮ ਚਾਰ ਵਜੇ ਤੱਕ ਦਾ ਸੀ।ਇਸ ਚੋਣ ਲਈ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਸਮੇਤ ਅਜ਼ਾਦ ਉਮੀਦਵਾਰ ਹਾਜ਼ਰ ਨਹੀਂ ਹੋਏ।ਇਸ ਬਲਾਕ ਸੰਮਤੀ ਲਈ ਕੁੱਲ 17 ਮੈਂਬਰ ਹਨ। ਜਿਨ੍ਹਾਂ ਵਿੱਚ ਕਾਂਗਰਸ ਦੇ 8, ਆਮ ਆਦਮੀ ਪਾਰਟੀ ਦੇ 5, ਸ਼੍ਰੋਮਣੀ ਅਕਾਲੀ ਦਲ ਦੇ 3 ਤੇ ਇੱਕ ਅਜ਼ਾਦ ਉਮੀਦਵਾਰ ਚੁਣੇ ਗਏ ਹਨ।ਅੱਜ ਦੀ ਚੋਣ ਸਮੇਂ ਚੇਅਰਮੈਨ ਲਾਉਣ ਲਈ ਕਾਂਗਰਸ ਪਾਰਟੀ ਦੇ ਮੈਂਬਰ ਕਾਫ਼ੀ ਉਤਸ਼ਾਹ 'ਚ ਨਜ਼ਰ ਆਏ, ਪਰ ਉਨ੍ਹਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ।ਚੋਣ ਮੁਲਤਵੀ ਹੋਣ ਕਾਰਨ ਤੇ ਅਗਲੀ ਮਿਤੀ ਤੱਕ ਹੁਣ ਆਮ ਆਦਮੀ ਪਾਰਟੀ ਤੇ ਕਾਂਗਰਸ ਪਾਰਟੀ ਵਿਚਕਾਰ ਖਿੱਚੋਤਾਣ ਬਣੀ ਰਹੇਗੀ।ਮੀਟਿੰਗ ਦੌਰਾਨ ਕਾਂਗਰਸ ਵੱਲੋਂ ਚੁਣੇ ਗਏ 8 ਬਲਾਕ ਸੰਮਤੀ ਮੈਂਬਰ ਹਾਜ਼ਰ ਹੋਏ ਸਨ।ਚੋਣ ਮੁਲਤਵੀ ਦਾ ਕਾਰਨ ਪ੍ਰਸ਼ਾਸਨ ਵੱਲੋਂ ਦੱਸਿਆ ਗਿਆ ਕਿ ਉਹ ਬਲਾਕ ਸੰਮਤੀ ਮੈਂਬਰਾਂ ਨੂੰ 24 ਘੰਟੇ ਵਿੱਚ ਸੂਚਿਤ ਨਹੀਂ ਕਰ ਸਕੇ, ਜਿਸ ਕਾਰਨ ਮੈਂਬਰਾਂ ਦੇ ਨਾ ਪਹੁੰਚਣ ਕਾਰਨ ਚੋਣ ਮੁਲਤਵੀ ਕੀਤੀ ਗਈ ਹੈ।

## ਪਾਵਰਕਾਮ ਆਊਟਸੋਰਸ ਠੇਕਾ ਕਾਮਿਆਂ ਨੇ ਬਜਟ ਦੀਆਂ ਕਾਪੀਆਂ ਫੂਕੀਆਂ



**ਜਲਾਲਾਬਾਦ (ਜੀਤ ਕੁਮਾਰ)**-ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਸਰਕਲ ਪ੍ਰਧਾਨ ਸ਼ੇਰ ਸਿੰਘ, ਡਵੀਜ਼ਨ ਪ੍ਰਧਾਨ ਨਰਿੰਦਰ ਬਾਠ, ਸਕੱਤਰ ਛਿੰਦਰ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਆਪ ਸਰਕਾਰ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਤੈਨਾਤ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਇਸ ਸਰਕਾਰ ਵੱਲੋਂ 4 ਸਾਲ ਬੀਤ ਜਾਣ ਦੇ ਬਾਅਦ ਵੀ ਇਸ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ ਹੈ। ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਨਾਂਅ 'ਤੇ ਵਿਧਾਇਕਾਂ ਰਾਹੀਂ ਮੰਗ ਪੱਤਰ ਭੇਜ ਕੇ ਮੰਗ ਕੀਤੀ ਸੀ ਕਿ ਮੰਗਾਂ ਨੂੰ ਇਸ ਵਿਧਾਨ ਸਭਾ ਇਜਲਾਸ ਵਿੱਚ ਪ੍ਰਵਾਨ ਕੀਤਾ ਜਾਵੇ, ਪਰ ਪੰਜਾਬ ਸਰਕਾਰ ਵੱਲੋਂ ਇਸ ਬਜਟ ਸੈਸ਼ਨ ਵਿੱਚ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਵਾਲੀ ਮੰਗ ਨੂੰ ਅਣਦੇਖਾ ਕੀਤਾ ਗਿਆ, ਜਿਸ ਦੇ ਰੋਸ ਸਵਰੂਪ ਅੱਜ ਪੰਜਾਬ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜ ਕੇ ਆਪਣੇ ਗੁਸੇ ਦਾ ਜ਼ੋਰਦਾਰ ਪ੍ਰਗਟਾਵਾ ਕੀਤਾ। ਉਨ੍ਹਾਂ ਐਲਾਨ ਕੀਤਾ ਕਿ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ- ਮਸਲਿਆਂ ਦੇ ਹੱਲ ਲਈ ਬਣੀ ਸਬ ਕਮੇਟੀ ਤੇ ਵਿੱਤ ਮੰਤਰੀ ਪੰਜਾਬ ਦੇ ਹਲਕੇ ਦਿੜ੍ਹਬਾ ਵਿੱਚ 22 ਮਾਰਚ ਤੋਂ 5 ਅਪ੍ਰੈਲ ਤੱਕ ਵੱਡੇ ਇਕੱਠ ਕਰਕੇ ਪਿੰਡਾਂ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ। ਇਸ ਦੌਰਾਨ ਪੰਜਾਬ ਸਰਕਾਰ ਸਮੇਤ ਸਬ ਕਮੇਟੀ ਦੇ ਪਿਛਲੇ ਚਾਰ ਸਾਲਾਂ ਦੇ ਠੇਕਾ ਮੁਲਾਜ਼ਮਾਂ ਨਾਲ ਕੀਤੇ ਧੋਖੇ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

# ਅਮਨਦੀਪ ਕੌਰ ਤੇ ਭੁਪਿੰਦਰ ਸਿੰਘ ਬਲਾਕ ਸੰਮਤੀ ਦੇ ਚੇਅਰਮੈਨ ਤੇ ਵਾਈਸ ਚੇਅਰਮੈਨ ਬਣੇ

**ਪਾਰਟੀ ਦੀ ਏਕਤਾ, ਮਿਹਨਤ ਤੇ ਵਿਕਾਸ ਪ੍ਰਤੀ ਵਚਨਬੱਧਤਾ ਦੀ ਵੱਡੀ ਜਿੱਤ : ਦੇਵ ਮਾਨ**



**ਨਾਭਾ (ਵਰਿੰਦਰ ਵਰਮਾ)**-ਨਾਭਾ ਦੀ ਬਲਾਕ ਸੰਮਤੀ ਚੋਣ ਦਾ ਰੇੜਕਾ ਖਤਮ ਹੋ ਗਿਆ ਹੈ।ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ 'ਆਪ' ਦੀ ਚੇਅਰਮੈਨ ਬੀਬਾ ਅਮਨਦੀਪ ਕੌਰ ਖਹਿਰਾ ਤੇ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਕਲਰ ਮਾਜਰੀ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ।ਦੂਜੇ ਪਾਸੇ ਅਕਾਲੀ, ਕਾਂਗਰਸੀ ਚੋਣ ਵਿੱਚੋਂ ਗੈਰ-ਹਾਜ਼ਰ ਰਹੇ। ਇਸ ਮੌਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਬਲਾਕ ਸੰਮਤੀ ਚੋਣਾਂ ਵਿੱਚ ਚੁਣੇ ਗਏ ਨਵੇਂ ਚੇਅਰਮੈਨ ਤੇ ਵਾਈਸ ਚੇਅਰਮੈਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਏਕਤਾ, ਮਿਹਨਤ ਤੇ ਵਿਕਾਸ ਪ੍ਰਤੀ ਵਚਨਬੱਧਤਾ ਦੀ ਵੱਡੀ ਜਿੱਤ ਹੈ।ਉਨ੍ਹਾਂ ਕਿਹਾ ਕਿ ਮੈਂ ਸਾਰੇ ਬਲਾਕ ਸੰਮਤੀ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਹੱਥ ਖੜੇ ਕਰਕੇ ਸਰਬ ਸੰਮਤੀ ਨਾਲ ਚੇਅਰਮੈਨ ਤੇ ਵਾਈਸ ਚੇਅਰਮੈਨ ਦੀ ਚੋਣ ਕੀਤੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੇ ਇੱਕਜੁੱਟ ਹੋ ਕੇ ਇਹ ਸਾਬਿਤ ਕੀਤਾ ਹੈ ਕਿ ਉਹ ਵਿਕਾਸ ਦੇ ਏਜੰਡੇ ਨਾਲ ਖੜੇ ਹਨ। ਉਨ੍ਹਾਂ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਕਾਂਗਰਸ ਤੇ ਅਕਾਲੀ ਦਲ ਪੰਜਾਬ ਦੇ ਵਿਕਾਸ ਦੀ ਗੱਲ ਤਾਂ ਕਰਦੇ ਹਨ, ਪਰ ਜਦੋਂ ਉਨ੍ਹਾਂ ਕੋਲ ਸੱਤਾ ਸੀ ਤਾਂ ਉਹ ਕੋਈ ਢੰਗ ਦਾ ਕੰਮ ਨਹੀਂ ਕਰ ਸਕੇ।ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਦੇ ਮਾਮਲੇ ਵਿੱਚ ਵੀ ਵਿਰੋਧੀ ਧਿਰ ਦੇ ਲੋਕ ਮੈਦਾਨ ਵਿੱਚ ਨਹੀਂ ਆਏ, ਕਿਉਂਕਿ ਉਨ੍ਹਾਂ ਨੂੰ ਆਪਣੀ ਹਾਰ ਪਹਿਲਾਂ ਹੀ ਦਿਖਾਈ ਦੇ ਰਹੀ ਸੀ।

ਇਸ ਮੌਕੇ ਨਵੀਂ ਚੁਣੀ ਗਈ ਚੇਅਰਮੈਨ ਬੀਬੀ ਅਮਨਦੀਪ ਕੌਰ ਤੇ ਵਾਈਸ ਚੇਅਰਮੈਨ ਭੁਪਿੰਦਰ ਸਿੰਘ ਨੇ ਕਿਹਾ ਕਿ ਅਸੀਂ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਬਲਾਕ ਸੰਮਤੀ ਮੈਂਬਰਾਂ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸਾਡੇ 'ਤੇ ਵਿਸ਼ਵਾਸ ਦਿਖਾਇਆ ਤੇ ਸਾਨੂੰ ਮੌਕਾ ਦਿੱਤਾ ਹੈ।ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਗੁਰਦੀਪ ਸਿੰਘ ਟਿਵਾਣਾ, ਤਜਿੰਦਰ ਸਿੰਘ ਖਹਿਰਾ ਸੀਨੀਅਰ ਆਗੂ, ਆਮ ਆਦਮੀ ਪਾਰਟੀ ਲੀਗਲ ਵਿੰਗ ਪੰਜਾਬ ਦੇ ਪ੍ਰਧਾਨ ਗਿਆਨ ਮੂੰਗੋ, ਸਾਬਕਾ ਚੇਅਰਮੈਨ ਦੀਪਾ ਰਾਮਗੜ੍ਹ, ਟਰੱਕ ਯੂਨੀਅਨ ਦੇ ਪ੍ਰਧਾਨ ਮਨਪ੍ਰੀਤ ਸਿੰਘ ਧਾਰੋਕੀ ਤੇ ਹੋਰ ਆਗੂ ਹਾਜ਼ਰ ਸਨ।

## ਅਧਿਆਪਕਾਂ 'ਤੇ ਜਬਰ ਦੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਨਿਖੇਧੀ

### ਟੈੱਟ ਦੀ ਨਿਹੱਕੀ ਸ਼ਰਤ ਖਤਮ ਕਰਨ ਦੀ ਮੰਗ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਖੇਤ ਮਜ਼ਦੂਰ ਯੂਨੀਅਨ ਨੇ ਦੋਸ਼ ਲਾਇਆ ਕਿ ਮਾਨਤਾ ਪ੍ਰਾਪਤ ਡਿਗਰੀਆਂ ਨਾਲ ਲੈਸ ਲੰਮੇਂ ਸਮੇਂ ਤੋਂ ਪੜ੍ਹਾਉਂਦੇ ਆ ਰਹੇ ਅਧਿਆਪਕਾਂ 'ਤੇ ਟੈੱਟ ਦੀ ਮੜ੍ਹੀ ਗਈ ਨਿਹੱਕੀ ਸ਼ਰਤ ਅਸਲ ਵਿੱਚ ਸਿੱਖਿਆ ਵਿਭਾਗ 'ਚੋਂ ਪੱਕੇ ਮੁਲਾਜ਼ਮਾਂ ਦੀ ਛਾਂਟੀ ਕਰਨ ਦੀ ਲੋਕ ਵਿਰੋਧੀ ਨੀਤੀ ਦਾ ਹਿੱਸਾ ਹੈ।

ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਤੇ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਜਾਰੀ ਕੀਤੇ ਬਿਆਨ ਰਾਹੀਂ ਟੈੱਟ ਦੀ ਮੜ੍ਹੀ ਗਈ ਨਿਹੱਕੀ ਸ਼ਰਤ ਖਿਲਾਫ ਕੱਲ੍ਹ ਵਿਧਾਨ ਸਭਾ ਵੱਲ ਮਾਰਚ ਕਰਦੇ ਅਧਿਆਪਕਾਂ ਤੇ ਅਧਿਆਪਕਾਵਾਂ ਉੱਤੇ ਭਗਵੰਤ ਮਾਨ ਸਰਕਾਰ ਦੇ ਹੁਕਮਾਂ 'ਤੇ ਪੁਲਸ ਵੱਲੋਂ ਅੱਥਰੂ ਗੈਸ ਦੇ ਗੋਲੇ ਦਾਗਣ ਤੇ ਪਾਣੀ ਦੀਆਂ ਤੇਜ਼ ਵਛਾੜਾਂ ਮਾਰਨ ਵਾਲੀ ਕਾਰਵਾਈ ਦੀ ਸਖਤ ਨਿੰਦਾ ਕਰਦਿਆਂ ਇਸ ਨੂੰ ਤਾਨਾਸ਼ਾਹੀ ਕਦਮ ਕਰਾਰ ਦਿੱਤਾ।ਖੇਤ ਮਜ਼ਦੂਰ ਆਗੂਆਂ ਨੇ ਆਖਿਆ ਕਿ ਹਫ਼ਤੇ ਦੇ ਅੰਦਰ ਹੀ ਅਧਿਆਪਕਾਂ ਉੱਤੇ ਦੋ ਵਾਰ ਜਬਰ ਢਾਹੁਣ ਦੀ ਕਾਰਵਾਈ ਪੂਰੀ ਤਰ੍ਹਾਂ ਗੈਰ-ਜਮਹੂਰੀ ਤੇ ਧੱਕੜ ਕਾਰਵਾਈ ਹੈ।ਮਜ਼ਦੂਰ ਆਗੂਆਂ ਨੇ ਆਖਿਆ ਜੇਕਰ ਭਗਵੰਤ ਮਾਨ ਸਰਕਾਰ ਅਧਿਆਪਕਾਂ ਪ੍ਰਤੀ ਸੁਹਿਰਦ ਹੁੰਦੀ ਤਾਂ ਉਨ੍ਹਾਂ ਨੂੰ ਵਿਧਾਨ ਸਭਾ ਵੱਲ ਮਾਰਚ ਕਰਨ ਦੀ ਪ੍ਰਵਾਨਗੀ ਦੇ ਕੇ ਗੱਲਬਾਤ ਰਾਹੀਂ ਟੈੱਟ ਦੀ ਨਿਹੱਕੀ ਸ਼ਰਤ ਖਤਮ ਕਰਨ ਦਾ ਢੁੱਕਵਾਂ ਹੱਲ ਕੱਢ ਸਕਦੀ ਸੀ, ਪ੍ਰੰਤੂ ਆਪ ਸਰਕਾਰ ਕਿਸੇ ਵੀ ਤਬਕੇ ਪ੍ਰਤੀ ਸੁਹਿਰਦ ਨਹੀਂ ਹੈ।ਇਸੇ ਕਰਕੇ ਥਾਂ-ਥਾਂ 'ਤੇ ਹੱਕੀ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਠੇਕਾ ਕਾਮਿਆਂ ਤੇ ਔਰਤਾਂ ਉੱਤੇ ਜਬਰ ਢਾਹਿਆ ਜਾ ਰਿਹਾ ਹੈ।

# ਮਾਨ ਨੇ ਔਰਤਾਂ ਦੇ ਹੱਕ 'ਚ ਲਏ ਇਤਿਹਾਸਕ ਫ਼ੈਸਲੇ : ਨਵਜੋਤ ਕੌਰ

**ਔਰਤਾਂ ਨੇ 'ਜਾਗੋ' ਕੱਢ ਕੇ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਦਾ ਕੀਤਾ ਸਵਾਗਤ**





**ਧੂਰੀ (ਮਨੋਹਰ ਸਿੰਘ ਸੱਗੂ)**-ਧੂਰੀ ਸ਼ਹਿਰ ਵਿੱਚ ਔਰਤਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਦੇ ਇਤਿਹਾਸਕ ਫ਼ੈਸਲੇ ਦਾ ਸਵਾਗਤ ਕਰਦਿਆਂ ਸ਼ਹਿਰ ਵਿੱਚ 'ਜਾਗੋ' ਕੱਢ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਔਰਤਾਂ ਨੇ ਢੋਲ ਵਜਾ ਕੇ ਤੇ ਜਾਗੋ ਲੈ ਕੇ ਮੁੱਖ ਮੰਤਰੀ ਸਹਾਇਤਾ ਕੇਂਦਰ ਤੋਂ ਜਾਗੋ ਸ਼ੁਰੂ ਕਰਕੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਰੈਲੀ ਕੱਢੀ ਤੇ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਲਈ ਧੰਨਵਾਦ ਕੀਤਾ। ਇਸ ਮੌਕੇ ਹਲਕਾ ਧੂਰੀ ਦੇ ਵੂਮੈਨ ਵਿੰਗ ਦੀ ਕੋਆਰਡੀਨੇਟਰ ਨਵਜੋਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਨਾਲ ਸੂਬੇ ਦੀਆਂ ਮਹਿਲਾਵਾਂ ਨੂੰ ਵੱਡਾ ਆਰਥਿਕ ਤੇ ਸਮਾਜਿਕ ਸਹਾਰਾ ਮਿਲੇਗਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਹਮੇਸ਼ਾ ਹੀ ਮਹਿਲਾਵਾਂ ਦੀ ਭਲਾਈ ਨੂੰ ਪਹਿਲ ਦਿੱਤੀ ਹੈ ਤੇ ਇਹ ਯੋਜਨਾ ਵੀ ਉਸੇ ਦਿਸ਼ਾ ਵਿੱਚ ਇਕ ਮਹੱਤਵਪੂਰਨ ਤੇ ਲੋਕ-ਪੱਖੀ ਕਦਮ ਹੈ।ਨਵਜੋਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

## ਜਸਟਿਸ ਮਨਿਸ਼ਾ ਬੱਤਰਾ ਵੱਲੋਂ ਕੋਰਟ ਕੰਪਲੈਕਸ ਦਾ ਦੌਰਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮਾਣਯੋਗ ਜਸਟਿਸ ਮਨੀਸ਼ਾ ਬੱਤਰਾ ਜੱਜ ਪੰਜਾਬ ਤੇ ਹਰਿਆਣਾ ਹਾਈਕੋਰਟ ਅਤੇ ਮੋਗਾ ਡਵੀਜ਼ਨ ਦੇ ਪ੍ਰਸ਼ਾਸਕੀ ਜੱਜ ਵੱਲੋਂ ਨਿਹਾਲ ਸਿੰਘ ਵਾਲਾ ਕੋਰਟ ਕੰਪਲੈਕਸ ਦਾ ਦੌਰਾ ਕਰਕੇ ਅਦਾਲਤਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਬਾਰ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਸੰਦੀਪ ਅਰੋੜਾ ਐਡਵੋਕੇਟ ਵੱਲੋਂ ਮਾਣਯੋਗ ਜਸਟਿਸ ਸਾਹਿਬਾ ਦਾ ਸਨਮਾਨ ਸਹਿਤ ਸਵਾਗਤ ਕੀਤਾ ਗਿਆ।ਦੌਰੇ ਦੌਰਾਨ ਮਾਣਯੋਗ ਜਸਟਿਸ ਸਾਹਿਬਾ ਵੱਲੋਂ ਬਾਰ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ ਦੇ ਵਕੀਲ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਅਰੋੜਾ ਐਡਵੋਕੇਟ ਨੇ ਵਕੀਲ ਸਾਹਿਬਾਨਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਮਾਣਯੋਗ ਜਸਟਿਸ ਸਾਹਿਬਾ ਨੂੰ ਜਾਣੂ ਕਰਵਾਇਆ।ਮਾਣਯੋਗ ਜਸਟਿਸ ਮਨਿਸ਼ਾ ਬਤਰਾ ਵੱਲੋਂ ਬਾਰ ਮੈਂਬਰਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜਲਦ ਹੀ ਉਚਿਤ ਕਦਮ ਚੁੱਕੇ ਜਾਣਗੇ।ਇਸ ਤੋਂ ਬਾਅਦ ਮਾਣਯੋਗ ਜਸਟਿਸ ਵੱਲੋਂ ਅਦਾਲਤ ਕੰਪਲੈਕਸ ਨਿਹਾਲ ਸਿੰਘ ਵਾਲਾ ਵਿੱਚ ਜਨਤਾ ਦੀ ਸਹੂਲਤ ਲਈ ਸਥਾਪਤ ਕੀਤੇ ਗਏ ਸਰਵਰ ਕਮਰਾ ਤੇ ਸਹਾਇਤਾ ਕੇਂਦਰ (ਹੈਲਪ ਡੈਸਕ) ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਗੁਰਪ੍ਰੀਤ ਸਿੰਘ ਕਾਂਗੜ, ਹਰਿੰਦਰ ਸਿੰਘ ਬਰਾੜ, ਗੁਰਪ੍ਰੀਤ ਸਿੰਘ ਹੇਰ, ਪਰਵਿੰਦਰ ਸਿੰਘ ਧਾਲੀਵਾਲ, ਦਲਜੀਤ ਸਿੰਘ ਧਾਲੀਵਾਲ, ਗੌਤਮ ਗੋਇਲ, ਸੰਭਵ ਜੈਨ, ਵਿਨੀਤ ਮਿੱਤਲ, ਰਾਜਵਿੰਦਰ ਸਿੰਘ, ਕੁਲਵੰਤ ਕੌਰ, ਮੀਤੂ ਰਾਣੀ ਸਮੇਤ ਬਾਰ ਐਸੋਸੀਏਸ਼ਨ ਨਿਹਾਲ ਸਿੰਘ ਵਾਲਾ ਦੇ ਹੋਰ ਕਈ ਵਕੀਲ ਸਾਹਿਬਾਨ ਹਾਜ਼ਰ ਸਨ।

# ਸਫਾ 1 ਦੇ ਬਾਕੀ...

## ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ...

ਸੰਤ ਕੇਵਲ (ਤਪ ਅਸਥਾਨ ਖੁਰਾਲਗੜ੍ਹ), ਸੰਤ ਇੰਦਰ ਦਾਸ (ਸ਼ੇਖੇ), ਵਿਦਵਾਨ ਡਾ. ਰਾਜਕੁਮਾਰ ਹੰਸ, ਸੋਮਾ ਅਤਰੀ , ਬੀਬੀ ਸੰਤੋਸ਼ ਕੌਰ ਅਤੇ ਪਰਵਿੰਦਰ ਕੌਰ ਬੰਗਾ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਤੋਂ ਇਲਾਵਾ ਸੱਭਿਆਚਾਰਕ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾੜੀ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਦੀਪਕ ਬਾਲੀ ਨੇ ਸਾਰੇ ਸੰਤਾਂ-ਮਹਾਂਪੁਰਖਾਂ ਅਤੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪਰਵ ਨਾ ਸਿਰਫ਼ ਇੱਕ ਧਾਰਮਿਕ ਸਮਾਗਮ ਹੈ, ਬਲਕਿ ਸਮਾਜਿਕ ਸਦਭਾਵਨਾ, ਸਮਾਨਤਾ ਅਤੇ ਮਨੁੱਖਤਾ ਦੇ ਸੰਦੇਸ਼ ਨੂੰ ਅੱਗੇ ਲੈ ਜਾਣ ਲਈ ਇੱਕ ਮਹੱਤਵਪੂਰਨ ਮੌਕਾ ਵੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਇਤਿਹਾਸਕ ਮੌਕੇ ਨੂੰ ਪੂਰੀ ਸ਼ਰਧਾ ਅਤੇ ਸ਼ਾਨ ਨਾਲ ਮਨਾਉਣ ਲਈ ਵਚਨਬੱਧ ਹੈ ਤੇ ਇਸ ਦੀਆਂ ਵਿਆਪਕ ਤਿਆਰੀਆਂ ਪਹਿਲਾਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਦੀਪਕ ਬਾਲੀ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਚਾਰ ਸ਼ੋਭਾ ਯਾਤਰਾਵਾਂ ਵੀ ਕੱਢੀਆਂ ਜਾਣਗੀਆਂ, ਜੋ ਵੱਖ-ਵੱਖ ਥਾਵਾਂ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਵਿੱਚੋਂ ਲੰਘਣਗੀਆਂ। ਇਸ ਵਿਸ਼ੇਸ਼ ਮੌਕੇ 'ਤੇ ਪੰਜਾਬ ਦੇ 13000 ਪਿੰਡਾਂ ਵਿੱਚ ਗੁਰੂ ਰਵਿਦਾਸ ਦੇ ਜੀਵਨ, ਉਨ੍ਹਾ ਦੇ ਸਮਾਜਿਕ ਯੋਗਦਾਨ ਅਤੇ ਮਨੁੱਖਤਾ ਦੇ ਉਨ੍ਹਾਂ ਦੇ ਸੰਦੇਸ਼ 'ਤੇ ਆਧਾਰਿਤ ਇੱਕ ਉੱਚ-ਗੁਣਵੱਤਾ ਵਾਲੀ ਦਸਤਾਵੇਜ਼ੀ ਦਿਖਾਈ ਜਾਵੇਗੀ। ਇਸ ਦਸਤਾਵੇਜ਼ੀ ਰਾਹੀਂ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਰਵਿਦਾਸ ਦੇ ਵਿਚਾਰਾਂ ਅਤੇ ਉਨ੍ਹਾਂ ਦੁਆਰਾ ਸਮਾਜ ਵਿੱਚ ਲਿਆਂਦੇ ਗਏ ਸੁਧਾਰਾਂ ਤੋਂ ਜਾਣੂ ਕਰਵਾਇਆ ਜਾਵੇਗਾ।ਦੀਪਕ ਬਾਲੀ ਨੇ ਦੱਸਿਆ ਕਿ ਆਧੁਨਿਕ ਤਕਨਾਲੋਜੀ ਰਾਹੀਂ ਵੀ ਪ੍ਰਕਾਸ਼ ਪੁਰਬ ਨੂੰ ਯਾਦਗਾਰੀ ਬਣਾਇਆ ਜਾਵੇਗਾ।ਇਸ ਦੇ ਤਹਿਤ 117 ਪੰਜਾਬ ਵਿਧਾਨ ਸਭਾ ਹਲਕਿਆਂ ਵਿੱਚ 20 ਮਿੰਟ ਦਾ ਇੱਕ ਸ਼ਾਨਦਾਰ ਡਰੋਨ ਸ਼ੋਅ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਗੁਰੂ ਰਵਿਦਾਸ ਦੇ ਜੀਵਨ ਦੇ ਸੰਦੇਸ਼ਾਂ ਨੂੰ ਰੋਸ਼ਨੀ ਅਤੇ ਤਕਨਾਲੋਜੀ ਰਾਹੀਂ ਪ੍ਰਦਰਸ਼ਿਤ ਕੀਤਾ ਜਾਵੇਗਾ।ਮੀਟਿੰਗ ਵਿੱਚ ਮੌਜੂਦ ਸੰਤਾਂ ਅਤੇ ਮਹਾਂਪੁਰਖਾਂ ਨੇ ਪੰਜਾਬ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਮੋਦੀ ਸਰਕਾਰ ਆਪਣੇ ...

ਐੱਮ ਐੱਸ ਪੀ ਨੀਤੀ ਨੂੰ ਦੁਹਰਾਇਆ। ਉਨ੍ਹਾ ਕਿਹਾ ਕਿ ਇਕ ਹੋਰ ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਅਮਰੀਕਾ ਨਾਲ ਵਪਾਰ ਸਮਝੌਤਾ 'ਗੈਰ-ਵਪਾਰਕ ਰੁਕਾਵਟਾਂ' ਨੂੰ ਘਟਾਉਣ ਦੀ ਗੱਲ ਕਰਦਾ ਹੈ। ਕੀ ਇਹ ਐੱਮ ਐੱਸ ਪੀ ਵਿਰੋਧੀ ਅਤੇ ਸਰਕਾਰੀ ਖਰੀਦ ਨੂੰ ਕਮਜ਼ੋਰ ਕਰਨ ਦੇ ਇਰਾਦੇ ਨੂੰ ਦਰਸਾਉਂਦਾ ਹੈ? ਸਰਕਾਰ ਇਸ ਸਵਾਲ ਤੋਂ ਵੀ ਬਚ ਰਹੀ ਹੈ। ਗਾਂਧੀ ਨੇ ਆਪਣੀ ਪੋਸਟ ਵਿਚ ਦੋਸ਼ ਲਗਾਇਆ ਕਿ ਮੋਦੀ ਸਰਕਾਰ ਨਾ ਸਿਰਫ਼ ਕਿਸਾਨਾਂ ਨਾਲ ਕੀਤੇ ਵਾਅਦਿਆਂ ਦਾ ਸਨਮਾਨ ਕਰਨ ਤੋਂ ਇਨਕਾਰ ਕਰਦੀ ਹੈ, ਸਗੋਂ ਇਹ ਆਪਣੇ ਹਿੱਤਾਂ ਲਈ ਭਾਰਤੀ ਖੇਤੀਬਾੜੀ ਨੂੰ ਕੁਰਬਾਨ ਕਰਨ ਲਈ ਵੀ ਤਿਆਰ ਹੈ।

## ਮਹਿਲਾ ਮਜ਼ਦੂਰਾਂ ਲਈ ...

ਨਿਯੋਗਤਾਵਾਂ ਦੀ ਸਵੈਇੱਛਕ ਮਰਜ਼ੀ ਉੱਤੇ ਛੱਡ ਦਿੱਤਾ ਗਿਆ, ਤਾਂ ਜ਼ਿਆਦਾਤਰ ਮਹਿਲਾ ਮਜ਼ਦੂਰ ਇਸ ਅਧਿਕਾਰ ਤੋਂ ਵਾਂਝੀਆਂ ਰਹਿ ਜਾਣਗੀਆਂ।ਏਟਕ ਨੇ ਜ਼ੋਰ ਦੇ ਕੇ ਕਿਹਾ ਕਿ ਮਾਸਿਕ ਧਰਮ ਛੁੱਟੀ ਦਾ ਹੱਕ ਭਾਰਤੀ ਸੰਵਿਧਾਨ ਦੇ ਆਰਟੀਕਲ 21 ਅਧੀਨ ਇੱਜ਼ਤ ਨਾਲ ਜੀਵਨ ਬਿਤਾਉਣ ਦੇ ਹੱਕ ਨਾਲ ਜੁੜਿਆ ਹੋਇਆ ਹੈ। ਭਾਰਤ ਦੀ ਮਜ਼ਦੂਰ ਕਾਨੂੰਨੀ ਪ੍ਰਣਾਲੀ ਪਹਿਲਾਂ ਹੀ ਮਾਤਰਤਵ ਲਾਭ ਕਾਨੂੰਨ, 1961 ਅਤੇ ਫੈਕਟਰੀ ਐਕਟ, 1948 ਵਰਗੇ ਕਾਨੂੰਨਾਂ ਰਾਹੀਂ ਮਹਿਲਾਵਾਂ ਦੀ ਪ੍ਰਜਨਨ ਸਿਹਤ ਦੀ ਰੱਖਿਆ ਕਰਨ ਦੀ ਲੋੜ ਨੂੰ ਮੰਨ ਚੁੱਕੀ ਹੈ।ਵਰਕਿੰਗ ਕਮੇਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਮਾਸਿਕ ਧਰਮ ਛੁੱਟੀ ਨੂੰ ਸਾਰੇ ਸੰਗਠਿਤ ਅਤੇ ਅਸੰਗਠਿਤ ਖੇਤਰਾਂ ਦੀਆਂ ਮਹਿਲਾ ਮਜ਼ਦੂਰਾਂ ਲਈ ਕਾਨੂੰਨੀ ਅਧਿਕਾਰ ਵਜੋਂ ਮਾਨਤਾ ਦਿੱਤੀ ਜਾਵੇ ਅਤੇ ਤਨਖਾਹ ਸਮੇਤ ਛੁੱਟੀ ਦੀ ਗਾਰੰਟੀ ਦਿੱਤੀ ਜਾਵੇ। ਇਸ ਦੇ ਨਾਲ ਹੀ ਭਰਤੀ, ਤਰੱਕੀ ਜਾਂ ਨੌਕਰੀ ਵਿੱਚ ਸੰਭਾਵਿਤ ਭੇਦਭਾਵ ਤੋਂ ਬਚਾਉਣ ਲਈ ਮਜ਼ਬੂਤ ਕਾਨੂੰਨੀ ਸੁਰੱਖਿਆ ਵੀ ਯਕੀਨੀ ਬਣਾਈ ਜਾਵੇ।ਏਟਕ ਨੇ ਇਹ ਵੀ ਮੰਗ ਕੀਤੀ ਕਿ ਕਾਰਜ ਸਥਲਾਂ 'ਤੇ ਉਚਿੱਤ ਸਫ਼ਾਈ, ਆਰਾਮ ਲਈ ਥਾਂ ਅਤੇ ਮਹਿਲਾਵਾਂ ਲਈ ਮਾਸਿਕ ਧਰਮ ਸਿਹਤ ਸਹਾਇਤਾ ਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣ ਅਤੇ ਦੇਸ਼ ਦੀ ਮਜ਼ਦੂਰ ਨੀਤੀ ਨੂੰ ਅੰਤਰਰਾਸ਼ਟਰੀ ਮਜ਼ਦੂਰ ਸੰਸਥਾ (ਆਈ ਐੱਲ ਓ) ਦੇ ਮਾਤਰਤਵ ਸੁਰੱਖਿਆ ਅਤੇ ਕੰਮ ਵਾਲੀ ਥਾਂ ਤੇ ਸਮਾਨਤਾ ਸੰਬੰਧੀ ਮਿਆਰਾਂ ਦੇ ਅਨੁਕੂਲ ਬਣਾਇਆ ਜਾਵੇ।ਏਟਕ ਨੇ ਕਿਹਾ ਕਿ ਮਹਿਲਾਵਾਂ ਦੀ ਸਿਹਤ, ਇੱਜ਼ਤ ਅਤੇ ਸਮਾਨਤਾ ਨੂੰ ਮਜ਼ਦੂਰ ਬਾਜ਼ਾਰ ਦੀ ਸੁਵਿਧਾ ਦੇ ਅਧੀਨ ਨਹੀਂ ਕੀਤਾ ਜਾ ਸਕਦਾ। ਮਾਸਿਕ ਧਰਮ ਛੁੱਟੀ ਨੂੰ ਕਾਨੂੰਨੀ ਅਧਿਕਾਰ ਬਣਾਉਣਾ ਕੰਮ ਦੀ ਦੁਨੀਆ ਵਿੱਚ ਅਸਲ ਲਿੰਗ ਨਿਆਂ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ।ਸੰਗਠਨ ਨੇ ਸੰਕਲਪ ਲਿਆ ਕਿ ਦੇਸ਼ ਭਰ ਦੇ ਮਜ਼ਦੂਰਾਂ ਅਤੇ ਲੋਕਤੰਤਰਿਕ ਤਾਕਤਾਂ ਨੂੰ ਇਕੱਠਾ ਕਰਕੇ ਮਹਿਲਾਵਾਂ ਲਈ ਮਾਸਿਕ ਧਰਮ ਛੁੱਟੀ ਨੂੰ ਇੱਕ ਮੂਲ ਮਜ਼ਦੂਰੀ ਅਧਿਕਾਰ ਵਜੋਂ ਯਕੀਨੀ ਬਣਾਉਣ ਲਈ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## 'ਛੋਟੇ ਭਰਾ' ਵਾਲੀ ...

ਕਿ ਜੇਕਰ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਇਨ੍ਹਾਂ ਬੁਰਾਈਆਂ ਨੂੰ ਸੂਬੇ ਵਿੱਚੋਂ ਪੂਰੀ ਤਰ੍ਹਾਂ ਮਲੀਆਮੇਟ ਕਰ ਦਿੱਤਾ ਜਾਵੇਗਾ।

ਇਸ ਤੋਂ ਪਹਿਲਾਂ ਕੇਸਰੀ ਦਸਤਾਰ ਸਜਾ ਕੇ ਮੋਗਾ ਵਿਖੇ ਪਾਰਟੀ ਦੀ 'ਬਦਲਾਅ ਰੈਲੀ' ਵਿਚ ਪਹੁੰਚੇ ਸ਼ਾਹ ਦਾ ਪੰਜਾਬ ਭਾਜਪਾ ਦੇ ਆਗੂਆਂ ਨੇ ਨਿੱਘਾ ਸਵਾਗਤ ਕੀਤਾ । ਇਸ ਰੈਲੀ ਵਿੱਚ ਸਭ ਤੋਂ ਵੱਧ ਚਰਚਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰ-ਹਾਜ਼ਰੀ ਦੀ ਰਹੀ, ਹਾਲਾਂ ਕਿ ਉਨ੍ਹਾ ਦੀ ਪਤਨੀ ਪਰਨੀਤ ਕੌਰ ਅਤੇ ਬੇਟੀ ਜੈ ਇੰਦਰ ਕੌਰ ਮੰਚ 'ਤੇ ਮੌਜੂਦ ਸਨ। ਰੈਲੀ ਨੂੰ ਸੰਬੋਧਨ ਕਰਦਿਆਂ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਸੂਬੇ ਵਿੱਚ 'ਡਬਲ ਇੰਜਣ' ਸਰਕਾਰ ਚਾਹੁੰਦੇ ਹਨ ਅਤੇ ਮੌਜੂਦਾ 'ਆਪ' ਸਰਕਾਰ ਦੀਆਂ ਨੀਤੀਆਂ ਨੇ ਪੰਜਾਬ ਨੂੰ ਆਰਥਿਕ ਕੰਗਾਲੀ ਵੱਲ ਧੱਕ ਦਿੱਤਾ ਹੈ।

ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਜਾਬ ਦੀ ਕਾਨੂੰਨ ਵਿਵਸਥਾ ਅਤੇ ਨਸ਼ਿਆਂ ਦੇ ਮੁੱਦੇ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾ ਕਿਹਾ ਕਿ ਪੰਜਾਬ ਦਾ ਨੌਜਵਾਨ, ਜੋ ਕਦੇ ਖੇਤਾਂ ਅਤੇ ਖੇਡ ਮੈਦਾਨਾਂ ਦੀ ਸ਼ਾਨ ਹੁੰਦਾ ਸੀ, ਅੱਜ ਨਸ਼ਿਆਂ ਕਾਰਨ ਨਾਲੀਆਂ ਵਿੱਚ ਦਮ ਤੋੜ ਰਿਹਾ ਹੈ। ਸ਼ਰਮਾ ਨੇ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ ਵਿਗੜ ਰਹੀ ਸਥਿਤੀ ਨੂੰ ਸੁਧਾਰਨ ਲਈ ਦਖਲ ਦੇਣ। ਭਾਜਪਾ ਆਗੂਆਂ ਨੇ ਦਾਅਵਾ ਕੀਤਾ ਕਿ ਸਿਰਫ਼ ਭਾਜਪਾ ਹੀ ਪੰਜਾਬ ਨੂੰ ਨਸ਼ਾ ਮੁਕਤ ਕਰ ਸਕਦੀ ਹੈ ਅਤੇ ਸੂਬੇ ਵਿੱਚ ਅਮਨ-ਸ਼ਾਂਤੀ ਬਹਾਲ ਕਰ ਸਕਦੀ ਹੈ।

## ਨਸ਼ਾ ਭਾਜਪਾ ਦੀ ਸੱਤਾ...

ਲੋਕਾਂ ਨੇ ਉਥੇ ਇੰਡਸਟਰੀ ਲਗਾਈ, ਜਿਸ ਦਾ ਪੰਜਾਬ ਨੂੰ ਬਹੁਤ ਵੱਡਾ ਨੁਕਸਾਨ ਹੋਇਆ, ਕੇਂਦਰ ਸਰਕਾਰ ਨੇ ਪੰਜਾਬ ਨੂੰ ਇਸ ਸੰਬੰਧ ਵਿਚ ਕੋਈ ਰਾਹਤ ਨਹੀਂ ਦਿੱਤੀ।

ਅਰੋੜਾ ਨੇ ਮਨਰੇਗਾ ਸਕੀਮ 'ਤੇ ਵੀ ਕੇਂਦਰ ਸਰਕਾਰ ਨੂੰ ਕਰੜੇ ਹੱਥੀਂ ਲੈਂਦੇ ਹੋਏ ਕਿਹਾ ਕਿ ਇਸ ਪਿਛੇ ਕੇਂਦਰ ਦੀ ਕੀ ਮਨਸ਼ਾ ਸੀ ਕਿ ਮਨਰੇਗਾ ਸਕੀਮ ਨੂੰ ਬੰਦ ਕੀਤਾ ਗਿਆ ਤੇ ਉਸ ਦੀ ਥਾਂ ਹੋਰ ਤਬਦੀਲੀਆਂ ਨਾਲ ਨਵੀਂ ਸਕੀਮ ਲੋਕਾਂ ਸਾਹਮਣੇ ਲਿਆ ਛੱਡੀ। ਪੰਜਾਬ ਵਿਚ ਨਸ਼ਿਆਂ ਦੀ ਗੱਲ ਕਰਦਿਆਂ ਉਹਨਾ ਕੇਂਦਰ ਸਰਕਾਰ ਨੂੰ ਕਟਹਿਰੇ ਵਿਚ ਖੜਾ ਕੀਤਾ ਅਤੇ ਕਿਹਾ ਕਿ ਗੁਜਰਾਤ ਅਤੇ ਰਾਜਸਥਾਨ ਆਦਿ ਥਾਵਾਂ ਤੋਂ ਹੀ ਨਸ਼ੇ ਦੀਆਂ ਵੱਡੀਆਂ ਖੇਪਾਂ ਫੜੀਆਂ ਗਈਆਂ ਹਨ, ਜਿੱਥੇ ਕਿ ਭਾਜਪਾ ਦੀਆਂ ਸਰਕਾਰਾਂ ਕੰਮ ਕਰਦੀਆਂ ਹਨ। ਮੌਜੂਦਾ ਗੈਸ ਸਿਲੰਡਰ ਦੀ ਦਿੱਕਤ 'ਤੇ ਵੀ ਅਮਨ ਅਰੋੜਾ ਨੇ ਕੇਂਦਰ ਸਰਕਾਰ ਦੀਆਂ ਦੇਸ਼-ਵਿਦੇਸ਼ ਦੀਆਂ ਗਲਤ ਨੀਤੀਆਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ।

## ਸ਼ਾਹ ਪੰਜਾਬ ਦੇ ਰੋਕੇ ...

ਦਾ ਐਲਾਨ ਕਰਨ। ਪ੍ਰਧਾਨ ਮੰਤਰੀ ਮੋਦੀ ਖੁਦ ਦੌਰਾ ਕਰਨ ਆਏ ਸਨ ਅਤੇ ਉਨ੍ਹਾ 1600 ਕਰੋੜ ਰੁਪਏ ਦੀ ਟੋਕਨ ਮਨੀ ਦੇਣ ਦਾ ਵਾਅਦਾ ਕੀਤਾ ਸੀ। ਅੱਜ 8 ਮਹੀਨੇ ਬੀਤ ਜਾਣ ਦੇ ਬਾਵਜੂਦ ਪੰਜਾਬ ਦੀ ਜਨਤਾ ਨੂੰ ਫੁੱਟੀ ਕੌਡੀ ਨਹੀਂ ਮਿਲੀ। ਦੇਸ਼ ਦੇ ਇਤਿਹਾਸ ਵਿੱਚ ਮੋਦੀ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹਨ, ਜੋ ਆਪਦਾ ਪੀੜਤਾਂ ਨਾਲ ਵੀ ਝੂਠ ਬੋਲ ਕੇ ਮੁੱਕਰ ਗਏ।

## ਖੂਨਦਾਨ ਕੈਂਪ ਅੱਜ



**ਅਜੀਤਵਾਲ (ਨਛੱਤਰ ਸੰਧੂ)**-ਗੁਰੂ ਘਰ ਗਿਆਰਵੀਂ ਵਾਲਾ ਦੌਧਰ ਵਿਖੇ ਪਰਮ ਸੰਤ ਬਾਬਾ ਰਾਮ ਸਿੰਘ ਜੀ ਦੀ ਨਿੱਘੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਰਮ ਸੰਤ ਬਾਬਾ ਅਰਜਨ ਸਿੰਘ ਜੀ ਦੀ ਅਗਵਾਈ ਹੇਠ ਖੂਨਦਾਨ ਕੈਂਪ 15 ਮਾਰਚ ਦਿਨ ਐਤਵਾਰ ਨੂੰ ਖੂਨ ਦਾਨ ਕੈਂਪ ਲਾਇਆ ਜਾ ਰਿਹਾ ਹੈ।ਪ੍ਰੈਸ ਨੂੰ ਇਹ ਜਾਣਕਾਰੀ ਦਿੰਦਿਆਂ ਸੋਹਣ ਸਿੰਘ ਨੇ ਦੱਸਿਆ ਕਿ ਇਸ ਕੈਂਪ ਨੂੰ ਲੈ ਕੇ ਨੋਜਵਾਨਾ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਉਨ੍ਹਾਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਇਸ ਨੇਕ ਕੰਮ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ।

## ਕਬੱਡੀ ਖਿਡਾਰੀ ਬਿੱਕਾ ਛੀਨਾ ਦੀ ਮੌਤ

**ਹਰਸ਼ਾ ਛੀਨਾ** : ਸਥਾਨਕ ਬਲਾਕ ਅਧੀਨ ਪੈਂਦੇ ਅੱਡਾ ਕੁੱਕੜਾਂਵਾਲਾ ਦਾ ਕੌਮਾਂਤਰੀ ਕਬੱਡੀ ਖਿਡਾਰੀ ਬਿਕਰਮਜੀਤ ਸਿੰਘ ਉਰਫ ਬਿੱਕਾ ਛੀਨਾ ਦਾ ਸ਼ਨੀਵਾਰ ਤੜਕਸਾਰ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋਣ ਕਾਰਨ ਕਬੱਡੀ ਖਿਡਾਰੀਆਂ ਅਤੇ ਕਬੱਡੀ ਖੇਡ ਨਾਲ ਪਿਆਰ ਕਰਨ ਵਾਲੇ ਖੇਡ ਪ੍ਰੇਮੀਆਂ ਅੰਦਰ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਤੜਕਸਾਰ ਬਿੱਕਾ ਛੀਨਾ ਨੂੰ ਦਿਲ ਦਾ ਦੌਰਾ ਪਿਆ, ਜੋ ਉਸ ਲਈ ਜਾਨਲੇਵਾ ਸਾਬਤ ਹੋਇਆ।

## ਨਿਜ਼ਾਮਵਾਲਾ ਦੇ ਦਰਜਨਾਂ ਪਰਵਾਰ ਕਾਂਗਰਸ 'ਚ ਸ਼ਾਮਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਸ਼ਹਿਰੀ ਹਲਕੇ ਵਿੱਚ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ ਜਦੋਂ ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਦੀਆਂ ਵਿਕਾਸ ਮੁਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਪਾਰਟੀਆਂ ਦੇ ਕਈ ਪਰਵਾਰ ਕਾਂਗਰਸ ਵਿੱਚ ਸ਼ਾਮਲ ਹੋ ਗਏ। ਸ਼ਹਿਰੀ ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਅਟਾਰੀ ਤੇ ਸਾਬਕਾ ਬਲਾਕ ਸੰਮਤੀ ਚੇਅਰਮੈਨ ਬਲਬੀਰ ਸਿੰਘ ਬਾਠ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਮ ਆਦਮੀ ਪਾਰਟੀ ਤੇ ਭਾਜਪਾ ਦੀਆਂ ਗਲਤ ਨੀਤੀਆਂ ਤੋਂ ਦੁਖੀ ਹੋ ਕੇ ਪਿੰਡ ਨਿਜ਼ਾਮ ਵਾਲਾ ਦੇ ਕਈ ਪਰਵਾਰਾਂ ਨੇ ਕਾਂਗਰਸ ਦਾ ਪੱਲਾ ਫੜਿਆ ਹੈ। ਕਾਂਗਰਸ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸੁਖਦੇਵ ਸਿੰਘ, ਮਿਠਨ ਸਿੰਘ, ਜੱਗਾ ਸਿੰਘ, ਕਾਲਾ ਸਿੰਘ, ਸਾਧਕ ਸਿੰਘ, ਸੋਨੂ ਸਿੰਘ, ਮੰਗਾ ਸਿੰਘ, ਸਿੰਦਰ ਸਿੰਘ, ਮੁਖਤਿਆਰ ਸਿੰਘ, ਬੂਟਾ ਸਿੰਘ, ਹਰਜਿੰਦਰ ਸਿੰਘ, ਰਾਹੁਲ, ਜੱਸਾ ਸਿੰਘ, ਪ੍ਰੇਮ ਸਿੰਘ, ਸਲੇਮ ਸਿੰਘ, ਵਿਰਸਾ ਸਿੰਘ, ਚਰਗ ਸਿੰਘ, ਜੋਗਿੰਦਰ ਸਿੰਘ, ਚਿਰਾਗ ਤੇ ਹੋਰ ਕਈ ਮੈਂਬਰ ਸ਼ਾਮਲ ਹਨ। ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਨਵੇਂ ਸ਼ਾਮਲ ਹੋਏ ਮੈਂਬਰਾਂ ਨੂੰ ਸਿਰੋਪਾਓ ਪਾ ਕੇ ਪਾਰਟੀ ਵਿੱਚ ਜੀ ਆਇਆਂ ਨੂੰ ਕਿਹਾ। ਉਨ੍ਹਾਂ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਉਨ੍ਹਾਂ ਨੂੰ ਬਣਦਾ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਸਾਬਕਾ ਸਰਪੰਚ ਜਿੰਦਰ ਸਿੰਘ, ਸਰਪੰਚ ਸੰਦੀਪ ਸਿੰਘ, ਸਰਵਣ ਸਿੰਘ ਨੰਬਰਦਾਰ, ਕੌਂਸਲਰ ਰਿਸ਼ੀ ਸ਼ਰਮਾ, ਐਡਵੋਕੇਟ ਰਜਨੀਸ਼ ਸੋਢੀ, ਰਵੀ ਤਾਇਲ, ਛਾਉਣੀ ਬਲਾਕ ਪ੍ਰਧਾਨ ਰਜਨੀਸ਼ ਗੋਇਲ, ਰੁਪਿੰਦਰ ਭੁੱਲਰ, ਸੁਪ੍ਰੀਤ ਸਿੰਘ, ਗੁਰਦਿਆਲ ਸਿੰਘ, ਯਾਦਵਿੰਦਰ ਸਿੰਘ, ਪਰਮਜੀਤ ਸਿੰਘ, ਲਖਵਿੰਦਰ ਠੇਕੇਦਾਰ ਤੇ ਹੋਰ ਕਾਂਗਰਸੀ ਵਰਕਰ ਮੌਜੂਦ ਸਨ।

## ਪੰਜਾਬ ਬਚਾਓ ਰੈਲੀ ਸਫ਼ਲ ਬਣਾਉਣ ਲਈ ਗੱਡੀਆਂ 'ਤੇ ਸਟਿੱਕਰ ਲਾਉਣ ਦੀ ਮੁਹਿੰਮ ਸ਼ੁਰੂ

**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ 6 ਅਪ੍ਰੈਲ ਨੂੰ ਪੰਜਾਬ ਬਚਾਓ ਰੈਲੀ ਨੂੰ ਸਫ਼ਲ ਬਣਾਉਣ ਲਈ ਜ਼ਿਲ੍ਹਾ ਪੱਧਰ 'ਤੇ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੀ ਅਗਵਾਈ ਹੇਠ ਸ਼੍ਰੀ ਗੁਰਦੁਆਰਾ ਸਾਹਿਬ ਦੇ ਭਾਈ ਮਹਾਂ ਸਿੰਘ ਦੀਵਾਨ ਹਾਲ ਤੋਂ ਇੱਕ ਵਿਸ਼ੇਸ਼ ਸਟਿੱਕਰ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ 250 ਦੇ ਕਰੀਬ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਤੇ ਵਰਕਰਾਂ ਦੀਆਂ ਗੱਡੀਆਂ ਮੌਜੂਦ ਸਨ।ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ ਪੰਜਾਬ ਬਚਾਓ ਰੈਲੀ ਬਾਰੇ ਜਾਗਰੂਕ ਕਰਨਾ ਤੇ ਵੱਧ ਤੋਂ ਵੱਧ ਲੋਕਾਂ ਨੂੰ ਰੈਲੀ 'ਚ ਸ਼ਾਮਲ ਹੋਣ ਲਈ ਪ੍ਰੇਰਤ ਕਰਨਾ ਹੈ।ਜ਼ਿਲ੍ਹਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਦੀਆਂ ਗੱਡੀਆਂ 'ਤੇ ਖੁਦ ਸ਼ੀਸ਼ੇ ਸਾਫ ਕਰ ਸਟਿੱਕਰ ਲਗਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮਸਲਿਆਂ ਨੂੰ ਉਭਾਰਨ ਤੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਇਹ ਰੈਲੀ ਬਹੁਤ ਮਹੱਤਵਪੂਰਨ ਹੈ।ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਤੱਕ ਪਹੁੰਚ ਕਰਕੇ ਲੋਕਾਂ ਨੂੰ 6 ਅਪ੍ਰੈਲ ਨੂੰ ਸ਼੍ਰੀ ਮੁਕਤਸਰ ਸਾਹਿਬ ਦੇ ਮਲੋਟ ਰੋਡ ਸਥਿਤ ਕਾਨਫਰੰਸ ਹਾਲ ਵਿਖੇ ਹੋਣ ਵਾਲੀ ਰੈਲੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ।ਪਾਰਟੀ ਦੇ ਕਈ ਸੀਨੀਅਰ ਆਗੂ, ਅਹੁਦੇਦਾਰ ਤੇ ਵਰਕਰ ਵੀ ਮੌਜੂਦ ਰਹੇ।ਸਭ ਨੇ ਇਕੱਠੇ ਹੋ ਕੇ ਇਹ ਸੰਕਲਪ ਲਿਆ ਕਿ ਪੰਜਾਬ ਬਚਾਓ ਰੈਲੀ ਨੂੰ ਕਾਮਯਾਬ ਬਣਾਉਣ ਲਈ ਪੂਰੀ ਤਾਕਤ ਨਾਲ ਕੰਮ ਕੀਤਾ ਜਾਵੇਗਾ।

# ਕਾਸਮੈਟੋਲੋਜੀ ਤੇ ਸਾਫ਼ਟ ਐਂਡ ਲਾਈਫ ਸਕਿਲ ਡਿਵੈੱਲਪਮੈਂਟ ਵਰਕਸ਼ਾਪ





**ਜਗਰਾਉਂ (ਅਮਿਤ ਖੰਨਾ)**-ਐਲ.ਆਰ. ਡੀ.ਏ.ਵੀ. ਕਾਲਜ ਦੇ ਪ੍ਰਿੰਸੀਪਲ ਡਾ. ਅਨੁਜ ਸ਼ਰਮਾ ਦੀ ਰਹਿਨੁਮਾਈ ਹੇਠ ਐਲ.ਆਰ. ਡੀ.ਏ.ਵੀ. ਕਾਲਜ ਵਿੱਚ ਬਿਊਟੀ ਬ੍ਰਾਂਚ ਸੈਲੂਨ ਐਂਡ ਅਕੈਡਮੀ ਦੇ ਸਹਿਯੋਗ ਨਾਲ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਹ ਵਰਕਸ਼ਾਪ ਕਾਸਮੈਟੋਲੋਜੀ ਡਿਪਾਰਟਮੈਂਟ ਤੇ ਸਾਫਟ ਐਂਡ ਲਾਈਫ ਸਕਿਲ ਡਿਵੈਲਪਮੈਂਟ ਵੋਕੇਸ਼ਨਲ ਕੋਰਸ ਦੇ ਸਾਂਝੇ ਉਪਰਾਲੇ ਨਾਲ ਕਰਾਈ ਗਈ, ਜਿਸ ਦਾ ਮਕਸਦ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਜਾਣਕਾਰੀ ਤੇ ਪ੍ਰੋਫੈਸ਼ਨਲ ਗਾਈਡੈਂਸ ਪ੍ਰਦਾਨ ਕਰਨਾ ਸੀ।ਦੋਹਾਂ ਕੋਰਸਾਂ ਦੀ ਕੋਆਰਡੀਨੇਟਰ ਡਾ. ਨੀਤੀ ਜੈਨ ਹਨ।ਵਰਕਸ਼ਾਪ ਨੂੰ ਮਿਸਿਜ਼ ਕਮਲਪ੍ਰੀਤ ਕੌਰ, ਇੰਸਟਰਕਟਰ ਕਾਸਮੈਟੋਲੋਜੀ ਡਿਪਾਰਟਮੈਂਟ ਤੇ ਪ੍ਰੋ. ਗੁਰਪ੍ਰੀਤ ਕੌਰ, ਇੰਸਟਰਕਟਰ ਸਾਫਟ ਐਂਡ ਲਾਈਫ ਸਕਿਲ ਡਿਵੈਲਪਮੈਂਟ ਕੋਰਸ ਦੇ ਸਹਿਯੋਗ ਨਾਲ ਸਫ਼ਲਤਾਪੂਰਵਕ ਆਯੋਜਤ ਕੀਤਾ ਗਿਆ।ਬਿਊਟੀ ਬ੍ਰਾਂਚ ਸੈਲੂਨ ਐਂਡ ਅਕੈਡਮੀ ਦੀ ਮਾਲਕਾ ਮਿਸਿਜ਼ ਬਲਜਿੰਦਰ ਕੌਰ ਦੀ ਅਗਵਾਈ ਹੇਠ ਉਨ੍ਹਾਂ ਦੀ ਟੀਮ ਨੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਡੈਮੋਨਸਟ੍ਰੇਸ਼ਨ ਦਿੱਤੀ।ਉਨ੍ਹਾਂ ਨਾਲ ਸਟਾਫ਼ ਮੈਂਬਰ ਗੁਰਸਿਮਰਨ ਕੌਰ, ਪਵਨਦੀਪ ਕੌਰ, ਜਸ਼ਨਜੋਤ ਕੌਰ ਤੇ ਗੁਰਪ੍ਰੀਤ ਕੌਰ ਵੀ ਮੌਜੂਦ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਆਧੁਨਿਕ ਬਿਊਟੀ ਟੈਕਨੀਕਾਂ, ਸਕਿਨ ਕੇਅਰ, ਮੇਕਅਪ ਤੇ ਪ੍ਰੋਫੈਸ਼ਨਲ ਗਰੂਮਿੰਗ ਬਾਰੇ ਜਾਣਕਾਰੀ ਦਿੱਤੀ।ਵਰਕਸ਼ਾਪ 'ਚ ਕੁੱਲ ਤੀਹ ਵਿਦਿਆਰਥੀਆਂ ਨੇ ਭਾਗ ਲਿਆ ਤੇ ਪ੍ਰੈਕਟੀਕਲ ਜਾਣਕਾਰੀ ਪ੍ਰਾਪਤ ਕੀਤੀ।ਇਹ ਪ੍ਰੋਗਰਾਮ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਇਆ, ਜਿਸ ਨਾਲ ਉਨ੍ਹਾਂ ਦੀਆਂ ਪ੍ਰੋਫੈਸ਼ਨਲ ਸਕਿਲਜ਼ ਤੇ ਆਤਮਵਿਸ਼ਵਾਸ ਵਿੱਚ ਵਾਧਾ ਹੋਇਆ ਤੇ ਬਿਊਟੀ ਅਤੇ ਵੈਲਨੈਸ ਇੰਡਸਟਰੀ ਵਿੱਚ ਕਰੀਅਰ ਬਾਰੇ ਵੀ ਜਾਣਕਾਰੀ ਮਿਲੀ।

# ਵਿਸ਼ਵ ਗਲੋਕੋਮਾ ਹ਼ਫਤਾ ਤਹਿਤ ਜਾਗਰੂਕਤਾ ਸੈਮੀਨਾਰ

**ਕਾਲੇ ਮੋਤੀਏ ਨਾਲ ਇਕਦਮ ਜਾ ਸਕਦੀ ਹੈ ਅੱਖਾਂ ਦੀ ਰੋਸ਼ਨੀ : ਡਾ. ਰੇਖਾ ਭੱਟੀ**



**ਮਮਦੋਟ (ਹਰਪਾਲ ਸਿੰਘ ਸੋਢੀ)**-ਸਿਵਲ ਸਰਜਨ ਫ਼ਿਰੋਜ਼ਪੁਰ ਡਾਕਟਰ ਰਾਜੀਵ ਪਰਾਸ਼ਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫ਼ਸਰ ਮਮਦੋਟ ਡਾ. ਰੇਖਾ ਭੱਟੀ ਦੀ ਅਗਵਾਈ ਵਿੱਚ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਵਿਖੇ ਕਾਲਾ ਮੋਤੀਆ ਹਫਤਾ ਪ੍ਰੋਗਰਾਮ ਤਹਿਤ ਬਲਾਕ ਦੇ ਵੱਖ ਵੱਖ ਸਿਹਤ ਕੇਂਦਰਾਂ ਵਿੱਚ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਡਾ. ਰੇਖਾ ਭੱਟੀ ਨੇ ਕਿਹਾ ਕਿ ਕਾਲਾ ਮੋਤੀਆ ਨਾਲ ਇਕਦਮ ਕਿਸੇ ਵੀ ਮਨੁੱਖ ਦੀ ਅੱਖਾਂ ਦੀ ਰੋਸ਼ਨੀ ਜਾ ਸਕਦੀ ਹੈ ਤੇ ਜੇਕਰ ਮਨੁੱਖ ਨੇ ਇਨ੍ਹਾਂ ਗੰਭੀਰ ਬੀਮਾਰੀਆਂ ਤੋਂ ਨਿਜਾਤ ਪਾਉਣੀ ਹੈ ਤਾਂ ਸਮੇਂ 'ਤੇ ਅੱਖਾਂ ਦਾ ਚੈੱਕਅਪ ਕਰਵਾਇਆ ਜਾਵੇ ।ਇਸ ਮੌਕੇ ਅਪਥਾਲਮਿਕ ਅਫ਼ਸਰ ਆਸ਼ੂ ਸ਼ਰਮਾ ਵੱਲੋਂ ਕਾਲਾ ਮੋਤੀਆ ਦੇ ਲੱਛਣ, ਸਾਵਧਾਨੀਆਂ ਤੇ ਬਚਾਅ ਸੰਬੰਧੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਜਾਗਰੂਕ ਕਰਦਿਆਂ ਉਨ੍ਹਾਂ ਦੱਸਿਆ ਕਿ ਆਸਧਾਰਨ ਸਿਰ ਦਰਦ ਜਾਂ ਅੱਖਾਂ ਦਾ ਦਰਦ, ਪੜ੍ਹਨ ਵਾਲੇ ਚਸ਼ਮਿਆਂ ਦਾ ਵਾਰ ਵਾਰ ਬਦਲਣਾ, ਰੋਸ਼ਨੀ ਦੇ ਆਲੇ ਦਵਾਲੇ ਚੱਕਰ ਨਜ਼ਰ ਆਉਣਾ, ਅੱਖਾਂ ਵਿੱਚ ਲਾਲੀ ਤੇ ਦਰਦ ਦੇ ਨਾਲ ਦ੍ਰਿਸ਼ਟੀ ਦੀ ਅਚਾਨਕ ਹਾਨੀ ਤੇ ਦ੍ਰਿਸ਼ਟੀ ਦੇ ਖੇਤਰ ਦਾ ਸੀਮਤ ਹੋਣਾ ਆਦਿ ਲਛਣਾਂ ਦੇ ਪ੍ਰਗਟ ਹੋਣ 'ਤੇ ਨੇੜੇ ਦੇ ਸਰਕਾਰੀ ਹਸਪਤਾਲ ਵਿੱਚ ਆਪਣੀਆਂ ਅੱਖਾਂ ਦਾ ਪ੍ਰੈਸ਼ਰ ਚੈੱਕ ਕਰਾਉਣ ਲਈ ਜ਼ਰੂਰ ਆਉਣ।ਇਸ ਮੌਕੇ ਅਮਨ ਕੰਬੋਜ ਬੀ ਈ ਈ ਨੇ ਕਿਹਾ ਕਿ ਦੇਸ਼ ਵਿੱਚ ਹਰੇਕ ਸਾਲ ਹਜ਼ਾਰਾਂ ਲੋਕ ਇਸ ਬਿਮਾਰੀ ਕਾਰਨ ਅੰਨ੍ਹੇਪਣ ਦਾ ਸ਼ਿਕਾਰ ਹੋ ਰਹੇ ਸਨ, ਜਿਸ ਕਰਕੇ ਹਰੇਕ ਮਨੁੱਖ ਨੂੰ ਆਪਣੀਆਂ ਅੱਖਾਂ ਦਾਨ ਕਰਨ ਦਾ ਫਾਰਮ ਭਰਨਾ ਚਾਹੀਦਾ ਤਾਂ ਜੋ ਮ੍ਰਿਤਕ ਸਰੀਰ ਵਿੱਚੋਂ ਅੱਖਾਂ ਕੱਢ ਕੇ ਕਿਸੇ ਦੂਸਰੇ ਨੂੰ ਕੁਦਰਤ ਦੇ ਰੰਗ ਦੇਖਣ ਦਾ ਮੌਕਾ ਮਿਲ ਸਕੇ।ਇਸ ਮੌਕੇ ਸਮੂਹ ਸਟਾਫ਼ ਵੀ ਹਾਜ਼ਰ ਰਿਹਾ।

## ਸ਼ਾਹ ਪੰਜਾਬੀਆਂ ਨੂੰ ...

ਕਸੂਰਵਾਰਾਂ ਵਿਰੁੱਧ ਕੋਈ ਸਾਰਥਕ ਕਾਰਵਾਈ ਨਹੀਂ ਕੀਤੀ ਗਈ ਹੈ।ਸੂਬੇ ਵਿੱਚ ਭਾਜਪਾ ਦੀਆਂ ਸਿਆਸੀ ਇੱਛਾਵਾਂ 'ਤੇ ਵਿਅੰਗ ਕਰਦਿਆਂ ਮੁੱਖ ਮੰਤਰੀ ਮਾਨ ਨੇ ਟਿੱਪਣੀ ਕੀਤੀ ਕਿ ਪੰਜਾਬ ਵਿੱਚ ਭਾਜਪਾ 'ਸਕੂਟਰ ਪਾਰਟੀ' ਤੱਕ ਸੀਮਤ ਹੈ, ਜੋ 2027 ਵਿੱਚ ਕਾਂਗਰਸ ਦੀ ਮਦਦ ਨਾਲ ਸੱਤਾ 'ਤੇ ਕਾਬਜ਼ ਹੋਣ ਦਾ ਸੁਪਨਾ ਦੇਖਦੀ ਹੈ। ਮਾਨ ਨੇ ਕਿਹਾ ਕਿ ਭਾਜਪਾ ਨੂੰ ਤਾਂ 117 ਉਮੀਦਵਾਰ ਹੀ ਨਹੀਂ ਲੱਭਣੇ। ਭਾਜਪਾ ਕੋਲ ਸੂਬੇ ਵਿੱਚ ਆਗੂ ਨਹੀਂ ਹਨ, ਇਸ ਲਈ ਇਹ ਸੰਭਾਵਨਾ ਹੈ ਕਿ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਚੋਣਾਂ ਲੜਨ ਲਈ ਪਾਰਟੀ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਨੂੰ ਨਿਵੇਸ਼ਕਾਂ ਤੇ ਉਦਯੋਗ ਜਗਤ ਦੇ ਨਾਮੀ ਉੱਦਮੀਆਂ ਪਾਸੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਜੋ ਇਸ ਦਾ ਸਪੱਸ਼ਟ ਸਬੂਤ ਹੈ ਕਿ ਪੰਜਾਬ ਤੇਜ਼ੀ ਨਾਲ ਨਿਵੇਸ਼ ਤੇ ਆਰਥਿਕ ਵਿਕਾਸ ਲਈ ਪਸੰਦੀਦਾ ਸਥਾਨ ਵਜੋਂ ਉੱਭਰ ਰਿਹਾ ਹੈ।ਮਾਨ ਨੇ ਕਿਹਾ—ਨਿਵੇਸ਼ਕ ਸੰਮੇਲਨ ਨੂੰ ਨਿਵੇਸ਼ਕਾਂ ਵੱਲੋਂ ਜ਼ਬਰਦਸਤ ਹੁੰਗਾਰਾ ਮਿਲ ਰਿਹਾ ਹੈ, ਜੋ ਕਿ ਪੰਜਾਬ ਦੀ ਤਰੱਕੀ ਦਾ ਸਬੂਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜਿਹਾ ਵਿਕਾਸ ਮਾਡਲ ਬਣਾਉਣ 'ਤੇ ਕੇਂਦ੍ਰਿਤ ਹੈ ਜੋ ਸੂਬੇ ਦੇ ਮਜ਼ਬੂਤ ਖੇਤੀਬਾੜੀ ਅਧਾਰ ਨੂੰ ਉਦਯੋਗਿਕ ਵਿਕਾਸ ਨਾਲ ਜੋੜਦਾ ਹੈ, ਜਿਸ ਨਾਲ ਕਿਸਾਨਾਂ ਅਤੇ ਨੌਜਵਾਨਾਂ ਲਈ ਵਧੇਰੇ ਮੌਕੇ ਯਕੀਨੀ ਬਣਦੇ ਹਨ। ਮੁੱਖ ਮੰਤਰੀ ਨੇ ਕਿਹਾ—ਸਾਡਾ ਉਦੇਸ਼ ਪੰਜਾਬ ਦੀ ਖੇਤੀਬਾੜੀ ਸ਼ਕਤੀ ਨੂੰ ਉਦਯੋਗ ਨਾਲ ਜੋੜਨਾ ਹੈ, ਤਾਂ ਜੋ ਕਿਸਾਨਾਂ ਅਤੇ ਪੰਜਾਬ ਦੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕੀਤੇ ਜਾ ਸਕਣ।ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੀ ਸੰਭਾਵਨਾ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਫਲਾਂ ਅਤੇ ਸਬਜ਼ੀਆਂ ਦੇ ਖੇਤਰ ਵਿੱਚ ਅਥਾਹ ਸੰਭਾਵਨਾਵਾਂ ਹਨ।ਜੇਕਰ ਫੂਡ ਪ੍ਰੋਸੈਸਿੰਗ ਇੱਥੇ ਸਫਲ ਹੋ ਜਾਂਦੀ ਹੈ, ਤਾਂ ਇਹ ਸਾਡੇ ਕਿਸਾਨਾਂ ਦੇ ਮੁਨਾਫ਼ੇ ਵਿੱਚ ਕਾਫ਼ੀ ਵਾਧਾ ਕਰੇਗੀ।

## ਫਰਜ਼ੀ ਲੁੱਟ ਮਾਮਲੇ 'ਚ...

ਓਹੀਓ ਵਰਗੇ ਸੂਬਿਆਂ ਵਿੱਚ ਰਹਿ ਰਹੇ ਸਨ। ਜਾਂਚ ਮੁਤਾਬਕ ਇਹ ਲੋਕ ਸਟੋਰ ਮਾਲਕਾਂ ਨੂੰ ਪੈਸੇ ਦੇ ਕੇ ਉੱਥੇ ਨਕਲੀ ਲੁੱਟ ਦਾ ਨਾਟਕ ਕਰਵਾਉਂਦੇ ਸਨ, ਜਿਸ ਵਿੱਚ ਇੱਕ 'ਲੁਟੇਰਾ' ਹਥਿਆਰ ਦਿਖਾ ਕੇ ਗੋਲਕ ਵਿੱਚੋਂ ਨਕਦੀ ਲੈ ਕੇ ਫ਼ਰਾਰ ਹੋ ਜਾਂਦਾ ਸੀ ਅਤੇ ਇਹ ਸਾਰੀ ਘਟਨਾ ਸੀ ਸੀ ਟੀ ਵੀ ਵਿੱਚ ਕੈਦ ਹੋ ਜਾਂਦੀ ਸੀ। ਇਸ ਤੋਂ ਬਾਅਦ ਇਹ 'ਪੀੜਤ' ਪੁਲਸ ਕੋਲ ਝੂਠੀ ਰਿਪੋਰਟ ਦਰਜ ਕਰਵਾਉਂਦੇ ਸਨ। ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਕਈਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦੋਂ ਕਿ ਇੱਕ ਮਹਿਲਾ ਨੂੰ ਡਿਪੋਰਟ ਕਰਕੇ ਭਾਰਤ ਭੇਜ ਦਿੱਤਾ ਗਿਆ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

## ਏ ਕੇ-47 ਤੇ ਤਿੰਨ ਪਿਸਤੌਲਾਂ ਸਮੇਤ ਦੋ ਕਾਬੂ

**ਛੇਹਰਟਾ/ਖਾਸਾ, (ਮਨੋਜ ਕੁਮਾਰ, ਸ਼ਸ਼ਪਾਲ ਸਿੰਘ)**- ਅੰਮ੍ਰਿਤਸਰ ਦਿਹਾਤੀ ਪੁਲਸ ਨੇ ਪੰਜਾਬ ਪੁਲਸ ਦੇ ਮੁਲਾਜ਼ਮਾਂ ਨੂੰ ਮੁੜ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਨੂੰ ਨਾਕਾਮ ਕਰਦੇ ਹੋਏ ਦੋ ਮੁਲਜ਼ਮਾਂ ਨੂੰ ਇਕ ਏ.ਕੇ-47 ਅਸਾਲਟ ਰਾਈਫਲ, ਤਿੰਨ ਗਲੋਕ ਪਿਸਤੌਲਾਂ ਤੇ ਹੋਰ ਅਸਲੇ ਸਮੇਤ ਗ੍ਰਿਫ਼ਤਾਰ




ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ। ਇਕ ਪ੍ਰੈਸ ਕਾਨਫਰੰਸ ਵਿਚ ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ(ਦਿਹਾਤੀ) ਅੰਮ੍ਰਿਤਸਰ ਸੁਹੇਲ ਮੀਰ ਨੇ ਦੱਸਿਆ ਕਿ ਮੁੱਖ ਅਫਸਰ ਥਾਣਾ ਘਰਿੰਡਾ ਨੂੰ ਗੁਪਤ ਸੂਚਨਾ ਮਿਲੀ ਕਿ ਵਿਦੇਸ਼ ਵਿਚ ਬੈਠੇ ਗੈਂਗਸਟਰ ਗਰੁੱਪ ਵੱਲੋਂ ਪੰਜਾਬ ਵਿਚ ਅੱਤਵਾਦੀ ਕਾਰਵਾਈਆਂ ਕਰਨ ਲਈ ਪਾਕਿਸਤਾਨ ਰਸਤੇ ਹਥਿਆਰਾਂ ਦੀ ਖੇਪ ਭੇਜੀ ਗਈ ਹੈ। ਇਸ 'ਤੇ ਸਮੇਂ ਸਿਰ ਕਾਰਵਾਈ ਕਰਦੇ ਹੋਏ (ਐੱਸ.ਪੀ-ਡੀ) ਅੱਦਤਿਆ ਵਾਰੀਅਰ ਦੀ ਨਿਗਰਾਨੀ ਹੇਠ ਡੀ.ਐੱਸ.ਪੀ. ਅਟਾਰੀ, ਡੀ.ਐੱਸ.ਪੀ-ਡਿਟੈਕਟਿਵ, ਇੰਚਾਰਜ ਸੀ.ਆਈ.ਏ ਤੇ ਐੱਸ.ਐੱਚ.ਓ ਘਰਿੰਡਾ ਵੱਲੋਂ ਸਾਂਝੇ ਉਪਰੇਸ਼ਨ ਦੌਰਾਨ ਪਿੰਡ ਮੁਹਾਵਾ, ਥਾਣਾ ਘਰਿੰਡਾ ਇਲਾਕੇ ਵਿਚੋਂ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਏ.ਕੇ-47 ਅਸਾਲਟ ਰਾਈਫਲ, 2 ਮੈਗਜ਼ੀਨ ਏ.ਕੇ-47, 36 ਰੌਂਦ ਏ.ਕੇ-47, 3 ਗਲੋਕ ਪਿਸਤੌਲ, 4 ਮੈਗਜ਼ੀਨ ਤੇ 4 ਰੌਂਦ ਬਰਾਮਦ ਕੀਤੇ। ਗ੍ਰਿਫਤਾਰ ਮੁਲਜ਼ਮਾਂ ਦੀ ਪਛਾਣ ਗੁਰਸੇਵਕ ਸਿੰਘ ਉਰਫ਼ ਸੂਰਜ ਵਾਸੀ ਨਵੀਂ ਅਬਾਦੀ, ਅਟਾਰੀ ਤੇ ਅਮਰਜੀਤ ਸਿੰਘ ਉਰਫ਼ ਰੋਹਿਤ ਵਾਸੀ ਸ਼ੁਬਾਸ਼ ਰੋਡ, ਛੇਹਰਟਾ ਵਜੋਂ ਹੋਈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਮੁੱਢਲੀ ਪੁੱਛਗਿੱਛ ਦੌਰਾਨ ਦੱਸਿਆ ਕਿ ਇਹ ਹਥਿਆਰ ਉਨ੍ਹਾਂ ਨੇ ਜ਼ਿਲ੍ਹਾ ਗੁਰਦਾਸਪੁਰ ਵਿਚ ਅੱਗੇ ਦੇਣੇ ਸਨ। ਐੱਸ.ਐੱਸ.ਪੀ. ਨੇ ਦੱਸਿਆ ਕਿ ਵਿਦੇਸ਼ੀ ਹੈਂਡਲਰਾਂ ਵੱਲੋਂ ਇਹ ਅਸਲਾ ਪੁਲਸ ਫੋਰਸ ਦੇ ਅਧਿਕਾਰੀਆਂ ਨੂੰ ਟਾਰਗੇਟ ਕਰਨ ਲਈ ਪਾਕਿਸਤਾਨ ਰਸਤੇ ਭੇਜਿਆ ਗਿਆ ਹੈ। ਇਸ ਸਬੰਧ ਵਿਚ ਥਾਣਾ ਘਰਿੰਡਾ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ।

## ਕਿਸਾਨ ਮਜ਼ਦੂਰ ਮੋਰਚਾ ਪੰਜਾਬ ਨੇ ਅਮਿਤ ਸ਼ਾਹ ਦਾ ਪੁਤਲਾ ਫੂਕਿਆ

**ਗੁਰਦਾਸਪੁਰ (ਜਨਕ ਮਹਾਜਨ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਜ਼ੋਨ ਤੇਜਾ ਸਿੰਘ ਸੁਤੰਤਰ ਵੱਲੋਂ ਕਸਬਾ ਜੌੜਾ ਛਤਰਾ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕਿਆ ਗਿਆ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਤੇਜਾ ਸਿੰਘ ਸੁਤੰਤਰ ਦੀ ਕੋਰ



ਕਮੇਟੀ ਅਤੇ ਜਨਰਲ ਬਾਡੀ ਦੀ ਮੀਟਿੰਗ ਕਰਕੇ ਇੱਕ ਵੱਡੇ ਮਾਰਚ ਉਪਰੰਤ ਕੇਂਦਰੀ ਗ੍ਰਹਿ ਮੰਤਰੀ ਦਾ ਪੁਤਲਾ ਫੂਕਿਆ ਗਿਆ ।ਇਸ ਮੌਕੇ ਬੋਲਦਿਆਂ ਜ਼ਿਲ੍ਹਾ ਪ੍ਰੈਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਕਿਹਾ ਕਿ ਜਦੋਂ ਸਰਕਾਰਾਂ ਲੋਕਾਂ ਦੇ ਹੱਕ ਮਾਰਨ ਤੇ ਉਤਾਰੂ ਹੋ ਜਾਣ ਤਾਂ ਲੋਕਾਂ ਨੂੰ ਆਪਣੀ ਲੜਾਈ ਆਪ ਲੜਨੀ ਪੈਂਦੀ ਹੈ।ਜ਼ੋਨ ਸਕੱਤਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਬਿਜਲੀ ਅਤੇ ਅਨਾਜ ਆਮ ਜਨਤਾ ਦੀ ਪਹੁੰਚ ਤੋਂ ਬਾਹਰ ਜਾ ਰਹੇ ਹਨ ।ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਪੁਲਸ ਦੀਆਂ ਮਨ- ਮਾਨੀਆਂ, ਨਵੇਂ ਬੀਜ ਐਕਟ, ਮਨਰੇਗਾ ਸਕੀਮ ਬੰਦ ਕਰਕੇ ਚਾਰ ਨਵੇਂ ਕਿਰਤ ਕਾਨੂੰਨਾਂ ਬਾਰੇ ਆਪਣੇ ਵਿਚਾਰ ਰੱਖੇ ।ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਅਮ੍ਰਿਤਸਰ ਵਿਖੇ ਲੱਗਣ ਵਾਲੇ ਮੋਰਚੇ ਦੀ ਡਟ ਕੇ ਹਿਮਾਇਤ ਕੀਤੀ।ਜ਼ੋਨ ਪ੍ਰਧਾਨ ਨਿਰਮਲ ਸਿੰਘ ਆਦੀ, ਸਤਨਾਮ ਸਿੰਘ ਖਜਾਨਚੀ, ਰਣਬੀਰ ਸਿੰਘ ਡੁਗਰੀ, ਜਸਬੀਰ ਸਿੰਘ ਲਾਡੀ, ਚਰਨਜੀਤ ਸਿੰਘ ਅਲੀਸ਼ੇਰ, ਨਰਿੰਦਰ ਸਿੰਘ ਅਮੀਪੁਰ, ਬਲਵਿੰਦਰ ਸਿੰਘ, ਜੋੜਾ ਸੁਖਜਿੰਦਰ ਸਿੰਘ ਅੱਲੜ ਪਿੰਡੀ, ਗੁਰਮੀਤ ਸਿੰਘ ਬਲੱਗਣ. ਨਰਿੰਦਰ ਸਿੰਘ ਆਲੀਨੰਗਲ, ਜਥੇਬੰਦੀ ਦੀਆਂ ਮਹਿਲਾ ਆਗੂਆਂ ਬੀਬੀ ਮਨਜਿੰਦਰ ਕੌਰ, ਬੀਬੀ ਰਮਨਦੀਪ ਕੌਰ ਆਦਿ ਹਾਜ਼ਰ ਸਨ।



## 'ਆਪ' ਨੇ ਮਾਵਾਂ ਧੀਆਂ ਸਤਿਕਾਰ ਯੋਜਨਾ ਸ਼ੁਰੂ ਕਰਕੇ ਸੂਬੇ ਦੀਆਂ ਔਰਤਾਂ ਨੂੰ ਤੋਹਫਾ ਦਿੱਤਾ : ਤਲਬੀਰ ਗਿੱਲ

**ਮਜੀਠਾ (ਸੋਇਮ ਆਨੰਦ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਭ ਤੋਂ ਵੱਡੀ ਗਾਰੰਟੀ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਜਿਸ ਤਹਿਤ ਸੂਬੇ ਦੀ ਹਰੇਕ ਜਨਰਲ ਵਰਗ ਮਹਿਲਾ ਨੂੰ ਇੱਕ ਹਜ਼ਾਰ ਰੁਪਏ ਅਤੇ ਐੱਸ.ਸੀ. ਵਰਗ ਦੀ ਮਹਿਲਾ ਨੂੰ ਪੰਦਰਾਂ ਸੌ ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਕੀਤਾ ਹੈ, ਬਹੁਤ ਹੀ ਸ਼ਲਾਘਾਯੋਗ ਕਦਮ ਹੈ ਅਤੇ ਲਾਮਿਸਾਲ ਤੋਹਫਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਸਬਾ ਮਜੀਠਾ ਵਿਖੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਮਹਿਲਾਵਾਂ ਸਰਕਾਰ ਦੇ ਇਸ ਫੈਸਲੇ ਤੋਂ ਬੇਹੱਦ ਖੁਸ਼ ਹਨ।ਉਨ੍ਹਾਂ ਕਿਹਾ ਕਿ ਇਸੇ ਖੁਸ਼ੀ ਵਿੱਚ ਉਨ੍ਹਾਂ ਨੇ ਅੱਜ ਜਾਗੋ ਕੱਢ ਕੇ ਮਜੀਠਾ ਵਾਸੀਆਂ ਨੂੰ ਸਰਕਾਰ ਦੀ ਇਸ ਸਕੀਮ ਸਾਰੇ ਜਾਗਰੂਕ ਕੀਤਾ ਹੈ।ਇਸ ਮੌਕੇ ਕੋਆਰਡੀਨੇਟਰ ਮੈਡਮ ਅਮਨ ਸਰਪੰਚ ਦੇ ਨਾਲ ਸੋਨੀਆਂ ਸੋਹਲ, ਰਾਜਦੀਪ ਕੌਰ ਰੰਧਾਵਾ, ਅਨੀਤਾ ਰਾਣੀ, ਮੈਡਮ ਵੀਨਾ, ਕਵਲਜੀਤ ਕੌਰ, ਰਵਿੰਦਰ ਕੌਰ, ਰਾਜਵਿੰਦਰ ਕੌਰ ਸ਼ਹਿਣੇਵਾਲੀ, ਜਸਪ੍ਰੀਤ ਕੌਰ, ਰਮਨਦੀਪ ਕੌਰ, ਸੁਖਬੀਰ ਕੌਰ, ਦਵਿੰਦਰ ਕੌਰ, ਹਰਪ੍ਰੀਤ ਕੌਰ, ਰੁਪਿੰਦਰ ਕੌਰ, ਰਾਜਿੰਦਰ ਕੌਰ, ਮਨਜੀਤ ਕੌਰ, ਬਲਜਿੰਦਰ ਸਿੰਘ ਸਿਆਸੀ ਸਕੱਤਰ ਗਿੱਲ, ਬਲਾਕ ਸੰਮਤੀ ਚੇਅਰਮੈਨ ਯਾਦਵਿੰਦਰ ਸਿੰਘ ਪੰਧੇਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਸਵੰਤ ਸਿੰਘ ਪੰਨੂੰ, ਕਿਰਪਾਲ ਸਿੰਘ, ਸੁਰਿੰਦਰ ਕੁਮਾਰ, ਸੁਖਵਿੰਦਰ ਸਿੰਘ ਸੋਹੀ, ਸਰਪੰਚ ਲਖਵਿੰਦਰ ਸਿੰਘ ਬੇਗੇਵਾਲ, ਸਰਪੰਚ ਚੰਨਪ੍ਰੀਤ ਸਿੰਘ ਅਜੈਬਵਾਲੀ, ਸਰਪੰਚ ਚਰਨਜੀਤ ਸਿੰਘ ਵਡਾਲਾ, ਸਰਪੰਚ ਅਮਰਜੋਤ ਸਿੰਘ ਰਾਣਾ ਪੰਨੂੰ, ਸਰਪੰਚ ਭੁਪਿੰਦਰ ਸਿੰਘ ਚੰਡੇ, ਪ੍ਰਿਤਪਾਲ ਸਿੰਘ ਬੱਲ, ਗੁਰਦੀਪ ਸਿੰਘ ਨਾਗ ਕਲਾਂ, ਪਿੰਕਾ ਮਜੀਠਾ, ਰੁਪਿੰਦਰ ਸਿੰਘ ਵਡਾਲਾ, ਨੀਰਜ ਸ਼ਰਮਾ, ਜਸਕਰਨ ਸਿੰਘ, ਅਮਰਜੀਤ ਸਿੰਘ, ਡਾ: ਅਸ਼ਵਨੀ ਮਜੀਠਾ, ਗੁਰਪ੍ਰੀਤ ਸਿੰਘ, ਜਗਤਾਰ ਸਿੰਘ ਕੋਟਲਾ, ਰਣਜੀਤ ਸਿੰਘ ਰਾਣਾ ਚੰਡੇ, ਸੁਰਿੰਦਰ ਸਿੰਘ ਲਾਲੀ ਅਤੇ ਕੁਲਵੰਤ ਰਾਏ ਆਦਿ ਹਾਜ਼ਰ ਸਨ।

## ਦਿੱਲੀ 'ਚ ਅਗਵਾ ਕੀਤੇ ਵਿਦਿਆਰਥੀਆਂ ਤੇ ਹੋਰ ਜਮਹੂਰੀ ਕਾਰਕੁੰਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਜਮਹੂਰੀ ਫਰੰਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰ ਡਾ. ਪਰਮਿੰਦਰ ਅਤੇ ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ ਨੇ ਦਿੱਲੀ ਵਿੱਚ ਮਜ਼ਦੂਰ ਅਧਿਕਾਰ ਕਾਰਕੁਨਾਂ ਅਤੇ ਹੋਰ ਜਮਹੂਰੀ ਕਾਰਕੁੰਨਾਂ ਨੂੰ ਖ਼ੁਫ਼ੀਆ ਏਜੰਸੀਆਂ ਵੱਲੋਂ ਗ਼ੈਰ-ਕਾਨੂੰਨੀ ਤੌਰ 'ਤੇ ਚੁੱਕਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਹਕੂਮਤੀ ਜਬਰ ਵਿਰੁੱਧ ਮੁਹਿੰਮ (ਸੀਏਐੱਸਆਰ) ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ ਦਿੱਲੀ ਵਿੱਚ ਵਿਦਿਆਰਥੀਆਂ ਅਤੇ ਕਾਰਕੁੰਨਾਂ ਦੇ ਲਾਪਤਾ ਹੋਣ ਦਾ ਗੰਭੀਰ ਵਰਤਾਰਾ ਸਾਹਮਣੇ ਆਇਆ ਹੈ।ਇਹ ਹਮਲਾ 12 ਮਾਰਚ ਨੂੰ ਐਡਵੋਕੇਟ ਸੁਰਿੰਦਰ ਗਾਡਲਿੰਗ ਦੀ ਪਿਛਲੇ 7 ਸਾਲ ਤੋਂ ਝੂਠੇ ਕੇਸਾਂ ਤਹਿਤ ਜੇਲ੍ਹਬੰਦੀ ਵਿਰੁੱਧ ਆਵਾਜ਼ ਉਠਾਉਣ ਅਤੇ ਉਸ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਸੀਏਐੱਸਆਰ ਵੱਲੋਂ ਦਿੱਲੀ ਵਿੱਚ ਆਯੋਜਿਤ ਕੀਤੀ ਜਨਤਕ ਇਕੱਤਰਤਾ ਤੋਂ ਬੌਖਲਾ ਕੇ ਜਮਹੂਰੀ ਆਵਾਜ਼ਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ 12 ਮਾਰਚ ਨੂੰ ਦਿਆਲ ਸਿੰਘ ਕਾਲਜ ਵਿੱਚ ਸੰਪਰਕ ਕਰਨ ਲਈ ਗਈ ਵਿਦਿਆਰਥੀ ਕਾਰਕੁੰਨ ਇਲਕੀਆ ਜੋ ਦਿੱਲੀ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੀ ਮਾਸਟਰ ਡਿਗਰੀ ਦੀ ਵਿਦਿਆਰਥਣ ਅਤੇ ਭਗਤ ਸਿੰਘ ਛਾਤਰ ਏਕਤਾ ਮੰਚ ਦੀ ਕਾਰਕੁਨ ਹੈ, ਅਤੇ ਮਜ਼ਦੂਰ ਅਧਿਕਾਰ ਸੰਗਠਨ ਕੁੰਡਲੀ-ਸੋਨੀਪਤ ਦੇ ਮਜ਼ਦੂਰ ਕਾਰਕੁਨ ਸ਼ਿਵ




ਕੁਮਾਰ ਨੂੰ ਦੁਪਹਿਰ ਲਗਭਗ 1 ਵਜੇ ਡੀਐੱਸਸੀ/ਜੇਐੱਲਐੱਨ ਮੈਟਰੋ ਗੇਟ ਦੇ ਬਾਹਰੋਂ ਚੁੱਕ ਲਿਆ ਗਿਆ।ਨੇੜੇ ਮੌਜੂਦ ਦੁਕਾਨਦਾਰਾਂ ਅਨੁਸਾਰ ਸਾਦੇ ਕੱਪੜਿਆਂ ਵਿੱਚ ਕਿਸੇ ਖੁਫ਼ੀਆ ਏਜੰਸੀ ਦੀ 3-4 ਮੈਂਬਰੀ ਟੀਮ ਵੱਲੋਂ ਉਨ੍ਹਾਂ ਨੂੰ ਜ਼ਬਰਦਸਤੀ ਸਕਾਰਪੀਓ ਗੱਡੀ ਵਿੱਚ ਬਿਠਾ ਕੇ ਲਿਜਾਇਆ ਗਿਆ।ਉਸੇ ਦਿਨ ਸ਼ਾਮ ਤੋਂ ਮਜ਼ਦੂਰ ਅਧਿਕਾਰ ਸੰਗਠਨ ਦੇ ਕਾਰਕੁੰਨ ਮਨਜੀਤ ਕੁਮਾਰ ਵੀ ਲਾਪਤਾ ਹਨ ਜੋ ਸੀਏਐੱਸਆਰ ਦੇ ਪ੍ਰੋਗਰਾਮ ਤੋਂ ਵਾਪਸ ਆਉਣ ਤੋਂ ਬਾਅਦ ਆਪਣੇ ਘਰ ਨਹੀਂ ਪਹੁੰਚੇ। ਉਨ੍ਹਾਂ ਦੱਸਿਆ ਕਿ ਦਿੱਲੀ ਯੂਨੀਵਰਸਿਟੀ ਨਾਰਥ ਕੈਂਪਸ ਦੇ ਵਿਜੇ ਨਗਰ ਡਬਲ ਸਟੋਰੀ ਇਲਾਕੇ ਤੋਂ ਹੋਰ ਕਈ ਵਿਦਿਆਰਥੀਆਂ ਅਤੇ ਕਾਰਕੁੰਨਾਂ ਨੂੰ ਵੀ ਪੁਲਸ ਚੁੱਕ ਕੇ ਲੈ ਗਈ ਹੈ ਜਿਨ੍ਹਾਂ ਵਿੱਚ ਭਗਤ ਸਿੰਘ ਛਾਤਰ ਏਕਤਾ ਮੰਚ ਦੇ ਕਾਰਕੁੰਨ ਅਕਸ਼ੈ, ਦ੍ਰਿਸ਼ਟੀ, ਰੁਦਰ, ਕਿਰਨ ਤੇ ਗੌਰਵ ਅਤੇ ਕਾਰਪੋਰੇਟੀਕਰਨ ਤੇ ਫ਼ੌਜੀਕਰਨ ਵਿਰੁੱਧ ਫੋਰਮ ਦੀ ਕਾਰਕੁੰਨ ਬਾਦਲ ਅਤੇ ਐਡਵੋਕੇਟ ਏਹਤਮਾਮ ਸ਼ਾਮਲ ਹਨ।ਇਨ੍ਹਾਂ ਸਾਰੇ ਹੀ ਕਾਰਕੁੰਨਾਂ ਨੂੰ ਪਿਛਲੇ ਸਮੇਂ ਵਿੱਚ ਵੱਖ-ਵੱਖ ਝੂਠੇ ਕੇਸਾਂ ਤਹਿਤ ਦਿੱਲੀ ਪੁਲਸ ਦੇ ਵਿਸ਼ੇਸ਼ ਸੈੱਲ ਅਤੇ ਹੋਰ ਜਾਂਚ ਏਜੰਸੀਆਂ ਵੱਲੋਂ ਹਿਰਾਸਤ ਵਿਚ ਲੈ ਕੇ ਵਹਿਸ਼ੀ ਤਸ਼ੱਦਦ ਕੀਤਾ ਗਿਆ ਹੈ।ਜਮਹੂਰੀ ਫਰੰਟ ਨੇ ਮੰਗ ਕੀਤੀ ਕਿ ਇਨ੍ਹਾਂ ਸਾਰੇ ਜਮਹੂਰੀ ਕਾਰਕੁੰਨਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਉੱਪਰ ਜਬਰ ਅਤੇ ਕਾਰਪੋਰੇਟ ਹਿਤੈਸ਼ੀ ਆਰਥਿਕ ਮਾਡਲ ਵਿਰੁੱਧ ਆਵਾਜ਼ ਉਠਾ ਰਹੇ ਵਿਦਿਆਰਥੀ ਤੇ ਹੋਰ ਜਮਹੂਰੀ ਕਾਰਕੁੰਨਾਂ ਦੀ ਜ਼ੁਬਾਨਬੰਦੀ ਲਈ ਗ੍ਰਿਫ਼ਤਾਰੀ ਅਤੇ ਹਮਲੇ ਬੰਦ ਕੀਤੇ ਜਾਣ, ਜੇਲ੍ਹਾਂ ਵਿੱਚ ਡੱਕੇ ਸਾਰੇ ਹੀ ਜਮਹੂਰੀ ਕਾਰਕੁੰਨਾਂ ਤੇ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

## ਆਨੰਦ ਕਾਲਜ ਆਫ ਨਰਸਿੰਗ ਜੇਠੂਵਾਲ ਦਾ ਨਤੀਜਾ ਰਿਹਾ ਸ਼ਾਨਦਾਰ

**ਮਜੀਠਾ (ਸੋਇਮ ਆਨੰਦ)**- ਪੀ. ਐੱਨ. ਆਰ. ਸੀ. ਵੱਲੋਂ ਐਲਾਨੇ ਜੀ. ਐੱਨ. ਐੱਮ. ਦੇ ਨਤੀਜਿਆਂ ਵਿੱਚ, ਆਨੰਦ ਕਾਲਜ ਆਫ਼ ਨਰਸਿੰਗ, ਜੇਠੂਵਾਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜੀ. ਐੱਨ. ਐੱਮ. ਪਹਿਲੇ ਸਾਲ ਦੀ ਵਿਦਿਆਰਥਣ ਮੰਨਤਪ੍ਰੀਤ ਕੌਰ ਨੇ ਪਹਿਲਾ (80%), ਗਗਨਦੀਪ ਕੌਰ ਨੇ



ਦੂਜਾ (79%), ਅੰਮ੍ਰਿਤਪਾਲ ਕੌਰ ਨੇ ਤੀਜਾ ਸਥਾਨ (78%) ਅਤੇ ਅਰਪਨ ਤੇ ਕਿਰਨਦੀਪ ਕੌਰ ਨੇ ਚੌਥਾ ਸਥਾਨ (76.8%) ਹਾਸਲ ਕਰਕੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਵਾਇਸ ਚੇਅਰਮੈਨ ਡਾ. ਜੇ. ਐੱਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਯਾ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਰਚਨਾ ਕੁਮਾਰੀ, ਵਾਇਸ ਪ੍ਰਿੰ. ਰਮਨਦੀਪ ਕੌਰ ਸੋਹਲ ਅਤੇ ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ ਨੇ ਸਾਂਝੇ ਤੌਰ 'ਤੇ ਉਕਤ ਪ੍ਰੀਖਿਆ ਵਿੱਚ ਸ਼ਾਨਦਾਰ ਸਥਾਨ ਹਾਸਲ ਕਰਨ 'ਤੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ।ਇਸ ਮੌਕੇ ਡਾ. ਆਨੰਦ ਨੇ ਵਿਦਿਆਰਥਣਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਵਿੱਚ ਸ਼ਾਨਦਾਰ ਉਪਲੱਬਧੀਆਂ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ।ਉਨ੍ਹਾਂ ਕਿਹਾ ਕਿ ਆਨੰਦ ਕਾਲਜ, ਜਿੱਥੇ ਵਿਦਿਆਰਥਣਾਂ ਨੂੰ ਨਰਸਿੰਗ ਅਤੇ ਬੀ.ਐੱਡ. ਲਈ ਉਚੇਰੀ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ ਉਥੇ ਚੰਗੀ ਕਾਰਗੁਜ਼ਾਰੀ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਕਾਲਜ ਵੱਲੋਂ ਵੱਖ-ਵੱਖ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਡਾ. ਆਨੰਦ ਨੇ ਕਿਹਾ ਕਿ ਉਕਤ ਨਤੀਜੇ ਦਾ ਸਹਿਰਾ ਕਾਲਜ ਦੇ ਯੋਗ ਅਤੇ ਮਿਹਨਤੀ ਸਟਾਫ਼ ਨੂੰ ਜਾਂਦਾ ਹੈ, ਜਿਨ੍ਹਾਂ ਦੁਆਰਾ ਵਿਦਿਆਰਥਣਾਂ ਨੂੰ ਉੱਚੇਰੀ ਸਿੱਖਿਆ ਲਈ ਸਖਤ ਅਭਿਆਸ ਕਰਵਾਇਆ ਜਾਂਦਾ ਹੈ। ਇਸ ਮੌਕੇ ਪ੍ਰੋ. ਮਨਵਿੰਦਰ, ਸਾਕਸ਼ੀ ਸ਼ਰਮਾ, ਭਾਵਨਾ ਸ਼ਰਮਾ, ਪੂਨਮ, ਹਰਲੀਨ ਕੌਰ, ਮਨਦੀਪ ਕੌਰ, ਪ੍ਰਿਯੰਕਾ, ਕੋਮਲ ਢਿੱਲੋਂ, ਪੁਨਰ, ਰਮਨਦੀਪ ਕੌਰ, ਰਮਨ ਸੰਧੂ, ਹਰਮਨਜੋਤ ਕੌਰ, ਸਰਨਦੀਪ ਕੌਰ, ਸਿਮਰਨ ਢਿੱਲੋਂ, ਸੁਖਸਰਨ, ਨਿਧੀ, ਰਿੱਪਨਦੀਪ ਕੌਰ, ਸ਼ਵੇਤਾ, ਸੀਮਾ, ਅੰਜਲੀ, ਜਸਲੀਨ, ਭਵਿਆ ਸਮੇਤ ਹੋਰ ਸਟਾਫ਼ ਅਤੇ ਵਿਦਿਆਰਥਣਾਂ ਵੀ ਸ਼ਾਮਲ ਸਨ।

## ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਨੇ ਅੰਡਰ-19 ਲੜਕਿਆਂ ਦੇ ਟ੍ਰਾਇਲ ਕਰਵਾਏ

**ਪਠਾਨਕੋਟ (ਦਵਿੰਦਰ ਸਿੰਘ)**: ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਵੱਲੋਂ ਕੁਠੇੜ ਕ੍ਰਿਕਟ ਗ੍ਰਾਊਂਡ ਵਿੱਚ ਅੰਡਰ-19 ਲੜਕਿਆਂ ਦੀ ਸ਼੍ਰੇਣੀ ਲਈ ਸਫਲਤਾਪੂਰਵਕ ਟ੍ਰਾਇਲ ਕਰਵਾਏ ਗਏ।ਜ਼ਿਲ੍ਹਾ ਪਠਾਨਕੋਟ ਅਤੇ ਆਸ-ਪਾਸ ਦੇ ਇਲਾਕਿਆਂ ਤੋਂ 120 ਤੋਂ ਵੱਧ ਨੌਜਵਾਨ ਕ੍ਰਿਕਟ ਖਿਡਾਰੀਆਂ ਨੇ ਹਿੱਸਾ ਲਿਆ।ਚੋਣ ਪੈਨਲ ਵੱਲੋਂ ਖਿਡਾਰੀਆਂ ਦਾ ਮੁਲਾਂਕਣ ਬੱਲੇਬਾਜ਼ੀ, ਗੇਂਦਬਾਜ਼ੀ, ਫੀਲਡਿੰਗ ਹੁਨਰ, ਫਿਟਨੈੱਸ ਅਤੇ ਮੈਚ ਟੈਂਪਰਾਮੈਂਟ ਵਰਗੇ ਵੱਖ-ਵੱਖ ਪੱਖਾਂ ਦੇ



ਆਧਾਰ 'ਤੇ ਕੀਤਾ ਗਿਆ।ਅਮਨ ਭੱਲਾ ਗਰੁੱਪ ਆਫ ਇੰਸਟੀਚਿਊਟਸ ਦੇ ਪ੍ਰਧਾਨ ਰਮਨ ਭੱਲਾ ਇਸ ਮੌਕੇ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ। ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਦੇ ਸਕੱਤਰ ਸਨੀ ਮਹਾਜਨ ਨੇ ਕਿਹਾ ਕਿ ਐਸੋਸੀਏਸ਼ਨ ਜ਼ਿਲ੍ਹੇ ਦੇ ਨੌਜਵਾਨ ਕ੍ਰਿਕਟ ਪ੍ਰਤਿਭਾਵਾਂ ਨੂੰ ਮਜ਼ਬੂਤ ਮੰਚ ਪ੍ਰਦਾਨ ਕਰਨ ਲਈ ਵਚਨਬੱਧ ਹੈ।ਹੈੱਡ ਕੋਚ ਇੰਦਰਜੀਤ ਸਿੰਘ ਨੇ ਖਿਡਾਰੀਆਂ ਦੇ ਜੋਸ਼ ਅਤੇ ਭਾਗੀਦਾਰੀ ਦੀ ਸਰਾਹਨਾ ਕੀਤੀ।ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਰਮਨ ਭੱਲਾ ਨੇ ਕ੍ਰਿਕਟ ਐਸੋਸੀਏਸ਼ਨ ਪਠਾਨਕੋਟ ਨੂੰ ਅਜਿਹੇ ਆਯੋਜਨ ਕਰਨ ਲਈ ਵਧਾਈ ਦਿੱਤੀ ਜੋ ਖੇਡਾਂ ਅਤੇ ਨੌਜਵਾਨ ਵਿਕਾਸ ਨੂੰ ਪ੍ਰੋਤਸਾਹਿਤ ਕਰਦੇ ਹਨ।ਉਨ੍ਹਾਂ ਖਿਡਾਰੀਆਂ ਨੂੰ ਮੈਦਾਨ ਦੇ ਅੰਦਰ ਅਤੇ ਬਾਹਰ ਅਨੁਸ਼ਾਸਨ ਬਣਾਈ ਰੱਖਣ, ਸਖਤ ਮਿਹਨਤ ਕਰਨ ਅਤੇ ਆਪਣੇ ਟੀਚੇ 'ਤੇ ਕੇਂਦਰਿਤ ਰਹਿਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਸਮਰਪਣ ਅਤੇ ਲਗਾਤਾਰ ਕੋਸ਼ਿਸ਼ ਹੀ ਖੇਡਾਂ ਵਿੱਚ ਕਾਮਯਾਬੀ ਦੀ ਕੁੰਜੀ ਹੈ।

## 'ਮੁੱਖ ਮੰਤਰੀ ਮਾਵਾਂ ਦੀਆਂ ਸਤਿਕਾਰ ਯੋਜਨਾ' ਦੀ ਖੁਸ਼ੀ 'ਚ ਜਾਗੋ ਕੱਢੀ

**ਗੁਰਦਾਸਪੁਰ, (ਜਨਕ ਮਹਾਜਨ, ਦਿਨੇਸ਼ ਕੁਮਾਰ)**- ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ ਦੀ ਅਗਵਾਈ ਹੇਠ ਮੁੱਖ ਮੰਤਰੀ ਮਾਵਾਂ ਦੀਆਂ ਸਤਿਕਾਰ ਯੋਜਨਾ ਦੀ ਖੁਸ਼ੀ ਵਿੱਚ ਨਹਿਰੂ ਪਾਰਕ ਗੁਰਦਾਸਪੁਰ ਤੋਂ ਜਾਗੋ ਕੱਢੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਤਿਕਾਰਤ ਮਾਤਾਵਾਂ, ਭੈਣਾਂ ਅਤੇ ਹਲਕਾ ਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ




ਅਰਚਨਾ ਬਹਿਲ ਸਮੇਤ ਵੱਡੀ ਗਿਣਤੀ ਵਿੱਚ ਮਹਿਲਾਵਾਂ ਮੌਜੂਦ ਸਨ।ਇਸ ਮੌਕੇ ਗੱਲ ਕਰਦਿਆਂ ਹਲਕਾ ਇੰਚਾਰਜ ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦਾ ਇਹ ਉਪਰਾਲਾ ਸਾਡੀਆਂ ਮਾਵਾਂ ਦੇ ਸਤਿਕਾਰ ਨੂੰ ਸਮਰਪਿਤ ਹੈ, ਜਿਸ ਨਾਲ ਮਹਿਲਾਵਾਂ ਵਿੱਚ ਖੁਸ਼ੀ ਪਾਈ ਜਾ ਰਹੀ ਹੈ।ਇਸ ਮੌਕੇ ਮਹਿਲਾਵਾਂ ਨੇ ਕਿਹਾ ਕਿ ਜਿਵੇਂ ਬਿਮਾਰੀ ਦੇ ਸਮੇਂ ਸਰਕਾਰੀ ਇਲਾਜ ਸਹੂਲਤਾਂ ਲੋਕਾਂ ਲਈ ਵੱਡਾ ਸਹਾਰਾ ਬਣਦੀਆਂ ਹਨ, ਉਸੇ ਤਰ੍ਹਾਂ ਇਹ ਆਰਥਿਕ ਸਹਾਇਤਾ ਵੀ ਆਮ ਘਰਾਂ ਲਈ ਸਮੇਂ ਦੀ ਵੱਡੀ ਲੋੜ ਸੀ।ਉਨ੍ਹਾਂ ਕਿਹਾ ਕਿ ਜੋ ਲੋਕ 1000 ਰੁਪਏ ਨੂੰ ਘੱਟ ਸਮਝਦੇ ਹਨ, ਉਹ ਆਮ ਘਰਾਂ ਦੀਆਂ ਮਹਿਲਾਵਾਂ ਤੋਂ ਪੁੱਛ ਕੇ ਵੇਖਣ ਕਿ ਇਹ ਰਕਮ ਕਿੰਨੀ ਮਹੱਤਵਪੂਰਨ ਹੈ ਅਤੇ ਇਹ ਰੋਜ਼ਾਨਾ ਦੀਆਂ ਲੋੜਾਂ ਪੂਰੀ ਕਰਨ ਵਿੱਚ ਕਿੰਨਾ ਯੋਗਦਾਨ ਪਾਉਂਦੀ ਹੈ।

## ਲਾਅ ਦੀਆਂ ਵਿਦਿਆਰਥਣਾਂ ਵੱਲੋਂ ਕੁਇਜ਼ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ , ਕੰਵਲਜੀਤ ਸਿੰਘ)** ਖਾਲਸਾ ਕਾਲਜ ਆਫ਼ ਲਾਅ ਦੀਆਂ ਵਿਦਿਆਰਥਣਾਂ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਅੰਮ੍ਰਿਤਸਰ ਵੱਲੋਂ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਜ਼ੋਨ ਦੇ ਕਾਲਜਾਂ ਦਾ ਖਾਲਸਾ ਕਾਲਜ ਫ਼ਾਰ ਵੂਮੈਨ ਵਿਖੇ ਕਰਵਾਏ ਗਏ ਅੰਤਰ ਕਾਲਜ ਯੂਥ ਫੈਸਟੀਵਲ ਦੇ ਕੁਇਜ਼ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਸ ਦੌਰਾਨ ਡਾਇਰੈਕਟਰ-ਕਮ-ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਜਾਣਕਾਰੀ ਦਿੱਤੀ ਕਿ ਉਕਤ ਸਟੱਡੀ ਸਰਕਲ ਵੱਲੋਂ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਜ਼ੋਨ ਦੇ ਕਾਲਜਾਂ ਦਾ ਅੰਤਰ ਕਾਲਜ ਯੂਥ ਫੈਸਟੀਵਲ ਕਰਵਾਇਆ ਗਿਆ, ਜਿਸ 'ਚ ਕਾਲਜ ਦੀਆਂ ਵਿਦਿਆਰਥਣਾਂ ਤਪਿੰਦਰ ਕੌਰ ਅਤੇ ਪ੍ਰਭਲੀਨ ਕੌਰ ਨੇ ਕੁਇੱਜ਼ ਮੁਕਾਬਲੇ 'ਚ ਭਾਗ ਲੈਂਦਿਆਂ ਪਹਿਲਾ ਸਥਾਨ ਹਾਸਲ ਕੀਤਾ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦਸਤਾਰ ਮੁਕਾਬਲੇ 'ਚ ਲਵਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਮਨਜੀਤ ਕੌਰ ਨੇ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਭਵਿੱਖ 'ਚ ਹੋਰ ਪ੍ਰਤੀਯੋਗਤਾਵਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਉਜਵਲ ਭਵਿੱਖ ਲਈ ਹੋਰ ਵੀ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਦੇ ਨਾਲ ਨਾਲ ਹੋਰ ਗਤੀਵਿਧੀਆਂ 'ਚ ਵੀ ਭਾਗ ਲੈ ਕੇ ਆਪਣਾ ਅਤੇ ਆਪਣੇ ਕਾਲਜ ਦਾ ਨਾਂ ਰੌਸ਼ਨ ਕਰਨ ਲਈ ਉਤਸ਼ਾਹਿਤ ਕੀਤਾ।ਉਨ੍ਹਾਂ ਕਿਹਾ ਕਿ ਯੂਥ ਫੈਸਟੀਵਲ ਦੇ ਇੰਚਾਰਜ ਡਾ. ਸੁਖਮਨਪ੍ਰੀਤ ਕੌਰ ਅਤੇ ਡਾ. ਗੁਰਸ਼ਿੰਦਰ ਕੌਰ ਨੇ ਵਿਦਿਆਰਥੀਆਂ ਦੀ ਤਿਆਰੀ 'ਚ ਸ਼ਲਾਘਾਯੋਗ ਯੋਗਦਾਨ ਪਾਇਆ।

## 1000 ਰੁਪਏ ਦਾ ਵਾਅਦਾ ਪੂਰਾ ਕੇ ਮਾਨ ਸਰਕਾਰ ਨੇ ਮਾਵਾਂ-ਭੈਣਾਂ ਦਾ ਮਾਣ ਵਧਾਇਆ : ਸਿਆਲਕਾ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਆਮ ਆਦਮੀ ਪਾਰਟੀ ਦੇ ਸੀਨੀਅਰ ਵਾਈਸ ਚੇਅਰਮੈਨ ਐੱਸਸੀ ਕਮਿਸ਼ਨ ਪੰਜਾਬ ਸਰਦਾਰ ਤਰਸੇਮ ਸਿੰਘ ਸਿਆਲਕਾ ਨੇ ਕਿਹਾ ਕਿ ਬੀਤੇ ਦਿਨੀਂ ਪੰਜਾਬ ਦੀ ਆਪ ਸਰਕਾਰ ਨੇ ਜੋ ਵਿੱਤੀ ਸਾਲ 2026-27 ਦਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਦਾ ਫਾਇਦਾ ਹਰੇਕ ਵਰਗ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬਾ ਵਾਸੀਆਂ ਨਾਲ ਜੋ ਚੋਣਾਂ ਮੌਕੇ ਵਾਅਦੇ ਕੀਤੇ ਗਏ ਸਨ, ਉਨ੍ਹਾਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ



ਜਾ ਰਿਹਾ ਹੈ, ਜਿਸ ਨਾਲ ਪੰਜਾਬ ਵਾਸੀਆਂ ਤੇ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸੂਬਾ ਸਰਕਾਰ ਨੇ ਪਹਿਲਾਂ ਲੋਕਾਂ ਨੂੰ 600 ਯੂਨਿਟ ਬਿਜਲੀ ਦੇ ਬਿੱਲ ਮੁਆਫ ਕਰਨ ਤੋਂ ਇਲਾਵਾ ਸਿਹਤ ਖੇਤਰ ਵਿਚ ਵੀ ਸੁਧਾਰ ਕਰਦੇ ਹੋਏ ਪੇਂਡੂ ਖੇਤਰਾਂ ਵਿਚ ਆਮ ਆਦਮੀ ਕਲੀਨਿਕ ਖੋਲ੍ਹੇ ਹਨ। ਇਸੇ ਤਰ੍ਹਾਂ ਸਿੱਖਿਆ ਦੇ ਖੇਤਰ ਵਿਚ ਵੀ ਆਪ ਸਰਕਾਰ ਨੇ ਵੱਡੇ ਪੱਧਰ ਤੇ ਸੁਧਾਰ ਕਰਦੇ ਹੋਏ ਬਹੁਤ ਸਾਰੇ ਸਰਕਾਰੀ ਸਕੂਲਾਂ ਨੂੰ ਐਮੀਨੈਂਸ ਸਕੂਲਾਂ ਦਾ ਦਰਜਾ ਦਿੱਤਾ ਹੈ। ਹੁਣ ਬਜਟ ਸੈਸ਼ਨ ਦੌਰਾਨ ਜੋ ਆਪ ਸਰਕਾਰ ਨੇ ਸੂਬੇ ਦੀਆਂ ਔਰਤਾਂ ਨੂੰ ਮਾਣ ਬਖਸ਼ਦੇ ਹੋਏ ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਦੀ ਸ਼ੁਰੂਆਤ ਕੀਤੀ ਹੈ, ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਖਾਸ ਮੌਕੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਵਿੱਚ ਬਹੁਤ ਵੱਡੇ ਐਲਾਨ ਕੀਤੇ ਗਏ ਹਨ ਜਿਸ ਵਿਚ ਵਿਸ਼ੇਸ਼ ਤੌਰ ਤੇ ਪੰਜਾਬ ਦੀਆਂ ਮਹਿਲਾਵਾਂ ਲਈ 1000 ਰੁਪਏ ਦੇ ਵਾਅਦੇ ਨੂੰ ਪੂਰਾ ਕੀਤਾ ਗਿਆ ਜਿਸ ਤਹਿਤ ਐੱਸੀ ਵਰਗ ਦੀਆਂ ਮਹਿਲਾਵਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਦੇਣ ਦਾ ਐਲਾਨ ਕੀਤਾ। ਸਿਆਲਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦਾ ਪੰਜਾਬੀਆਂ ਪ੍ਰਤੀ ਮੋਹ ਸਤਿਕਾਰਯੋਗ ਹੈ, ਉਹ ਹਮੇਸ਼ਾ ਪੰਜਾਬ ਬਾਰੇ ਹੀ ਸੋਚਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਪੂਰੀ ਉਮੀਦ ਹੈ ਕਿ ਪੰਜਾਬ ਦੇ ਲੋਕ 2027 ਵਿੱਚ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਪੰਜਾਬ ਦੀ ਅਵਾਮ ਸਰਦਾਰ ਭਗਵੰਤ ਸਿੰਘ ਮਾਨ ਨੂੰ ਮੁੱਖ ਮੰਤਰੀ ਬਣਾਉਣਗੇ।

## ਆਰਤੀ ਸ਼ਿਵ ਦੁਰਗਾ ਮੰਦਰ 'ਚ 23ਵਾਂ ਖ਼ੂਨਦਾਨ ਕੈਂਪ 22 ਨੂੰ

**ਅੰਮ੍ਰਿਤਸਰ (ਅਰੋੜਾ)**- ਪਰਮ ਸੰਤ ਅਦਵੈਤ ਸਵਰੂਪ ਸ਼੍ਰੀ ਮਾਤਾ ਆਰਤੀ ਦੇਵਾ ਮਹਾਰਾਜ ਦੇ ਆਸ਼ੀਰਵਾਦ ਨਾਲ 23ਵਾਂ ਖ਼ੂਨਦਾਨ ਕੈਂਪ ਐਤਵਾਰ 22 ਮਾਰਚ ਨੂੰ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 12 ਵਜੇ ਤੱਕ ਮੰਦਰ ਵਿਖੇ ਸਥਿਤ ਮਾਤਾ ਕੌਸ਼ੱਲਿਆ ਦੇਵੀ ਬੀ. ਜੀ. ਚੈਰੀਟੇਬਲ ਡਾਇਗਨੌਸਟਿਕ ਸੈਂਟਰ ਵਿਖੇ ਸੰਪੰਨ ਹੋਵੇਗਾ।ਇਸ ਖ਼ੂਨਦਾਨ ਕੈਂਪ ਵਿੱਚ ਗੁਰੂ ਨਾਨਕ ਦੇਵ ਹਸਪਤਾਲ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਇੰਚਾਰਜ ਆਪਣੀ ਦੇਖ-ਰੇਖ 'ਚ ਖ਼ੂਨਦਾਨ ਕਰਨ ਲਈ ਜ਼ਰੂਰੀ ਕੰਡੀਸ਼ਨਾਂ ਸੰਪੰਨ ਕਰਵਾਉਣਗੇ।ਆਰਤੀ ਸ਼ਿਵ ਦੁਰਗਾ ਮੰਦਰ ਟਰੱਸਟ ਦੇ ਮੁੱਖ ਸੇਵਕ ਸੁਮਿਤ ਸ਼ਾਸਤਰੀ ਪ੍ਰਧਾਨ ਬਾਬੂ ਬਾਲ ਕਿਸ਼ਨ, ਸੇਵਕ ਸੋਹਣ ਲਾਲ, ਮੋਹਨ ਲਾਲ ਅਤੇ ਹੋਰ ਅਹੁਦੇਦਾਰਾਂ ਨੇ ਸਮੂਹ ਇਛੁੱਕ ਨਾਗਰਿਕਾਂ ਨੂੰ ਕਿਹਾ ਕਿ ਖ਼ੂਨਦਾਨ ਤੋਂ ਵਧ ਕੇ ਕੋਈ ਦਾਨ ਨਹੀਂ ਹੈ।ਜ਼ਿਆਦਾ ਤੋਂ ਜ਼ਿਆਦਾ ਦਾਨੀ ਪੁਰਸ਼ ਅਤੇ ਔਰਤਾਂ ਖ਼ੂਨਦਾਨ ਦੇ ਕੇ ਜ਼ਰੂਰਤਮੰਦ ਰੋਗੀਆਂ ਦੀ ਕੀਮਤੀ ਜਾਨ ਬਚਾਉਣ ਵਿੱਚ ਆਪਣਾ ਯੋਗਦਾਨ ਦੇਣ। ਇਸ ਮੌਕੇ ਸਮਾਜ ਸੇਵਕ ਸਤੀਸ਼ ਬੱਲੂ, ਸਾਬਕਾ ਕੌਂਸਲਰ ਅਰਵਿੰਦ ਸ਼ਰਮਾ, ਮਨਜੀਤ ਮਿੰਟਾ, ਅਵਿਨਾਸ਼ ਕੁਮਾਰ ਸ਼ੈਲਾ, ਜਗਦੀਸ਼ ਯੋਗੀ, ਅਸ਼ੋਕ ਬਿਜਲੀ ਵਾਲੇ, ਬਿੱਲੂ ਭਗਤ ਸਹਿਤ ਭਾਰੀ ਗਿਣਤੀ ਵਿੱਚ ਪੰਤਵੰਤੇ ਅਤੇ ਵਿਅਕਤੀ ਮੌਜੂਦ ਸਨ।

## ਰਮਨਜੀਤ ਸਿੰਘ ਸਿੱਕੀ ਨੂੰ ਡੀ ਐੱਸ ਪੀ (ਰਿਟਾ.) ਰਤਨ ਸਿੰਘ ਪੱਖੋਕੇ ਦੇ ਘਰ ਕੀਤਾ ਸਨਮਾਨਿਤ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦਾ ਰਿਟਾਇਰਡ ਡੀਐੱਸਪੀ ਰਤਨ ਸਿੰਘ ਪੱਖੋਕੇ ਦੇ ਗ੍ਰਹਿ



ਪਿੰਡ ਪੱਖੋਕੇ ਪੁੱਜਣ 'ਤੇ ਰਤਨ ਸਿੰਘ ਪੱਖੋਕੇ ਅਤੇ ਕਾਂਗਰਸ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਵੱਲੋਂ ਭਰਵਾਂ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਉਨ੍ਹਾਂ 2027 ਚੋਣਾਂ ਦੇ ਸਬੰਧ ਵਿੱਚ ਮੀਟਿੰਗ ਕੀਤੀ। ਰਤਨ ਸਿੰਘ ਪੱਖੋਕੇ ਅਤੇ ਕਾਂਗਰਸ ਪਾਰਟੀ ਸੂਬਾ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਸਿੱਕੀ ਬਹੁਤ ਵਧੀਆ ਇਨਸਾਨ ਹਨ।ਹਲਕੇ ਵਿੱਚ ਬਹੁਤ ਜ਼ਿਆਦਾ ਵਿਚਰਦੇ ਹੋਏ ਹਰ ਇੱਕ ਦੇ ਦੁੱਖ ਸੁੱਖ ਵਿੱਚ ਭਾਈਵਾਲ ਬਣਦੇ ਹਨ।ਇਸ ਮੌਕੇ ਡੀਐੱਸਪੀ ਰਤਨ ਸਿੰਘ ਪੱਖੋਕੇ, ਰਾਜਬੀਰ ਸਿੰਘ ਪੱਖੋਕੇ ਨੇ ਰਮਨਜੀਤ ਸਿੰਘ ਸਿੱਕੀ ਨੂੰ ਭਰੋਸਾ ਦਿਵਾਇਆ ਕਿ ਹਲਕੇ ਦੇ ਲੋਕ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹਨ ਅਤੇ ਉਨ੍ਹਾਂ ਦੀ (ਕਾਂਗਰਸ ਪਾਰਟੀ) ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ।ਦੋਵਾਂ ਆਗੂਆਂ ਨੇ ਕਿਹਾ ਕਿ ਉਨ੍ਹਾਂ ਸਰਕਾਰ ਵਿੱਚ ਹੁੰਦਿਆਂ ਹੋਇਆਂ ਇਲਾਕੇ ਦਾ ਬਹੁਤ ਵਿਕਾਸ ਕੀਤਾ ਹੈ ਅਤੇ ਹੁਣ ਦੁਬਾਰਾ ਉਨ੍ਹਾਂ ਦੀ ਸਰਕਾਰ ਬਣਨ 'ਤੇ ਉਹ ਇਲਾਕੇ ਵਿੱਚ ਜੰਗੀ ਪੱਧਰ ਤੇ ਵਿਕਾਸ ਦੀਆਂ ਹਨੇਰੀਆਂ ਲਿਆਉਣਗੇ।ਉਨ੍ਹਾਂ ਕਿਹਾ ਕਿ ਉਹ ਸਿੱਕੀ ਨੂੰ ਜਿਤਾਉਣ ਲਈ ਦਿਨ-ਰਾਤ ਮਿਹਨਤ ਕਰਨਗੇ।

## ਫੂਡ ਸੇਫਟੀ ਵਿੰਗ ਦੀ ਸਾਂਝੀ ਟੀਮ ਵੱਲੋਂ ਸਟ੍ਰੀਟ ਫੂਡ ਵਿਕਰੇਤਾਵਾਂ ਦੀ ਚੈਕਿੰਗ

**ਪੱਟੀ, (ਬਲਦੇਵ ਸਿੰਘ ਸੰਧੂ)**- ਡਿਪਟੀ ਕਮਿਸ਼ਨਰ ਰਾਹੁਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫੂਡ ਸੇਫਟੀ ਵਿੰਗ ਤਰਨਤਾਰਨ ਨੇ ਡੀ. ਸੀ. ਤਰਨ ਤਾਰਨ ਦੁਆਰਾ ਗਠਿਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਵਾਲੀ ਸਾਂਝੀ ਟੀਮ ਨਾਲ ਸਟ੍ਰੀਟ ਫੂਡ ਵਿਕਰੇਤਾਵਾਂ, ਖਾਸ ਕਰਕੇ ਗਾਹਕਾਂ ਨੂੰ ਤਿਆਰ ਕੀਤੇ ਫਾਸਟ ਫੂਡ ਸਮਾਨ ਵੇਚਣ ਵਿਚ ਲੱਗੇ ਲੋਕਾਂ ਦਾ ਨਿਰੀਖਣ ਕੀਤਾ।ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ ਅਤੇ ਫੂਡ ਸੇਫਟੀ ਅਫਸਰ ਸਾਕਸ਼ੀ ਖੋਸਲਾ ਦੀ ਅਗਵਾਈ ਹੇਠ ਇਹ ਵਿਸ਼ੇਸ਼ ਜਾਂਚ ਮੁਹਿੰਮ ਜਸਵਿੰਦਰ ਸਿੰਘ (ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ), ਅਜੈ ਪਾਲ ਸਿੰਘ ਸੈਨੇਟਰੀ ਇੰਸਪੈਕਟਰ, ਸੰਕਲਪ ਸੈਨੇਟਰੀ ਇੰਸਪੈਕਟਰ ਦੇ ਨਾਲ ਚਲਾਈ ਗਈ।ਟੀਮ ਨੇ ਨੂਰਦੀ ਚੌਕ, ਜੰਡਿਆਲਾ ਰੋਡ, ਗੋਇੰਦਵਾਲ ਸਾਹਿਬ ਰੋਡ ਸਮੇਤ ਸ਼ਹਿਰ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕੀਤਾ ਅਤੇ ਐੱਫਬੀਓਐੱਸ ਨੂੰ ਐੱਫਐੱਸਐੱਸਏਆਈ ਦੁਆਰਾ ਐੱਫਬੀਓ ਲਈ ਪ੍ਰਦਾਨ ਕੀਤੀ ਗਈ ਸਹੀ ਚੈੱਕ ਸੂਚੀ ਅਨੁਸਾਰ ਸਫ਼ਾਈ ਬਾਰੇ ਹਦਾਇਤਾਂ ਦਿੱਤੀਆਂ।ਸਾਰੇ ਫੂਡ ਕਾਰੋਬਾਰ ਸੰਚਾਲਕਾਂ, ਖਾਸ ਕਰਕੇ ਸਟ੍ਰੀਟ ਫੂਡ



ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ। ਤਿਆਰ ਭੋਜਨ ਪਦਾਰਥ ਵੇਚਣ ਵਾਲੇ ਵਿਕਰੇਤਾ ਕਾਰਟ/ਸਟਾਲ ਨੂੰ ਸਾਫ਼ ਰੱਖਣ, ਗੁਣਵੱਤਾ ਵਾਲੇ ਕੱਚੇ ਮਾਲ ਦੀ ਵਰਤੋਂ ਕਰਨ, ਮਨਜ਼ੂਰਸ਼ੁਦਾ ਭੋਜਨ ਰੰਗਾਂ ਦੀ ਵਰਤੋਂ ਕਰਨ, ਤਿਆਰ ਭੋਜਨ ਨੂੰ ਧੂੜ ਅਤੇ ਮੱਖੀਆਂ ਦੇ ਸੰਪਰਕ ਤੋਂ ਬਿਨਾਂ ਢੱਕ ਕੇ ਰੱਖਣ ਅਤੇ ਢੱਕੇ ਹੋਏ ਡੱਬਿਆਂ ਦੀ ਵਰਤੋਂ ਕਰਨ ਵਧਦੇ ਤਾਪਮਾਨ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਲ੍ਹਾ ਸਿਹਤ ਅਧਿਕਾਰੀ ਨੇ ਸਾਰਿਆਂ ਨੂੰ ਹਦਾਇਤ ਕੀਤੀ ਕਿ ਉਹ ਭੋਜਨ ਪਦਾਰਥਾਂ ਨੂੰ ਉਸ ਮਾਤਰਾ ਵਿਚ ਤਿਆਰ ਕਰਨ ਜੋ ਤਾਜ਼ੀ ਪਰੋਸੀ/ਵੇਚਣ ਦੀ ਸੰਭਾਵਨਾ ਹੋਵੇ ਅਤੇ ਭੋਜਨ ਨੂੰ ਸੁੱਰਖਿਅਤ ਰੱਖਣ ਲਈ 5 ਡਿਗਰੀ ਤੋਂ ਘੱਟ ਜਾਂ 65 ਡਿਗਰੀ ਤੋਂ ਵੱਧ ਰੱਖਣ ਅਤੇ ਖਾਣਾ ਪਕਾਉਣ ਵਾਲੇ ਤੇਲ ਨੂੰ ਦੁਬਾਰਾ ਵਰਤਣ ਤੋਂ ਬਚਣ ਲਈ ਐੱਫਬੀਓਜ਼ ਨੂੰ ਐੱਫਐੱਸਐੱਸਏਆਈ ਰਜਿਸਟ੍ਰੇਸ਼ਨ/ਲਾਈਸੈਂਸ ਬਣਾਉਣ ਅਤੇ ਮਿਆਦ ਪੁੱਗਣ ਦੀ ਸੂਰਤ ਵਿੱਚ ਨਵੀਨੀਕਰਨ ਕਰਵਾਉਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਇਹ ਮੁਹਿੰਮ ਜਾਰੀ ਰਹੇਗੀ ਅਤੇ ਆਮ ਲੋਕਾਂ ਨੂੰ ਸੁਰੱਖਿਅਤ, ਗੁਣਵੱਤਾ ਅਤੇ ਸ਼ੁੱਧ ਭੋਜਨ ਪਦਾਰਥਾਂ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਵਿਚ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਭਵਿੱਖ ਵਿੱਚ ਅਚਨਚੇਤ ਜਾਂਚ ਕੀਤੀ ਜਾਵੇਗੀ।

## ਕੇਂਦਰ ਸਰਕਾਰ ਸੂਬੇ ਦੀਆਂ ਸਰਕਾਰਾਂ 'ਤੇ 40% ਦਾ ਬੋਝ ਪਾ ਕੇ ਨਰੇਗਾ ਸੰਬੰਧੀ ਕਾਨੂੰਨ ਨੂੰ ਖਤਮ ਕਰਨ ਰੌਅ 'ਚ : ਦੁਧਾਲਾ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਪਿੰਡ ਵਰਪਾਲ ਵਿਖੇ ਸੀਪੀਆਈ ਅਟਾਰੀ ਬਲਾਕ ਦੀ ਮੀਟਿੰਗ ਸੈਕਟਰੀ ਗੁਰਦੀਪ ਸਿੰਘ ਗੁਰੂਵਾਲੀ ਕਸ਼ਮੀਰ ਸਿੰਘ ਤੇ ਮੁਖਤਾਰ ਸਿੰਘ ਕੋਟ ਖਾਲਸਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ ਕਾਮਰੇਡ ਬਲਕਾਰ ਸਿੰਘ ਦੁਧਾਲਾ ਵੀ ਸ਼ਾਮਿਲ ਹੋਏ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਗੁਰਦੀਪ ਸਿੰਘ ਨੇ ਕਿਹਾ ਕਿ ਸੂਬੇ ਜਾਂ ਦੇਸ਼ ਦੀਆਂ ਸਰਕਾਰਾਂ ਜਦੋਂ ਚੋਣਾਂ ਨੇੜੇ ਆਉਂਦੀਆਂ ਹਨ,



ਤਾਂ ਵੱਖੋ-ਵੱਖ ਤਰੀਕਿਆਂ ਨਾਲ ਮਜ਼ਦੂਰਾਂ ਅਤੇ ਵੋਟਰਾਂ ਨੂੰ ਲਾਲਚ ਦਿੱਤੇ ਜਾਂਦੇ ਹਨ ਪਰ ਜਦੋਂ ਰਾਜ ਗੱਦੀਆਂ ਤੇ ਬੈਠ ਜਾਂਦੇ ਹਨ ਤੇ ਸਭ ਕੁਝ ਭੁੱਲ ਜਾਂਦੇ ਹਨ। ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੇ ਵੀ ਇਸੇ ਤਰ੍ਹਾਂ ਮਜ਼ਦੂਰ ਲੋਕਾਂ ਤੋਂ ਨਰੇਗਾ ਦਾ ਕੰਮ ਪਿਛਲੇ ਨੌਂ ਮਹੀਨਿਆਂ ਤੋਂ ਨਹੀਂ ਦਿੱਤਾ ਗਿਆ। ਹੁਣ ਕੇਂਦਰ ਸਰਕਾਰ ਸੂਬੇ ਦੀਆਂ ਸਰਕਾਰਾਂ ਤੇ 40% ਦਾ ਬੋਝ ਪਾ ਕੇ ਇਸ ਕਾਨੂੰਨ ਨੂੰ ਖਤਮ ਕਰਨ ਵੱਲ ਤੁਰੀ ਹੋਈ ਹੈ। ਇਸ ਮੌਕੇ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਦੇਸ਼ ਦਾ ਪ੍ਰਧਾਨ ਮੰਤਰੀ ਅਮਰੀਕਾ ਤੇ ਇਜ਼ਰਾਈਲ ਦਾ ਸਾਥ ਦੇ ਕੇ ਦੇਸ਼ ਦੇ ਲੋਕਾਂ ਨਾਲ ਧੋਖਾ ਕੀਤਾ ਹੈ ਕਿਉਂਕਿ ਅਮਰੀਕਾ ਦੀਆਂ ਵਧੀਕੀਆਂ ਕਈ ਦੇਸ਼ਾਂ ਜਿਵੇਂ ਫਲਸਤੀਨ ਨੂੰ ਤਬਾਹ ਕਰਕੇ ਵੈਨੇਜ਼ਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਧਕ ਬਣਾ ਕੇ ਉਥੋਂ ਦੇ ਆਰਥਿਕ ਸਾਧਨਾ ਤੇ ਕਬਜ਼ਾ ਕਰਨ ਤੋਂ ਬਾਅਦ ਈਰਾਨ ਨੂੰ ਜੰਗ ਵੱਲ ਧੱਕਣ ਤੋਂ ਬਾਅਦ ਬਾਕੀ ਦੇਸ਼ਾਂ ਦੇ ਮਜ਼ਦੂਰ ਲੋਕਾਂ ਨੂੰ ਅਤਿ ਦੀ ਮਹਿੰਗਾਈ ਵੱਲ ਧੱਕਣ ਦੀ ਕੋਝੀ ਕੋਸ਼ਿਸ਼ ਹੈ ਜਿਸਦਾ ਸਿੱਧਾ ਅਸਰ ਆਮ ਲੋਕਾਂ ਤੇ ਪੈਣਾ ਸ਼ੁਰੂ ਹੋ ਗਿਆ ਹੈ, ਜਿਸ ਕਾਰਨ ਅੱਜ ਦੇਸ਼ ਵਿੱਚ ਰਸੋਈ ਗੈਸ ਦਾ ਮਹਿੰਗੇ ਹੋਣਾ ਤੇ ਕਿੱਲਤ ਨਜ਼ਰ ਆਉਣ ਲੱਗੀ ਹੈ। ਇਸ ਮੀਟਿੰਗ ਨੂੰ ਅਵਤਾਰ ਸਿੰਘ ਗੁਰੂਵਾਲੀ, ਮਨਜੀਤ ਸਿੰਘ, ਬਲਵਿੰਦਰ ਸਿੰਘ, ਬੂਟਾ ਸਿੰਘ, ਵਰਪਾਲ ਅਤੇ ਗੁਰਵਿੰਦਰ ਸਿੰਘ, ਹਰਜਿੰਦਰ ਸਿੰਘ, ਖਾਲਸਾ ਨਗਰ ਨੇ ਵੀ ਸੰਬੋਧਨ ਕੀਤਾ। ਕਸ਼ਮੀਰ ਸਿੰਘ, ਗੁਰੂਵਾਲੀ ਤੇ ਮੁਖਤਾਰ ਸਿੰਘ ਖਾਲਸਾ ਨਗਰ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਕੁੱਕ ਬੀਬੀਆਂ ਨੇ ਮੁੱਖ ਮੰਤਰੀ ਦੇ ਨਾਂਅ ਯਾਦ ਦਿਵਾਊ ਮੰਗ ਪੱਤਰ ਭੇਜਿਆ

**ਬਟਾਲਾ (ਤਰਲੋਕ ਬੱਗਾ)**- ਮਿਡ ਡੇ ਮੀਲ ਤੇ ਸਫਾਈ ਵਰਕਰ ਯੂਨੀਅਨ ਆਜ਼ਾਦ ਵੱਲੋਂ ਪੰਜਾਬ ਦੀ ਆਪ ਸਰਕਾਰ ਵੱਲੋਂ ਆਪਣੇ ਆਖਰੀ ਬਜਟ ਵਿੱਚ ਸਕੂਲਾਂ ਵਿੱਚ ਕੰਮ ਕਰਦੀਆਂ ਕੁੱਕ ਬੀਬੀਆਂ ਦੀ ਤਨਖਾਹ ਵਧਾਉਣ ਦੇ ਕੀਤੇ



ਵਾਅਦੇ ਨੂੰ ਪੂਰਾ ਨਾ ਕਰਨ ਖਿਲਾਫ ਧਰਨਾ ਦਿੱਤਾ ਅਤੇ ਮੁੱਖ ਮੰਤਰੀ ਮਾਨ ਨੂੰ ਯਾਦ ਦਵਾਊ ਮੰਗ ਪੱਤਰ ਭੇਜਿਆ ਗਿਆ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦੇ ਮਿੱਡ ਡੇ ਮੀਲ ਤੇ ਸਫਾਈ ਵਰਕਰ ਯੂਨੀਅਨ ਆਜ਼ਾਦ ਦੇ ਸੂਬਾ ਜਨਰਲ ਸਕੱਤਰ ਮਨਜੀਤ ਰਾਜ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਹੁਣ ਮੁਲਾਜ਼ਮਾਂ ਤੇ ਸਕੀਮ ਵਰਕਰਾਂ ਨਾਲ ਕੀਤੇ ਵਾਅਦਿਆਂ ਤੋਂ ਵੀ ਭੱਜ ਚੁੱਕੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਵੱਲੋਂ ਤਨਖਾਹ ਵਧਾਉਣਾ ਤਾਂ ਦੂਰ ਉਲਟਾ ਕੁੱਕ ਬੀਬੀਆਂ ਨੂੰ ਸਕੂਲਾਂ ਚੋਂ ਹਟਾਉਣਾ ਸ਼ੁਰੂ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 1000 ਰੁਪਏ ਦੇਣ ਦਾ ਐਲਾਨ ਵੀ ਔਰਤਾਂ ਨਾਲ ਧੋਖਾ ਹੈ।ਬਿਜਲੀ ਬਿੱਲ ਮੁਆਫ਼ ਕਰਨ ਦਾ ਦਾਅਵਾ ਕਰਨ ਵਾਲੀ ਸਰਕਾਰ ਦੇ ਰਾਜ ਵਿੱਚ ਗਰੀਬ ਲੋਕ ਕਰਜੇ ਲੈ ਕੇ ਬਿੱਲ ਭਰਨ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਮਸ਼ਹੂਰੀਆਂ ਲਈ ਕਰੋੜਾਂ ਰੁਪਏ ਹਨ ਪਰ ਕੁੱਕ ਬੀਬੀਆਂ ਤੇ ਸਫਾਈ ਸੇਵਕਾਂ ਦੀ ਤਨਖਾਹ ਵਧਾਉਣ ਲਈ ਖਜ਼ਾਨਾ ਖਾਲੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਗਰੀਬ ਲੋਕ ਮਜਬੂਰੀ ਵੱਸ ਪ੍ਰਾਈਵੇਟ ਕਰਜ਼ਿਆਂ ਦੇ ਜਾਲ਼ ਵਿੱਚ ਫਸ ਰਹੇ ਹਨ ਪਰ ਸਰਕਾਰਾਂ ਗਰੀਬਾਂ ਦੀ ਥਾਂ ਅਮੀਰਾਂ ਦੇ ਕਰਜ਼ੇ ਮੁਆਫ਼ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਜਤਿੰਦਰ ਕੌਰ ਬਟਾਲਾ, ਪਰਮਜੀਤ ਕੌਰ ਫਤਿਹਗੜ੍ਹ ਚੂੜੀਆਂ, ਜਸਵੀਰ ਕੌਰ ਰਿਤੂ, ਸਰੂਪ ਸਿੰਘ, ਰਮੇਸ਼ ਕੁਮਾਰ ਮੇਸ਼ੀ, ਅਸ਼ਵਨੀ ਕੁਮਾਰ ਹੈਪੀ, ਹਰਜੀਤ ਸਿੰਘ ਹੀਰਾ, ਦਲਵੀਰ ਸਿੰਘ ਭੱਟੀ ਨੇ ਵੀ ਸੰਬੋਧਨ ਕੀਤਾ।

## ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ 'ਤੇ ਕਿਸਾਨਾਂ ਵੱਲੋਂ ਵਿਰੋਧ ਪ੍ਰਦਰਸ਼ਨ

**ਤਰਨਤਾਰਨ (ਪ੍ਰਿਤਪਾਲ ਸਿੰਘ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਅਤੇ ਜ਼ਿਲ੍ਹਾ ਜਰਨਲ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਦੀ ਅਗਵਾਈ ਹੇਠ



ਉਸਮਾ ਟੋਲ ਪਲਾਜ਼ੇ 'ਤੇ ਕਿਸਾਨਾਂ ਵੱਲੋਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕ ਕੇ ਵਿਰੋਧ ਪ੍ਰਦਰਸ਼ਨ ਕੀਤਾ।ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਰਨੈਲ ਸਿੰਘ ਨੂਰਦੀ, ਬੀਬੀ ਉਪਜੀਤ ਕੌਰ ਨੇ ਕਿਹਾ ਕਿ ਦਿੱਲੀ ਅੰਦੋਲਨ ਵੇਲੇ ਪੰਜਾਬ ਦੇ ਲਗਭਗ 700 ਦੇ ਤਕਰੀਬਨ ਕਿਸਾਨ ਸ਼ਹੀਦ ਹੋਏ ਸਨ ਅਤੇ ਮੰਨੀਆਂ ਹੋਈਆਂ ਮੰਗਾਂ ਤੋਂ ਭਾਰਤ ਸਰਕਾਰ ਭੱਜ ਗਈ ਜਿਸ ਦੇ ਵਿਰੋਧ ਵਿੱਚ ਕਿਸਾਨਾਂ ਨੇ ਦੁਬਾਰਾ ਦਿੱਲੀ ਅੰਦੋਲਨ ਦੋ ਸ਼ੁਰੂ ਕੀਤਾ ਸੀ ਜਿਸ ਨੂੰ ਦਬਾਉਣ ਲਈ ਸਰਕਾਰ ਨੇ ਕਿਸਾਨਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਅਤੇ ਖਨੌਰੀ ਬਾਰਡਰ 'ਤੇ ਸ਼ੁਭਕਰਨ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ।ਕਿਸਾਨ ਆਗੂ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਦੇ ਪੁੱਤਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਅਮਿਤ ਸ਼ਾਹ ਕਿਹੜੇ ਮੂੰਹ ਨਾਲ ਪੰਜਾਬ ਵਿੱਚ ਰੈਲੀਆਂ ਕਰਨ ਆ ਰਿਹਾ ਹੈ।ਰੋਹ 'ਚ ਆਏ ਕਿਸਾਨਾਂ ਨੇ ਅਮਿਤ ਸ਼ਾਹ ਦਾ ਪੁਤਲਾ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤਾ।ਇਸ ਮੌਕੇ ਪਰਮਜੀਤ ਸਿੰਘ ਛੀਨਾ, ਬਲਜੀਤ ਸਿੰਘ ਝਬਾਲ, ਇਕਬਾਲ ਸਿੰਘ ਵੜਿੰਗ, ਮੁਖਤਾਰ ਸਿੰਘ ਬਿਹਾਰੀਪੁਰ, ਮਨਜੀਤ ਸਿੰਘ ਕਰਮੂਵਾਲਾ, ਕਰਮਜੀਤ ਸਿੰਘ ਗੱਗੋਬੂਹਾ, ਬਲਜਿੰਦਰ ਸਿੰਘ ਸੇਰੋਂ, ਕੁਲਵੰਤ ਮੈਲ, ਕੁਲਵੰਤ ਢੋਟੀਆਂ, ਗੁਰਭੇਜ ਧਾਰੀਵਾਲ, ਆਤਮਾ ਸਿੰਘ ਘਰਿਆਲੀ, ਨਿਰੰਜਨ ਸਿੰਘ ਬਗਰਾੜੀ, ਲਖਵਿੰਦਰ ਸਿੰਘ ਪਲਾਸੌਰ, ਪਰਮਜੀਤ ਤਲਵੰਡੀ, ਗੁਲਜ਼ਾਰ ਸਿੰਘ ਮੀਆਂਵਿੰਡ, ਸੁੱਚਾ ਸਿੰਘ ਵੀਰਮ ਆਦਿ ਆਗੂ ਹਾਜ਼ਰ ਸਨ।

## ਕੌਮੀ ਲੋਕ ਅਦਾਲਤ 'ਚ 11048 ਕੇਸ ਪੇਸ਼, 9450 ਦਾ ਨਿਪਟਾਰਾ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਕਮ ਜ਼ਿਲਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਦੀ ਅਗਵਾਈ ਵਿੱਚ ਕੋਰਟ ਕੰਪਲੈਕਸ ਪਠਾਨਕੋਟ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ, ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਨੇ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ




ਵਿੱਚ 10 ਬੈਂਚ ਲਗਾਏ ਗਏ ਸਨ, ਜਿਨ੍ਹਾਂ ਵਿੱਚ ਏਕਤਾ ਉਪਲ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ, ਜਸਬੀਰ ਕੌਰ ਪ੍ਰਿੰਸੀਪਲ ਅਤੇ ਫੈਮਲੀ ਕੋਰਟ ਜੱਜ, ਗੁਰਸ਼ੇਰ ਸਿੰਘ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ, ਸੀਜੇਐੱਮ ਪ੍ਰਭਜੋਤ ਕੌਰ, ਬਬੀਤਾ ਜੱਜ ਜੂਨੀਅਰ ਡਵੀਜ਼ਨ, ਨਾਜ਼ਮੀਨ ਸਿੰਘ ਜੱਜ ਜੂਨੀਅਰ ਡਵੀਜ਼ਨ, ਰਵਨੀਤ ਕੌਰ ਬੇਦੀ ਜੱਜ ਜੂਨੀਅਰ ਡਵੀਜ਼ਨ, ਅਰਵਿੰਦ ਸਿੰਘ ਜੱਜ ਜੂਨੀਅਰ ਡਵੀਜ਼ਨ, ਚਰਨਜੀਤ ਸਿੰਘ ਪਰਮਾਨੈਂਟ ਲੋਕ ਅਦਾਲਤ ਦੇ ਬੈਂਚ ਲਗਾਏ ਗਏ। ਇਸ ਮੌਕੇ ਸਕੱਤਰ-ਕਮ-ਸੀ.ਜੇ.ਐੱਮ. ਰੁਪਿੰਦਰ ਸਿੰਘ ਵੀ ਸ਼ਾਮਿਲ ਸਨ। ਇਸ ਲੋਕ ਅਦਾਲਤ ਵਿੱਚ 11048 ਕੇਸ ਪੇਸ਼ ਕੀਤੇ ਗਏ, ਜਿਨਾਂ ਵਿੱਚੋਂ 9450 ਕੇਸਾਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕੀਤਾ ਗਿਆ।ਇਸ ਮੌਕੇ 80407441 ਰੁਪਏ ਦੇ ਐਵਾਰਡ ਪਾਸ ਕੀਤੇ ਗਏ। ਇਸ ਮੌਕੇ ਜਤਿੰਦਰ ਪਾਲ ਸਿੰਘ ਖੁਰਮੀ, ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ ਜੀਆਂ ਵੱਲੋਂ ਦੱਸਿਆ ਗਿਆ ਕਿ ਲੋਕ ਅਦਾਲਤ ਵਿੱਚ ਕਿਸੇ ਵੀ ਪਾਰਟੀ ਦੀ ਹਾਰ ਨਹੀਂ ਹੁੰਦੀ ਹੈ ਬਲਕਿ ਦੋਵੇਂ ਹੀ ਪਾਰਟੀਆਂ ਕੇਸ ਜਿੱਤ ਕੇ ਜਾਂਦੀਆਂ ਹਨ, ਅਤੇ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਜਿਹੜਾ ਫੈਸਲਾ ਹੁੰਦਾ ਹੈ ਉਹ ਆਖਰੀ ਫੈਸਲਾ ਹੁੰਦਾ ਹੈ, ਇਸ ਫੈਸਲੇ ਦੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਾਨੂੰ ਵੱਧ ਤੋਂ ਵੱਧ ਆਪਣੇ ਕੇਸ ਲੋਕ ਅਦਾਲਤ ਵਿੱਚ ਲਗਾ ਕੇ ਆਪਣੇ ਝਗੜੇ ਮੁਕਾਉਣੇ ਚਾਹੀਦੇ ਹਨ।

## ਤਾਰਾਗੜ੍ਹ 'ਚ 43 ਲੱਖ ਰੁਪਏ ਦੀ ਲਾਗਤ ਨਾਲ ਬਣੇਗਾ ਪਸ਼ੂਆਂ ਦਾ ਹਸਪਤਾਲ : ਕਟਾਰੂਚੱਕ

**ਪਠਾਨਕੋਟ (ਦਵਿੰਦਰ ਸਿੰਘ)**- ਸਰਕਾਰਾਂ ਆਉਂਦੀਆਂ ਰਹਿੰਦੀਆਂ ਹਨ ਅਤੇ ਚਲੀਆਂ ਜਾਂਦੀਆਂ ਹਨ ਪਰ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪਹਿਲਾਂ ਤੋਂ ਬਣਾਈਆਂ ਗਈਆਂ ਸਰਕਾਰੀ ਵਿਭਾਗਾਂ ਦੀਆਂ ਇਮਾਰਤਾਂ ਵੱਲ ਧਿਆਨ ਦੇਣ ਤਾਂ ਜੋ ਉਹ ਖੰਡਰ ਹੋਣ ਤੋਂ ਬਚ ਸਕਣ। ਖੁਸ਼ੀ ਦੀ ਗੱਲ



ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਕਸਬਾ ਤਾਰਾਗੜ੍ਹ ਵਿਖੇ ਪਸ਼ੂ ਹਸਪਤਾਲ ਦੇ ਨਵ-ਨਿਰਮਾਣ ਕਾਰਜ ਆਰੰਭ ਕਰਵਾਏ ਗਏ ਹਨ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਤਾਰਾਗੜ੍ਹ ਵਿਖੇ ਪਸ਼ੂ ਹਸਪਤਾਲ ਦੇ ਨਵ-ਨਿਰਮਾਣ ਕਾਰਜਾਂ ਨੂੰ ਸ਼ੁਰੂ ਕਰਵਾਉਣ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਨੀ ਸਕੱਤਰ ਮਾਝਾ ਜ਼ੋਨ ਪੰਜਾਬ, ਪਵਨ ਕੁਮਾਰ ਫੌਜੀ ਚੇਅਰਮੈਨ ਬਲਾਕ ਸੰਮਤੀ ਘਰੋਟਾ, ਗੁਰਪ੍ਰੀਤ ਕੌਰ ਮੈਂਬਰ ਜ਼ਿਲ੍ਹਾ ਪਰਿਸ਼ਦ, ਕਿਰਨ ਕੁਮਾਰੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸਤੀਸ਼ ਕੁਮਾਰ, ਰਜੇਸ਼ ਕੁਮਾਰ, ਬਲਵਾਨ ਸਿੰਘ, ਸੁਰਜੀਤ ਸਿੰਘ, ਸੁਨੀਲ ਕੁਮਾਰ, ਜੋਗਿੰਦਰ ਪਾਲ, ਸਰਬਜੀਤ ਸਿੰਘ, ਸੁਨੀਤਾ ਕੁਮਾਰੀ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਅਤੇ ਅਹੁਦੇਦਾਰ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਜਦੋਂ ਇਸ ਹਸਪਤਾਲ ਦੀ ਮੰਗ ਮੁੱਖ ਮੰਤਰੀ ਮਾਨ ਦੇ ਧਿਆਨ ਵਿੱਚ ਲਿਆਂਦੀ ਗਈ ਤਾਂ ਉਨ੍ਹਾਂ ਬਿਨਾਂ ਦੇਰੀ ਕੀਤੇ 43 ਲੱਖ ਰੁਪਏ ਪਸ਼ੂ ਹਸਪਤਾਲ ਦੇ ਨਵ-ਨਿਰਮਾਣ ਲਈ ਜਾਰੀ ਕਰ ਦਿੱਤੇ। ਜਲਦੀ ਹੀ ਇਸ ਹਸਪਤਾਲ ਦਾ ਨਵ-ਨਿਰਮਾਣ ਕਰਕੇ ਇਹ ਇਮਾਰਤ ਲੋਕਾਂ ਨੂੰ ਸਮਰਪਿਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਹਿੱਤ ਦੇ ਮੁੱਦੇ ਹੁੰਦੇ ਹਨ ਲੋਕ ਹਿੱਤ ਦੇ ਜਿਹੜੇ ਸਵਾਲ ਹੁੰਦੇ ਹਨ ਉਨ੍ਹਾਂ ਵੱਲ ਕਿਸੇ ਨੇ ਨਿਗਾਹ ਤੱਕ ਨਹੀਂ ਮਾਰੀ ਜਿਸ ਦੇ ਨਤੀਜੇ ਵਜੋਂ ਇਹ ਇਮਾਰਤ ਖੰਡਰ ਬਣ ਗਈ ਅਤੇ ਖੁਸ਼ੀ ਦੀ ਗੱਲ ਹੈ ਕਿ ਅੱਜ ਇਸ ਹਸਪਤਾਲ ਦੇ ਨਵ-ਨਿਰਮਾਣ ਕਾਰਜ ਆਰੰਭ ਕੀਤੇ ਗਏ ਹਨ। ਸੋ ਇਸ ਦੇ ਲਈ ਉਹ ਸਾਰੇ ਖੇਤਰ ਵਾਸੀਆਂ ਨੂੰ ਬਹੁਤ ਬਹੁਤ ਵਧਾਈ ਦਿੰਦੇ ਹਨ।

# ਵਿਰਾਸਤ ਤੇ ਪੰਜਾਬ ਸਖੀ ਸ਼ਕਤੀ ਮੇਲਾ 20 ਤੋਂ, ਪੋਸਟਰ ਰਿਲੀਜ਼



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਾਲਵਾ ਹੈਰੀਟੇਜ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਵਿਰਾਸਤ ਮੇਲਾ 2026 ਤੇ ਪੰਜਾਬ ਸਖੀ ਸ਼ਕਤੀ ਮੇਲੇ ਦਾ ਪੋਸਟਰ ਜਾਰੀ ਕੀਤਾ ਗਿਆ।ਇਸ ਮੌਕੇ ਬੋਲਦਿਆਂ ਸ੍ਰੀ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਬਠਿੰਡਾ ਨੇ ਦੱਸਿਆ ਕਿ ਵਿਰਾਸਤ ਮੇਲਾ 2026 ਦੌਰਾਨ ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ ਪਿੰਡ ਜੈਪਾਲਗੜ੍ਹ ਵਿਖੇ ਪੰਜਾਬ ਦੀ ਅਮੀਰ ਵਿਰਾਸਤ ਤੇ ਸੱਭਿਆਚਾਰ ਦਾ ਪ੍ਰਦਰਸ਼ਨ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਰੰਗਲੇ ਪੰਜਾਬ ਦੀਆਂ ਝਲਕੀਆਂ, ਰਿਵਾਇਤੀ ਖਾਣਾ, ਖੇਡਾਂ, ਪਹਿਰਾਵੇ, ਝੂਲੇ, ਗੀਤ ਤੇ ਸੰਗੀਤ ਨਾਲ ਤਿੰਨੋਂ ਦਿਨ ਲੋਕਾਂ ਦਾ ਮਨੋਰੰਜਨ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਮੌਕੇ ਕਲਾਕਾਰ ਬੀਨੂ ਢਿੱਲੋਂ, ਕੰਵਰ ਗਰੇਵਾਲ, ਰਣਜੀਤ ਬਾਵਾ, ਦੇਵ ਖਰੌੜ, ਗੁਰਜੀਤ ਜੀਤੀ ਤੇ ਗੁਰ ਸਿੱਧੂ ਮੇਲੇ 'ਚ ਸ਼ਿਰਕਤ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਉਦਯੋਗ ਤੇ ਵਣਜ ਵਿਭਾਗ ਪੰਜਾਬ (ਆਰ ਏ ਐਮ ਪੀ) ਤੇ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਬਠਿੰਡਾ ਵੱਲੋਂ ਪੰਜਾਬ ਸਖੀ ਸ਼ਕਤੀ ਮੇਲਾ-2026 ਕਰਵਾਇਆ ਜਾਵੇਗਾ।ਇਸ ਮੇਲੇ ਵਿੱਚ ਜ਼ਿਲ੍ਹਾ ਬਠਿੰਡਾ ਦੀਆਂ ਸਵੈ-ਸੇਵੀ ਸੰਸਥਾਵਾਂ ਵੱਲੋਂ ਬਣਾਏ ਜਾਂਦੇ ਉਤਪਾਦ ਵੇਚੇ ਜਾਣਗੇ।ਡਿਪਟੀ ਕਮਿਸ਼ਨਰ ਨੇ ਬਠਿੰਡਾ ਵਾਸੀਆਂ ਨੂੰ ਮੇਲੇ 'ਚ ਆਉਣ ਦਾ ਨਿੱਘਾ ਸੱਦਾ ਦਿੰਦਿਆਂ ਕਿਹਾ ਕਿ ਮੇਲੇ 'ਚ ਐਂਟਰੀ ਮੁਫ਼ਤ ਹੈ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਮੈਡਮ ਕੰਚਨ, ਉੱਪ ਮੰਡਲਮੈਜਿਸਟ੍ਰੇਟ ਬਠਿੰਡਾ ਸ਼੍ਰੀ ਬਲਕਰਨ ਸਿੰਘ, ਮੁੱਖ ਮੰਤਰੀ ਫ਼ੀਲਡ ਅਫਸਰ ਸ਼੍ਰੀ ਰਮਨਜੀਤ, ਹਰਵਿੰਦਰ ਸਿੰਘ ਖਾਲਸਾ ਪ੍ਰਧਾਨ ਮਾਲਵਾ ਹੈਰੀਟੇਜ ਤੇ ਸੱਭਿਆਚਾਰਕ ਫਾਊਂਡੇਸ਼ਨ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਤੋਂ ਇਲਾਵਾ ਡੀ.ਐੱਸ.ਪੀ. ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਪਦਮਸ੍ਰੀ ਜਤਿੰਦਰ ਸਿੰਘ ਸ਼ੰਟੀ ਅੱਜ ਫ਼ਰੀਦਕੋਟ 'ਚ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪੰਜਾਬ ਸਟੇਟ ਤੇ ਚੰਡੀਗੜ੍ਹ (ਯੂ.ਟੀ.) ਹਿਊਮਨ ਰਾਇਟਸ ਕਮਿਸ਼ਨ ਦੇ ਮਾਨਯੋਗ ਮੈਂਬਰ ਤੇ ਪਦਮਸ੍ਰੀ



ਅਵਾਰਡੀ ਸ੍ਰੀ ਜਤਿੰਦਰ ਸਿੰਘ ਸ਼ੰਟੀ 15 ਮਾਰਚ ਨੂੰ ਸ਼ਾਮ 04:00 ਵਜੇ ਤੋਂ 06:30 ਵਜੇ ਤੱਕ ਅਸ਼ੋਕਾ ਚੱਕਰਾ ਹਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਰੀਦਕੋਟ ਵਿਖੇ ਪਹੁੰਚ ਰਹੇ ਹਨ।ਉਨ੍ਹਾਂ ਦੇ ਦੌਰੇ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸਹਾਇਕ ਕਮਿਸ਼ਨਰ (ਜ) ਸ਼੍ਰੀ ਵਿਕਰਮਜੀਤ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ ਗਈ ਤੇ ਇਸ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਆਕਸਫੋਰਡ ਸੰਸਥਾ ਵਿਖੇ ਮਾਪਿਆਂ ਲਈ ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ



**ਬਠਿੰਡਾ (ਰਾਜੀਵ ਗੋਇਲ)** ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਵਿਖੇ ਪ੍ਰੀ-ਨਰਸਰੀ ਤੇ ਨਰਸਰੀ ਦੇ ਵਿਦਿਆਰਥੀਆਂ ਦੇ ਮਾਪਿਆਂ ਲਈ ਇੱਕ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਤਾਂ ਕਿ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਸਕੂਲ ਵਿੱਚ ਵਿਚਰਨ ਸਮੇਂ ਆਉਣ ਵਾਲੀਆਂ ਦਿੱਕਤਾਂ ਬਾਰੇ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ ਜਾ ਸਕੇ।ਇਸ ਪ੍ਰੋਗਰਾਮ ਦੇ ਮੁੱਖ ਸਰੋਤ ਸ੍ਰੀਮਤੀ ਜੁਆਨਾ ਫਰਨਾਂਡੇਜ਼ (ਸਿੱਖਿਅਕ ਤੇ ਟੀਚਰ ਟ੍ਰੇਨਿੰਗ ਐਕਸਪਰਟ, ਚੰਡੀਗੜ੍ਹ) ਨੇ ਪ੍ਰੋਗਰਾਮ ਦੌਰਾਨ ਦੱਸਿਆ ਕਿ ਅੱਜ ਦੇ ਮਾਪਿਆਂ ਉੱਤੇ ਹਰ ਚੀਜ਼ ਨੂੰ ਸਹੀ ਢੰਗ ਨਾਲ ਕਰਨ ਤੇ ਕਰਵਾਉਣ ਦਾ ਦਬਾਅ ਬਣਿਆ ਰਹਿੰਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ ਔਖਾ ਲੱਗਦਾ ਹੈ। ਆਪਣੇ 17 ਸਾਲਾਂ ਦੇ ਤਜਰਬੇ ਨੂੰ ਮਾਪਿਆਂ ਨਾਲ ਸਾਂਝੇ ਕਰਦੇ ਹੋਏ ਸ੍ਰੀਮਤੀ ਫਰਨਾਂਡੇਜ਼ ਨੇ ਕਿਹਾ ਕਿ ਛੋਟੇ ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਮਾਹੌਲ ਨੂੰ ਸੁਖਾਵਾਂ ਬਣਾਉਣਾ ਜ਼ਰੂਰੀ ਹੈ।ਉਨ੍ਹਾਂ ਇਸ ਨਾਲ ਸੰਬਧਤ ਨੁਕਤੇ ਵੀ ਮਾਪਿਆਂ ਨਾਲ ਸਾਂਝੇ ਕੀਤੇ।ਇਸ ਤੋਂ ਇਲਾਵਾ ਉਨ੍ਹਾਂ ਬੱਚੇ ਦੇ ਬਚਪਨ ਤੇ ਸਿੱਖਿਅਕ ਪਹਿਲੂ, ਸ਼ਿਸ਼ਟਾਚਾਰ ਤੇ ਕਦਰਾਂ-ਕੀਮਤਾਂ ਦੀ ਸਿੱਖਣਾ, ਬੱਚੇ ਦੀ ਜ਼ਿੰਦਗੀ ਵਿੱਚ ਸਕੂਲ ਤੇ ਅਧਿਆਪਕਾਂ ਦੇ ਰੋਲ ਬਾਰੇ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਮਾਪਿਆਂ ਨੂੰ ਕੁਝ ਜ਼ਰੂਰੀ ਟਿਪਸ ਰਾਹੀਂ ਬੱਚਿਆਂ ਨੂੰ ਮੋਬਾਇਲ ਤੋਂ ਦੂਰ ਰੱਖਣ ਬਾਰੇ ਜਾਣੂ ਕਰਵਾਇਆ।ਇਸ ਸਮੇਂ ਪੌਸ਼ਟਿਕ ਭੋਜਨ ਟਿਫਨ, ਸਾਫ਼-ਸੁਥਰੀ ਡਾਇਰੀ ਤੇ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਮਾਪਿਆਂ ਨੂੰ ਕਿਹਾ ਕਿ ਛੋਟੇ ਵਿਦਿਆਰਥੀਆਂ ਦੇ ਪਾਲਣ-ਪੋਸ਼ਣ ਨੂੰ ਅਸਾਨ ਤੇ ਢਾਂਚਾਗਤ ਬਣਾਉਣ ਲਈ, ਬੱਚੇ ਦੇ ਸੰਪੂਰਨ ਵਿਕਾਸ ਲਈ, ਤੁਹਾਨੂੰ ਸਾਡਾ ਤੇ ਸਾਨੂੰ ਆਪ ਜੀ ਦਾ ਸਹਿਯੋਗੀ ਬਣਨਾ ਹੀ ਪਵੇਗਾ।ਉਨ੍ਹਾਂ ਕਿਹਾ ਕਿ ਅੱਜ ਦਾ ਇਹ ਪ੍ਰੋਗਰਾਮ ਛੋਟੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਬੇਹੱਦ ਸਹਾਇਕ ਸਿੱਧ ਹੋਵੇਗਾ. ਪ੍ਰੋਗਰਾਮ ਦੇ ਅੰਤ ਵਿੱਚ ਕੋਆਰਡੀਨੇਟਰ ਅਮਨ ਸੰਧਰ ਨੇ ਸ੍ਰੀਮਤੀ ਫਰਨਾਂਡੇਜ਼ ਤੇ ਮਾਪਿਆਂ ਦਾ ਧੰਨਵਾਦ ਕੀਤਾ, ਜੋ ਆਪਣਾ ਕੀਮਤੀ ਸਮਾਂ ਕੱਢ ਕੇ ਇਸ ਪ੍ਰੋਗਰਾਮ ਦਾ ਹਿੱਸਾ ਬਣੇ।ਇਸ ਸਮੇਂ ਮੁੱਖ ਸਰੋਤ ਸ੍ਰੀਮਤੀ ਜੁਆਨਾ ਫਰਨਾਂਡੇਜ਼ ਨੂੰ ਐਵਾਰਡ ਆਫ ਅੱਨਰ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ), ਕੋਆਰਡੀਨੇਟਰਜ਼ ਤੇ ਅਧਿਆਪਕ ਸਾਹਿਬਾਨ ਮੌਜੂਦ ਸਨ।

# ਪੰਜਾਬ ਦੇ ਸਫ਼ਾਈ ਕਾਮੇ ਕਰਨਗੇ 6 ਮਈ ਤੋਂ ਅਣਮਿੱਥੇ ਸਮੇਂ ਦੀ ਕੰਮ ਛੋੜ ਹੜਤਾਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਗਰ ਨਿਗਮ ਦਫ਼ਤਰ ਵਿਖੇ ਸਫ਼ਾਈ ਸੇਵਕ ਯੂਨੀਅਨ, ਪੰਜਾਬ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਅਸ਼ੋਕ ਸਾਰਵਾਨ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਹੋਏ ਯੂਨੀਅਨ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਸੋਮਨਾਥ ਚੌਬੜ ਨੇ ਦੱਸਿਆ ਕਿ 7 ਮਾਰਚ ਨੂੰ ਮਿਊਂਸਪਲ ਮੁਲਾਜ਼ਮ ਦੀ ਐਕਸ਼ਨ ਕਮੇਟੀ ਪੰਜਾਬ ਦੀ ਮੀਟਿੰਗ ਈਸੜੂ ਭਵਨ ਲੁਧਿਆਨਾ ਵਿਖੇ ਹੋਈ ਸੀ, ਜਿਸ ਵਿੱਚ ਫੈਸਲੇ ਨੂੰ ਸਫ਼ਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਇੰਨ-ਬਿੰਨ ਲਾਗੂ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਐਕਸ਼ਨ ਕਮੇਟੀ ਦੇ ਫੈਸਲੇ ਅਨੁਸਾਰ 6 ਮਈ ਤੋਂ ਲਗਾਤਾਰ ਮੰਗਾਂ ਮੰਨੇ ਜਾਣ ਤੱਕ ਅਣਮਿੱਥੇ ਸਮੇਂ ਲਈ ਪੰਜਾਬ ਦੀਆਂ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਪੰਚਾਇਤਾਂ ਵਿੱਚ ਕੰਮ ਕਰਦੇ ਸਫ਼ਾਈ ਸੇਵਕ, ਸੀਵਰਮੈਨ, ਮਾਲੀ, ਬੇਲਦਾਰ, ਸੇਵਾਦਾਰ, ਚੌਕੀਦਾਰ, ਇਲੈਕਟ੍ਰੀਸ਼ਨ, ਪੰਪ ਓਪਰੇਟਰ, ਕੰਪਿਊਟਰ ਓਪਰੇਟਰ, ਕਲਰਕ, ਡਰਾਈਵਰ ਆਦਿ ਤੇ ਫ਼ਾਇਰ ਬ੍ਰਿਗੇਡ ਦੇ ਸਮੂਹ ਮੁਲਾਜ਼ਮਾਂ ਵੱਲੋਂ ਕੰਮ-ਛੋੜ ਹੜਤਾਲ ਕੀਤੀ ਜਾਵੇਗੀ।ਯੂਨੀਅਨ ਦੇ ਸੂਬਾ ਸਕੱਤਰ ਰਮੇਸ਼ ਗਹਿਚੰਦ ਨੇ ਕਿਹਾ ਕਿ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਪਿਛਲੇ 15-20 ਸਾਲਾਂ ਤੋਂ ਕੰਮ ਕਰਦੇ ਆ ਰਹੇ ਕੱਚੇ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਵੱਲੋਂ ਪੱਕਾ ਨਹੀਂ ਕੀਤਾ ਜਾ ਰਿਹਾ।ਅਸੀਂ ਮੰਗ ਕਰਦੇ ਹਾਂ ਕਿ ਜੋ ਕੰਟ੍ਰੈਕਟ ਬੇਸ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸਰਕਾਰ ਵੱਲੋਂ 2013 ਦੀ ਪਾਲਿਸੀ ਬਣਾਈ ਗਈ ਸੀ, ਉਸ ਨੂੰ ਮਿਊਂਸਪਲ ਮੁਲਾਜ਼ਮਾਂ 'ਤੇ ਲਾਗੂ ਨਾ ਕਰਕੇ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਆਪਣੇ ਪੱਧਰ 'ਤੇ ਮਿਊਂਸਪਲ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸਿਵਲ ਸਰਵਿਸ ਰੂਲਾਂ ਤਹਿਤ ਪਾਲਿਸੀ ਬਣਾਈ ਜਾਵੇ, ਜਿਸਦੇ ਤਹਿਤ ਤਿੰਨ ਸਾਲ ਉਪਰੰਤ ਮੁਲਾਜ਼ਮ ਨੂੰ ਪੱਕਾ ਕੀਤਾ ਜਾਵੇ ਤੇ ਜਿਸ ਵਿੱਚ ਤਿੰਨ ਸਾਲ ਦੇ ਪਰਖ ਕਾਲ ਸਮੇਂ ਦੀ ਸ਼ਰਤ ਨੂੰ ਲਾਗੂ ਨਾ ਕੀਤਾ ਜਾਵੇ।

# ਕਾਲਜ ਦੇ ਫ਼ੈਸ਼ਨ ਡਿਜ਼ਾਈਨਿੰਗ ਵਿਭਾਗ ਵੱਲੋਂ ਵਰਕਸ਼ਾਪ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਵਿਖੇ ਡਾ. ਰਜਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ ਹੇਠ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁਖੀ ਹਰਪ੍ਰੀਤ ਕੌਰ ਅਤੇ ਪ੍ਰੋ. ਸੁਖਨਪ੍ਰੀਤ ਕੌਰ ਵੱਲੋਂ ਵਿਭਾਗ ਵਿਚਲੀ ਅਡਵਾਂਸਡ ਇੰਬਰੋਇਡਰੀ ਮਸ਼ੀਨ ਦੀ ਸਿਖਲਾਈ ਲਈ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਊਸ਼ਾ ਕੰਪਨੀ ਦੇ ਐਕਸਪਰਟ ਸ਼ਾਹਜੀਤ ਤੇ ਪ੍ਰਭਜੋਤ ਸਿੰਘ ਨੇ ਇਸ ਨਵੇਂ ਮਾਡਲ ਦੀ ਕੰਪਿਊਟਰਾਈਜ਼ਡ ਮਸ਼ੀਨ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਦੀ ਵਰਤੋਂ ਨਾਲ ਵਿਦਿਆਰਥਣਾਂ ਥੋੜੇ ਸਮੇਂ ਵਿੱਚ ਨਵੇਂ ਤੇ ਵਧੀਆ ਕਢਾਈ ਦੇ ਨਮੂਨੇ ਤਿਆਰ ਕਰ ਸਕਦੀਆਂ ਹਨ ਤੇ ਇਸ ਮਸ਼ੀਨ ਦੀ ਵਰਤੋਂ ਕਰਨੀ ਜਿੱਥੇ ਬਹੁਤ ਅਸਾਨ ਹੈ, ਉੱਥੇ ਇੱਕੋ ਜਿਹੇ ਸਾਫ-ਸੁਥਰੇ ਨਮੂਨਿਆਂ ਦੇ ਸੂਟ, ਦੁਪੱਟੇ ਆਦਿ ਤਿਆਰ ਕੀਤੇ ਜਾ ਸਕਦੇ ਹਨ।ਉਨ੍ਹਾਂ ਮਸ਼ੀਨ ਦੇ ਵੱਖ-ਵੱਖ ਪਾਰਟਸ ਬਾਰੇ ਵੀ ਜਾਣਕਾਰੀ ਦਿੱਤੀ।ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀਆਂ ਵਿਦਿਆਰਥਣਾਂ ਨੂੰ ਆਤਮ-ਨਿਰਭਰ ਬਣਾਉਣ ਤੇ ਆਪਣੇ ਕਾਰੋਬਾਰ ਨੂੰ ਸ਼ੁਰੂ ਕਰਨ ਲਈ ਅਜਿਹੀਆਂ ਆਧੁਨਿਕ ਤਕਨੀਕ ਦੀਆਂ ਮਸ਼ੀਨਾਂ ਬਹੁਤ ਮੱਦਦਗਾਰ ਸਾਬਤ ਹੋਣਗੀਆਂ।ਜ਼ਿਕਰਯੋਗ ਹੈ ਕਿ ਵਿਭਾਗ ਵੱਲੋਂ 'ਅਰਨ ਬਾਇ ਲਰਨ' ਪਾਲਿਸੀ ਤਹਿਤ ਵਿਦਿਆਰਥਣਾਂ ਦੇ ਹੱਥੀਂ ਤਿਆਰ ਕੀਤੇ ਸਮਾਨ ਨੂੰ ਸਮੇਂ-ਸਮੇਂ ਤੇ ਪ੍ਰਦਰਸ਼ਨੀ-ਕਮ- ਸੇਲ ਰਾਹੀਂ ਸੇਲ ਕੀਤਾ ਜਾਂਦਾ ਹੈ, ਜਿਸ ਨਾਲ ਵਿਦਿਆਰਥਣਾਂ ਵਿੱਚ ਆਤਮ-ਨਿਰਭਰ ਹੋਣ ਲਈ ਉਤਸ਼ਾਹ ਪੈਦਾ ਹੁੰਦਾ ਹੈ।

# ਮਾਲਵਾ ਪ੍ਰੈੱਸ ਕਲੱਬ ਵੱਲੋਂ ਬਜਟ 'ਚ ਪੱਤਰਕਾਰਾਂ ਨੂੰ ਅਣਗੌਲਿਆ ਕਰਨ ਦੀ ਨਿੰਦਾ



**ਬੁਢਲਾਡਾ (ਅਸ਼ੋਕ ਲਾਕੜਾ)**-ਮਾਲਵਾ ਪ੍ਰੈੱਸ ਕਲੱਬ ਬੁਢਲਾਡਾ ਦੀ ਮੀਟਿੰਗ ਪ੍ਰਧਾਨ ਇੰਦਰਜੀਤ ਸਿੰਘ ਟੋਨੀ ਦੀ ਅਗਵਾਈ ਹੇਠ ਹੋਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਬਲਵਿੰਦਰ ਜਿੰਦਲ ਨੇ ਦੱਸਿਆ ਕਿ ਸਮੂਹ ਹਾਜ਼ਰ ਮੈਂਬਰਾਂ ਨੇ ਪਿਛਲੇ ਦਿਨੀਂ ਵਿੱਤ ਮੰਤਰੀ ਪੰਜਾਬ ਵੱਲੋਂ ਪੇਸ਼ ਕੀਤੇ ਬਜਟ ਵਿੱਚ ਰਾਜ ਦੇ ਪੱਤਰਕਾਰਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰਨ ਦੀ ਨਿੰਦਾ ਕੀਤੀ।ਬੁਲਾਰਿਆਂ ਨੇ ਕਿਹਾ ਕਿ ਜਿਸ ਮੀਡੀਆ ਦੇ ਸਹਾਰੇ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ, ਹੁਣ ਉਸੇ ਮੀਡੀਆ ਵੱਲ ਪਿੱਠ ਕਰ ਕੇ ਖੜ੍ਹੀ ਹੈ।ਆਗੂਆਂ ਨੇ ਕਿਹਾ ਕਿ ਵੱਖ-ਵੱਖ ਸਮੇਂ ਸਰਕਾਰ ਦੇ ਨੁਮਾਇੰਦਿਆਂ, ਮੰਤਰੀਆਂ ਤੇ ਵਿਧਾਨ ਸਭਾ ਦੇ ਸਪੀਕਰ ਵੱਲੋਂ ਭਰੋਸਾ ਮਿਲਣ ਦੇ ਬਾਵਜੂਦ ਬਜਟ ਪੇਸ਼ ਕਰਨ ਸਮੇਂ ਪੱਤਰਕਾਰਾਂ ਸਮੇਤ ਡੈਸਕ ਸਟਾਫ਼ ਨੂੰ ਪੈਨਸ਼ਨ, ਹਰਿਆਣਾ ਪੈਟਰਨ 'ਤੇ ਮੁਫ਼ਤ ਬੱਸ ਸਫ਼ਰ, ਐਕਸ-ਗਰੇਸ਼ੀਆ ਸਕੀਮ ਅਧੀਨ ਲਿਆਉਣ, ਚੰਡੀਗੜ੍ਹ ਸਥਿਤ ਪੱਤਰਕਾਰਾਂ ਲਈ ਮਕਾਨਾਂ ਦਾ ਕੋਟਾ 50 ਫ਼ੀਸਦੀ ਕਰਨ, ਜ਼ਿਲ੍ਹਿਆਂ ਵਿੱਚ ਪੱਤਰਕਾਰਾਂ ਨੂੰ ਰਿਹਾਇਸ਼ੀ ਮਕਾਨ-ਫਲੈਟ ਬਣਾਉਣ ਲਈ ਸਸਤੀਆਂ ਦਰਾਂ ਉੱਪਰ ਪਲਾਟ ਦੇਣ, ਪ੍ਰਿੰਟ ਤੇ ਬਿਜਲਈ ਮੀਡੀਆ ਦੇ ਨਿਊਜ਼ ਟੇਬਲਾਂ ਉੱਪਰ ਕੰਮ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਫ਼ੀਲਡ ਪੱਤਰਕਾਰਾਂ ਵਾਲੀਆਂ ਸਹੂਲਤਾਂ ਦੇਣ ਅਤੇ ਸਾਰੇ ਪੱਤਰਕਾਰਾਂ ਲਈ ਸਿਹਤ ਬੀਮਾ ਯੋਜਨਾ ਲਾਗੂ ਕਰਨ ਦੇ ਮਾਮਲੇ ਵਿੱਚ ਬਜਟ ਵਿੱਚ ਜ਼ਿਕਰ ਤੱਕ ਨਾ ਕਰਨਾ ਸਰਕਾਰ ਦੀ ਮੀਡੀਆ ਪ੍ਰਤੀ ਬੇਰੁਖ਼ੀ ਨੂੰ ਦਰਸਾਉਂਦਾ ਹੈ।ਮੀਟਿੰਗ ਦੌਰਾਨ ਫੈਸਲਾ ਕੀਤਾ ਕਿ ਉਕਤ ਮੰਗਾਂ ਸਬੰਧੀ ਜਲਦ ਹੀ ਹਲਕਾ ਵਿਧਾਇਕ ਤੇ ਪ੍ਰਸ਼ਾਸਨਕ ਅਧਿਕਾਰੀਆਂ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ।ਇਕ ਵੱਖਰੇ ਮਤੇ ਰਾਹੀਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾ ਰਹੇ 'ਸਾਰਸ ਮੇਲੇ' ਲਈ ਸਬ-ਡਵੀਜ਼ਨ ਪੱਧਰ 'ਤੇ ਪੱਤਰਕਾਰਾਂ ਨੂੰ ਸੱਦਾ ਪੱਤਰ ਨਾ ਦੇਣ 'ਤੇ ਰੋਸ ਪ੍ਰਗਟਾਇਆ।ਇਸ ਮੌਕੇ ਸਵਰਨ ਸਿੰਘ ਰਾਹੀ, ਚਤਰ ਸਿੰਘ ਵਰਣ, ਅਸ਼ੋਕ ਕੁਮਾਰ ਲਾਕੜਾ, ਪੰਕਜ ਸਰਦਾਨਾ, ਜਤਿੰਦਰ ਰਿੰਕੂ, ਅਮਨ ਮਹਿਤਾ, ਸੰਜੀਵ ਤਾਇਲ, ਅਰਵਿੰਦ ਗਰਗ, ਕੁਲਵਿੰਦਰ ਸਿੰਘ ਚਹਿਲ ਤੇ ਮਨਜੀਤ ਮਸੌਣ ਆਦਿ ਮੌਜੂਦ ਸਨ।

# ਘਰੇਲੂ ਗੈਸ ਸਿਲੰਡਰ ਵਰਤਣ ਵਾਲਿਆਂ 'ਤੇ ਕਾਰਵਾਈ ਦੀ ਮੰਗ

**ਰਾਜਪੁਰਾ (ਰਮੇਸ਼ ਕਟਾਰੀਆ)**

ਈਰਾਨ-ਇਜ਼ਰਾਇਲ-ਅਮਰੀਕਾ ਜੰਗ ਦੇ ਚਲਦੇ ਜਿੱਥੇ ਕੁਕਿੰਗ ਗੈਸ ਦੀ ਕਮੀਂ ਵੇਖਣ ਨੂੰ ਮਿਲ ਰਹੀ ਹੈ ਤੇ ਕਮਰਸ਼ੀਅਲ ਸਿਲੰਡਰ 'ਤੇ ਪਾਬੰਦੀ ਲਾ ਦਿੱਤੀ ਗਈ ਹੈ, ਉਥੇ ਰਾਜਪੁਰਾ ਵਿਖੇ ਵੀ ਹੋਟਲ, ਢਾਬੇ ਤੇ ਰੇਹੜੀਆਂ ਵਾਲ਼ੇ ਘਰੇਲੂ ਗੈਸ ਸਿਲੰਡਰ ਦੀ ਵਰਤੋਂ ਕਰ ਰਹੇ ਹਨ। ਜਿਸ ਕਾਰਨ ਆਮ ਜਨਤਾ ਨੂੰ ਗੈਸ ਸਿਲੰਡਰ ਲੈਣ ਲਈ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਮ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਆਉਣ ਵਾਲੇ ਦਿਨਾਂ ਵਿੱਚ ਘਰੇਲੂ ਗੈਸ ਸਿਲੰਡਰ ਲੈਣ ਲਈ ਭਾਰੀ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਕੀ ਇਥੋਂ ਦੇ ਪ੍ਰਸ਼ਾਸਨ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਇਨ੍ਹਾਂ 'ਤੇ ਬਣਦੀ ਕਾਰਵਾਈ ਕਰੇਗਾ ਜਾਂ ਇਹ ਇਵੇਂ ਹੀ ਚਲਦਾ ਰਹੇਗਾ।

# ਦੁਨੀਆ ਦੀ ਤਰੱਕੀ 'ਚ ਔਰਤਾਂ ਦੀ ਅਹਿਮ ਭੂਮਿਕਾ : ਡਾ. ਤਜਿੰਦਰ ਕੌਰ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਮਹਿਲਾ ਸ਼ਿਕਾਇਤ ਨਿਵਾਰਣ ਸੈੱਲ ਤੇ ਅੰਦਰੂਨੀ ਸ਼ਿਕਾਇਤ ਕਮੇਟੀ ਨੇ ਹਰਾ ਪੰਜਾਬ ਖਰਾ ਸਮਾਜ ਦੇ ਸਹਿਯੋਗ ਨਾਲ, ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਸ ਵਿੱਚ ਮਹਿਲਾ ਸਸ਼ਕਤੀਕਰਨ, ਲਿੰਗ ਸਮਾਨਤਾ ਤੇ ਔਰਤਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ 'ਤੇ ਧਿਆਨ ਕੇਂਦਰਤ ਕੀਤਾ ਗਿਆ।ਸਮਾਗਮ ਵਿੱਚ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਸ਼ਿਰਕਤ ਕੀਤੀ, ਜਦੋਂਕਿ ਡਾ. ਤਜਿੰਦਰ ਕੌਰ, ਪ੍ਰੋ-ਚਾਂਸਲਰ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਹੋਰ ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਹਰਸ਼ ਸਦਾਵਰਤੀ, ਵਾਈਸ-ਚਾਂਸਲਰ, ਡਾ. ਸ਼ਾਲਿਨੀ ਗੁਪਤਾ, ਸਾਬਕਾ ਵਾਈਸ-ਚਾਂਸਲਰ ਡੀਬੀਯੂ, ਸ਼੍ਰੀਮਤੀ ਕਮਲਜੀਤ ਕੌਰ ਸੋਨਾ ਸਮਰਾਲਾ, ਥੀਏਟਰ ਨਾਲ ਜੁੜੀ ਉੱਘੀ ਸ਼ਖਸੀਅਤ, ਡਾ. ਮੀਨੂ ਧੀਮਾਨ ਪ੍ਰੇਰਕ ਸਪੀਕਰ ਤੇ ਹੈਪੀ ਵੂਮੈਨਜ਼ ਕਲੱਬ ਦੀ ਸੰਸਥਾਪਕ ਸ਼੍ਰੀਮਤੀ ਮਹਿੰਦਰ ਕੌਰ ਸ਼ਾਮਲ ਸਨ।ਸਮਾਗਮ ਮੌਕੇ ਮਹਿਮਾਨਾਂ ਦਾ ਰਸਮੀ ਸਵਾਗਤ ਚੇਅਰਪਰਸਨ ਡਾ. ਪ੍ਰੀਸ਼ੀਅਸ ਸ਼ੀਓਰੋਨ ਦੁਆਰਾ ਕੀਤਾ ਗਿਆ।ਮੁੱਖ ਮਹਿਮਾਨ ਡਾ. ਤਜਿੰਦਰ ਕੌਰ ਨੇ ਵਿਤਕਰੇ ਨੂੰ ਖਤਮ ਕਰਨ ਅਤੇ ਸਿੱਖਿਆ, ਕਾਰਜ ਸਥਾਨਾਂ ਤੇ ਸਮਾਜ ਵਿੱਚ ਔਰਤਾਂ ਲਈ ਬਰਾਬਰ ਮੌਕੇ ਯਕੀਨੀ ਬਣਾਉਣ ਲਈ ਸਮੂਹਿਕ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਦੁਨੀਆ ਦੀ ਤਰੱਕੀ ਵਿੱਚ ਮਹਿਲਾਵਾਂ ਦੀ ਅਹਿਮ ਭੂਮਿਕਾ ਹੈ। ਇਸ ਪ੍ਰੋਗਰਾਮ ਦਾ ਇੱਕ ਮੁੱਖ ਆਕਰਸ਼ਣ 'ਸ਼ਕਤੀ' ਸਿਰਲੇਖ ਵਾਲਾ ਇੱਕ ਟਾਕ ਸ਼ੋਅ ਸੀ, ਜਿਸਦੀ ਮੇਜ਼ਬਾਨੀ ਡਾ. ਤਜਿੰਦਰ ਕੌਰ ਨੇ ਕੀਤੀ, ਜੋ ਔਰਤਾਂ ਦੀ ਅਗਵਾਈ, ਸਸ਼ਕਤੀਕਰਨ ਅਤੇ ਲਿੰਗ-ਸੰਵੇਦਨਸ਼ੀਲ ਸਮਾਜ ਦੀ ਸਿਰਜਣਾ ਵਿੱਚ ਨੌਜਵਾਨਾਂ ਦੀ ਭੂਮਿਕਾ 'ਤੇ ਕੇਂਦ੍ਰਿਤ ਸੀ। ਵਿਦਿਆਰਥੀਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਕੁੜੀਆਂ ਦੀ ਸਿੱਖਿਆ 'ਤੇ ਕੋਰੀਓਗ੍ਰਾਫੀ, ਇੱਕ ਸਕਿੱਟ, ਕੈਟਵਾਕ ਤੇ ਡਾਂਸ ਪ੍ਰਦਰਸ਼ਨ ਸ਼ਾਮਲ ਸਨ।

# ਸਿਹਤ ਬੀਮਾ ਯੋਜਨਾ ਦੀ ਰਜਿਸਟ੍ਰੇਸ਼ਨ ਵਧਾਉਣ ਲਈ ਮੀਟਿੰਗ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੇਠ ਵੱਧ ਤੋਂ ਵੱਧ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਲਈ ਸਿਵਲ ਹਸਪਤਾਲ ਵਿੱਚ ਮਹੱਤਵਪੂਰਨ ਮੀਟਿੰਗ ਆਯੋਜਤ ਕੀਤੀ ਗਈ।ਇਹ ਮੀਟਿੰਗ ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਡਾ. ਰਵੀਕਾਂਤ ਗੁਪਤਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਕਾਮਨ ਸਰਵਿਸ ਸੈਂਟਰਾਂ ਦੇ ਵਿਲੇਜ ਲੈਵਲ ਐਂਟਰਪ੍ਰਿਨਿਊਰਜ਼ ਨੇ ਭਾਗ ਲਿਆ।ਮੀਟਿੰਗ ਦੌਰਾਨ ਡਾ. ਰਵੀਕਾਂਤ ਗੁਪਤਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਇਹ ਯੋਜਨਾ ਆਮ ਲੋਕਾਂ ਨੂੰ ਉੱਚ ਗੁਣਵੱਤਾ ਵਾਲੀ ਸਿਹਤ ਸੇਵਾ ਦੇਣ ਲਈ ਬਹੁਤ ਹੀ ਮਹੱਤਵਪੂਰਨ ਹੈ। ਉਨ੍ਹਾਂ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਵੱਧ ਤੋਂ ਵੱਧ ਯੋਗ ਪਰਿਵਾਰਾਂ ਦੀ ਪਹਿਚਾਣ ਕਰਕੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇ ਤਾਂ ਜੁ ਕੋਈ ਵੀ ਹੱਕਦਾਰ ਪਰਿਵਾਰ ਇਸ ਯੋਜਨਾ ਦੇ ਲਾਭ ਤੋਂ ਵਾਂਝਾ ਨਾ ਰਹਿ ਜਾਵੇ।ਮੀਟਿੰਗ ਦੌਰਾਨ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਵੱਖ-ਵੱਖ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ ਤੇ ਦਿੱਕਤਾਂ ਦਾ ਹੱਲ ਵੀ ਕੀਤਾ ਗਿਆ।

# ਡਲਿਵਰੀਮੈਨ ਵੱਲੋਂ 18 ਸਿਲੰਡਰ ਚੋਰੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਇਕ ਗੈਸ ਏਜੰਸੀ ਵਿੱਚੋਂ ਸਿਲੰਡਰ ਚੋਰੀ ਕਰਨ ਦੇ ਦੋਸ਼ 'ਚ ਇੱਕ ਡਲਿਵਰੀਮੈਨ ਖਿਲਾਫ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ ਏਜੰਸੀ ਮਾਲਕ ਵੱਲੋਂ ਦਿੱਤੀ ਗਈ ਸ਼ਿਕਾਇਤ ਦੀ ਲੰਬੀ ਪੜਤਾਲ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਜਾਵੇਦ ਅਖਤਰ ਪੁੱਤਰ ਅਖਤਰ ਹਸਨ ਵਾਸੀ ਗਲੀ ਨੰਬਰ 4, ਬਾਬਾ ਰਾਮ ਲਾਲ ਨਗਰ, ਫਿਰੋਜ਼ਪੁਰ ਸ਼ਹਿਰ ਜੋ ਕਿ ਫਿਰੋਜ਼ਪੁਰ ਸ਼ਹਿਰ ਦੇ ਨਾਮਦੇਵ ਚੌਕ ਸਥਿਤ 'ਇੰਡੇਨ ਮੂਨ ਗੈਸ ਏਜੰਸੀ' ਦੇ ਮਾਲਕ ਹਨ, ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਏਜੰਸੀ ਵਿੱਚ ਅਜੇ ਕੁਮਾਰ ਵਾਸੀ ਬਸਤੀ ਸ਼ੇਖਾਂ ਵਾਲੀ ਬਤੌਰ ਡਲਿਵਰੀਮੈਨ ਕੰਮ ਕਰਦਾ ਸੀ। ਅਕਤੂਬਰ 2025 ਵਿੱਚ ਜਦੋਂ ਮਾਲਕ ਏਜੰਸੀ ਵਿੱਚ ਮੌਜੂਦ ਨਹੀਂ ਸੀ, ਤਾਂ ਅਜੇ ਕੁਮਾਰ ਨੇ ਕੰਪਨੀ ਦੇ 18 ਭਰੇ ਹੋਏ ਗੈਸ ਸਿਲੰਡਰ ਚੋਰੀ ਕਰ ਲਏ ਤੇ ਅੱਗੇ ਵੇਚ ਦਿੱਤੇ। ਇਨ੍ਹਾਂ ਸਿਲੰਡਰਾਂ ਦੀ ਕੁੱਲ ਕੀਮਤ ਕਰੀਬ 56 ਹਜ਼ਾਰ ਰੁਪਏ ਦੱਸੀ ਜਾ ਰਹੀ ਹੈ। ਜਦੋਂ ਇਸ ਚੋਰੀ ਬਾਰੇ ਏਜੰਸੀ ਮਾਲਕ ਨੂੰ ਪਤਾ ਲੱਗਾ, ਤਾਂ ਮੁਲਜ਼ਮ ਅਜੇ ਕੁਮਾਰ ਨੇ ਆਪਣੀ ਗਲਤੀ ਮੰਨ ਲਈ ਸੀ ਤੇ ਭਰੋਸਾ ਦਿੱਤਾ ਸੀ ਕਿ ਉਹ ਜਲਦ ਹੀ ਸਿਲੰਡਰਾਂ ਦੀ ਰਕਮ ਅਦਾ ਕਰ ਦੇਵੇਗਾ, ਪਰ ਲੰਬਾ ਸਮਾਂ ਬੀਤ ਜਾਣ ਦੇ ਬਾਵਜੂਦ ਉਸ ਨੇ ਪੈਸੇ ਨਹੀਂ ਮੋੜੇ। ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਰਮਨ ਕੁਮਾਰ ਵੱਲੋਂ ਕੀਤੀ ਗਈ। ਉੱਪ ਕਪਤਾਨ ਪੁਲਸ (ਸ਼ਹਿਰੀ) ਤੇ ਸੀਨੀਅਰ ਕਪਤਾਨ ਪੁਲਸ ਫਿਰੋਜ਼ਪੁਰ ਦੀ ਮਨਜ਼ੂਰੀ ਤੋਂ ਬਾਅਦ ਮੁਲਜ਼ਮ ਅਜੇ ਕੁਮਾਰ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਲੱਖਾਂ ਮੁਸਲਮਾਨਾਂ ਨੇ ਅਦਾ ਕੀਤੀ ਅਲਵਿਦਾ ਜੁੰਮੇ ਦੀ ਨਮਾਜ਼

## ਰਮਜਾਨ ਸ਼ਰੀਫ ਦਾ ਮਹੀਨਾ ਅੱਲ੍ਹਾ ਤਾਆਲਾ ਨਾਲ ਇਸ਼ਕ ਤੇ ਮੁਹੱਬਤ ਦਾ ਮਹੀਨਾ : ਸ਼ਾਹੀ ਇਮਾਮ ਪੰਜਾਬ



**ਲੁਧਿਆਣਾ (ਰਾਜ ਸਿੰਗਲਾ)**-ਪਵਿੱਤਰ ਰਮਜਾਨ ਸ਼ਰੀਫ ਦੇ ਅਲਵਿਦਾ ਜੁੰਮੇ ਦੇ ਮੌਕੇ 'ਤੇ ਫੀਲਡ ਗੰਜ ਚੌਕ ਸਥਿਤ ਇਤਿਹਾਸਕ ਜਾਮਾ ਮਸਜਿਦ ਵਿੱਚ ਹਜ਼ਾਰਾਂ ਮੁਸਲਮਾਨਾਂ ਨੇ ਨਮਾਜ ਅਦਾ ਕੀਤੀ। ਨਮਾਜੀਆਂ ਦੀ ਗਿਣਤੀ ਨੂੰ ਵੇਖਦੇ ਹੋਏ ਸ਼ਾਹਪੁਰ ਰੋਡ 'ਤੇ ਨਮਾਜ ਪੜ੍ਹਨ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਇਸ ਮੌਕੇ ਸੰਬੋਧਤ ਕਰਦੇ ਹੋਏ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਰਮਜਾਨ ਸ਼ਰੀਫ ਦਾ ਮਹੀਨਾ ਅੱਲ੍ਹਾ ਤਾਆਲਾ ਨਾਲ ਇਸ਼ਕ ਤੇ ਮੁਹੱਬਤ ਦਾ ਮਹੀਨਾ ਹੈ।ਇਸ ਮੁਬਾਰਕ ਮਹੀਨੇ 'ਚ ਬੰਦਾ ਖੁਦਾ ਤੇ ਉਸ ਦੇ ਰਸੂਲ ਸਲੱਲਲਾਹੂ ਅਲੈਹੀਵਸੱਲਮ ਨਾਲ ਆਪਣੇ ਇਸ਼ਕ ਦਾ ਇਕਰਾਰ ਕਰਦੇ ਹੋਏ ਗੁਨਾਹਾਂ ਤੋਂ ਤੌਬਾ ਕਰਦਾ ਹੈ।ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਰਮਜਾਨ ਦੇ ਕੁੱਝ ਰੋਜ਼ੇ ਬਾਕੀ ਨੇ ਤੇ ਸਾਨੂੰ ਚਾਹੀਦਾ ਹੈ ਕਿ ਇਸ ਸਮੇਂ ਦੀ ਖੂਬ ਕਦਰ ਕਰੀਏ ਤੇ ਵੱਧ ਤੋਂ ਵੱਧ ਇਬਾਦਤ 'ਚ ਲੱਗੇ ਰਹੀਏ।ਖੁੱਲ੍ਹੇ ਦਿਲੋਂ ਗਰੀਬਾਂ ਦੀ ਮਦਦ ਕਰੀਏ, ਕਿਉਂਕਿ ਰੱਬ ਨੇ ਸਾਨੂੰ ਦੇਣ ਵਾਲਾ ਬਣਾਇਆ ਹੈ ਲੈਣ ਵਾਲਾ ਨਹੀਂ।ਵਰਣਨਯੋਗ ਹੈ ਕਿ ਇਹ ਪਵਿੱਤਰ ਰਮਜਾਨ ਸ਼ਰੀਫ ਦਾ ਆਖਰੀ ਜੁੰਮਾ ਸੀ।ਸ਼ਹਿਰ ਦੀਆਂ ਸਾਰੀਆਂ ਮਸਜਿਦਾਂ 'ਚ ਲੱਖਾਂ ਦੀ ਗਿਣਤੀ 'ਚ ਨਮਾਜੀ ਇਕੱਠੇ ਹੋਏ।ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਮਸਜਿਦਾਂ 'ਚ 5 ਲੱਖ ਤੋਂ ਵੱਧ ਮੁਸਲਮਾਨਾਂ ਨੇ ਅਲਵਿਦਾ ਜੁੰਮੇ ਦੀ ਨਮਾਜ ਅਦਾ ਕੀਤੀ।

# ਤਰਕਸ਼ੀਲ ਸੁਸਾਇਟੀ ਵੱਲੋਂ ਅਧਿਆਪਕਾਂ, ਮੁਲਾਜ਼ਮਾਂ ਤੇ ਪੈਨਸ਼ਨਰਾਂ 'ਤੇ ਅਣਮਨੁੱਖੀ ਜਬਰ ਕਰਨ ਦੀ ਨਿਖੇਧੀ



**ਬਰਨਾਲਾ (ਰਾਜਿੰਦਰ ਬਰਾੜ)**-ਤਰਕਸ਼ੀਲ ਪੰਜਾਬ ਨੇ 8 ਤੇ 12 ਮਾਰਚ ਨੂੰ ਮੋਹਾਲੀ ਵਿੱਚ ਮੰਗਾਂ ਲਈ ਜਮਹੂਰੀ ਢੰਗ ਨਾਲ ਰੋਸ ਪ੍ਰਦਰਸ਼ਨ ਕਰਦੇ ਮੁਲਾਜ਼ਮਾਂ, ਪੈਨਸ਼ਨਰਾਂ ਤੇ ਅਧਿਆਪਕਾਂ ਉੱਤੇ ਪੰਜਾਬ ਪੁਲਸ ਵੱਲੋਂ ਅੱਥਰੂ ਗੈਸ, ਲਾਠੀਚਾਰਜ ਤੇ ਪਾਣੀ ਦੀਆਂ ਬੁਛਾੜਾਂ ਮਾਰ ਕੇ ਉਨ੍ਹਾਂ ਨੂੰ ਗੰਭੀਰ ਜ਼ਖ਼ਮੀ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਇਸ ਅਣਮਨੁੱਖੀ ਜ਼ਬਰ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਤੇ ਸੂਬਾ ਕਮੇਟੀ ਆਗੂਆਂ ਹੇਮ ਰਾਜ ਸਟੈਨੋ, ਰਾਮ ਸਵਰਨ ਲੱਖੇਵਾਲੀ, ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਲਿਆਉਣ ਦੀਆਂ ਡੀਂਗਾਂ ਮਾਰਨ ਵਾਲੀ ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ, ਅਧਿਆਪਕਾਂ ਤੇ ਪੈਨਸ਼ਨਰਾਂ ਦੀਆਂ ਪੁਰਾਣੀ ਪੈਨਸ਼ਨ ਬਹਾਲੀ, ਜਬਰੀ ਥੋਪੇ ਅਧਿਆਪਕ ਯੋਗਤਾ ਟੈਸਟ ਨੂੰ ਰੱਦ ਕਰਨ, ਕੱਚੇ ਮੁਲਾਜ਼ਮ ਪੱਕੇ ਕਰਨ, ਨਵੀਂ ਸਿੱਖਿਆ ਨੀਤੀ 2020 ਰੱਦ ਕਰਨ ਤੇ ਡੀ ਏ ਸਮੇਤ ਹੋਰ ਬਕਾਏ ਜਾਰੀ ਕਰਨ ਸਮੇਤ ਲੰਬੇ ਸਮੇਂ ਤੋਂ ਲੰਬਿਤ ਹੱਕੀ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ ਉੱਤੇ ਜਬਰ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ।ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਵਿਸ਼ਵ ਵਪਾਰ ਸੰਗਠਨ ਦੇ ਦਬਾਅ ਹੇਠ ਨਵੀਂ ਸਿੱਖਿਆ ਨੀਤੀ 2020, ਬਿਜਲੀ ਸੋਧ ਬਿੱਲ, ਬੀਜ ਬਿੱਲ, ਮਜ਼ਦੂਰ ਵਿਰੋਧੀ ਚਾਰ ਕਿਰਤ ਕੋਡ, ਨਵੀਂ ਮਗਨਰੇਗਾ ਸਕੀਮ ਤਹਿਤ ਜਨਤਕ ਅਦਾਰਿਆਂ ਦਾ ਨਿੱਜੀਕਰਨ ਕਰਕੇ ਕਿਸਾਨਾਂ, ਮਜ਼ਦੂਰਾਂ, ਖੇਤੀ ਤੇ ਸਨਅਤੀ ਕਾਮਿਆਂ, ਮੁਲਾਜ਼ਮਾਂ, ਛੋਟੇ ਦੁਕਾਨਦਾਰਾਂ ਅਤੇ ਆਮ ਲੋਕਾਂ ਤੋਂ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ ਤੇ ਸਾਫ਼ ਪਾਣੀ ਦੀਆਂ ਬੁਨਿਆਦੀ ਸਹੂਲਤਾਂ ਖੋਹ ਕੇ ਮੁਨਾਫਾਖੋਰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣਾ ਚਾਹੁੰਦੀਆਂ ਹਨ, ਜਿਸ ਨੂੰ ਪੰਜਾਬ ਸਮੇਤ ਦੇਸ਼ ਦੀਆਂ ਜਨਤਕ ਤੇ ਜਮਹੂਰੀ ਜਥੇਬੰਦੀਆਂ ਕਿਸੇ ਵੀ ਸੂਰਤ ਵਿੱਚ ਲਾਗੂ ਨਹੀਂ ਹੋਣ ਦੇਣਗੀਆਂ।

# ਸੀ ਪੀ ਐੱਫ਼ ਕਰਮਚਾਰੀ ਯੂਨੀਅਨ ਦੇ ਪ੍ਰਧਾਨ ਧਰਮਿੰਦਰ ਸਿੰਘ ਨੂੰ ਸਦਮਾ, ਪਿਤਾ ਦਾ ਦਿਹਾਂਤ



**ਮਾਨਸਾ (ਆਤਮਾ ਸਿੰਘ ਪਮਾਰ)**-ਸੀ.ਪੀ.ਐਫ਼ ਕਰਮਚਾਰੀ ਯੂਨੀਅਨ ਦੇ ਮਾਨਸਾ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੇ ਪਿਤਾ ਦਰਸ਼ਨ ਸਿੰਘ ਇੰਸਾਂ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ ਹਨ।ਇਸ ਦੁਖਦਾਈ ਸਮੇਂ ਵਿੱਚ ਵੱਖ ਵੱਖ ਯੂਨੀਅਨ ਦੇ ਆਗੂਆਂ ਅਤੇ ਕਰਮਚਾਰੀਆਂ ਵੱਲੋਂ ਗਹਿਰਾ ਦੁੱਖ ਪ੍ਰਗਟਾਵਾ ਕੀਤਾ ਗਿਆ।ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਧਰਮਿੰਦਰ ਸਿੰਘ ਦੇ ਪਿਤਾ ਇੱਕ ਨੇਕਦਿਲ ਤੇ ਸਮਾਜ ਸੇਵੀ ਵਿਅਕਤੀ ਸਨ, ਜਿਨ੍ਹਾਂ ਨੇ ਹਮੇਸ਼ਾ ਲੋਕਾਂ ਦੀ ਭਲਾਈ ਲਈ ਯੋਗਦਾਨ ਪਾਇਆ।ਉਨ੍ਹਾਂ ਦੇ ਦਿਹਾਂਤ ਨਾਲ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਇਸ ਮੌਕੇ ਸੀ.ਪੀ.ਐਫ਼ ਕ੍ਰਮਚਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਜੀਤ ਸਿੰਘ, ਸੂਬਾ ਕਮੇਟੀ ਮੈਂਬਰ ਪ੍ਰਭਜੋਤ ਸਿੰਘ, ਪ੍ਰਤਾਪ ਸਿੰਘ, ਸੰਦੀਪ ਸਿੰਘ ਵਾਲੀਆ, ਹਰਪ੍ਰੀਤ ਸਿੰਘ ਸਿੱਧੂ ਦਰਸ਼ਨ ਸਿੰਘ ਅਲੀਸ਼ੇਰ, ਲਖਵਿੰਦਰ ਸਿੰਘ, ਕਰਮਜੀਤ ਸਿੰਘ ਤਾਮਕੋਟ, ਮਲਕੀਤ ਸਿੰਘ ਖਿਆਲਾ, ਹਰਦੀਪ ਸਿੰਘ, ਪ੍ਰਿੰਸੀਪਲ ਕਮਲਜੀਤ ਕੌਰ ਬਲਾਕ ਨੋਡਲ ਅਫ਼ਸਰ ਝੁਨੀਰ, ਹੰਸਾ ਸਿੰਘ ਡੇਲੂਆਣਾ, ਜਸਵੀਰ ਸਿੰਘ ਭੰਮਾ ਅਤੇ ਭੁਪਿੰਦਰ ਸਿੰਘ ਤੱਗੜ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਗੁਰੂ ਨਾਨਕ ਲਾਅ ਕਾਲਜ ਵਿਖੇ ਖੇਡ ਮੇਲਾ ਕਰਵਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰੂ ਨਾਨਕ ਲਾਅ ਕਾਲਜ ਸਾਈਆਂਵਾਲਾ ਵਿੱਚ ਖੇਡ ਮੇਲਾ ਕਰਵਾਇਆ ਗਿਆ। ਇਸ ਖੇਡ ਮੇਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਤੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਰੱਸਾਕਸੀ, 100 ਮੀਟਰ ਦੌੜ, 200 ਮੀਟਰ ਦੌੜ, ਲੈਮਨ ਰੇਸ, ਮਿਊਜ਼ੀਕਲ ਚੇਅਰ, ਲਾਂਗ ਜੰਪ ਤੇ ਵਾਲੀਬਾਲ ਵਰਗੇ ਖੇਡ ਮੁਕਾਬਲੇ ਕਰਵਾਏ ਗਏ। ਖੇਡ ਮੁਕਾਬਲਿਆਂ ਦੇ ਨਤੀਜਿਆਂ ਵਿੱਚ ਮਿਊਜ਼ੀਕਲ ਚੇਅਰ ਵਿੱਚ ਲੜਕੀਆਂ 'ਚ ਪ੍ਰਾਚੀ ਤੇ ਲੜਕਿਆਂ 'ਚ ਵੰਸ਼ਮ ਸਿੰਘਲ ਪਹਿਲੇ ਸਥਾਨ 'ਤੇ ਰਹੇ। 200 ਮੀਟਰ ਦੌੜ ਵਿੱਚ ਲੜਕਿਆਂ 'ਚ ਹੁਸਨਬੀਰ ਸਿੰਘ ਤੇ ਲੜਕੀਆਂ 'ਚ ਹਰਮਨ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। 100 ਮੀਟਰ ਦੌੜ ਵਿੱਚ ਵੀ ਲੜਕਿਆਂ 'ਚ ਹੁਸਨਬੀਰ ਸਿੰਘ ਤੇ ਲੜਕੀਆਂ 'ਚ ਹਰਮਨ ਕੌਰ ਪਹਿਲੇ ਸਥਾਨ 'ਤੇ ਰਹੇ। ਲੈਮਨ ਰੇਸ ਵਿੱਚ ਲੜਕਿਆਂ 'ਚ ਗੋਵਿੰਦ ਮੋਹਨ ਤੇ ਲੜਕੀਆਂ 'ਚ ਵੀਰਪਾਲ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਲਾਂਗ ਜੰਪ ਵਿੱਚ ਲੜਕਿਆਂ ਵਿੱਚ ਗੁਰਮਨਦੀਪ ਸਿੰਘ ਤੇ ਲੜਕੀਆਂ ਵਿੱਚ ਹਰਮਨ ਕੌਰ ਪਹਿਲੇ ਸਥਾਨ 'ਤੇ ਰਹੇ। ਇਸ ਤੋਂ ਇਲਾਵਾ ਵਾਲੀਬਾਲ ਮੁਕਾਬਲੇ ਵਿੱਚ ਵਿਦਿਆਰਥੀਆਂ ਸੁਖਮਨ, ਹੁਸਨਬੀਰ ਸਿੰਘ, ਗਗਨਦੀਪ ਸਿੰਘ, ਧਰਮਵੀਰ, ਵੰਸ਼ਮ ਸਿੰਘਲ ਤੇ ਗੁਰਸਿਮਰਨ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਦੌਰਾਨ ਕਾਲਜ ਦੇ ਚੇਅਰਮੈਨ ਅਸੀਸਪ੍ਰੀਤ ਸਿੰਘ ਸਾਈਆਂਵਾਲਾ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਅਜ਼ਵਰ ਖਾਨ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਭਾਗ ਲੈਣਾ ਵੀ ਬਹੁਤ ਜ਼ਰੂਰੀ ਹੈ, ਕਿਉਂਕਿ ਇਸ ਨਾਲ ਅਨੁਸ਼ਾਸਨ, ਟੀਮ ਵਰਕ ਤੇ ਆਤਮਵਿਸ਼ਵਾਸ ਵਧਦਾ ਹੈ। ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਰਾਧਿਕਾ, ਅਸਿਸਟੈਂਟ ਪ੍ਰੋਫੈਸਰ ਜੋਤੀ, ਲਾਇਬ੍ਰੇਰੀਅਨ ਸਾਕਸ਼ੀ ਛੰਨਾ, ਅਸਿਸਟੈਂਟ ਪ੍ਰੋਫੈਸਰ ਚੀਨਾ, ਅਸਿਸਟੈਂਟ ਪ੍ਰੋਫੈਸਰ ਹਰਪ੍ਰੀਤ ਸਿੰਘ, ਕਲਰਕ ਰਮਨ ਤੇ ਵੀ. ਸੀ. ਮੌਜੂਦ ਸਨ। ਖੇਡ ਮੁਕਾਬਲਿਆਂ ਦੌਰਾਨ ਅਸਿਸਟੈਂਟ ਪ੍ਰੋਫੈਸਰ ਹਰਪ੍ਰੀਤ ਸਿੰਘ ਨੇ ਰੈਫਰੀ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਈ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ ਤੇ ਕਾਲਜ ਪ੍ਰਬੰਧਕਾਂ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਖੇਡ ਸਮਾਗਮ ਕਰਵਾਉਣ ਦਾ ਭਰੋਸਾ ਦਿੱਤਾ ਗਿਆ।

# ਬਾਬਾ ਫ਼ਰੀਦ 'ਵਰਸਿਟੀ ਵੱਲੋਂ 'ਟਿਕਾਊ ਸੰਸਥਾਵਾਂ' ਕੈਟੇਗਰੀ ਲਈ ਦਾਅਵੇਦਾਰੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ) ਫ਼ਰੀਦਕੋਟ ਨੇ ਵਾਤਾਵਰਣ ਦੀ ਸਥਿਰਤਾ ਤੇ ਟਿਕਾਊ ਵਿਕਾਸ ਵੱਲ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਐੱਨ ਆਈ ਆਰ ਐੱਫ)-2026 ਦੇ ਤਹਿਤ 'ਸਸਟੇਨੇਬਲ ਇੰਸਟੀਚਿਊਸ਼ਨਜ਼' (ਟਿਕਾਊ ਸੰਸਥਾਵਾਂ) ਕੈਟੇਗਰੀ ਲਈ ਆਪਣੀ ਅਰਜ਼ੀ ਦਾਖ਼ਲ ਕਰ ਦਿੱਤੀ ਹੈ।ਯੂਨੀਵਰਸਿਟੀ ਵੱਲੋਂ ਪਹਿਲੀ ਵਾਰ ਇਸ ਵਿਸ਼ੇਸ਼ ਸ਼੍ਰੇਣੀ ਵਿੱਚ ਅਪਲਾਈ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਬੀ ਐੱਫ ਯੂ ਐੱਚ ਐੱਸ ਨੇ ਸਾਲ 2024 ਵਿੱਚ ਨਿਊਯਾਰਕ (ਅਮਰੀਕਾ) ਵਿਖੇ ਹੋਈ 8ਵੀਂ 'ਗ੍ਰੀਨ ਸਕੂਲ ਕਾਨਫਰੰਸ' ਵਿੱਚ 'ਇੰਟਰਨੈਸ਼ਨਲ ਗ੍ਰੀਨ ਯੂਨੀਵਰਸਿਟੀ ਐਵਾਰਡ' ਜਿੱਤ ਕੇ ਪਹਿਲਾਂ ਹੀ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਧਾਂਕ ਜਮਾਈ ਹੈ।ਇਹ ਨਵੀਂ ਅਰਜ਼ੀ ਯੂਨੀਵਰਸਿਟੀ ਦੇ ਵਾਤਾਵਰਣ-ਅਨੁਕੂਲ ਕੈਂਪਸ ਦੇ ਵਿਜ਼ਨ ਨੂੰ ਹੋਰ ਮਜ਼ਬੂਤ ਕਰਦੀ ਹੈ।ਵਾਈਸ ਚਾਂਸਲਰ ਪ੍ਰੋ. ਰਾਜੀਵ ਸੂਦ ਨੇ ਦੱਸਿਆ ਕਿ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਐੱਨ ਆਈ ਆਰ ਐੱਫ ਦੀ 'ਓਵਰਆਲ ਕੈਟੇਗਰੀ' ਲਈ ਵੀ ਡਾਟਾ ਜਮ੍ਹਾਂ ਕਰਵਾਇਆ ਹੈ।ਯੂਨੀਵਰਸਿਟੀ ਪ੍ਰਸ਼ਾਸਨ ਨੂੰ ਉਮੀਦ ਹੈ ਕਿ ਇਨ੍ਹਾਂ ਪਹਿਲ ਕਦਮੀਆਂ ਸਦਕਾ ਬੀ ਐੱਫ ਯੂ ਐੱਚ ਐੱਸ ਆਉਣ ਵਾਲੇ ਸਮੇਂ ਵਿੱਚ ਇੱਕ ਹਰੇ-ਭਰੇ ਤੇ ਵਾਤਾਵਰਣ ਪੱਖੋਂ ਜ਼ਿੰਮੇਵਾਰ ਮੋਹਰੀ ਸੰਸਥਾ ਵਜੋਂ ਉੱਭਰੇਗੀ।



# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਵਿਖੇ ਸੁਖਬੀਰ ਬਾਦਲ ਹੋਏ ਨਤਮਸਤਕ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਸ਼ਹੀਦ ਬਾਬਾ ਤੇਗਾ ਸਿੰਘ ਜੀ ਅਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਤ ਸਲਾਨਾ ਸ਼ਹੀਦੀ ਜੋੜ ਮੇਲੇ ਦੇ ਲੜੀਵਾਰ ਪਾਠਾਂ ਦੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਗੁਰਦੁਆਰਾ ਚੰਦ ਪੁਰਾਣਾ ਵਿਖੇ ਨਤਮਸਤਕ ਹੋਣ ਲਈ ਪੁੱਜੇ ਤੇ ਗੁਰੂ ਘਰ ਦੀਆਂ ਅਸੀਸਾ ਪ੍ਰਾਪਤ ਕੀਤੀ।ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼ਹੀਦਾਂ ਦੀ ਧਰਤੀ ਤੇ ਨਤਮਸਤਕ ਹੋਣ ਲਈ ਅਕਸਰ ਹੀ ਮੇਰੇ ਪਿਤਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਇਆ ਕਰਦੇ ਸਨ, ਕਿਉਂਕਿ ਉਨ੍ਹਾਂ ਦਾ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਨਾਲ ਅਥਾ ਸਨੇਹ ਸੀ, ਕਿਉਂਕਿ ਬਾਬਾ ਨਛੱਤਰ ਸਿੰਘ ਜੀ ਜਿੱਥੇ ਸੰਗਤਾਂ ਨੂੰ ਗੁਰੂ ਨਾਲ ਜੋੜਦੇ ਸਨ, ਉਥੇ ਸਮਾਜ ਸੇਵਾ ਦੇ ਵੀ ਕਾਰਜ ਕਰਦੇ ਰਹਿੰਦੇ ਸਨ। ਉਹ ਸਿੱਖ ਕੜੀ ਨੂੰ ਨਿਰੰਤਰ ਜਾਰੀ ਰੱਖਦਿਆਂ ਅਸਥਾਨ 'ਤੇ ਮੌਜੂਦਾ ਮੁਖੀ ਬਾਬਾ ਗੁਰਦੀਪ ਸਿੰਘ ਜੀ ਜਿੱਥੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜ ਕੇ ਅੰਮ੍ਰਿਤਧਾਰੀ ਹੋਣ ਦੀ ਸਿੱਖਿਆ ਦਿੱਤੀ ਜਾਂਦੀ ਹੈ, ਉੱਥੇ ਇਨ੍ਹਾਂ ਵੱਲੋਂ ਸਮਾਜ ਸੇਵਾ ਦੇ ਕਾਰਜਾਂ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾ ਰਿਹਾ ਹੈ।ਬੇਸਹਾਰਾ ਬਜ਼ੁਰਗਾਂ ਲਈ ਬਿਰਧ ਆਸ਼ਰਮ ਚੱਲ ਰਿਹਾ ਹੈ ਅਤੇ ਲੋੜਵੰਦਾਂ ਨੂੰ ਇਹ ਸੇਵਾਵਾਂ ਮੁਹਈਆ ਕਰਾਉਣ ਲਈ ਅਕਸਰ ਫ੍ਰੀ ਮੈਡੀਕਲ ਕੈਂਪ ਲਵਾਏ ਜਾਂਦੇ ਹਨ, ਉਥੇ ਹੀ ਦਵਾਈਆਂ ਦੇ ਮੁਫਤ ਤਕਸੀਮ ਕੀਤੀਆਂ ਜਾਂਦੀਆਂ ਹਨ।

# ਵਿਧਾਨ ਸਭਾ ਵੱਲ ਮਾਰਚ ਕਰਦੇ ਅਧਿਆਪਕਾਂ 'ਤੇ ਤਸ਼ੱਦਦ ਦੀ ਨਿਖੇਧੀ



**ਸਮਰਾਲਾ (ਸੁਰਜੀਤ ਸਿੰਘ)**-ਸਿੱਖਿਆ ਵਿਭਾਗ ਵਲੋਂ ਅਧਿਆਪਕਾਂ ਉਤੇ ਟੈੱਟ ਪਾਸ ਕਰਨ ਦੀ ਲਾਈ ਸ਼ਰਤ ਦੇ ਖਿਲਾਫ ਰੋਸ ਪ੍ਰਗਟ ਕਰਦਿਆਂ ਪੰਜਾਬ ਦੇ ਅਧਿਆਪਕਾਂ ਵੱਲੋਂ ਚੰਡੀਗੜ੍ਹ ਵਿਖੇ ਵਿਧਾਨ ਸਭਾ ਵੱਲ ਮਾਰਚ ਕਰਨ ਦੇ ਦਿੱਤੇ ਸੱਦੇ ਤਹਿਤ ਪੰਜਾਬ ਦੀਆਂ ਸਮੂਹ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਦੀ ਅਗਵਾਈ ਹੇਠ ਪੰਜਾਬ ਦੇ ਹਜ਼ਾਰਾਂ ਅਧਿਆਪਕਾਂ ਵੱਲੋਂ ਵਿਧਾਨ ਸਭਾ ਵੱਲ ਕੀਤੇ ਜਾ ਰਹੇ ਮਾਰਚ 'ਤੇ ਪੰਜਾਬ ਸਰਕਾਰ ਵੱਲੋਂ ਕੀਤੇ ਤਸ਼ੱਦਦ, ਪਾਣੀ ਦੀਆਂ ਬੁਛਾੜਾਂ ਮਾਰਨ ਤੇ ਅੱਥਰੂ ਗੋਲੇ ਦਾਗਣ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ, ਮਾਸਟਰ ਕਾਡਰ ਯੂਨੀਅਨ, ਅਧਿਆਪਕ ਯੂਨੀਅਨ, ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਮਿਡ ਡੇਅ ਮੀਲ ਵਰਕਰ ਯੂਨੀਅਨ, ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਲੁਧਿਆਣਾ ਵੱਲੋਂ ਸਖਤ ਨਿਖੇਧੀ ਕੀਤੀ ਗਈ ਹੈ।ਜਥੇਬੰਦੀਆਂ ਦੇ ਆਗੂਆਂ ਸਾਧੂ ਸਿੰਘ, ਰਮਨ ਝੌਰੜਾ, ਅਵਤਾਰ ਸਿੰਘ ਰਸੂਲਪੁਰ, ਸੁਖਵਿੰਦਰ ਸਿੰਘ ਲੀਲ, ਰਮਨਜੀਤ ਸਿੰਘ ਸੰਧੂ, ਰੁਪਿੰਦਰ ਪਾਲ ਸਿੰਘ ਜੰਡਿਆਲੀ, ਪਰਮਿੰਦਰ ਸਿੰਘ ਸਿੰਘ ਮਲੌਦ, ਬਲਜਿੰਦਰ ਸਿੰਘ, ਅਮਰਿੰਦਰ ਸਿੰਘ, ਜਸਵਿੰਦਰ ਸਿੰਘ ਐਤੀਆਣਾ, ਪ੍ਰਵੀਨ ਕੁਮਾਰੀ ਤੇ ਪਿੰਕੀ ਰਾਣੀ ਨੇ ਕਿਹਾ ਕਿ ਅਧਿਆਪਕਾਂ ਨੂੰ ਸਰਵਿਸ ਵਿੱਚ ਬਣੇ ਰਹਿਣ ਅਤੇ ਪ੍ਰਮੋਸ਼ਨਾਂ ਸਮੇਂ ਜਬਰੀ ਟੈੱਸਟ ਲੈਣ ਦੇ ਖਿਲਾਫ਼ ਪੰਜਾਬ ਦੇ ਅਧਿਆਪਕ ਪਿਛਲੇ ਦੋ ਮਹੀਨੇ ਤੋਂ ਸੰਘਰਸ਼ ਕਰ ਰਹੇ ਹਨ ਤੇ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਹ ਪੰਜਾਬ ਦੇ ਅਧਿਆਪਕਾਂ ਦੀਆਂ ਸਰਵਿਸਾਂ ਨੂੰ ਸੁਰੱਖਿਅਤ ਕਰਦਿਆਂ ਵਿਧਾਨ ਸਭਾ ਵਿੱਚ ਮਤਾ ਪਾਸ ਕਰੇ ਇਸ ਮੰਗ ਲਈ ਪੰਜਾਬ ਦੇ ਸਮੂਹ ਅਧਿਆਪਕਾਂ ਵੱਲੋਂ ਪੰਜਾਬ ਦੇ ਮੰਤਰੀਆਂ ਤੇ ਵਿਧਾਇਕਾਂ ਨੂੰ ਮੰਗ ਪੱਤਰ ਦਿੱਤੇ ਗਏ, ਪਰ ਸਰਕਾਰ ਵੱਲੋਂ ਇਸ ਬਾਰੇ ਕੋਈ ਵੀ ਨਿਰਣਾ ਨਹੀਂ ਲਿਆ ਗਿਆ, ਜਿਸ ਕਰਕੇ ਇਸ ਮੰਗ ਨੂੰ ਲੈ ਕੇ ਪੰਜਾਬ ਦੇ ਹਜ਼ਾਰਾਂ ਅਧਿਆਪਕ ਵਿਧਾਨ ਸਭਾ ਦੇ ਚਲਦੇ ਸੈਸ਼ਨ ਤਹਿਤ ਵਿਧਾਨ ਸਭਾ ਵੱਲ ਮਾਰਚ ਕਰ ਰਹੇ ਸਨ।ਸਰਕਾਰ ਵੱਲੋਂ ਕੋਈ ਯੋਗ ਹੱਲ ਕੱਢਣ ਦੀ ਬਜਾਏ ਅਧਿਆਪਕਾਂ ਤੇ ਤਸ਼ੱਦਦ ਲਾਠੀਚਾਰਜ ਅਤੇ ਅੱਥਰੂ ਗੋਲੇ ਦਾਗੇ ਗਏ ਹਨ, ਜਿਸ ਨਾਲ ਬਹੁਤ ਸਾਰੇ ਅਧਿਆਪਕ ਜ਼ਖ਼ਮੀ ਹੋਏ ਅਤੇ ਅਤੇ ਸੈਂਕੜਿਆਂ ਅਧਿਆਪਕਾਂ ਦੀਆਂ ਪੱਗਾਂ ਲੱਥ ਗਈਆਂ।

# ਸਰਪੰਚ ਸੋਹੀ ਇੰਡਸਟ੍ਰੀਅਲ ਚੈਂਬਰ ਦੇ ਪ੍ਰਧਾਨ ਬਣੇ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਸੰਗਰੂਰ ਇੰਡਸ਼ਟਰੀਅਲ ਚੈਂਬਰ ਧੂਰੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਦੌਰਾਨ ਸਰਪੰਚ ਗੁਰਜੰਟ ਸਿੰਘ ਸੋਹੀ ਨੂੰ ਸਰਬਸੰਮਤੀ ਨਾਲ ਇੰਡਸ਼ਟਰੀਅਲ ਚੈਂਬਰ ਦਾ ਪ੍ਰਧਾਨ ਚੁਣਿਆ ਗਿਆ ਤੇ ਬਾਕੀ ਮੈਂਬਰ ਨਾਮਜ਼ਦ ਕਰਨ ਦੇ ਅਧਿਕਾਰ ਦਿੱਤੇ ਗਏ, ਜਦੋਂਕਿ ਚੋਣ ਦੌਰਾਨ ਬਲਜੀਤ ਸਿੰਘ ਨੂੰ ਸਰਪ੍ਰਸਤ ਤੇ ਕੁਲਦੀਪ ਸਿੰਘ ਬੁੱਟਰ ਨੂੰ ਇੰਡਸ਼ਟਰੀ ਚੈਂਬਰ ਦਾ ਚੇਅਰਮੈਨ ਚੁਣਿਆ ਗਿਆ।ਚੋਣ ਉਪਰੰਤ ਨਵੇਂ ਬਣੇ ਪ੍ਰਧਾਨ ਗੁਰਜੰਟ ਸਿੰਘ ਸੋਹੀ ਨੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦਿਆਂ ਇੰਡਸ਼ਟਰੀ ਨੂੰ ਦਰਪੇਸ਼ ਮੁਸ਼ਕਲਾਂ ਨੂੰ ਹਲ ਕਰਾਉਣ ਲਈ ਯਤਨਸ਼ੀਲ ਰਹਿਣਗੇ।

## ਪ੍ਰੋਗਰੈਸਿਵ ਪੰਜਾਬ ਇਨਵੈਸਟ੍ਰਜ਼ ਸਮਿੱਟ 2026

# ਮਿੱਤਲ ਵੱਲੋਂ ਸਪੈਸ਼ਲਟੀ ਤੇ ਫਾਈਨ ਕੈਮੀਕਲਜ਼ 'ਚ 2,600 ਕਰੋੜ ਦੇ ਨਵੇਂ ਨਿਵੇਸ਼ ਦੀ ਘੋਸ਼ਣਾ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬ ਵਿੱਚ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਐੱਚ ਐੱਮ ਈ ਐੱਲ ਦੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਆਉਣ ਵਾਲੇ ਸਮੇਂ ਵਿੱਚ ਸਪੈਸ਼ਲਟੀ ਤੇ ਫਾਈਨ ਕੈਮੀਕਲਜ਼ ਦੇ ਖੇਤਰ ਵਿੱਚ ?2,600 ਕਰੋੜ ਦਾ ਨਵਾਂ ਨਿਵੇਸ਼ ਕਰੇਗੀ।ਇਹ ਘੋਸ਼ਣਾ ਪ੍ਰਸਿੱਧ ਉਦਯੋਗਪਤੀ ਲਕਸ਼ਮੀ ਨਿਵਾਸ ਮਿੱਤਲ ਨੇ ਸ਼ੁੱਕਰਵਾਰ ਨੂੰ ਪ੍ਰੋਗਰੈਸਿਵ ਪੰਜਾਬ ਇਨਵੈਸਟ੍ਰਜ਼ ਸਮਿੱਟ- 2026 ਦੌਰਾਨ ਕੀਤੀ।ਉਨ੍ਹਾਂ ਕਿਹਾ ਕਿ ਹੁਣ ਐੱਚ ਐੱਮ ਈ ਐੱਲ ਸਪੈਸ਼ਲਟੀ ਤੇ ਫਾਈਨ ਕੈਮੀਕਲਜ਼ ਦੇ ਖੇਤਰ ਵਿੱਚ ਨਿਵੇਸ਼ ਨਾਲ ਅੱਗੇ ਵਧ ਰਹੀ ਹੈ, ਜਿਸ ਨਾਲ ਫਾਰਮਾਂ ਤੇ ਕੈਮੀਕਲ ਸੈਕਟਰ ਲਈ ਨਵੇਂ ਮੌਕੇ ਖੁੱਲ੍ਹਣਗੇ।ਕੰਪਨੀ ਬਠਿੰਡਾ ਵਿੱਚ ਗ੍ਰੀਨ ਐਨਰਜੀ ਦੇ ਖੇਤਰ ਵਿੱਚ ਵੀ ਨਿਵੇਸ਼ ਕਰ ਰਹੀ ਹੈ ਤੇ ਭਵਿੱਖ ਵਿੱਚ ਰੀਨਿਊਏਬਲ ਤੇ ਸਸਟੇਨੇਬਲ ਐਨਰਜੀ ਵਿੱਚ ਆਪਣੀ ਭਾਗੀਦਾਰੀ ਹੋਰ ਵਧਾਏਗੀ।

ਮਿੱਤਲ ਨੇ ਦੱਸਿਆ ਕਿ ਐੱਚ ਐੱਮ ਈ ਐੱਲ ਨੇ ਪੰਜਾਬ ਵਿੱਚ ਹੁਣ ਤੱਕ 60,000 ਕਰੋੜ ਤੋਂ ਵੱਧ ਦਾ ਨਿਵੇਸ਼ ਕੀਤਾ ਹੈ, ਜੋ ਰਾਜ ਦਾ ਸਭ ਤੋਂ ਵੱਡਾ ਸਿੰਗਲ-ਸਾਈਟ ਨਿਵੇਸ਼ ਹੈ।ਸਾਲ 2008 ਵਿੱਚ 9 ਮਿਲੀਅਨ ਮੈਟ੍ਰਿਕ ਟਨ ਸਮਰੱਥਾ ਨਾਲ ਸ਼ੁਰੂ ਹੋਇਆ ਇਹ ਪ੍ਰੋਜੈਕਟ ਅੱਜ ਵਿਸਥਾਰ ਦੇ ਨਾਲ ਪੰਜਾਬ ਦੀ ਇਕੱਲੀ ਆਇਲ ਰਿਫਾਇਨਰੀ ਵਜੋਂ ਸਥਾਪਿਤ ਹੋ ਚੁੱਕਾ ਹੈ ਤੇ ਦੇਸ਼ ਦੀ ਵਧ ਰਹੀ ਊਰਜਾ ਲੋੜ ਨੂੰ ਪੂਰਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ।

ਇਸ ਮੌਕੇ ਐੱਚ ਐੱਮ ਈ ਐੱਲ ਦੇ ਐੱਮ ਡੀ ਤੇ ਸੀਈਓ ਸ਼੍ਰੀ ਪ੍ਰਭ ਦਾਸ, ਸ਼੍ਰੀ ਸੰਜੀਵ ਮਲਹੋਤਰਾ (ਵਾਇਸ ਪ੍ਰੈਜ਼ੀਡੈਂਟ-ਟ੍ਰੇਜ਼ਰੀ, ਟੈਕਸ ਤੇ ਇਨਸ਼ੋਰੈਂਸ), ਸ਼੍ਰੀ ਰਜਨੀਸ਼ ਮਹਿਤਾ (ਵੀ ਪੀ-ਮਾਰਕੇਟਿੰਗ) ਤੇ ਸ਼੍ਰੀ ਮਾਲਵਿੰਦਰ ਸਿੰਘ ਬੱਟੂ ਸਮੇਤ ਐੱਚ ਐੱਮ ਈ ਐੱਲ ਦੀ ਸੀਨੀਅਰ ਮੈਨੇਜਮੈਂਟ ਟੀਮ ਵੀ ਸਮਿੱਟ ਵਿੱਚ ਮੌਜੂਦ ਰਹੀ।

ਸਮਿੱਟ ਦੌਰਾਨ ਮਿੱਤਲ ਨੇ ਐੱਚ ਐੱਮ ਈ ਐੱਲ ਵੱਲੋਂ ਕੀਤੇ ਜਾ ਰਹੇ ਸਮੁਦਾਇਕ ਵਿਕਾਸ ਕਾਰਜਾਂ ਦਾ ਵੀ ਜਾਇਜ਼ਾ ਲਿਆ।ਉਨ੍ਹਾਂ ਸੈਲਫ-ਹੈਲਪ ਗਰੁੱਪ ਦੀਆਂ ਮਹਿਲਾਵਾਂ ਵੱਲੋਂ ਤਿਆਰ ਕੀਤੇ ਉਤਪਾਦਾਂ ਦੇ ਸਟਾਲ ਦਾ ਦੌਰਾ ਕਰਕੇ ਪਿੰਡਾਂ ਦੀਆਂ ਉਦਯੋਗਪਤੀ ਮਹਿਲਾਵਾਂ ਦਾ ਹੌਸਲਾ ਵਧਾਇਆ। ਐੱਚ ਐੱਮ ਈ ਐੱਲ ਨੇ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੇ ਆਲੇ-ਦੁਆਲੇ ਦੇ 59 ਪਿੰਡਾਂ ਵਿੱਚ 790 ਸੈਲਫ-ਹੈਲਪ ਗਰੁੱਪ ਬਣਾ ਕੇ 7,947 ਪਿੰਡਾਂ ਦੀਆਂ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।



**ਨਿਹਾਲ ਸਿੰਘ ਵਾਲਾ ਦੀ ਮਸਜਿਦ ਵਿਖੇ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਕਈ ਅਹਿਮ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਡਾਕਟਰ ਫਕੀਰ ਮੁਹੰਮਦ ਚੇਅਰਮੈਨ ਨਿਹਾਲ ਸਿੰਘ ਵਾਲਾ, ਚੇਅਰਮੈਨ ਸਮਾਲਸਰ, ਟੀਨੂੰ ਨਿਹਾਲ ਸਿੰਘ ਵਾਲਾ ਤੋਂ ਇਲਾਵਾ ਮੁਸਲਮਾਨ ਭਾਈਚਾਰਾ ਹਾਜ਼ਰ ਸੀ।** (ਫੋਟੋ ਤੇ ਵੇਰਵਾ : ਲਵਲੀ ਮਾਛੀਕੇ)

# ਵਿੱਤ ਮੰਤਰੀ ਵੱਲੋਂ ਦਿੜ੍ਹਬਾ 'ਚ 100 ਉੱਦਮੀ ਔਰਤਾਂ ਦਾ ਸਨਮਾਨ

**ਮਹਿਲਾਵਾਂ ਦੇ ਸਸ਼ਕਤੀਕਰਨ ਲਈ ਪੰਜਾਬ ਸਰਕਾਰ ਵਚਨਬੱਧ : ਹਰਪਾਲ ਚੀਮਾ**



**ਸੰਗਰੂਰ/ਦਿੜ੍ਹਬਾ (ਪ੍ਰਵੀਨ ਸਿੰਘ/ਜਸਵੀਰ ਲਾਡੀ)**
ਅੰਤਰਰਾਸ਼ਟਰੀ ਮਹਿਲਾ ਦਿਵਸ ਸਬੰਧੀ ਦਿੜ੍ਹਬਾ ਵਿਖੇ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਸ੍. ਹਰਪਾਲ ਸਿੰਘ ਚੀਮਾ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਆਪਣੀ ਮਿਹਨਤ ਤੇ ਲਗਨ ਨਾਲ ਮਿਸਾਲ ਕਾਇਮ ਕਰਨ ਵਾਲੀਆਂ 100 ਉੱਦਮੀ ਔਰਤਾਂ ਨੂੰ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਮਹਿਲਾਵਾਂ ਤੇ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੀਆਂ ਮਹਿਲਾਵਾਂ ਦੇ ਸਸ਼ਕਤੀਕਰਨ ਤੇ ਉਨ੍ਹਾਂ ਦੀ ਆਰਥਿਕ ਤਰੱਕੀ ਲਈ ਲਗਾਤਾਰ ਕਦਮ ਚੁੱਕ ਰਹੀ ਹੈ।ਉਨ੍ਹਾਂ ਕਿਹਾ ਕਿ ਮਹਿਲਾਵਾਂ ਸਮਾਜ ਦੀ ਰੀੜ੍ਹ ਦੀ ਹੱਡੀ ਹਨ ਤੇ ਜਦੋਂ ਮਹਿਲਾਵਾਂ ਮਜ਼ਬੂਤ ਹੁੰਦੀਆਂ ਹਨ ਤਾਂ ਪਰਵਾਰ, ਸਮਾਜ ਤੇ ਦੇਸ਼ ਵੀ ਮਜ਼ਬੂਤ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਵਾਅਦੇ ਮੁਤਾਬਕ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸੂਬੇ ਦੀਆਂ ਮਹਿਲਾਵਾਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਯੋਜਨਾ ਲਈ ਰਜਿਸਟਰੇਸ਼ਨ ਪ੍ਰਕਿਰਿਆ 13 ਅਪ੍ਰੈਲ ਤੋਂ ਸ਼ੁਰੂ ਹੋ ਜਾਵੇਗੀ, ਜਿਸ ਨਾਲ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੂੰ ਲਾਭ ਮਿਲੇਗਾ।ਇਸ ਯੋਜਨਾ ਤਹਿਤ ਪੰਜਾਬ ਦੀਆਂ ਬਾਲਗ ਮਹਿਲਾਵਾਂ ਨੂੰ ਹਰ ਮਹੀਨੇ 1,000 ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ, ਜਦਕਿ ਅਨੁਸੂਚਿਤ ਜਾਤੀ ਵਰਗ ਨਾਲ ਸੰਬੰਧਤ ਮਹਿਲਾਵਾਂ ਨੂੰ ਪ੍ਰਤੀ ਮਹੀਨਾ 1,500 ਰੁਪਏ ਦੀ ਰਕਮ ਸਿੱਧੇ ਤੌਰ 'ਤੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਜਾਵੇਗੀ।

ਉਨ੍ਹਾ ਕਿਹਾ ਕਿ ਇਸ ਯੋਜਨਾ ਨਾਲ ਮਹਿਲਾਵਾਂ ਨੂੰ ਘਰੇਲੂ ਖਰਚੇ ਪੂਰੇ ਕਰਨ ਵਿੱਚ ਸਹਾਇਤਾ ਮਿਲੇਗੀ ਤੇ ਉਹ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਬਣ ਸਕਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਤੇ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਸਮਾਗਮ ਦੇ ਅੰਤ 'ਤੇ ਵਿੱਤ ਮੰਤਰੀ ਵੱਲੋਂ ਸਨਮਾਨਤ ਕੀਤੀਆਂ ਗਈਆਂ ਮਹਿਲਾਵਾਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨ੍ਹਾਂ ਦੀ ਮਿਹਨਤ ਦੀ ਸਰਾਹਨਾ ਕੀਤੀ ਗਈ।ਇਸ ਮੌਕੇ ਮਾਰਕਿਟ ਕਮੇਟੀ ਦਿੜ੍ਹਬਾ ਦੀ ਚੇਅਰਪਰਸਨ ਜਸਬੀਰ ਕੌਰ ਸ਼ੇਰਗਿੱਲ ਸਮੇਤ ਆਪ ਦੇ ਵੱਖ ਵੱਖ ਅਹੁਦੇਦਾਰ, ਪਤਵੰਤੇ ਤੇ ਵੱਡੀ ਗਿਣਤੀ ਹਲਕਾ ਵਾਸੀ ਹਾਜ਼ਰ ਸਨ।

# ਪੀ ਆਰ ਟੀ ਸੀ ਦੇ ਡਰਾਈਵਰ ਦੀ ਸੜਕ ਹਾਦਸੇ 'ਚ ਮੌਤ

**ਰੋਡਵੇਜ਼ ਠੇਕਾ ਕਾਮਿਆਂ ਬੋਹਾ-ਬੁਢਲਾਡਾ ਸੜਕ 'ਤੇ ਕੀਤਾ ਚੱਕਾ ਜਾਮ**



**ਬੋਹਾ (ਨਿਰੰਜਣ ਬੋਹਾ)**-ਸ਼ਨੀਵਾਰ ਸਵੇਰੇ ਪੌਣੇ ਚਾਰ ਵਜੇ ਬੋਹਾ-ਬੁਢਲਾਡਾ ਨਹਿਰੀ ਪੁਲ ਕੋਲ ਹੋਏ ਸੜਕ ਹਾਦਸੇ ਵਿੱਚ ਪੀ. ਆਰ. ਟੀ. ਸੀ. ਦੇ ਡਰਾਇਵਰ ਦਵਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਬੋਹਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦਵਿੰਦਰ ਸਿੰਘ ਸਵੇਰ ਸਮੇਂ ਆਪਣੀ ਡਿਊਟੀ 'ਤੇ ਹਾਜ਼ਰ ਹੋਣ ਲਈ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਬੁਢਲਾਡਾ ਵੱਲ ਜਾ ਰਿਹਾ ਸੀ ਤਾਂ ਸਾਹਮਣੇ ਵਾਲੇ ਪਾਸਿਓਂ ਆ ਰਹੀ ਇੱਕ ਤੇਜ਼ ਰਫਤਾਰ ਮਰੂਤੀ ਸਜ਼ੂਕੀ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ ਤੇ ਉਸ ਨੂੰ ਦੂਰ ਤੱਕ ਘੜੀਸ ਕੇ ਲੈ ਗਈ।ਬਾਅਦ ਵਿੱਚ ਕਾਰ ਸਤੁੰਲਨ ਵਿਗੜ ਜਾਣ ਕਾਰਨ ਨੇੜਲੀ ਦੁਕਾਨ ਦਾ ਸ਼ਟਰ ਤੋੜ ਕੇ ਦੁਕਾਨ ਵਿੱਚ ਵੜ ਗਈ ਤੇ ਦੋਸ਼ੀ ਕਾਰ ਛੱਡ ਕੇ ਫਰਾਰ ਹੋ ਗਏ।ਇਸ ਘਟਨਾ ਦਾ ਪਤਾ ਲੱਗਣ 'ਤੇ ਪੀ. ਆਰ. ਟੀ. ਸੀ. ਕੱਚਾ ਮੁਲਾਜ਼ਮ ਯੂਨੀਅਨ ਤੇ ਬੋਹਾ ਦੇ ਲੋਕਾਂ ਨੇ ਮ੍ਰਿਤਕ ਦੀ ਲਾਸ਼ ਸੜਕ 'ਤੇ ਰੱਖ ਕੇ ਧਰਨਾ ਲਾ ਕੇ ਚੱਕਾ ਜਾਮ ਕਰ ਦਿੱਤਾ।ਧਰਨਾਕਾਰੀਆਂ ਨੇ ਕਾਰ ਸਵਾਰ ਲੋਕਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ।ਪੀ. ਆਰ. ਟੀ. ਸੀ. ਕਰਮਚਾਰੀ ਯੂਨੀਅਨ ਦੇ ਸੂਬਾ ਸਕੱਤਰ ਰਮਨਜੀਤ ਸਿੰਘ ਤੇ ਬੁਢਲਾਡਾ ਡੀਪੂ ਦੇ ਪ੍ਰਧਾਨ ਰਾਜਦੀਪ ਸਿੰਘ ਨੇ ਮੰਗ ਕੀਤੀ ਕਿ ਮ੍ਰਿਤਕ ਡਰਾਈਵਰ ਦੀ ਪਤਨੀ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ ਤੇ ਉਸ 'ਤੇ ਆਸ਼ਰਿਤ ਤਿੰਨ ਬੱਚਿਆਂ ਦੀ ਪਰਵਿਸ਼ ਲਈ ਪੰਜਾਹ ਲੱਖ ਦੀ ਰਾਸ਼ੀ ਜਾਰੀ ਕੀਤੀ ਜਾਵੇ।ਇਸ ਸਮੇਂ ਮੌਕੇ 'ਤੇ ਪਹੁੰਚੇ ਥਾਣਾ ਬੋਹਾ ਦੇ ਮੁਖੀ ਬਲਦੇਵ ਸਿੰਘ ਨੇ ਕਿਹਾ ਕਿ ਮੁਲਜ਼ਮਾਂ ਦੀ ਸ਼ਨਾਖ਼ਤ ਕਰ ਲਈ ਗਈ ਹੈ ਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਪੁਲਸ ਟੀਮ ਰਵਾਨਾ ਹੋ ਗਈ ਹੈ।ਮੌਕੇ 'ਤੇ ਪੁੱਜੇ ਵਿਧਾਨ ਸਭਾ ਬੁਢਲਾਡਾ ਦੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਰੋਡਵੇਜ਼ ਤੇ ਹੋਰ ਸਬੰਧਤ ਮਹਿਕਮਿਆਂ ਦੇ ਅਧਿਕਾਰੀਆਂ ਨਾਲ ਗੱਲ ਕਰਕੇ ਉਨ੍ਹਾਂ ਦੀਆਂ ਕੁਝ ਮੰਗਾਂ ਪ੍ਰਵਾਨ ਕਰਨ ਦਾ ਵਿਸ਼ਵਾਸ ਦਿਵਾਇਆ, ਪਰ ਧਰਨਾਕਾਰੀ ਸੰਤੁਸ਼ਟ ਨਾ ਹੋਏ।ਖ਼ਬਰ ਲਿਖੇ ਜਾਣ ਤੱਕ ਧਰਨਾ ਜਾਰੀ ਸੀ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 15 ਲੱਖ ਲੋਕਾਂ ਦੇ ਕਾਰਡ ਬਣੇ, ਹਰ ਪਰਵਾਰ ਨੂੰ ਮਿਲੇਗਾ ਲਾਭ : ਬਲਤੇਜ ਪੰਨੂ

- ਅਮਿਤ ਸ਼ਾਹ ਪੰਜਾਬ ਦੇ ਰੋਕੇ ਫੰਡ ਜਾਰੀ ਕਰਵਾਉਣ ਤੇ ਕੇਂਦਰ ਸੂਬੇ ਨਾਲ ਵਿਤਕਰਾ ਬੰਦ ਕਰੇ
- ਮਾਨ ਸਰਕਾਰ ਨੇ ਪੰਜਾਬ ਦੀ ਆਰਥਿਕਤਾ ਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕੀਤਾ



**ਪਟਿਆਲਾ (ਰਾਜਿੰਦਰ ਸਿੰਘ ਸਿੰਘ)**
ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਜਨਰਲ ਸਕੱਤਰ ਤੇ ਸੂਬਾ ਮੀਡੀਆ ਮੁਖੀ ਬਲਤੇਜ ਪੰਨੂ ਨੇ ਜ਼ੋਰਦਾਰ ਢੰਗ ਨਾਲ ਕਿਹਾ ਹੈ ਕਿ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਆਪਣੇ ਪੰਜਾਬ ਦੌਰੇ ਮੌਕੇ ਸੂਬੇ ਦੇ ਰੋਕੇ ਗਏ ਫੰਡ ਜਾਰੀ ਕਰਵਾਉਣ।ਬਲਤੇਜ ਪੰਨੂ ਪਟਿਆਲਾ ਸਥਿਤ ਗ੍ਰੀਨਫੀਲਡ ਸੰਤ ਐਨਕਲੇਵ ਵਿਖੇ 'ਮੁੱਖ ਮੰਤਰੀ ਸਿਹਤ ਯੋਜਨਾ' ਦੀ ਰਜਿਸਟ੍ਰੇਸ਼ਨ ਕਰਕੇ ਕਾਰਡ ਬਣਾਉਣ ਲਈ ਲਗਾਏ ਗਏ ਤਿੰਨ ਰੋਜ਼ਾ ਕੈਂਪ ਦੇ ਦੂਜੇ ਦਿਨ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।ਇਸ ਮੌਕੇ ਬਲਤੇਜ ਪੰਨੂ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ 65 ਲੱਖ ਪਰਵਾਰਾਂ ਦੇ ਸਿਹਤ ਯੋਜਨਾ ਕਾਰਡ ਬਣਾਏ ਜਾਣੇ ਹਨ ਤੇ ਹੁਣ ਤੱਕ ਕਰੀਬ 15 ਲੱਖ ਲੋਕਾਂ ਦੇ ਇਹ ਕਾਰਡ ਬਣ ਚੁੱਕੇ ਹਨ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਬਲਤੇਜ ਪੰਨੂ ਨੇ ਕੇਂਦਰ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਜੇਕਰ ਗ੍ਰਿਹ ਮੰਤਰੀ ਪੰਜਾਬ ਵਿੱਚ ਰੈਲੀ ਕਰਨ ਆ ਆਏ ਹਨ, ਤਾਂ ਉਹ ਸੂਬੇ ਦਾ ਕੇਂਦਰ ਵੱਲ ਰੁਕਿਆ ਹੋਇਆ ਆਰ.ਡੀ.ਐੱਫ. ਤੇ ਹੋਰ ਸਕੀਮਾਂ ਦੇ ਫੰਡ ਵੀ ਲਿਆਉਣ।ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦੇ ਦੋਸ਼ ਲਾਉਂਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਕੇਂਦਰ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਹੀ ਕੀਤਾ ਹੈ।ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰ ਤੇ ਪੰਜਾਬ ਯੂਨੀਵਰਸਿਟੀ ਵਰਗੇ ਅਹਿਮ ਮਸਲਿਆਂ 'ਤੇ ਕੇਂਦਰ ਨੇ ਹਮੇਸ਼ਾ ਸੂਬੇ ਨੂੰ ਉਲਝਾ ਕੇ ਰੱਖਿਆ ਹੈ।ਪੰਨੂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਮਿਤ ਸ਼ਾਹ ਤੋਂ ਪੰਜਾਬ ਦੇ ਇਨ੍ਹਾਂ ਗੰਭੀਰ ਮਸਲਿਆਂ ਬਾਰੇ ਸਵਾਲ ਜ਼ਰੂਰ ਪੁੱਛਣ।ਉਨ੍ਹਾਂ ਯਾਦ ਦਿਵਾਇਆ ਕਿ ਹੜ੍ਹਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਪੰਜਾਬ ਦਾ ਹਵਾਈ ਦੌਰਾ ਕਰਕੇ ਨੁਕਸਾਨ ਦੀ ਭਰਪਾਈ ਲਈ 1600 ਕਰੋੜ ਰੁਪਏ ਦੇ ਫੰਡ ਦੇਣ ਦਾ ਐਲਾਨ ਕੀਤਾ ਸੀ, ਪਰ ਅਫਸੋਸ ਦੀ ਗੱਲ ਹੈ ਕਿ ਉਹ ਫੰਡ ਅੱਜ ਤੱਕ ਪੰਜਾਬ ਨੂੰ ਨਹੀਂ ਮਿਲੇ।ਵਿਰੋਧੀ ਨੇਤਾਵਾਂ 'ਤੇ ਟਿੱਪਣੀ ਕਰਦਿਆਂ ਪੰਨੂ ਨੇ ਸੁਖਪਾਲ ਸਿੰਘ ਖਹਿਰਾ ਬਾਰੇ ਕਿਹਾ ਕਿ ਉਨ੍ਹਾਂ ਦਾ ਦਿਮਾਗੀ ਸੰਤੁਲਨ ਖਰਾਬ ਹੋ ਚੁੱਕਾ ਹੈ।ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਦੇ ਸਮੇਂ ਪੰਜਾਬ ਵਿੱਚ ਨਸ਼ਾ ਤੇ ਗੈਂਗਸਟਰਵਾਦ ਸਿਖਰਾਂ 'ਤੇ ਪਹੁੰਚਿਆ ਸੀ, ਜਿਸ ਨੇ ਸੂਬੇ ਨੂੰ ਬਰਬਾਦ ਕਰਕੇ ਰੱਖ ਦਿੱਤਾ।ਬਲਤੇਜ ਪੰਨੂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੀਆਂ ਲੋਕ ਭਲਾਈ ਸਕੀਮਾਂ ਸਮੇਤ ਰੋਜ਼ਗਾਰ, ਖੇਡਾਂ, ਸਿੱਖਿਆ ਤੇ ਸਿਹਤ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਆਪ' ਸਰਕਾਰ ਦਿਨ-ਰਾਤ ਪੰਜਾਬ ਦੇ ਵਿਕਾਸ ਲਈ ਕੰਮ ਕਰ ਰਹੀ ਹੈ।ਉਨ੍ਹਾਂ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਦੱਸਿਆ ਕਿ ਮੌਜੂਦਾ ਸਰਕਾਰ ਪੰਜਾਬ ਦੀ ਆਰਥਿਕਤਾ ਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਮੌਕੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ, ਮੇਘ ਚੰਦ ਸ਼ੇਰਮਾਜਰਾ ਤੇ ਗੁਰਵਿੰਦਰ ਸਿੰਘ ਸਮੇਤ ਹੋਰ ਅਹੁਦੇਦਾਰ ਮੌਜੂਦ ਸਨ।

## ਕਾਤਰਾਂ

### ਇਨਕਲਾਬੀ ਕੇਂਦਰ ਪੰਜਾਬ ਵੱਲੋਂ ਅਧਿਆਪਕਾਂ 'ਤੇ ਢਾਹੇ ਜਬਰ ਦੀ ਨਿੰਦਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਨੇ ਕਿਹਾ ਕਿ ਇਨਕਲਾਬੀ ਕੇਂਦਰ ਪੰਜਾਬ ਸੇਵਾ ਨਿਭਾਅ ਰਹੇ ਅਧਿਆਪਕਾਂ ਉੱਪਰ ਜਬਰੀ ਥੋਪੀ ਟੈਟ ਟੈਸਟ ਪਾਸ ਕਰਨ ਦੀ ਸ਼ਰਤ ਦਾ ਵਿਰੋਧ ਕਰ ਰਹੇ ਅਧਿਆਪਕਾਂ ਉੱਪਰ ਪੁਲਸ ਵੱਲੋਂ ਢਾਹੇ ਅੰਨ੍ਹੇ ਜਬਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ।ਅਧਿਆਪਕਾਂ ਦੇ ਇਸ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਨ ਦਾ ਐਲਾਨ ਤੇ ਸੇਵਾ ਨਿਭਾਅ ਰਹੇ ਅਧਿਆਪਕਾਂ ਉੱਪਰ ਜਬਰੀ ਥੋਪੀ ਟੈਟ ਟੈਸਟ ਪਾਸ ਕਰਨ ਦੀ ਸ਼ਰਤ ਰੱਦ ਕਰਨ ਦੀ ਮੰਗ ਕਰਦਾ ਹੈ।ਇਨਕਲਾਬੀ ਕੇਂਦਰ ਪੰਜਾਬ ਸਮਝਦਾ ਹੈ ਕਿ ਇਹ ਸ਼ਰਤ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਐੱਨ ਈ ਪੀ-2020 ਤਹਿਤ ਸਿੱਖਿਆ ਦੇ ਭਗਵਾਂਕਰਨ ਤੇ ਨਿੱਜੀਕਰਨ ਦੀ ਨੀਤੀ ਦਾ ਹਿੱਸਾ ਹੈ।ਅਧਿਆਪਕ ਜਥੇਬੰਦੀਆਂ ਨੂੰ ਜਬਰੀ ਥੋਪੇ ਟੈੱਟ ਟੈਸਟ ਪਾਸ ਕਰਨ ਰੱਦ ਕਰਨ ਦੀ ਮੰਗ ਦੇ ਨਾਲ ਨਾਲ ਨਵੀਂ ਸਿੱਖਿਆ ਨੀਤੀ-2020 ਰੱਦ ਕਰਨ ਦੀ ਮੰਗ ਵੀ ਉਭਾਰਨੀ ਚਾਹੀਦੀ ਹੈ।

### ਹੋਮਗਾਰਡ ਲਾਲ ਚੰਦ ਨੂੰ ਸੇਵਾਮੁਕਤ ਹੋਣ 'ਤੇ ਕੀਤਾ ਸਨਮਾਨਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਥਾਣਾ ਵਿਖੇ ਤਾਇਨਾਤ ਹੋਮਗਾਰਡ ਲਾਲ ਚੰਦ ਨੂੰ ਸੇਵਾਮੁਕਤ ਹੋਣ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਡੀ.ਐੱਸ.ਪੀ. ਤਰਲੋਚਨ ਸਿੰਘ ਨੇ ਹੋਮਗਾਰਡ ਲਾਲ ਚੰਦ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਇਸ ਕਰਮਚਾਰੀ ਨੇ ਆਪਣੀ ਡਿਊਟੀ ਬੜੀ ਤਨਦੇਹੀ ਤੇ ਈਮਾਨਦਾਰੀ ਨਾਲ ਨਿਭਾਈ। ਉਨ੍ਹਾਂ ਕਿਹਾ ਕਿ ਹੋਮਗਾਰਡ ਲਾਲ ਚੰਦ ਹਮੇਸ਼ਾ ਪੁਲਸ ਥਾਣਾ ਵਿਖੇ ਆਉਣ ਵਾਲੇ ਵਿਅਕਤੀ ਨੂੰ ਖਿੜੇ ਮੱਥੇ ਮਿਲਦਾ ਰਿਹਾ ਤੇ ਇਸ ਦੇ ਮਿਲਣਸਾਰ ਸੁਭਾਅ ਦੀ ਹਰ ਇਲਾਕਾ ਨਿਵਾਸੀ ਤਾਰੀਫ਼ ਕਰਦਾ ਸੀ। ਇਸ ਮੌਕੇ ਸਮੂਹ ਪੁਲਸ ਕਰਮਚਾਰੀਆਂ ਵੱਲੋਂ ਹੋਮਗਾਰਡ ਲਾਲ ਚੰਦ ਨੂੰ ਗਿਫ਼ਟ ਦਿੱਤੇ ਗਏ ਤੇ ਫੁੱਲਾਂ ਦੇ ਹਾਰ ਪਾ ਕੇ ਥਾਣੇ ਤੋਂ ਵਿਦਾ ਕੀਤਾ ਗਿਆ। ਇਸ ਮੌਕੇ ਥਾਣਾ ਮੁਖੀ ਪਵਿੱਤਰ ਸਿੰਘ, ਸੰਜੀਵ ਕੁਮਾਰ, ਕਰਨੈਲ ਸਿੰਘ, ਸੋਹਣ ਸਿੰਘ (ਸਾਰੇ ਸਹਾਇਕ ਥਾਣੇਦਾਰ), ਮੁੱਖ ਮੁਨਸ਼ੀ ਕੁਲਜੀਤ ਸਿੰਘ, ਸੁਰਿੰਦਰ ਸਿੰਘ ਹਾਜ਼ਰ ਸਨ।

### ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ ਅੱਜ

**ਲੁਧਿਆਣਾ (ਭਾਟੀਆ, ਕਥੂਰੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਚੋਣ 15 ਮਾਰਚ ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਵੇਗੀ।ਵੋਟਾਂ ਸਵੇਰੇ 8 ਵਜੇ ਤੋਂ ਸ਼ਾਮ 3 ਵਜੇ ਤੱਕ ਪੈਣਗੀਆਂ ਤੇ ਉਸੇ ਦਿਨ ਵੋਟਾਂ ਦੀ ਗਿਣਤੀ ਕਰਨ ਉਪਰੰਤ ਨਤੀਜੇ ਦਾ ਐਲਾਨ ਕਰ ਦਿੱਤਾ ਜਾਵੇਗਾ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਲਈ ਡਾ. ਸਰਬਜੀਤ ਸਿੰਘ ਤੇ ਸ੍ਰੀ ਅਮਰ ਗਰਗ ਕਲਮਦਾਨ ਚੋਣ ਮੈਦਾਨ ਵਿੱਚ ਹਨ।ਉਪਰੋਕਤ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਧਿਕਾਰੀ ਸ੍ਰੀ ਵਿਜੇ ਕੁਮਾਰ ਦੱਤਾ ਨੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਭਵਨ ਲੁਧਿਆਣਾ ਵਿਖੇ ਸਮੇਂ ਸਿਰ ਵੋਟਾਂ ਪਾ ਕੇ ਸਹਿਯੋਗ ਦੇਣ।

# ਰੇਲਵੇ ਸਟਾਫ ਨੇ ਲਾਵਾਰਿਸ ਬੱਚੀ ਨੂੰ ਪਰਵਾਰ ਤੱਕ ਪਹੁੰਚਾਉਣ 'ਚ ਨਿਭਾਈ ਅਹਿਮ ਭੂਮਿਕਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਮੰਡਲ ਦੇ ਟਿਕਟ ਚੈਕਿੰਗ ਸਟਾਫ ਨੇ ਆਪਣੀ ਡਿਊਟੀ ਦੇ ਨਾਲ-ਨਾਲ ਇਨਸਾਨੀਅਤ ਦਾ ਵੱਡਾ ਸਬੂਤ ਪੇਸ਼ ਕਰਦਿਆਂ ਇਕ ਨਾਬਾਲਗ ਬੱਚੀ ਨੂੰ ਮੁਸੀਬਤ ਤੋਂ ਬਚਾ ਕੇ ਉਸ ਦੇ ਪਰਿਵਾਰ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। 12 ਮਾਰਚ 2026 ਨੂੰ ਅੰਮ੍ਰਿਤਸਰ ਹੈੱਡਕੁਆਰਟਰ ਵਿਖੇ ਤਾਇਨਾਤ ਟਿਕਟ ਚੈਕਿੰਗ ਸਟਾਫ ਤੇ ਮਨੀਸ਼ ਕੁਮਾਰ ਮੀਣਾ ਟਰੇਨ ਨੰਬਰ 12926 ਪੱਛਮ ਸੁਪਰਫਾਸਟ ਐਕਸਪ੍ਰੈੱਸ ਵਿੱਚ ਆਪਣੀ ਡਿਊਟੀ ਨਿਭਾਅ ਰਹੇ ਸਨ। ਸਲੀਪਰ ਕੋਚ ਵਿੱਚ ਚੈਕਿੰਗ ਦੌਰਾਨ ਉਨ੍ਹਾਂ ਦੀ ਨਜ਼ਰ ਇੱਕ 12-13 ਸਾਲ ਦੀ ਮਾਸੂਮ ਬੱਚੀ 'ਤੇ ਪਈ, ਜੋ ਇਕੱਲੀ ਸਫਰ ਕਰ ਰਹੀ ਸੀ ਤੇ ਉਸ ਕੋਲ ਕੋਈ ਟਿਕਟ ਵੀ ਨਹੀਂ ਸੀ। ਬੱਚੀ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਦੋਵਾਂ ਕਰਮਚਾਰੀਆਂ ਨੇ ਸੰਵੇਦਨਸ਼ੀਲਤਾ ਦਿਖਾਈ ਤੇ ਤੁਰੰਤ ਵਪਾਰਕ ਕੰਟਰੋਲ ਰੂਮ ਨਵੀਂ ਦਿੱਲੀ ਨਾਲ ਸੰਪਰਕ ਕੀਤਾ। ਬੱਚੀ ਨੂੰ ਸੁਰੱਖਿਅਤ ਤਰੀਕੇ ਨਾਲ ਨਵੀਂ ਦਿੱਲੀ ਸਟੇਸ਼ਨ 'ਤੇ ਮਹਿਲਾ ਆਰ.ਪੀ.ਐੱਫ. ਸਟਾਫ ਦੇ ਹਵਾਲੇ ਕਰ ਦਿੱਤਾ ਗਿਆ, ਤਾਂ ਜੋ ਕਾਨੂੰਨੀ ਕਾਰਵਾਈ ਮੁਕੰਮਲ ਕਰਕੇ ਉਸ ਨੂੰ ਉਸ ਦੇ ਮਾਪਿਆਂ ਤੱਕ ਪਹੁੰਚਾਇਆ ਜਾ ਸਕੇ। ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਦੋਵਾਂ ਮੁਲਾਜ਼ਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਤੀਸ਼ ਕੁਮਾਰ ਤੇ ਮਨੀਸ਼ ਕੁਮਾਰ ਨੇ ਆਪਣੀ ਡਿਊਟੀ ਪ੍ਰਤੀ ਜੋ ਤੱਤਪਰਤਾ ਤੇ ਜ਼ਿੰਮੇਵਾਰੀ ਦਿਖਾਈ ਹੈ, ਉਸ ਨਾਲ ਰੇਲਵੇ ਦਾ ਅਕਸ ਹੋਰ ਉੱਚਾ ਹੋਇਆ ਹੈ। ਇਹ ਬਾਕੀ ਸਾਰੇ ਰੇਲ ਕਰਮਚਾਰੀਆਂ ਲਈ ਇਕ ਪ੍ਰੇਰਨਾਦਾਇਕ ਮਿਸਾਲ ਹੈ।

# ਸੈਂਕੜੇ ਕਿਸਾਨਾਂ-ਮਜ਼ਦੂਰਾਂ ਵੱਲੋਂ ਗ੍ਰਿਹ ਮੰਤਰੀ ਦੀ ਰੈਲੀ ਦੇ ਵਿਰੋਧ 'ਚ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ ਜ਼ਿਲ੍ਹਾ ਮੋਗਾ ਵਿਖੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਬੀਕੇਯੂ ਏਕਤਾ ਅਜ਼ਾਦ, ਬੀਕੇਯੂ ਕ੍ਰਾਂਤੀਕਾਰੀ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਵੱਲੋਂ ਦਾਣਾ ਮੰਡੀ ਵਿੱਚ ਵਿਸ਼ਾਲ ਰੋਸ ਰੈਲੀ ਕੀਤੀ ਗਈ। ਰੋਸ ਰੈਲੀ ਕਰਨ ਉਪਰੰਤ ਭਾਰੀ ਪੁਲਸ ਫੋਰਸ ਲਗਾਈ ਹੋਣ ਦੇ ਬਾਵਜੂਦ ਸ਼ਹਿਰ ਅੰਦਰ ਰੋਸ ਮਾਰਚ ਕੀਤਾ।ਬੱਸ ਸਟੈਂਡ ਦੇ ਸਾਹਮਣੇ ਮੇਨ ਚੌਕ ਜਾਮ ਕਰਕੇ ਅੰਮਿਤ ਸ਼ਾਹ ਦੀ ਅੱਜ ਕਿੱਲੀ ਚਾਹਲਾਂ ਵਿਖੇ ਹੋ ਰਹੀ ਸੂਬਾ ਪੱਧਰੀ ਰੈਲੀ ਦਾ ਵਿਰੋਧ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਤੇ ਅਮਿਤ ਸ਼ਾਹ ਦਾ ਪੁਤਲਾ ਫੂਕਿਆ ਤੇ ਭਾਜਪਾ ਦੀ ਕੇਂਦਰ ਸਰਕਾਰ ਨੂੰ ਪੰਜਾਬ ਕਿਸਾਨ ਮਜ਼ਦੂਰ ਘੱਟ ਗਿਣਤੀਆਂ ਵਿਰੋਧੀ ਗਰਦਾਨਿਆ।ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸਤਨਾਮ ਸਿੰਘ ਪੰਨੂ, ਲਖਵੀਰ ਸਿੰਘ ਦੌਧਰ, ਜਗਮੋਹਨ ਸਿੰਘ ਕੰਗ ਨੇ ਕਿਹਾ ਕਿ ਅੰਮਿਤ ਸ਼ਾਹ ਦੀ ਅੱਜ ਦੀ ਰੈਲੀ ਦਾ ਵਿਰੋਧ ਮੋਗਾ ਸਮੇਤ ਪੰਜਾਬ ਭਰ ਦੇ 19 ਜ਼ਿਲ੍ਹਿਆਂ ਵਿੱਚ ਕੀਤਾ ਜਾ ਰਿਹਾ ਹੈ।ਕਿਸਾਨ ਆਗੂਆਂ ਨੇ ਗ੍ਰਿਹ ਮੰਤਰੀ ਅੰਮਿਤ ਸ਼ਾਹ ਤੋਂ ਸਵਾਲ ਪੁੱਛੇ ਕਿ ਹੁਣ ਤੱਕ ਐੱਮ.ਐੱਸ.ਪੀ. ਦੀ ਗਾਰੰਟੀ ਦਾ ਕਾਨੂੰਨ, ਕਿਸਾਨਾਂ ਮਜ਼ਦੂਰਾਂ ਦਾ ਕਰਜ਼ਾ ਖ਼ਤਮ ਕਰਨ ਤੇ ਡਾ. ਸਵਾਮੀ ਨਾਥਨ ਦੀ ਰਿਪੋਰਟ ਲਾਗੂ ਕਿਉਂ ਨਹੀਂ ਕੀਤੀ, ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਸਮੇਤ ਬੁੱਧੀਜੀਵੀ, ਪੱਤਰਕਾਰ ਰਿਹਾਅ ਕਿਉਂ ਨਹੀਂ ਕਰ ਰਹੇ? ਇਸੇ ਤਰ੍ਹਾਂ ਸਵਾਲ ਕੀਤਾ ਕਿ ਅਮਰੀਕਾ ਨਾਲ ਵਪਾਰਕ ਸੰਧੀ ਕਰਨਾ, ਬੀਜ ਐਕਟ, ਬਿਜਲੀ ਸੋਧ ਬਿੱਲ 2025 ਲਿਆਉਣਾ, ਮਨਰੇਗਾ ਸਕੀਮ ਬੰਦ ਕਰਨੀ, 29 ਲੇਬਰ ਕਾਨੂੰਨ ਰੱਦ ਕਰਕੇ 4 ਲੇਬਰ ਕੋਡ ਲਾਗੂ ਕਰਨੇ ਆਦਿ ਲੋਕ ਵਿਰੋਧੀ ਫੈਸਲੇ ਕਰਕੇ ਤੁਸੀਂ ਕਿਸਾਨਾਂ ਮਜ਼ਦੂਰਾਂ ਦੀ ਮੌਤ 'ਤੇ ਸਾਈਨ ਕਿਉਂ ਕੀਤੇ ਹਨ, ਇਸ ਦਾ ਜਵਾਬ ਦੇਣ ਤੋਂ ਬਗੈਰ ਤੁਹਾਨੂੰ ਪੰਜਾਬ ਵਿੱਚ ਰੈਲੀ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਸ਼ੰਭੂ ਖਨੌਰੀ ਬਾਰਡਰਾਂ ਉੱਤੇ ਲੱਗਾ ਕਿਸਾਨ ਮੋਰਚਾ 19 ਮਾਰਚ 2025 ਨੂੰ ਕੇਂਦਰ ਤੇ ਪੰਜਾਬ ਸਰਕਾਰ ਨੇ ਮਿਲੀਭੁਗਤ ਨਾਲ ਖਦੇੜਿਆ ਹੈ, ਟਰਾਲੀਆਂ ਸਮੇਤ ਸਾਮਾਨ ਚੋਰੀ ਕਰਨ ਦੇ ਜ਼ਿੰਮੇਵਾਰ ਤੁਸੀਂ ਹੋ, ਪ੍ਰਧਾਨ ਮੰਤਰੀ ਮੋਦੀ ਜਿਸ ਤਰ੍ਹਾਂ ਟਰੰਪ ਦੇ ਪੈਰਾਂ ਵਿੱਚ ਡਿੱਗਾ ਹੋਇਆ ਹੈ, ਤੁਹਾਡੀ ਸਰਕਾਰ ਦੇਸ਼ ਵਿੱਚ ਫਿਰਕੂ ਫਾਸ਼ੀਵਾਦ ਫੈਲਾ ਕੇ ਘੱਟ ਗਿਣਤੀਆਂ 'ਤੇ ਹਮਲਾ ਕਰ ਰਹੀ ਹੈ।ਇਸ ਮੌਕੇ ਜ਼ਿਲ੍ਹਾ ਆਗੂ ਅਵਤਾਰ ਸਿੰਘ ਧਰਮ ਸਿੰਘ ਵਾਲਾ, ਗੁਰਮੇਲ ਸਿੰਘ ਲੋਹਗੜ੍ਹ, ਜਗਰਾਜ ਸਿੰਘ ਦੱਦਾ ਹੂਰ, ਹਰਮੰਦਰ ਸਿੰਘ ਡੇਮਰੂ, ਬਲਵਿੰਦਰ ਸਿੰਘ ਕਿਸ਼ਨਪੁਰਾ, ਸੁਖਦੇਵ ਸਿੰਘ ਤਲਵੰਡੀ ਭੰਗੇਰੀਆ, ਗੁਰਦੇਵ ਸਿੰਘ ਸ਼ਾਹ, ਰਣਜੀਤ ਸਿੰਘ ਬੁੱਟਰ, ਜਰਨੈਲ ਸਿੰਘ, ਸੂਰਤ ਸਿੰਘ ਮੋਗਾ, ਨਛੱਤਰ ਸਿੰਘ ਹੋਰ ਇੰਦਰਮੋਹਨ ਸਿੰਘ ਪੱਤੋਂ, ਬੀਕੇਯੂ ਕ੍ਰਾਂਤੀਕਾਰੀ ਦੇ ਆਗੂ ਬਲਦੇਵ ਸਿੰਘ ਮਹੇਸ਼ਰੀ, ਬਲਜਿੰਦਰ ਸਿੰਘ ਸੋਸਣ, ਬੀਕੇਯੂ ਏਕਤਾ ਅਜ਼ਾਦ ਦੇ ਆਗੂ ਅਜਮੇਰ ਸਿੰਘ, ਨਿਰਮਲ ਸਿੰਘ ਸੰਘਾ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਰ ਸਨ।

# ਸੀ ਪੀ ਆਈ ਐੱਮ ਤਹਿਸੀਲ ਜਲਾਲਾਬਾਦ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**
ਸੀ ਪੀ ਆਈ ਐੱਮ ਤਹਿਸੀਲ ਜਲਾਲਾਬਾਦ ਦੀ ਮੀਟਿੰਗ ਕਾਮਰੇਡ ਅਰਜਨ ਸਿੰਘ ਬਾਹਮਣੀਵਾਲਾ ਦੀ ਪ੍ਰਧਾਨਗੀ ਹੇਠ ਕਾਮਰੇਡ ਨੱਥਾ ਸਿੰਘ ਦੇ ਗ੍ਰਿਹ ਨਿਵਾਸ ਜੰਮੂ ਬਸਤੀ ਜਲਾਲਾਬਾਦ ਵਿਖੇ ਹੋਈ।

ਇਸ ਮੀਟਿੰਗ ਵਿੱਚ ਕਾਮਰੇਡ ਨੱਥਾ ਸਿੰਘ, ਕਾਮਰੇਡ ਰੇਸ਼ਮ ਸਿੰਘ, ਕਾਮਰੇਡ ਸੁਰਜੀਤ ਟਿਵਾਣਾ, ਕਾਮਰੇਡ ਅਮਰਜੀਤ ਸਿੰਘ, ਕਾਮਰੇਡ ਲਛਮਣ ਸਿੰਘ, ਕਾਮਰੇਡ ਬੂੜ, ਸਿੰਘ ਮਹਾਲਮ, ਰੇਸ਼ਮਾ ਬਾਈ, ਕੁਲਦੀਪ ਕੌਰ, ਗੁਰਦਾਸ ਸਿੰਘ ਮੋਹਨਕੇ ਹਾਜ਼ਰ ਹੋਏ। ਮੀਟਿੰਗ ਵਿੱਚ ਵਿੱਛੜ ਚੁੱਕੇ ਸਾਥੀਆਂ ਤੇ ਈਰਾਨ 'ਤੇ ਅਮਰੀਕਾ ਤੇ ਇਜ਼ਰਾਈਲ ਵੱਲੋਂ ਕੀਤੇ ਗਏ ਹਮਲੇ ਵਿੱਚ ਸ਼ਹੀਦ ਕੀਤੇ ਗਏ ਸੁਪਰੀਮ ਨੇਤਾ ਆਇਤੁੱਲਾ ਖਾਮੇਨੇਈ, ਉਨ੍ਹਾਂ ਦੀ ਬੇਟੀ ਤੇ ਨਾਤੀ ਦੀ ਸ਼ਹਾਦਤ 'ਤੇ ਸ਼ੋਕ ਪ੍ਰਗਟ ਕੀਤਾ ਗਿਆ। ਇਸ ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਸੀ.ਪੀ.ਆਈ.ਐਮ. ਕਾਮਰੇਡ ਕਾਲੂ ਰਾਮ ਤੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਗੁਰਮੀਤ ਸਿੰਘ ਨੇ ਉਚੇਚੇ ਤੌਰ 'ਤੇ ਹਿੱਸਾ ਲਿਆ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਮਰੇਡ ਕਾਲੂ ਰਾਮ ਨੇ ਕਿਹਾ ਕਿ 11 ਮਾਰਚ ਤੋਂ ਪਾਰਟੀ ਵੱਲੋਂ ਸੁਰ ਸਿੰਘ ਵਾਲਾ ਤੋਂ ਸੀ ਪੀ ਆਈ ਐੱਮ ਪੰਜਾਬ ਜੱਥਾ ਮਾਰਚ ਸ਼ੁਰੂ ਕੀਤਾ ਹੈ। ਇਹ ਜੱਥਾ ਮਾਰਚ ਸੂਬਾ ਸਕੱਤਰ ਸੀ.ਪੀ.ਆਈ.ਐੱਮ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਦੀ ਅਗਵਾਈ ਹੇਠ ਪੰਜਾਬ ਦੇ ਵੱਖ ਵੱਖ ਪਿੰਡਾਂ ਵਿੱਚੋਂ ਹੁੰਦਾ ਹੋਇਆ 18 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੀ ਸਮਾਧ ਹੁਸੈਨੀਵਾਲਾ ਵਿਖੇ ਪਹੁੰਚੇਗਾ। ਇਥੇ ਸ਼ਹੀਦ ਭਗਤ ਸਿੰਘ ਤੇ ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਮੀਟਿੰਗ ਨੂੰ ਕਾਮਰੇਡ ਨੱਥਾ ਸਿੰਘ ਤੇ ਕਾਮਰੇਡ ਗੁਰਮੀਤ ਸਿੰਘ ਨੇ ਸੰਬੋਧਨ ਕੀਤਾ।

# ਭਾਜਪਾ ਵਫ਼ਦ ਨੇ ਨਗਰ ਨਿਗਮ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ



**ਲੁਧਿਆਣਾ (ਜਸਦੀਪ ਵਰਤੀਆ)**-ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੇ ਨਿਰਦੇਸ਼ਾਂ ਹੇਠ ਭਾਜਪਾ ਦੇ ਇੱਕ ਵਫ਼ਦ ਨੇ ਨਗਰ ਨਿਗਮ ਕਮਿਸ਼ਨਰ ਨੀਰੂ ਕਤਿਆਲ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਤੇ ਮੰਗ ਪੱਤਰ ਸੌਂਪਿਆ।ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਬਾਂਸਲ ਤੇ ਭਾਜਪਾ ਕੌਂਸਲਰ ਸੁਮਨ ਵਰਮਾ ਨੇ ਦੱਸਿਆ ਕਿ ਠੇਕੇਦਾਰ ਨੇ 'ਆਪ' ਵਿਧਾਇਕ ਦੇ ਹੁਕਮਾਂ 'ਤੇ ਵਾਰਡ ਨੰਬਰ 70 ਵਿੱਚ ਚੱਲ ਰਿਹਾ ਕੰਮ ਬੰਦ ਕਰ ਦਿੱਤਾ ਹੈ।ਉਨ੍ਹਾਂ ਦੱਸਿਆ ਕਿ 'ਆਪ' ਵਿਧਾਇਕ ਨੇ ਕੁਝ ਦਿਨ ਪਹਿਲਾਂ ਵਾਰਡ ਵਿੱਚ ਕੰਮ ਸ਼ੁਰੂ ਕੀਤਾ ਸੀ।ਹਾਲਾਂਕਿ, ਠੇਕੇਦਾਰ ਨੇ 'ਆਪ' ਵਿਧਾਇਕ ਦੇ ਕਹਿਣ 'ਤੇ ਦੋ ਦਿਨ ਪਹਿਲਾਂ ਕੰਮ ਛੱਡ ਦਿੱਤਾ ਸੀ।ਜਦੋਂ ਕੌਂਸਲਰ ਸੁਮਨ ਵਰਮਾ ਨੇ ਇਸ ਬਾਰੇ ਠੇਕੇਦਾਰ ਨਾਲ ਗੱਲ ਕੀਤੀ ਤਾਂ ਉਸ ਨੇ ਕੰਮ ਦੁਬਾਰਾ ਸ਼ੁਰੂ ਕਰਨ ਤੋਂ ਇਨਕਾਰ ਕਰ ਦਿੱਤਾ।ਨੀਰੂ ਕਤਿਆਲ ਨੇ ਭਾਜਪਾ ਆਗੂਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਵਾਰਡ ਵਿੱਚ ਕੰਮ ਜਲਦੀ ਹੀ ਦੁਬਾਰਾ ਸ਼ੁਰੂ ਕਰ ਦਿੱਤਾ ਜਾਵੇਗਾ।ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਨਰਿੰਦਰ ਸਿੰਘ ਮੱਲੀ, ਪ੍ਰੈੱਸ ਸਕੱਤਰ ਡਾ: ਸਤੀਸ਼ ਕੁਮਾਰ, ਕੌਂਸਲਰ ਰੁਚੀ ਗੁਲਾਟੀ, ਮੰਡਲ/ਸਰਕਲ ਪ੍ਰਧਾਨ ਸਕੱਤਰ ਕੇਸ਼ਵ ਗੁਪਤਾ, ਵਿਪਨ ਵਿਨਾਇਕ, ਕਸ਼ਿਸ਼ ਰਤੜਾ, ਦੀਪਕ ਸ਼ਰਮਾ, ਜਨਰਲ ਸਕੱਤਰ ਦਵਿੰਦਰ ਭਾਟੀਆ, ਮੀਤ ਪ੍ਰਧਾਨ ਸੁਪਰਨ ਸੁੰਡਾ ਤੇ ਵਾਰਡ ਨੰ: 70 ਦੇ ਵਸਨੀਕ ਰਾਜੇਸ਼ ਭਣੋਟ, ਰਾਕੇਸ਼ ਭਣੋਟ, ਰਾਕੇਸ਼ ਸਾਲਦੀ, ਰਵਿੰਦਰ ਸੂਦ, ਹਰੀਸ਼ ਕਪੂਰ, ਗੌਰਵ ਵਰਮਾ, ਮਨੂ ਸ਼ਰਮਾ, ਨਿਤਿਨ ਵਰਮਾ, ਕਰਨ ਕੁਮਾਰ, ਆਸ਼ੂ ਜੈਨ ਆਦਿ ਹਾਜ਼ਰ ਸਨ।

# ਦਿੱਲੀ 'ਚ ਅਗਵਾ ਕੀਤੇ ਵਿਦਿਆਰਥੀਆਂ ਤੇ ਹੋਰ ਕਾਰਕੁਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ : ਜਮਹੂਰੀ ਫਰੰਟ

**ਲੁਧਿਆਣਾ/ਲੌਂਗੋਵਾਲ (ਸਤੀਸ਼ ਸਚਦੇਵਾ/ਪ੍ਰਦੀਪ ਸੱਪਲ)**-ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੀ ਸੂਬਾ ਕਮੇਟੀ ਨੇ ਕੱਲ੍ਹ ਦਿੱਲੀ ਵਿੱਚ ਮਜ਼ਦੂਰ ਅਧਿਕਾਰ ਕਾਰਕੁਨਾਂ ਤੇ ਹੋਰ ਜਮਹੂਰੀ ਕਾਰਕੁਨਾਂ ਨੂੰ ਖੁਫ਼ੀਆ ਏਜੰਸੀਆਂ ਵੱਲੋਂ ਗ਼ੈਰ-ਕਾਨੂੰਨੀ ਤੌਰ 'ਤੇ ਚੁੱਕਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਹਕੂਮਤੀ ਜਬਰ ਵਿਰੁੱਧ ਮੁਹਿੰਮ (ਸੀਏਐੱਸਆਰ) ਵੱਲੋਂ ਜਾਰੀ ਕੀਤੇ ਅਲਰਟ ਅਨੁਸਾਰ ਕੱਲ੍ਹ ਦਿੱਲੀ ਵਿੱਚ ਵਿਦਿਆਰਥੀਆਂ ਤੇ ਕਾਰਕੁਨਾਂ ਦੇ ਲਾਪਤਾ ਹੋਣ ਦਾ ਗੰਭੀਰ ਵਰਤਾਰਾ ਸਾਹਮਣੇ ਆਇਆ ਹੈ।ਇਹ ਹਮਲਾ 12 ਮਾਰਚ ਨੂੰ ਐਡਵੋਕੇਟ ਸੁਰਿੰਦਰ ਗਾਰਡਿੰਗ ਦੀ ਪਿਛਲੇ 7 ਸਾਲ ਤੋਂ ਝੂਠੇ ਕੇਸਾਂ ਤਹਿਤ ਜੇਲ੍ਹਬੰਦੀ ਵਿਰੁੱਧ ਆਵਾਜ਼ ਉਠਾਉਣ ਤੇ ਉਸ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਸੀਏਐੱਸਆਰ ਵੱਲੋਂ ਦਿੱਲੀ ਵਿੱਚ ਕੀਤੀ ਜਨਤਕ ਇਕੱਤਰਤਾ ਤੋਂ ਬੌਖਲਾ ਕੇ ਜਮਹੂਰੀ ਆਵਾਜ਼ਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਕੀਤਾ ਗਿਆ ਹੈ।

ਜੇਲ੍ਹਾਂ ਵਿੱਚ ਡੱਕੇ ਸਾਰੇ ਹੀ ਜਮਹੂਰੀ ਕਾਰਕੁਨਾਂ ਤੇ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕਰਦਿਆਂ ਮੰਚ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ. ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ, ਯਸ਼ਪਾਲ ਤੇ ਸੂਬਾ ਕਮੇਟੀ ਮੈਂਬਰ ਬਲਬੀਰ ਲੌਂਗੋਵਾਲ ਨੇ ਇਹ ਜਾਣਕਾਰੀ ਸਾਂਝੀ ਕੀਤੀ।12 ਮਾਰਚ ਨੂੰ ਦਿਆਲ ਸਿੰਘ ਕਾਲਜ ਵਿੱਚ ਸੰਪਰਕ ਕਰਨ ਲਈ ਗਈ ਵਿਦਿਆਰਥੀ ਕਾਰਕੁਨ ਇਲਕੀਆ (ਜੋ ਦਿੱਲੀ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੀ ਮਾਸਟਰ ਡਿਗਰੀ ਦੀ ਵਿਦਿਆਰਥਣ ਤੇ ਭਗਤ ਸਿੰਘ ਛਾਤਰ ਏਕਤਾ ਮੰਚ ਦੀ ਕਾਰਕੁਨ ਹੈ ਅਤੇ ਮਜ਼ਦੂਰ ਅਧਿਕਾਰ ਸੰਗਠਨ ਕੁੰਡਲੀ-ਸੋਨੀਪਤ ਦੇ ਮਜ਼ਦੂਰ ਕਾਰਕੁਨ ਸ਼ਿਵ ਕੁਮਾਰ ਨੂੰ ਦੁਪਹਿਰ ਲਗਭਗ 1 ਵਜੇ ਡੀ ਐੱਸ ਸੀ/ਜੇ ਐੱਲ ਐੱਨ ਮੈਟਰੋ ਗੇਟ ਦੇ ਬਾਹਰੋਂ ਚੁੱਕ ਲਿਆ ਗਿਆ।ਨੇੜੇ ਮੌਜੂਦ ਦੁਕਾਨਦਾਰਾਂ ਅਨੁਸਾਰ ਸਾਦੇ ਕੱਪੜਿਆਂ ਵਿੱਚ ਕਿਸੇ ਖੁਫ਼ੀਆ ਏਜੰਸੀ ਦੀ 3-4 ਮੈਂਬਰੀ ਟੀਮ ਵੱਲੋਂ ਉਨ੍ਹਾਂ ਨੂੰ ਜ਼ਬਰਦਸਤੀ ਸਕਾਰਪਿਓ ਗੱਡੀ ਵਿੱਚ ਬਿਠਾ ਕੇ ਲਿਜਾਇਆ ਗਿਆ।ਉਸ ਤੋਂ ਬਾਅਦ ਦੋਹਾਂ ਦੇ ਫੋਨ ਬੰਦ ਹਨ ਤੇ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਹੋ ਰਿਹਾ।ਉਸੇ ਦਿਨ ਸ਼ਾਮ ਤੋਂ ਮਜ਼ਦੂਰ ਅਧਿਕਾਰ ਸੰਗਠਨ ਦੇ ਕਾਰਕੁਨ ਮਨਜੀਤ ਕੁਮਾਰ ਵੀ ਲਾਪਤਾ ਹਨ ਜੋ ਸੀਏਐੱਸਆਰ ਦੇ ਪ੍ਰੋਗਰਾਮ ਤੋਂ ਵਾਪਸ ਆਉਣ ਤੋਂ ਬਾਅਦ ਆਪਣੇ ਘਰ ਨਹੀਂ ਪਹੁੰਚੇ।ਇਹ ਵੀ ਜਾਣਕਾਰੀ ਸਾਹਮਣੇ ਆਈ ਹੈ ਕਿ ਦਿੱਲੀ ਯੂਨੀਵਰਸਿਟੀ ਨਾਰਥ ਕੈਂਪਸ ਦੇ ਵਿਜੇ ਨਗਰ ਡਬਲ ਸਟੋਰੀ ਇਲਾਕੇ ਤੋਂ ਹੋਰ ਕਈ ਵਿਦਿਆਰਥੀਆਂ ਅਤੇ ਕਾਰਕੁਨਾਂ ਨੂੰ ਵੀ ਪੁਲਸ ਚੁੱਕ ਕੇ ਲੈ ਗਈ ਹੈ, ਜਿਨ੍ਹਾਂ ਵਿੱਚ ਭਗਤ ਸਿੰਘ ਛਾਤਰ ਏਕਤਾ ਮੰਚ ਦੇ ਕਾਰਕੁਨ ਅਕਸ਼ੈ, ਦ੍ਰਿਸ਼ਟੀ, ਰੁਦਰ, ਕਿਰਨ ਤੇ ਗੌਰਵ ਅਤੇ ਕਾਰਪੋਰੇਟੀਕਰਨ ਤੇ ਫ਼ੌਜੀਕਰਨ ਵਿਰੁੱਧ ਫੋਰਮ ਦੀ ਕਾਰਕੁਨ ਬਾਦਲ ਤੇ ਐਡਵੋਕੇਟ ਏਹਤਮਾਮ ਸ਼ਾਮਲ ਹਨ।ਕੁਲ ਮਿਲਾ ਕੇ 10 ਵਿਦਿਆਰਥੀ ਤੇ ਕਾਰਕੁਨ ਲਾਪਤਾ ਹਨ।ਇਨ੍ਹਾਂ ਸਾਰੇ ਹੀ ਕਾਰਕੁਨਾਂ ਨੂੰ ਪਿਛਲੇ ਸਮੇਂ ਵਿੱਚ ਵੱਖ-ਵੱਖ ਝੂਠੇ ਕੇਸਾਂ ਤਹਿਤ ਦਿੱਲੀ ਪੁਲਸ ਦੇ ਵਿਸ਼ੇਸ਼ ਸੈੱਲ ਤੇ ਹੋਰ ਜਾਂਚ ਏਜੰਸੀਆਂ ਵੱਲੋਂ ਹਿਰਾਸਤ ਵਿੱਚ ਲੈ ਕੇ ਵਹਿਸ਼ੀ ਤਸ਼ੱਦਦ ਕੀਤਾ ਗਿਆ ਹੈ। ਫਰੰਟ ਮੰਗ ਕਰਦਾ ਹੈ ਕਿ ਹੁਣ ਇਨ੍ਹਾਂ ਸਾਰਿਆਂ ਨੂੰ ਕਿਸ ਏਜੰਸੀ ਵੱਲੋਂ ਚੁੱਕਿਆ ਗਿਆ ਹੈ, ਕਿੱਥੇ ਰੱਖਿਆ ਗਿਆ ਹੈ, ਇਸ ਬਾਰੇ ਦਿੱਲੀ ਪੁਲਸ ਦੇ ਅਧਿਕਾਰੀ ਜਾਣਕਾਰੀ ਤੁਰੰਤ ਜਨਤਕ ਕਰਨ ਤੇ ਉਨ੍ਹਾਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।ਆਦਿਵਾਸੀਆਂ ਤੇ ਕਮਿਊਨਿਸਟ ਇਨਕਲਾਬੀਆਂ ਉੱਪਰ ਜਬਰ ਤੇ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਵਿਰੁੱਧ ਆਵਾਜ਼ ਉਠਾ ਰਹੇ ਵਿਦਿਆਰਥੀ ਤੇ ਹੋਰ ਜਮਹੂਰੀ ਕਾਰਕੁਨਾਂ ਦੀ ਜ਼ੁਬਾਨਬੰਦੀ ਲਈ ਗ੍ਰਿਫ਼ਤਾਰੀ ਤੇ ਹਮਲੇ ਬੰਦ ਕੀਤੇ ਜਾਣ, ਆਲੋਚਕ ਆਵਾਜ਼ਾਂ ਨੂੰ ਦਬਾਉਣ ਲਈ ਤਾਇਨਾਤ ਐੱਨਆਈਏ ਭੰਗ ਕੀਤੀ ਜਾਵੇ ਤੇ ਯੂਏਪੀਏ ਸਮੇਤ ਤਮਾਮ ਕਾਲੇ ਕਾਨੂੰਨ ਰੱਦ ਕੀਤੇ ਜਾਣ।

# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਵਿਖੇ ਜੋੜ ਮੇਲਾ ਅੱਜ



**ਮੋਗਾ (ਇਕਬਾਲ ਸਿੰਘ ਖਹਿਰਾ)**
ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਸ਼ਹੀਦ ਬਾਬਾ ਤੇਗਾ ਸਿੰਘ ਜੀ ਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਨਿੱਘੀ ਯਾਦ ਨੂੰ ਸਮਰਪਤ ਸਾਲਾਨਾ ਜੋੜ ਮੇਲਾ 15 ਮਾਰਚ ਨੂੰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਨਿਰੰਤਰ ਚੱਲ ਰਹੀ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਸਵੇਰੇ ਅੰਮ੍ਰਿਤ ਵੇਲੇ ਭੋਗ ਪਾਏ ਜਾਣਗੇ।ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਢਾਡੀ, ਕਵੀਸ਼ਰੀ ਜੱਥੇ ਗੁਰਬਾਣੀ ਕੀਰਤਨ ਤੇ ਬੀਰ ਰਸ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ, ਉੱਥੇ ਹੀ ਸਿੱਖ ਪੰਥ ਦੇ ਉੱਘੇ ਪ੍ਰਚਾਰਕ, ਕਥਾ ਤੇ ਸਿੱਖ ਇਤਿਹਾਸ ਰਾਹੀਂ ਵਿਚਾਰਾਂ ਦੀ ਸਾਂਝ ਪਾਉਣਗੇ।ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਇਸ ਜੋੜ ਮੇਲੇ ਦੌਰਾਨ ਜਿੱਥੇ ਮੈਡੀਕਲ ਕੈਂਪ, ਖ਼ੂਨਦਾਨ ਕੈਂਪ, ਇਲੈਕਟਰੋ ਹੋਮਿਓਪੈਥਿਕ ਕੈਂਪ, ਫਿਜੀਓ ਥਰੈਪੀ ਕੈਂਪ ਤੋਂ ਇਲਾਵਾ ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਤਕਸੀਮ ਕੀਤੀਆਂ ਜਾਣਗੀਆਂ।ਇਸ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਪਿੰਡਾਂ ਵੱਲੋਂ ਖੀਰ, ਜਲੇਬੀਆਂ, ਮਠਿਆਈਆਂ, ਪਕੌੜਿਆਂ, ਠੰਡੇ ਮਿੱਠੇ ਜਲ ਦੀਆਂ ਛਬੀਲਾਂ ਤੇ ਲੰਗਰ ਲਗਾਏ ਜਾਣਗੇ।ਬਾਬਾ ਗੁਰਦੀਪ ਸਿੰਘ ਜੀ ਨੇ ਸਮੁੱਚੀ ਸੰਗਤ ਨੂੰ ਅਪੀਲ ਕੀਤੀ ਕਿ ਉਹ 15 ਮਾਰਚ ਨੂੰ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਵਿਖੇ ਚੰਦ ਪੁਰਾਣਾ ਵਿਖੇ ਨਤਮਸਤਕ ਹੁੰਦੇ ਹੋਏ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

# ਬੀ ਕੇ ਯੂ ਏਕਤਾ ਡਕੌਂਦਾ ਵੱਲੋਂ ਲਾਠੀਚਾਰਜ, ਅੱਥਰੂ ਗੈਸ ਤੇ ਬੁਛਾੜਾਂ ਮਾਰਨ ਦੀ ਸਖਤ ਨਿੰਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਸੂਬਾ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਨਿੱਤ ਦਿਹਾੜੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਤੇ ਔਰਤਾਂ 'ਤੇ ਕੀਤੇ ਜਾਂਦੇ ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ ਸੁੱਟਣ ਤੇ ਪਾਣੀ ਦੀਆਂ ਬੁਛਾੜਾਂ ਮਾਰਨ ਦੀ ਸਖਤ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੀਤੀ 26 ਫਰਵਰੀ ਨੂੰ ਸਰਬ ਸਿੱਖਿਆ ਅਭਿਆਨ ਦੇ ਨਾਨ-ਟੀਚਿੰਗ ਸਟਾਫ 'ਤੇ ਲਾਠੀਚਾਰਜ ਕੀਤਾ, ਅੱਥਰੂ ਗੈਸ ਦੇ ਗੋਲੇ ਛੱਡੇ। ਉਹ ਆਪਣੀਆਂ ਤਨਖਾਹਾਂ ਵਿੱਚ 31,000/- ਪ੍ਰਤੀ ਮਹੀਨਾ ਕੱਟ ਲਾਉਣ ਦੇ ਖਿਲਾਫ ਸੰਘਰਸ਼ ਕਰ ਰਹੇ ਸਨ। ਇਸੇ 3 ਮਾਰਚ ਨੂੰ ਸਾਰੇ ਅਧਿਆਪਕਾਂ 'ਤੇ ਟੈੱਟ ਲਾਗੂ ਕਰਨ ਖਿਲਾਫ ਤੇ ਆਪਣੀ ਨੌਕਰੀ ਦੀ ਸੁਰੱਖਿਆ ਲਈ ਸੰਘਰਸ਼ ਕਰ ਰਹੇ ਸਪੈਸ਼ਲ ਕਾਡਰ ਟੀਚਰਾਂ ਉੱਪਰ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਛੱਡੇ। 8 ਤੇ 9 ਮਾਰਚ ਨੂੰ ਗੌਰਮਿੰਟ ਟੀਚਰਜ਼ ਯੂਨੀਅਨ, ਮਿੱਡ-ਡੇ ਮੀਲ ਵਰਕਰ ਯੂਨੀਅਨ, ਆਂਗਨਵਾੜੀ ਵਰਕਰ ਯੂਨੀਅਨ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਮੁਲਾਜ਼ਮਾਂ ਤੇ ਠੇਕਾ ਵਰਕਰਾਂ 'ਤੇ ਜਬਰ ਕੀਤਾ। 9 ਮਾਰਚ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ, ਤਨਖਾਹ ਸਕੇਲਾਂ ਦੇ ਬਕਾਏ ਤੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਮਨਿਸਟਰੀਅਲ ਸਟਾਫ 'ਤੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ 12 ਮਾਰਚ ਨੂੰ ਸਾਂਝਾ ਅਧਿਆਪਕ ਮੋਰਚਾ 'ਤੇ ਅੱਥਰੂ ਗੈਸ ਛੱਡੀ, ਲਾਠੀਚਾਰਜ ਕੀਤਾ ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਇਹ ਅਧਿਆਪਕ, ਟੈੱਟ ਦੀ ਸ਼ਰਤ ਹਟਵਾਉਣ ਲਈ ਤੇ ਆਪਣੀ ਨੌਕਰੀ ਦੀ ਸੁਰੱਖਿਆ ਲਈ ਸੈਕਟਰ 25 ਤੋਂ ਵਿਧਾਨ ਸਭਾ ਵੱਲ ਮਾਰਚ ਕਰਨ ਲੱਗੇ ਸਨ। ਇਸ ਤੋਂ ਪਹਿਲਾਂ ਮਾਨਸਾ ਜ਼ਿਲ੍ਹੇ ਦੇ ਪਿੰਡ ਕੁੱਲਰੀਆਂ ਵਿਖੇ ਕਿਸਾਨਾਂ ਤੋਂ ਜ਼ਮੀਨੀ ਹੱਕ ਖੋਹਣ ਲਈ ਝੂਠੇ ਕੇਸ ਪਾਏ ਗਏ, ਜਿਉਂਦ ਵਿਖੇ ਪਿੰਡ 'ਤੇ ਹਮਲਾ ਕਰਕੇ ਕਿਸਾਨਾਂ ਦੀਆਂ ਲੱਤਾਂ ਤੋੜੀਆਂ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਲੱਗਭੱਗ ਢਾਈ ਮਹੀਨੇ ਜੇਲ੍ਹ ਵਿੱਚ ਬੰਦ ਰੱਖਿਆ ਗਿਆ ਤੇ ਟਰਾਂਸਪੋਰਟ ਠੇਕਾ ਕਾਮਿਆਂ ਦੇ ਆਗੂਆਂ ਨੂੰ ਵੀ ਜੇਲ੍ਹਾਂ ਵਿੱਚ ਬੰਦ ਕੀਤਾ ਹੋਇਆ ਹੈ। ਸੂਬਾ ਜਥੇਬੰਦਕ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ, ਹਰੀਸ਼ ਨੱਢਾ, ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ, ਖਜ਼ਾਨਚੀ ਗੁਰਦੇਵ ਸਿੰਘ ਮਾਂਗੇਵਾਲ, ਪ੍ਰਚਾਰ ਸਕੱਤਰ ਅੰਗਰੇਜ਼ ਸਿੰਘ ਭਦੌੜ ਤੇ ਸੂਬਾ ਕਮੇਟੀ ਮੈਂਬਰ ਕਰਮਜੀਤ ਸਿੰਘ ਰਾਮਨਗਰ ਛੰਨਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਇਸ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਨੂੰ ਚੁੱਪ ਕਰਕੇ ਬਰਦਾਸ਼ਤ ਨਹੀਂ ਕਰਨਗੇ ਤੇ ਇਸ ਲੋਕ ਦੋਖੀ ਪ੍ਰਬੰਧ ਖਿਲਾਫ ਆਪਣੇ ਸਾਂਝੇ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ।

# ਸੁਖਜੀਤ ਮਾਹਲਾ ਨੇ ਰੈਲੀ 'ਚ ਨੌਜਵਾਨਾਂ ਦੇ ਹੱਕਾਂ ਦੀ ਆਵਾਜ਼ ਕੀਤੀ ਬੁਲੰਦ

- ਯੂਥ ਵਿੰਗ ਵੱਲੋਂ ਸੁਖਬੀਰ ਬਾਦਲ ਨੂੰ ਸਨਮਾਨ ਚਿੰਨ੍ਹ ਵਜੋਂ ਪੈੱਨ ਭੇਟ
- ਅਕਾਲੀ ਸਰਕਾਰ ਬਣਨ 'ਤੇ ਨੌਜਵਾਨਾਂ ਲਈ ਵਿਸ਼ੇਸ਼ ਨੀਤੀਆਂ ਬਣਾਉਣ ਦੀ ਮੰਗ




**ਬਾਘਾ ਪੁਰਾਣਾ (ਮਨੀ ਸਿੰਗਲਾ)**
ਸਥਾਨਕ ਸ਼ਹਿਰ ਦੀ ਮੁੱਖ ਅਨਾਜ ਮੰਡੀ ਵਿੱਚ ਕਰਵਾਈ ਗਈ 'ਪੰਜਾਬ ਬਚਾਓ' ਰੈਲੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦੀ ਕੋਰ ਕਮੇਟੀ ਦੇ ਸੀਨੀਅਰ ਆਗੂ ਸੁਖਜੀਤ ਸਿੰਘ ਮਾਹਲਾ ਨੇ ਆਪਣੇ ਸੰਬੋਧਨ ਦੌਰਾਨ ਪੰਜਾਬ ਦੇ ਨੌਜਵਾਨਾਂ ਦੇ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ।ਉਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਅਪੀਲ ਕਰਦਿਆਂ ਕਿਹਾ ਕਿ ਜਦੋਂ ਅਕਾਲੀ ਦਲ ਦੀ ਸਰਕਾਰ ਬਣੇ ਤਾਂ ਪੰਜਾਬ ਦੇ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਨੀਤੀਆਂ ਤਿਆਰ ਕੀਤੀਆਂ ਜਾਣ।ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਪੰਜਾਬ ਦਾ ਨੌਜਵਾਨ ਅੱਜ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਹੈ।ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ ਤੇ ਵਿਦੇਸ਼ ਜਾਣ ਦੀ ਮਜਬੂਰੀ ਵਰਗੀਆਂ ਚੁਣੌਤੀਆਂ ਨੇ ਨੌਜਵਾਨ ਪੀੜ੍ਹੀ ਨੂੰ ਚਿੰਤਤ ਕੀਤਾ ਹੋਇਆ ਹੈ।ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨਾਂ ਲਈ ਸਹੀ ਦਿਸ਼ਾ ਵਿੱਚ ਯੋਜਨਾਬੱਧ ਨੀਤੀਆਂ ਬਣਾਈਆਂ ਜਾਣ ਤਾਂ ਉਨ੍ਹਾਂ ਨੂੰ ਕੁਰਾਹੇ ਪੈਣ ਤੋਂ ਬਚਾਇਆ ਜਾ ਸਕਦਾ ਹੈ ਤੇ ਪੰਜਾਬ ਦੇ ਵਿਕਾਸ ਵਿੱਚ ਉਨ੍ਹਾਂ ਦੀ ਭੂਮਿਕਾ ਹੋਰ ਮਜ਼ਬੂਤ ਬਣ ਸਕਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦਾ ਨੌਜਵਾਨ ਬੇਹੱਦ ਹੁਨਰਮੰਦ ਤੇ ਮਿਹਨਤੀ ਹੈ, ਪਰ ਉਸ ਨੂੰ ਸਹੀ ਮੌਕੇ ਤੇ ਮਾਰਗਦਰਸ਼ਨ ਦੀ ਲੋੜ ਹੈ।ਇਸ ਲਈ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਨੀਤੀਆਂ ਬਣਾਉਣੀਆਂ ਜ਼ਰੂਰੀ ਹਨ, ਜੋ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਖੇਡਾਂ, ਸਿੱਖਿਆ ਤੇ ਕਾਰੋਬਾਰ ਦੇ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਨ।ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਤੋਂ ਹੀ ਪੰਜਾਬ ਦੇ ਨੌਜਵਾਨਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦਾ ਆਇਆ ਹੈ ਤੇ ਭਵਿੱਖ ਵਿੱਚ ਵੀ ਪਾਰਟੀ ਨੌਜਵਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਰਹੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਤਦੋਂ ਹੀ ਸੰਭਵ ਹੈ, ਜਦੋਂ ਸੂਬੇ ਦੇ ਨੌਜਵਾਨਾਂ ਨੂੰ ਸਹੀ ਦਿਸ਼ਾ ਤੇ ਮੌਕੇ ਮਿਲਣ।ਇਸ ਮੌਕੇ ਯੂਥ ਵਿੰਗ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਨਮਾਨ ਚਿੰਨ੍ਹ ਵਜੋਂ ਪੈੱਨ ਭੇਟ ਕੀਤਾ ਗਿਆ।ਯੂਥ ਵਿੰਗ ਦੇ ਆਗੂਆਂ ਨੇ ਕਿਹਾ ਕਿ ਇਹ ਪੈੱਨ ਇੱਕ ਪ੍ਰਤੀਕ ਵਜੋਂ ਭੇਟ ਕੀਤਾ ਗਿਆ ਹੈ ਤਾਂ ਜੋ ਜਦੋਂ ਅਕਾਲੀ ਦਲ ਦੀ ਸਰਕਾਰ ਬਣੇ ਤਾਂ ਇਸ ਪੈੱਨ ਨਾਲ ਪੰਜਾਬ ਤੇ ਪੰਜਾਬੀਆਂ ਦੇ ਵੱਡੇ ਹਿੱਤਾਂ ਲਈ ਮਹੱਤਵਪੂਰਨ ਅਤੇ ਇਤਿਹਾਸਕ ਫ਼ੈਸਲੇ ਕੀਤੇ ਜਾਣ।ਸੁਖਜੀਤ ਸਿੰਘ ਮਾਹਲਾ ਨੇ ਕਿਹਾ ਕਿ ਨੌਜਵਾਨ ਵਰਗ ਸ਼੍ਰੋਮਣੀ ਅਕਾਲੀ ਦਲ ਦੀ ਤਾਕਤ ਹੈ ਤੇ ਪਾਰਟੀ ਨੂੰ ਮਜ਼ਬੂਤ ਬਣਾਉਣ ਵਿੱਚ ਨੌਜਵਾਨਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ।ਉਨ੍ਹਾਂ ਕਿਹਾ ਕਿ ਅੱਜ ਦੀ ਰੈਲੀ ਵਿੱਚ ਨੌਜਵਾਨਾਂ ਦੀ ਵੱਡੀ ਗਿਣਤੀ 'ਚ ਸ਼ਮੂਲੀਅਤ ਇਸ ਗੱਲ ਦਾ ਸਬੂਤ ਹੈ ਕਿ ਨੌਜਵਾਨ ਵਰਗ ਅਕਾਲੀ ਦਲ ਦੀਆਂ ਨੀਤੀਆਂ ਨਾਲ ਖੜ੍ਹਾ ਹੈ।ਉਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਇਹ ਵੀ ਮੰਗ ਕੀਤੀ ਕਿ ਭਵਿੱਖ ਵਿੱਚ ਨੌਜਵਾਨਾਂ ਲਈ ਖਾਸ ਯੋਜਨਾਵਾਂ ਤੇ ਪ੍ਰੋਗਰਾਮ ਸ਼ੁਰੂ ਕੀਤੇ ਜਾਣ ਤਾਂ ਜੋ ਉਹ ਆਪਣੇ ਹੁਨਰ ਦੇ ਆਧਾਰ 'ਤੇ ਤਰੱਕੀ ਕਰ ਸਕਣ ਅਤੇ ਪੰਜਾਬ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਣ।

# ਨੌਜਵਾਨ ਪੀੜ੍ਹੀ ਲਈ ਚਮਨ ਕੁਰੈਸ਼ੀ ਵਰਗੇ ਆਗੂ ਚਾਨਣ-ਮੁਨਾਰਾ : ਰਾਏ

**ਆਪ ਆਗੂ ਕੁਰੈਸ਼ੀ ਨੇ ਪੀ ਐੱਚ ਡੀ ਦੀ ਡਿਗਰੀ ਪ੍ਰਾਪਤ ਕੀਤੀ**



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਆਮ ਆਦਮੀ ਪਾਰਟੀ ਦੇ ਮਾਈਨੋਰਟੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਚਮਨ ਕੁਰੈਸ਼ੀ ਦਾ ਸਿਰੋਪਾਓ ਦੇ ਨਾਲ ਸਨਮਾਨ ਕੀਤਾ ਹੈ ਅਤੇ ਮਠਿਆਈ ਦੇ ਨਾਲ ਮੂੰਹ ਮਿੱਠਾ ਕਰਵਾਇਆ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਰਾਏ ਨੇ ਦੱਸਿਆ ਕਿ ਜ਼ਿਲ੍ਹਾ ਸ਼੍ਰੀ ਫਤਹਿਗੜ੍ਹ ਸਾਹਿਬ ਤੋਂ ਮਾਈਨਾਰਟੀ ਵਿੰਗ ਦੇ ਪ੍ਰਧਾਨ ਚਮਨ ਕੁਰੈਸ਼ੀ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕਨੂੰਨ ਵਿਭਾਗ ਤੋਂ ਪੀ.ਐੱਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ।ਇਸ ਦੇ ਨਾਲ ਹੁਣ ਇਨ੍ਹਾਂ ਨੂੰ ਡਾਕਟਰ ਚਮਨ ਕੁਰੈਸ਼ੀ ਦੇ ਨਾਮ ਨਾਲ ਸੰਬੋਧਨ ਕੀਤਾ ਜਾਇਆ ਕਰੇਗਾ।ਉਨ੍ਹਾਂ ਦੱਸਿਆ ਕਿ ਚਮਨ ਕੁਰੈਸ਼ੀ ਜਿੱਥੇ ਪਾਰਟੀ ਲਈ ਆਪਣੇ ਵਿਦਿਆਰਥੀ ਜੀਵਨ 2013 ਤੋਂ ਹੀ ਵਫਾਦਾਰੀ ਦੇ ਨਾਲ ਨਿਰੰਤਰ ਸੇਵਾ ਨਿਭਾਅ ਰਹੇ ਹਨ, ਉੱਥੇ ਹੀ ਆਪਣੀ ਪੜ੍ਹਾਈ ਦੇ ਖੇਤਰ ਵਿੱਚ ਕਨੂੰਨ ਦੀ ਪੀ.ਐੱਚ.ਡੀ. ਕਰਦਿਆਂ ਮੱਲਾਂ ਮਾਰੀਆਂ। ਅਜਿਹੇ ਨੌਜਵਾਨ ਆਗੂ ਆਉਣ ਵਾਲੀ ਨੌਜਵਾਨ ਪੀੜ੍ਹੀ ਲਈ ਚਾਨਣ ਮੁਨਾਰਾ ਹਨ।ਇਨ੍ਹਾਂ ਵੱਲੋਂ ਜਿੱਥੇ ਸਮਾਜਿਕ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ ਜਾਂਦਾ ਰਿਹਾ ਹੈ, ਉੱਥੇ ਹੀ ਸਫਲਤਾ ਦਾ ਝੰਡਾ ਝਲਾਉਣ ਦੇ ਲਈ ਸਖਤ ਮਿਹਨਤ ਵੀ ਕੀਤੀ ਜਾਂਦੀ ਹੈ।ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਅਜਿਹੇ ਨੌਜਵਾਨਾਂ ਦੀਆਂ ਉਦਾਹਰਨਾਂ ਦੇਣੀਆਂ ਚਾਹੀਦੀਆਂ ਹਨ।ਅਸੀਂ ਆਸ ਕਰਦੇ ਹਾਂ ਕਿ ਚਮਨ ਕੁਰੈਸ਼ੀ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਨਿਰੰਤਰ ਚੰਗੇ ਕਾਰਜ ਕਰਦੇ ਰਹਿਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿਤਪਾਲ ਜੱਸੀ, ਸੰਗਠਨ ਇੰਚਾਰਜ ਗੁਰਮੀਤ ਬਾਜਵਾ, ਰਮੇਸ਼ ਕੁਮਾਰ ਸੋਨੂ, ਪਵੇਲ ਹਾਂਡਾ, ਜੋਨੀ ਤਲਾਣੀਆਂ, ਬਲਦੇਵ ਜਲਾਲ ਆਦਿ ਹਾਜ਼ਰ ਸਨ।

# ਮਹਿੰਦਰਾ ਹਸਪਤਾਲ 'ਚ ਗੋਲੀਬਾਰੀ ਕਰਨ ਵਾਲੇ ਦੋ ਮੁੱਖ ਸ਼ੂਟਰ ਗ੍ਰਿਫ਼ਤਾਰ

**ਬੰਗਾ (ਅਵਤਾਰ ਕਲੇਰ)**- ਬੀਤੇ ਦਿਨੀਂ ਬੰਗਾ ਦੇ ਮਹਿੰਦਰਾ ਹਸਪਤਾਲ ਦੇ ਬਾਹਰ ਹੋਈ ਗੋਲੀਬਾਰੀ ਦੀ ਘਟਨਾ ਵਿੱਚ ਪੁਲਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ ਜਿਸ ਵਿੱਚ ਅੰਤਰਰਾਸ਼ਟਰੀ ਗਿਰੋਹ ਨਾਲ ਜੁੜੇ ਦੋ ਮੁੱਖ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਪੰਜ ਜ਼ਿੰਦਾ ਕਾਰਤੂਸਾਂ ਸਮੇਤ ਇੱਕ 30 ਬੋਰ ਦੀ ਚੀਨ ਦੀ ਬਣੀ ਪਿਸਤੌਲ, ਦੋ ਜ਼ਿੰਦਾ ਕਾਰਤੂਸਾਂ ਸਮੇਤ ਇੱਕ 32 ਬੋਰ ਦੀ ਪਿਸਤੌਲ ਅਤੇ ਅਪਰਾਧ ਵਿੱਚ ਵਰਤਿਆ ਗਿਆ ਮੋਟਰਸਾਈਕਲ ਬਰਾਮਦ ਕੀਤਾ ਹੈ।ਐਸ ਐਸ ਪੀ ਤੁਸ਼ਾਰ ਗੁਪਤਾ ਨੇ ਦੱਸਿਆ ਕਿ ਇਹ ਕਾਰਵਾਈ ਸੀ ਆਈ ਏ ਨਵਾਂ ਸ਼ਹਿਰ ਤੇ ਸਿਟੀ ਬੰਗਾ ਪੁਲਸ ਸਟੇਸ਼ਨ ਦੀ ਇੱਕ ਟੀਮ ਦੁਆਰਾ ਉਨ੍ਹਾਂ ਦੀ ਅਗਵਾਈ ਹੇਠ, ਐਸ ਪੀ (ਜਾਂਚ) ਸਰਬਜੀਤ ਸਿੰਘ ਬਾਹੀਆ ਅਤੇ ਡੀ ਐਸ ਪੀ ਸੁਰਿੰਦਰ ਚਾਂਦ ਦੀ ਨਿਗਰਾਨੀ ਹੇਠ ਕੀਤੀ ਗਈ ਸੀ। ਐਸ ਐਸ ਪੀ ਨੇ ਦੱਸਿਆ ਕਿ ਬੰਗਾ ਦੇ ਮੁਕੰਦਪੁਰ ਰੋਡ 'ਤੇ ਸਥਿਤ ਮਹਿੰਦਰਾ ਹਸਪਤਾਲ ਦੇ ਮਾਲਕ ਡਾ. ਓਂਕਾਰ ਸਿੰਘ ਨੂੰ 3 ਮਾਰਚ ਨੂੰ ਕੁੱਕੜ ਹਜ਼ਾਰਾ ਪਿੰਡ ਦੇ ਰਹਿਣ ਵਾਲੇ ਜਸਪ੍ਰੀਤ ਸਿੰਘ (ਕੰਨੂ) ਦਾ ਇੱਕ ਵਿਦੇਸ਼ੀ ਮੋਬਾਈਲ ਨੰਬਰ ਤੋਂ ਫੋਨ ਆਇਆ। ਕੰਨੂ ਨੇ ਡਾਕਟਰ ਨੂੰ ਜਾਨੋ ਮਾਰਨ ਦੀ ਧਮਕੀ ਦਿੱਤੀ ਅਤੇ 50 ਲੱਖ ਰੁਪਏ ਦੀ ਫਿਰੌਤੀ ਮੰਗੀ। ਡਾ. ਓਂਕਾਰ ਸਿੰਘ ਦੇ ਬਿਆਨ ਦੇ ਆਧਾਰ 'ਤੇ 7 ਮਾਰਚ ਨੂੰ ਸਿਟੀ ਬੰਗਾ ਪੁਲਿਸ ਸਟੇਸ਼ਨ ਵਿੱਚ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ 8 ਮਾਰਚ ਨੂੰ ਜਸਪ੍ਰੀਤ ਸਿੰਘ ਕੰਨੂ ਨੇ ਇੱਕ ਵਿਦੇਸ਼ੀ ਨੰਬਰ ਤੋਂ ਦੋਬਾਰਾ ਫ਼ੋਨ ਕੀਤਾ ਤੇ ਆਪਣੀ ਜਬਰੀ



ਵਸੂਲੀ ਦੀ ਮੰਗ ਦੁਹਰਾਈ। ਜਦੋਂ ਮੰਗ ਪੂਰੀ ਨਹੀਂ ਹੋਈ ਤਾਂ ਕੰਨੂ ਦੁਆਰਾ ਭੇਜੇ ਗਏ ਮੋਟਰਸਾਈਕਲ 'ਤੇ ਦੋ ਨੌਜਵਾਨਾਂ ਨੇ 9 ਮਾਰਚ ਨੂੰ ਸਵੇਰੇ ਲਗਭਗ 6:30 ਵਜੇ ਮਹਿੰਦਰਾ ਹਸਪਤਾਲ ਬੰਗਾ ਦੇ ਬਾਹਰ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਤੋਂ ਬਾਅਦ ਪੁਲਸ ਨੇ ਡਾ. ਓਂਕਾਰ ਸਿੰਘ ਦੇ ਬਿਆਨ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਅਤੇ ਜਾਂਚ ਸ਼ੁਰੂ ਕਰ ਦਿੱਤੀ । ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਪੁਲਸ ਨੇ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕੀਤੀ ਤੇ ਤਕਨੀਕੀ ਅਤੇ ਮਨੁੱਖੀ ਸਰੋਤਾਂ ਦੀ ਵਰਤੋਂ ਕਰਦੇ ਹੋਏ ਦੋਸ਼ੀਆਂ ਦੀ ਪਹਿਚਾਣ ਕੀਤੀ। ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਹਿਚਾਣ ਸਾਵਨ ਪੁੱਤਰ ਕੁਲਵੀਰ ਵਾਸੀ ਪਿੰਡ ਸਾਹਰੀ (ਹੁਸ਼ਿਆਰਪੁਰ) ਅਤੇ ਤੁਸ਼ਾਰ ਸਰੀਨ ਪੁੱਤਰ ਦਿਨੇਸ਼ ਸਰੀਨ, ਵਾਸੀ ਪਿੰਡ ਰਹੀਮਪੁਰ (ਹੁਸ਼ਿਆਰਪੁਰ) ਵਜੋਂ ਹੋਈ ਹੈ। ਪੁਲਸ ਨੇ ਦੋਵਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਘਟਨਾ ਵਿੱਚ ਵਰਤੇ ਗਏ ਹਥਿਆਰ ਬਰਾਮਦ ਕਰ ਲਏ ਹਨ। ਪੁਲਿਸ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਬੈਠੇ ਅਪਰਾਧੀ ਨੌਜਵਾਨਾਂ ਨੂੰ ਪੈਸੇ ਦਾ ਲਾਲਚ ਦੇ ਕੇ ਅਜਿਹੇ ਅਪਰਾਧਾਂ ਵਿੱਚ ਫਸਾ ਰਹੇ ਹਨ, ਉਨ੍ਹਾਂ ਦਾ ਭਵਿੱਖ ਬਰਬਾਦ ਕਰ ਰਹੇ ਹਨ। ਪੁਲਸ ਜਾਂਚ ਤੋਂ ਪਤਾ ਲੱਗਿਆ ਹੈ ਕਿ ਕਥਿਤ ਦੋਸ਼ੀਆਂ ਨੇ ਥੋੜ੍ਹੀਆਂ ਜਿਹੀਆਂ ਰਕਮਾਂ ਲਈ ਅਪਰਾਧ ਕੀਤੇ। ਇਸ ਲਾਲਚ ਨੇ ਉਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਜਬਰੀ ਵਸੂਲੀ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।ਸ਼ੁਰੂਆਤੀ ਪੁੱਛਗਿੱਛ ਦੌਰਾਨ ਕਥਿਤ ਦੋਸ਼ੀਆਂ ਨੇ ਮੰਨਿਆ ਕਿ ਉਹ ਸੋਸ਼ਲ ਮੀਡੀਆ ਰਾਹੀਂ ਵਿਦੇਸ਼ ਵਿੱਚ ਰਹਿੰਦੇ ਜਸਪ੍ਰੀਤ ਸਿੰਘ (ਕੰਨੂ) ਦੇ ਸੰਪਰਕ ਵਿੱਚ ਆਏ ਸਨ। ਕੰਨੂ ਨੇ ਉਨ੍ਹਾਂ ਨੂੰ ਪੈਸੇ ਦਾ ਲਾਲਚ ਦਿੱਤਾ ਤੇ ਉਨ੍ਹਾਂ ਨੂੰ ਜਬਰੀ ਵਸੂਲੀ ਲਈ ਵੱਖ-ਵੱਖ ਥਾਵਾਂ 'ਤੇ ਗੋਲੀਬਾਰੀ ਕਰਨ ਲਈ ਉਕਸਾਇਆ ਅਤੇ ਘਟਨਾਵਾਂ ਵਿੱਚ ਵਰਤੇ ਗਏ ਹਥਿਆਰ ਵੀ ਪ੍ਰਦਾਨ ਕੀਤੇ।

# ਲਾਇਲਪੁਰ ਖਾਲਸਾ ਕਾਲਜ ਦੇ ਕੰਪਿਊਟਰ ਸਾਇੰਸ ਤੇ ਆਈ ਟੀ ਵਿਭਾਗ ਨੇ ਪਲਾਜ਼ਮਾ 2026 ਕਰਵਾਇਆ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਦੇ ਕੰਪਿਊਟਰ ਸਾਇੰਸ ਅਤੇ ਆਈ.ਟੀ. ਵਿਭਾਗ ਨੇ ਪਲਾਜ਼ਮਾ 2026 ਦਾ ਸਫ਼ਲਤਾਪੂਰਵਕ ਆਯੋਜਨ ਕੀਤਾ। ਉਤਸ਼ਾਹ ਨਾਲ ਭਰੇ ਇਸ ਸਮਾਗਮ ਨੇ ਵਿਦਿਆਰਥੀਆਂ ਵਿੱਚ ਸਿਰਜਣਾਤਮਕਤਾ, ਨਵੀਨਤਾ ਤੇ ਮੁਕਾਬਲੇ ਦੀ ਭਾਵਨਾ ਨੂੰ ਉਜਾਗਰ ਕੀਤਾ। ਪਲਾਜ਼ਮਾ 2026 ਨੇ ਕਈ ਮੁਕਾਬਲਿਆਂ ਦੀ ਮੇਜ਼ਬਾਨੀ ਕੀਤੀ ਜਿੱਥੇ ਅਨੇਕ ਕਾਲਜਾਂ ਦੇ ਵਿਦਿਆਰਥੀਆਂ ਨੇ 11 ਵੱਖ-ਵੱਖ ਟੈਕਨੀਕਲ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਿਸ ਵਿੱਚ ਏ ਆਈ ਮੈਟ੍ਰਿਕਸ, ਵੈੱਬ ਕਰਾਫਟ, ਬ੍ਰੇਨ ਵਾਰਜ਼, ਟੈਕ ਟ੍ਰੀਵੀਆ, ਥਿੰਕ ਇਨ ਸਲਾਈਡਜ਼, ਬ੍ਰੇਨ ਬਿਟਸ, ਟੂਨਸ ਮੇਨੀਆ, ਸ਼ਟਰ ਸਪਾਰਕ, ਡਿਜੀ ਡਰਾਮਾ, ਸਕੈਚ ਓ ਵਿਜ਼ਨ, ਬੀਟ ਬਲਾਸਟ ਸ਼ਾਮਲ ਸਨ। ਵੱਖ-ਵੱਖ ਕਾਲਜਾਂ ਦੇ ਲਗਭਗ 250 ਵਿਦਿਆਰਥੀਆਂ ਨੇ ਪਲਾਜ਼ਮਾ 2026 ਵਿੱਚ ਭਾਗ ਲਿਆ। ਉਦਘਾਟਨੀ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਡਾ. ਕੁਲਜੀਤ ਕੌਰ ਚਾਹਲ, ਮੁਖੀ ਕੰਪਿਊਟਰ ਸਾਇੰਸ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ



ਦੇ ਨੇ ਸ਼ਿਰਕਤ ਕੀਤੀ। ਸਦਭਾਵਨਾ ਅਤੇ ਨਵੀਂ ਸ਼ੁਰੂਆਤ ਦੇ ਪ੍ਰਤੀਕ ਵਜੋਂ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ, ਵਿਭਾਗ ਦੇ ਮੁਖੀ ਪ੍ਰੋ: ਸੰਜੀਵ ਕੁਮਾਰ ਆਨੰਦ ਅਤੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ ਤੇ ਟੀਚਿੰਗ ਸਟਾਫ ਮੈਂਬਰਾਂ ਨੇ ਸ਼ਮ੍ਹਾਂ ਰੌਸ਼ਨ ਕਰਨ ਦੀ ਰਸਮ ਅਦਾ ਕੀਤੀ। ਆਪਣੇ ਸੰਬੋਧਨ ਦੌਰਾਨ ਡਾ. ਕੁਲਜੀਤ ਕੌਰ ਨੇ ਲਗਾਤਾਰ ਵਿਕਸਤ ਹੋ ਰਹੇ ਸੰਸਾਰ ਵਿੱਚ ਤਕਨੀਕੀ ਸਿੱਖਿਆ ਦੀ ਮਹੱਤਤਾ ਅਤੇ ਨਿਰੰਤਰ ਸਿੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਤੇ ਕਾਲਜ ਵਿੱਚ ਵਿਭਾਗ ਦੀਆਂ ਮੁੱਖ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਵਿਭਾਗ ਦੇ ਮੁਖੀ, ਪ੍ਰੋ. ਸੰਜੀਵ ਕੁਮਾਰ ਆਨੰਦ ਨੇ ਮੁੱਖ ਮਹਿਮਾਨ ਡਾ. ਕੁਲਜੀਤ ਕੌਰ , ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ ਅਤੇ ਸਾਰੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਸਮਾਗਮ ਦਾ ਸਮਾਪਨ ਪੁਰਸਕਾਰ ਸਮਾਰੋਹ ਨਾਲ ਹੋਇਆ, ਜਿੱਥੇ ਜੇਤੂਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਰਛਪਾਲ ਸਿੰਘ ਸੰਧੂ, ਵਿਭਾਗ ਦੇ ਮੁਖੀ ਪ੍ਰੋ. ਸੰਜੀਵ ਕੁਮਾਰ ਆਨੰਦ ਨੇ ਇਨਾਮ ਵੰਡੇ।

## ਸੂਬੇ 'ਚ ਐੱਲ ਪੀ ਜੀ, ਪੈਟ੍ਰੋਲ ਅਤੇ ਡੀਜ਼ਲ ਦੀ ਸਪਲਾਈ ਪੂਰੀ ਤਰ੍ਹਾਂ ਨਾਰਮਲ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਮਿਡਲ ਇਸਟ ਵਿੱਚ ਚਲ ਰਹੀ ਯੁੱਧ ਜਿਹੇ ਹਾਲਾਤਾਂ ਕਾਰਨ ਘਰੇਲੂ ਐੱਲ ਪੀ ਜੀ ਗੈਸ, ਪੈਟ੍ਰੋਲ ਅਤੇ ਡੀਜਲ ਦੀ ਸਪਲਾਈ ਵਿੱਚ ਰੁਕਾਵਟ ਹੋਣੀ ਦੀ ਜੋ ਅਫ਼ਵਾਹਾਂ ਫੈਲਾਈ ਜਾ ਰਹੀਆਂ ਹਨ, ਉਹ ਪੂਰੀ ਤਰ੍ਹਾਂ ਨਿਰਾਧਾਰ ਹਨ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਹਰਿਆਣਾ ਵਿੱਚ ਘਰੇਲੂ ਐਲਪੀਜੀ, ਪੈਟ੍ਰੋਲ ਅਤੇ ਡੀਜਲ ਦੀ ਸਪਲਾਈ ਪੂਰੀ ਤਰ੍ਹਾਂ ਨਾਲ ਨੋਰਮਲ ਅਤੇ ਲਗਾਤਾਰ ਰੂਪ ਨਾਲ ਜਾਰੀ ਹੈ। ਮੁੱਖ ਮੰਤਰੀ ਨੇ ਇਸ ਸਬੰਧ ਵਿੱਚ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਸੀਨੀਅਰ ਅਧਿਕਾਰਿਆਂ ਅਤੇ ਤੇਲ ਕੰਪਨਿਆਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਕਰ ਸੂਬੇ ਵਿੱਚ ਈਂਧਨ ਅਤੇ ਗੈਸ ਦੀ ਉਪਲਬਧਤਾ ਦੀ ਸਮੀਖਿਆ ਕੀਤੀ। ਮੀਟਿੰਗ ਵਿੱਚ ਤੇਲ ਕੰਪਨਿਆਂ ਦੇ ਪ੍ਰਤੀਨਿਧੀਆਂ ਨੇ ਮੁੱਖ ਮੰਤਰੀ ਨੂੰ ਭਰੋਸਾ ਦਿੱਤਾ ਕਿ ਪੈਟ੍ਰੋਲ, ਡੀਜਲ ਅਤੇ ਐਲਪੀਜੀ ਦਾ ਪੂਰੀ ਮਾਤਰਾ ਵਿੱਚ ਸਟਾਕ ਉਪਲਬਧ ਹੈ ਤੇ ਗੈਸ ਦੀ ਸਪਲਾਈ ਲਗਾਤਾਰ ਪ੍ਰਾਪਤ ਹੋ ਰਹੀ ਹੈ।



# ਨਡਾਲਾ-ਢਿਲਵਾਂ ਸੜਕ ਦਾ ਉਦਘਾਟਨ

**ਕਪੂਰਥਲਾ (ਮਨਜੀਤ ਮਾਨ, ਪ੍ਰੀਤ ਸੰਗੋਜਲਾ)**- ਹਲਕਾ ਭੁਲੱਥ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਵੱਲੋਂ ਢਿਲਵਾਂ ਵਿਖੇ ਨਡਾਲਾ-ਢਿਲਵਾਂ ਨਵੀਂ ਤਿਆਰ



ਕੀਤੀ ਗਈ ਸੜਕ ਦਾ ਉਦਘਾਟਨ ਥਾਣਾ ਢਿਲਵਾਂ ਨਜ਼ਦੀਕ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਰਿਬਨ ਕੱਟ ਕੇ ਸੜਕ ਲੋਕਾਂ ਨੂੰ ਸਮਰਪਿਤ ਕੀਤੀ। ਇਸ ਦੌਰਾਨ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ ਨੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ ਅਤੇ ਨਡਾਲਾ, ਢਿਲਵਾਂ ਸਮੇਤ ਨੇੜਲੇ ਪਿੰਡਾਂ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜ ਲਗਾਤਾਰ ਜਾਰੀ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਇਲਾਕੇ ਦੇ ਪੰਚਾਇਤ ਨੁਮਾਇੰਦਿਆਂ ,ਬਲਜੀਤ ਸਿੰਘ ਢਿੱਲੋਂ ਸਿਟੀ ਪ੍ਰਧਾਨ, ਬਲਾਕ ਸੰਮਤੀ ਚੇਅਰਮੈਨ ਜਗਤਾਰ ਸਿੰਘ ਹੈਪੀ ਖੱਦਰ,ਕੁਲਵਿੰਦਰ ਸਿੰਘ ਲੱਕੀ, ਵਿੱਕੀ ਭੰਵਰਾਂ, ਰਿੰਕੂ ਪੱਡਾ, ਰਿੰਕੂ ਅਟਵਾਲ, ਮੰਗਲ ਸਿੰਘ, ਗੁਰਪ੍ਰੀਤ ਸਿੰਘ,ਦਲਬੀਰ ਸਿੰਘ ਵਸੀਕਾ ਕੌਂਸਲਰ, ਸੁਨੀਲ ਆਨੰਦ ਕੌਂਸਲਰ, ਹਰਨੇਕ ਸਿੰਘ ਚੱਕੀ ਵਾਲੇ, ਮਨਜੀਤ ਸਿੰਘ ਮਾਸਟਰ, ਦਿਲਦਾਰ ਸਿੰਘ ਦਾਰ ਸੀਨੀਅਰ ਆਪ ਆਗੂ ਕਰਮਜੀਤ ਸਿੰਘ ਢਿੱਲੋਂ,ਸੰਦੀਪ ਕੁਮਾਰ ਟੋਨੀ,ਕੌਂਸਲਰ ਸੰਦੀਪ ਸੈਣੀ, ਲੱਖਾ ਲਹੌਰੀਆ, ਸੰਦੀਪ ਕੁਮਾਰ ਯੂਥ ਕੋਆਰਡੀਨੇਟਰ,ਬਲਾਕ ਪ੍ਰਧਾਨ ਸਨੀ ਨਡਾਲਾ, ਬਲਾਕ ਪ੍ਰਧਾਨ ਹੈਪੀ ਖੱਖ, ਮੋਤੀ ਲਾਲ, ਪ੍ਰਿੰਸ ਨਡਾਲਾ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਵੀ ਮੌਜੂਦ ਸਨ, ਜਿਨ੍ਹਾਂ ਨੇ ਨਵੀਂ ਸੜਕ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਆਪ ਸਰਕਾਰ ਦਾ ਧੰਨਵਾਦ ਕੀਤਾ।

## ਫਾਲਕਨ ਫਾਊਂਡੇਸ਼ਨ ਸਕੂਲ 'ਚ ਗ੍ਰੈਜੂਏਸ਼ਨ ਸਮਾਰੋਹ ਕਰਵਾਇਆ



**ਸੁਲਤਾਨਪੁਰ ਲੋਧੀ, (ਹਨੀ)**- ਫਾਲਕਨ ਫਾਊਂਡੇਸ਼ਨ ਸਕੂਲ 'ਚ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਮੈਨੇਜਿੰਗ ਡਾਇਰੈਕਟਰ ਨਵਦੀਪ ਕੌਰ ਢਿੱਲੋਂ ਦੀ ਅਗਵਾਈ ਵਿਚ ਪ੍ਰੀ ਨਰਸਰੀ ਜਮਾਤ ਦੀ ਗ੍ਰੈਜੂਏਸ਼ਨ ਸੈਰੇਮਨੀ ਧੂਮਧਾਮ ਨਾਲ ਆਯੋਜਿਤ ਕੀਤੀ ਗਈ। ਇਸ ਦੌਰਾਨ ਨੰਨੇ ਮੁੰਨੇ ਬੱਚਿਆਂ ਨੂੰ ਗ੍ਰੈਜੂਏਸ਼ਨ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਅਰਲੀ ਬਰਡ ਪ੍ਰਾਈਜ਼ ਰਿਸ਼ਾਨ ਠੁਕਰਾਲ ਨੂੰ ਦਿੱਤਾ ਗਿਆ। ਇਸ ਤੋਂ ਇਲਾਵਾ ਲੱਕੀ ਡ੍ਰਾ ਵਿੱਚ ਗੁਰਸਿਫ਼ਤ, ਦਿਵਾਂਸ਼ ਅਤੇ ਪ੍ਰਿਸ਼ਾ ਕਾਲੀਆ ਨੂੰ ਇਨਾਮ ਦਿੱਤੇ ਗਏ।ਇਸ ਮੌਕੇ ਸਕੂਲ ਦੀ ਵਾਈਸ ਪ੍ਰਿੰਸੀਪਲ ਮਮਤਾ, ਰਵਿੰਦਰਜੀਤ ਕੌਰ, ਪਰਮਜੀਤ ਕੌਰ, ਚੰਚਲ, ਹਰਸ਼ ਅਤੇ ਮਨਜੀਤ ਕੌਰ ਵੀ ਹਾਜ਼ਰ ਸਨ। ਉਨ੍ਹਾਂ ਨੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਅਰਦਾਸ ਕੀਤੀ। ਸਮਾਰੋਹ ਦੌਰਾਨ ਬੱਚਿਆਂ ਤੇ ਮਾਪਿਆਂ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ। ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਮੈਨੇਜਿੰਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਦੇ ਆਤਮਵਿਸ਼ਵਾਸ ਨੂੰ ਵਧਾਉਂਦੇ ਹਨ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ।

# ਘਰੇਲੂ ਗੈਸ ਲਈ ਲੱਗੀਆਂ ਲੰਮੀਆਂ ਲਾਈਨਾਂ

**ਜਲੰਧਰ, (ਸੁਰਿੰਦਰ ਕੁਮਾਰ)** ਇਰਾਨ-ਅਮਰੀਕਾ ਯੁੱਧ ਦਾ ਅਸਰ ਘਰ ਦੀ ਰਸੋਈ ਤੱਕ ਪਹੁੰਚ ਗਿਆ ਹੈ। ਜੰਗ ਦਾ ਸਿੱਧਾ ਅਸਰ ਹੁਣ ਭਾਰਤ ਦੀ ਰਸੋਈ 'ਤੇ ਪੈਣਾ ਸ਼ੁਰੂ ਹੋ ਗਿਆ ਹੈ। ਦੇਸ਼ ਦੇ ਕਈ ਹਿੱਸਿਆਂ ਵਿੱਚ ਲੋਕ ਸਿਲੰਡਰ ਲਈ ਲੰਬੀਆਂ ਲਾਈਨਾਂ ਵਿੱਚ ਲੱਗੇ ਹੋਏ ਹਨ। ਉੱਥੇ ਇਨ੍ਹਾਂ ਹਾਲਾਤਾਂ ਵਿਚਾਲੇ ਜਲੰਧਰ ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਐਲਪੀਜੀ ਸਿਲੰਡਰ, ਪੈਟਰੋਲ ਅਤੇ ਡੀਜ਼ਲ ਦੀ ਕੋਈ ਕਮੀ ਨਹੀਂ ਹੈ। ਇੱਕ ਗੈਸ ਏਜੰਸੀ ਦੇ ਮਾਲਕ ਦਾ ਕਹਿਣਾ ਹੈ ਕਿ ਅਸੀਂ ਸਿਲੰਡਰਾਂ ਦੀ ਮੈਨੂਅਲ ਬੁਕਿੰਗ ਵੀ ਸ਼ੁਰੂ ਕਰ ਦਿੱਤੀ ਹੈ, ਪਰ ਲੋਕਾਂ ਅਨੁਸਾਰ ਜਦੋਂ ਉਹ ਗੈਸ ਏਜੰਸੀ ਦੇ ਅੰਦਰ ਆਉਂਦੇ ਹਨ, ਤਾਂ ਉਨ੍ਹਾਂ ਨੂੰ ਆਨਲਾਈਨ ਜਾਂ ਐਪ ਰਾਹੀਂ ਬੁਕਿੰਗ ਕਰਨ ਲਈ ਕਿਹਾ ਜਾਂਦਾ ਹੈ। ਦੂਜੇ ਪਾਸੇ ਲੋਕਾਂ ਦਾ ਕਹਿਣਾ ਹੈ ਕਿ ਉਹ ਬਹੁਤ ਪਰੇਸ਼ਾਨ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਜੰਸੀਆਂ 'ਚ ਗੈਸ ਸਿਲੰਡਰਾਂ ਨੂੰ ਲੈ ਕੇ ਲੋਕਾਂ ਦੀ ਭੀੜ ਦੇਖਣ ਨੂੰ ਮਿਲੀ। ਲੋਕਾਂ ਦਾ ਕਹਿਣਾ ਹੈ ਕਿ ਐੱਲ.ਪੀ.ਜੀ. ਗੈਸ ਦੀ ਬੁਕਿੰਗ ਨਹੀਂ ਹੋ ਰਹੀ, ਜਿਸ ਕਾਰਨ ਉਨ੍ਹਾਂ ਨੂੰ ਗੈਸ ਏਜੰਸੀ ਦੇ ਦਫ਼ਤਰ ਆਉਣਾ ਪਿਆ ਹੈ। ਉੱਥੇ ਹੀ ਦਵਿੰਦਰ ਸਿੰਘ ਨੇ ਦੱਸਿਆ ਕਿ ਉਹ



ਘਰੇਲੂ ਗੈਸ ਬੁਕਿੰਗ ਕਰਵਾਉਣ ਲਈ ਕਾਫੀ ਪਰੇਸ਼ਾਨ ਹੋ ਰਿਹਾ ਹੈ। ਆਨਲਾਈਨ ਬੁਕਿੰਗ ਨਹੀਂ ਹੋ ਰਹੀ।26ਵਾਂ ਦਿਨ ਹੋ ਗਿਆ ਹੈ, ਪਰ ਬੁਕਿੰਗ ਨਹੀਂ ਕੀਤੀ ਜਾ ਰਹੀ। ਗਾਹਕ ਅਨੁਸਾਰ ਉਹ ਸਵੇਰ ਤੋਂ 4-5 ਵਾਰ ਚੱਕਰ ਕੱਟ ਚੁੱਕਾ ਹੈ, ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਉੱਥੇ ਹੀ ਅਮਨਦੀਪ ਕੌਰ ਨੇ ਕਿਹਾ ਕਿ ਉਹ ਘਰੇਲੂ ਸਿਲੰਡਰ ਬੁੱਕ ਕਰਨ ਆਏ ਸਨ, ਪਰ ਆਨਲਾਈਨ ਬੁਕਿੰਗ ਵਿੱਚ ਪਰੇਸ਼ਾਨੀ ਆ ਰਹੀ ਹੈ।

## ਬੀ ਐੱਡ ਦਾ ਨਤੀਜਾ ਰਿਹਾ ਸ਼ਾਨਦਾਰ

**ਕਰਤਾਰਪੁਰ (ਹਰਮੇਸ਼ ਦੱਤ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ ਐੱਡ ਸਮੈਸਟਰ ਤੀਜਾ (ਦਸੰਬਰ-2025) ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਓਮ ਪ੍ਰਕਾਸ਼ ਮਮੋਰੀਅਲ ਇੰਸਟੀਚਿਊਟ ਆਫ ਐਜੂਕੇਸ਼ਨ ਦਿਆਲਪੁਰ ਜ਼ਿਲਾ ਕਪੂਰਥਲਾ ਦਾ ਨਤੀਜਾ 100 ਫੀਸਦੀ ਰਿਹਾ। ਇਸ ਮੌਕੇ ਡੋਲੀ ਰਾਜਪਾਲ, ਜਸਪ੍ਰੀਤ ਕੌਰ ਅਤੇ ਆਰਤੀ ਕੁਮਾਰੀ ਨੇ 90 % ਅੰਕ ਪ੍ਰਾਪਤ ਕਰਕੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਬਾਕੀ ਸਭ ਵਿਦਿਆਰਥੀਆਂ ਨੇ 80% ਅੰਕ ਪ੍ਰਾਪਤ ਕੀਤੇ ਹਨ। ਕਾਲਜ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਡਾਕਟਰ ਵਿਨੋਦ ਕੁਮਾਰ ਅਤੇ ਕਾਲਜ ਸਟਾਫ ਨੇ ਵਧੀਆ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਕਾਲਜ ਦੇ ਚੇਅਰਮੈਨ ਸਤੀਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਕੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।



## ਮੁੱਖ ਮੰਤਰੀ ਨੇ ਸਕੂਲ ਦੇ ਬੱਚਿਆਂ ਨਾਲ ਕੀਤੀ ਗੱਲਬਾਤ



**ਆਦਮਪੁਰ, (ਪਰਮਜੀਤ ਸਿੰਘ)**- ਆਦਮਪੁਰ ਫੇਰੀ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਆਦਮਪੁਰ ਦੇ ਸਕੂਲ ਆਫ ਐਮੀਨੈਂਸ ਸਕੂਲ ਦਾ ਦੌਰਾ ਕੀਤਾ ਤੇ ਬੱਚਿਆਂ ਦੀ ਕਲਾਸ ਵਿਚ ਜਾ ਕੇ ਉਨ੍ਹਾਂ ਦੇ ਨਾਲ ਟੇਬਲ ਬੈਂਚ ਤੇ ਬੈਠ ਕੇ ਕਲਾਸ ਨਾਲ ਖੁੱਲ੍ਹ ਕੇ ਗੱਲਬਾਤ ਕਰਦਿਆਂ ਆਪਣੀ ਜ਼ਿੰਦਗੀ ਦੇ ਕੁਝ ਪਲ ਉਨ੍ਹਾਂ ਨਾਲ ਸਾਂਝੇ ਕੀਤੇ। ਇਸ ਮੌਕੇ ਸਕੂਲ ਦੇ ਬੱਚਿਆਂ ਸਮੂਹ ਸਟਾਫ ਤੇ ਬੱਚਿਆਂ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਆਉਣ 'ਤੇ ਦਿਲੋਂ ਧੰਨਵਾਦ ਕੀਤਾ।

# ਦੋ ਰੋਜ਼ਾ ਸਿਖਲਾਈ ਕੈਂਪ ਲਗਾਇਆ



**ਜਲੰਧਰ (ਇਕਬਾਲ ਸਿੰਘ ਉਭੀ)**- ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਰਾਸ਼ਟਰੀ ਅੰਕੜਾ ਦਫ਼ਤਰ ਵੱਲੋਂ ਇਸ ਸਾਲ ਆਪਣਾ ਪਹਿਲਾ 'ਨੈਸ਼ਨਲ ਹਾਊਸਹੋਲਡ ਇਨਕਮ ਸਰਵੇ' (ਰਾਸ਼ਟਰੀ ਘਰੇਲੂ ਆਮਦਨ ਸਰਵੇਖਣ) ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਰਵੇਖਣ ਦੀ ਤਿਆਰੀ ਅਤੇ ਅਮਲ ਲਈ ਸਥਾਨਕ ਖੇਤਰੀ ਦਫ਼ਤਰ ਵੱਲੋਂ ਅਧਿਕਾਰੀਆਂ ਲਈ ਦੋ ਰੋਜ਼ਾ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਸਰਵੇਖਣ ਟੀਮ ਨੂੰ ਡੇਟਾ ਇਕੱਠਾ ਕਰਨ ਦੀਆਂ ਬਾਰੀਕੀਆਂ ਤੋਂ ਜਾਣੂ ਕਰਵਾਉਣਾ ਸੀ, ਤਾਂ ਜੋ ਜ਼ਮੀਨੀ ਪੱਧਰ ਤੋਂ ਸਹੀ ਅੰਕੜੇ ਪ੍ਰਾਪਤ ਕੀਤੇ ਜਾ ਸਕਣ । ਇਸ ਦਾ ਉਦਘਾਟਨ ਸ਼੍ਰੀਮਤੀ ਪੱਲਵੀ ਅਗਰਵਾਲ ਸ਼੍ਰੀਵਾਸਤਵਾ, ਡਾਇਰੈਕਟਰ (ਆਈ ਐੱਸ ਐੱਸ) ਤੇ ਖੇਤਰੀ ਮੁਖੀ, ਰਾਸ਼ਟਰੀ ਅੰਕੜਾ ਦਫ਼ਤਰ (ਖੇਤਰੀ ਸੰਚਾਲਨ ਡਿਵੀਜ਼ਨ), ਅੰਕੜਾ ਮੰਤਰਾਲੇ, ਭਾਰਤ ਸਰਕਾਰ, ਜਲੰਧਰ ਨੇ ਆਪਣੇ ਮੁੱਖ ਭਾਸ਼ਣ ਨਾਲ ਕੀਤਾ। ਪੱਲਵੀ ਅਗਰਵਾਲ ਸ਼੍ਰੀਵਾਸਤਵਾ ਨੇ ਦੱਸਿਆ ਕਿ ਸਿਖਲਾਈ ਦਾ ਉਦੇਸ਼ ਵੱਖ-ਵੱਖ ਭੂਗੋਲਿਕ ਅਤੇ ਸਮਾਜਿਕ-ਆਰਥਿਕ ਹਾਲਤਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਦੀ ਆਮਦਨ, ਉਸ ਦੀ ਵੰਡ ਅਤੇ 'ਇਨਕਮ ਗੈਪ' (ਆਮਦਨ ਦੇ ਪਾੜੇ) ਦਾ ਸਹੀ ਮੁਲਾਂਕਣ ਕਰਨਾ ਹੈ। ਇਹ ਸਰਵੇਖਣ ਇੱਕ ਸਾਲ ਲਈ ਅਪ੍ਰੈਲ 2026 ਤੋਂ ਮਾਰਚ 2027 ਤੱਕ ਚੱਲੇਗਾ।ਇਸ ਮੌਕੇ ਗੁਰਪ੍ਰੀਤ ਸਿੰਘ, ਸਹਾਇਕ ਡਾਇਰੈਕਟਰ (ਆਈ ਐੱਸ ਐੱਸ), ਹਰਸ਼ਾ ਚੱਢਾ, ਸਹਾਇਕ ਡਾਇਰੈਕਟਰ (ਆਈ ਐੱਸ ਐੱਸ) ਤੇ ਪ੍ਰਮਿੰਦਰ ਅਤੇ ਸੁਮੀਤ ਸਕਸੈਨਾ, ਸੀਨੀਅਰ ਅੰਕੜਾ ਅਧਿਕਾਰੀਆਂ ਨੇ ਭਾਗੀਦਾਰਾਂ ਨੂੰ ਸਿਖਲਾਈ ਦਿੱਤੀ।

# ਸ਼ਾਂਤਮਈ ਪ੍ਰਦਰਸ਼ਨ ਕਰਦੇ ਅਧਿਆਪਕਾਂ 'ਤੇ ਤਸ਼ੱਦਦ ਦੀ ਨਿੰਦਾ

**ਮੁਹਾਲੀ (ਗੁਰਜੀਤ ਬਿੱਲਾ)**- ਇੱਕ ਹਫਤੇ ਦੇ ਅੰਦਰ ਅੰਦਰ ਦੂਜੀ ਵਾਰ ਆਪਣੀਆਂ ਹੱਕੀ ਤੇ ਜਾਇਜ ਮੰਗਾਂ ਲਈ ਚੰਡੀਗੜ੍ਹ ਪਹੁੰਚੇ ਅਧਿਆਪਕ ਭੈਣਾਂ ਤੇ ਵੀਰਾਂ ਤੇ ਪਾਣੀ ਦੀਆਂ ਬੁਛਾਰਾਂ, ਲਾਠੀਚਾਰਜ ,ਤੇ ਅਥਰੂ ਗੈਸ ਦੇ ਗੋਲੇ ਸੁੱਟੇ ਗਏ। ਗੌਰਮਿੰਟ ਟੀਚਰਜ਼ ਯੂਨੀਅਨ ਦੇ ਸਾਬਕਾ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ ਤੇ ਮੁਲਾਜ਼ਮ ਆਗੂ ਗੁਰਬਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਬੱਚਿਆਂ ਦੇ ਪੇਪਰ ਚਲਦੇ ਹੋਣ ਕਾਰਨ ਸਭ ਤੋਂ ਜਰੂਰੀ ਗੱਲ ਅਧਿਆਪਕਾਂ ਨੂੰ ਸਕੂਲਾਂ ਵਿੱਚ ਹੋਣਾ ਚਾਹੀਦਾ ਹੈ। ਪ੍ਰੰਤੂ ਪੰਜਾਬ ਦੀ ਸਰਕਾਰ ਨੇ ਇੱਕ ਟੈਟ ਦੀ ਬੇਲੋੜੀ ਸ਼ਰਤ ਲਗਾਕੇ ।ਉਸ ਦਾ ਕੋਈ ਹੱਲ ਨਾ ਕੱਢ ਕੇ ਅਧਿਆਪਕਾਂ ਨੂੰ ਸੜਕਾਂ ਤੇ ਆਉਣ ਲਈ ਮਜਬੂਰ ਕਰ ਦਿੱਤਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਦਿਨੀ ਮਾਨਯੋਗ ਸੁਪਰੀਮ ਕੋਰਟ ਦੇ ਇੱਕ ਫੈਸਲੇ ਨੇ ਅਧਿਆਪਕ ਵਰਗ ਦੇ ਦਿਨ ਦਾ ਚੈਨ ਤੇ ਰਾਤ ਦੀਆਂ ਨੀਂਦਾਂ ਹਰਾਮ ਕੀਤੀ ਹੋਈ ਹੈ। ਜਿਸਦੇ ਹੱਲ ਲਈ ਅਧਿਆਪਕ ਜਥੇਬੰਦੀਆਂ ਸਾਂਝੇ ਅਧਿਆਪਕ ਮੋਰਚੇ ਦੇ ਬੈਨਰ ਹੇਠ



ਲਗਾਤਾਰ ਸਿੱਖਿਆ ਮੰਤਰੀ ਨੂੰ ਮਿਲੀਆਂ ਅਤੇ ਉਨੇ ਨੇ ਵਿਧਾਨ ਸਭਾ ਵਿੱਚ ਵਿਸ਼ੇਸ਼ ਮਤਾ ਲਿਆ ਕੇ ਬੇਲੋੜੇ ਟੈਟ ਦੇ ਟੈਸਟ ਤੋਂ ਛੋਟ ਦੇਣ ਦਾ ਯਕੀਨ ਵੀ ਦੁਆਇਆ। ਪ੍ਰੰਤੂ ਅੱਜ ਤੱਕ ਸੈਸ਼ਨ ਦੌਰਾਨ ਟੈਟ ਦੇ ਟੈਸਟ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹਨਾਂ ਮੰਗਾਂ ਨੂੰ ਲੈ ਕੇ ਜਦੋਂ 8 ਮਾਰਚ ਨੂੰ ਵੱਡੀ ਗਿਣਤੀ ਵਿੱਚ ਅਧਿਆਪਕ ਤੇ ਮੁਲਾਜ਼ਮ ਚੰਡੀਗੜ੍ਹ ਪਹੁੰਚੇ ਤਾਂ ਉਹਨਾਂ ਨਾਲ ਗੱਲਬਾਤ ਕਰਨ ਦੀ ਬਜਾਏ ਉਹਨਾਂ ਤੇ ਅੰਨਾਂ ਤਸ਼ੱਦਦ ਕੀਤਾ ਗਿਆ ਅਤੇ ਪਾਣੀ ਦੀਆਂ ਬੁਛਾੜਾਂ, ਲਾਠੀਚਾਰਜ ਤੇ ਅੱਥਰੂ ਗੈਸ ਦੇ ਅਣਗਿਣਤ ਗੋਲੇ ਸੁੱਟੇ ਗਏ। ਜਿਸ ਵਿੱਚ ਬਹੁਤ ਸਾਥੀ ਜਖਮੀ ਹੋਏ ਫਿਰ ਜਦੋਂ ਸਾਂਝੇ ਅਧਿਆਪਕ ਮੋਰਚੇ ਦੇ ਬੈਨਰ ਹੇਠ ਅਧਿਆਪਕ ਮੰਗ ਪੱਤਰ ਦੇਣਾ ਚਾਹੁੰਦੇ ਸਨ ਤਾਂ ਉਹਨਾਂ ਤੇ ਬਿਨਾਂ ਕਿਸੇ ਭੜਕਾਹਟ ਦੇ ਪਾਣੀ ਦੀਆਂ ਬੁਛਾੜਾਂ , ਲਾਠੀ ਚਾਰਜ ਤੇ ਅਥਰੂ ਗੈਸ ਦੇ ਗੋਲੇ ਸਿੱਟੇ ਗਏ। ਜਿਸ ਨਾਲ ਸਮੁੱਚੇ ਮੁਲਾਜ਼ਮ ਵਰਗ ਵਿੱਚ ਰੋਸ ਦੀ ਲਹਿਰ ਫੈਲ ਗਈ ਹੈ। ਅਤੇ ਆਉਣ ਵਾਲੇ ਦਿਨਾਂ ਵਿੱਚ ਇੱਕ ਵੱਡੇ ਅੰਦੋਲਨ ਦਾ ਮੁੱਢ ਬੱਝ ਗਿਆ ਹੈ। ਜਿਸ ਦੀ ਪੰਜਾਬ ਸਰਕਾਰ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ। ਇਸ ਮੌਕੇ ਡਾਕਟਰ ਹਜ਼ਾਰਾ ਸਿੰਘ ਚੀਮਾ, ਰਾਮ ਕਿਸ਼ਨ ਧੁਨਕਿਆ, ਅਜਮੇਰ ਸਿੰਘ ਲੌਂਗੀਆ, ਅਮਨਦੀਪ ਸਿੰਘ ਛੱਤ ਬੀੜ, ਸੁਲੱਖਣ ਸਿੰਘ ਸੀਸਵਾਂ, ਕੁਲਵਿੰਦਰ ਕੌਰ ਅੰਧੇਹੇੜੀ ਨੇ ਵੀ ਇਸ ਜਬਰ ਦੀ ਨਿਖੇਧੀ ਕੀਤੀ ਹੈ।

## ਸੂਬੇ ਵਿੱਚ 100 ਸਿਹਤ ਸੰਸਥਾਨ ਬਣੇ ਫਰਸਟ ਰੇਫਰਲ ਯੂਨਿਟ : ਆਰਤੀ ਸਿੰਘ ਰਾਓ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਰਾਜ ਸਰਕਾਰ ਨੇ ਨੇਸ਼ਨਲ ਹੈਲਥ ਮਿਸ਼ਨ ਤਹਿਤ ਸੂਬੇ ਵਿੱਚ ਦੂਜੀ ਸਿਹਤ ਸੇਵਾਵਾਂ ਨੂੰ ਮਜਬੂਤ ਕਰਨ ਦੇ ਉਦੇਸ਼ ਨਾਲ 100 ਸਿਹਤ ਸੰਸਥਾਨਾਂ ਨੂੰ ਫਰਸਟ ਰੇਫਰਲ ਯੂਨਿਟ ਵੱਜੋਂ ਨਾਮਜ਼ਦ ਕੀਤਾ ਹੈ। ਇਸ ਪਹਿਲ ਦਾ ਉਦੇਸ਼ ਵਿਸ਼ੇਸ਼ ਰੂਪ ਨਾਲ ਗ੍ਰਾਮੀਣ ਅਤੇ ਦੂਰਦਰਾਜ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਮੇ ਸਿਰ ਬੇਹਤਰ ਮੈਡੀਕਲ ਸਹੂਲਤਾਂ ਉਪਲਬਧ ਕਰਾਉਣਾ ਹੈ ਤਾਂ ਜੋ ਗੰਭੀਰ ਮਾਮਲਿਆਂ ਵਿੱਚ ਮਰੀਜਾਂ ਨੂੰ ਤੁਰੰਤ ਇਲਾਜ ਮਿਲ ਸਕੇ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਐਫਆਰਯੂ ਨੂੰ 24 ਘੰਟੇ ਅਮਰਜੰਸੀ ਸੇਵਾਵਾਂ ਪ੍ਰਦਾਨ ਕਰਨ ਲਈ ਵਿਕਸਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਕੇਂਦਰਾਂ 'ਤੇ ਪ੍ਰਸੂਤੀ ਸੇਵਾਵਾਂ, ਨਵਜਾਤ ਬੱਚੇ ਦੀ ਦੇਖਭਾਲ ਅਤੇ ਖੂਨ ਭੰਡਾਰਨ ਜਿਹੀ ਮਹਤੱਵਪੂਰਨ ਸਹੂਲਤਾਂ ਉਪਲਬਧ ਕਰਾਈ ਜਾਣਗੀਆਂ, ਇਸ ਨਾਲ ਮਾਵਾਂ ਅਤੇ ਨਵਜਾਤ ਬੱਚਿਆਂ ਨਾਲ ਜੁੜੀ ਐਮਰਜੰਸੀ ਹਾਲਾਤਾਂ ਵਿੱਚ ਤੁਰੰਤ ਅਤੇ ਪ੍ਰਭਾਵੀ ਮੈਡੀਕਲ ਮਦਦ ਮਿਲ ਸਕੇਗੀ।

## ਟੂਟੋਮਜਾਰਾ ਨੂੰ ਮਾਡਲ ਗ੍ਰਾਮ ਬਣਾਇਆ ਜਾਵੇਗਾ : ਨਛੱਤਰ ਸਿੰਘ

**ਮਾਹਿਲਪੁਰ (ਸ਼ਫ਼ਰੀ)** ਬਲਾਕ ਮਾਹਿਲਪੁਰ ਅਧੀਨ ਪੈਂਦੇ ਪਿੰਡ ਟੂਟੋ ਮਜਾਰਾ ਦੀ ਪੰਚਾਇਤ ਨੇ ਕਾਫੀ ਸਮੇਂ ਤੋਂ ਰੁਕੇ ਹੋਏ ਵਿਕਾਸ ਨੂੰ ਪਹਿਲ ਦੇ ਆਧਾਰ ਤੇ ਮੁਕੰਮਲ ਕਰਨ ਦਾ ਬੀੜਾ ਚੁੱਕਿਆ ਹੈ। ਪਿੰਡ ਦੀ ਪੰਚਾਇਤ ਸਰਕਾਰ ਵਲੋਂ ਆਈ ਗ੍ਰਾਂਟ ਨੂੰ ਸਹੀ ਜਗ੍ਹਾ ਤੇ ਲਗਾਉਣ ਨਾਲ ਪਿੰਡ ਦੀ ਨੁਹਾਰ ਨੂੰ ਚਾਰ ਚੰਨ ਲਾਉਣ ਵਿੱਚ ਕੋਈ ਕਸਰ ਨਹੀਂ ਛੱਡ ਰਹੀ। ਇਸ ਨਾਲ ਨਰੇਗਾ ਦਾ ਕੰਮ ਵੀ ਨਿਰਵਿਘਨ ਚੱਲ ਰਿਹਾ ਹੈ। ਪਿੰਡ ਦੇ ਸਰਪੰਚ ਨਛੱਤਰ ਸਿੰਘ ਨਿੱਕੂ ਨੇ ਦੱਸਿਆ ਕਿ ਪੰਚਾਇਤ ਦੀ ਪੂਰੀ ਕੋਸ਼ਿਸ਼ ਹੈ ਕਿ ਪਿੰਡ ਟੂਟੋ ਮਜਾਰਾ ਨੂੰ ਮਾਡਲ ਗ੍ਰਾਮ ਬਣਾਇਆ ਜਾਵੇ।



## ਕਾਕੂ ਆਹਲੂਵਾਲੀਆ ਨੇ ਪੰਜਾਬ ਖਾਦੀ ਬੋਰਡ ਦੇ ਚੇਅਰਮੈਨ ਵਜੋਂ ਸੰਭਾਲਿਆ ਅਹੁਦਾ

**ਜਲੰਧਰ, (ਸੁਰਿੰਦਰ ਕੁਮਾਰ)**- ਆਮ ਆਦਮੀ ਪਾਰਟੀ ਦੇ ਆਗੂ ਸੀਨੀਅਰ ਗਗਨਦੀਪ ਸਿੰਘ ਕਾਕੂ ਆਹਲੂਵਾਲੀਆ ਨੇ ਚੰਡੀਗੜ੍ਹ ਦੇ ਸੈਕਟਰ 17 ਵਿੱਚ 'ਪੰਜਾਬ ਖਾਦੀ ਅਤੇ ਗ੍ਰਾਮੀਣ ਉਦਯੋਗ ਬੋਰਡ' ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ ਰਾਜਬੀਰ ਘੁੰਮਣ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉੱਥੇ ਹੀ ਜਲੰਧਰ ਤੋਂ ਸੰਤ ਸਮਾਜ ਤੋਂ ਇਲਾਵਾ ਦਲਜੀਤ ਸਿੰਘ ਆਹਲੂਵਾਲੀਆ, ਮੰਤਰੀ ਮੋਹਿੰਦਰ ਭਗਤ, ਹਲਕਾ ਸੈਂਟਰਲ ਇੰਚਾਰਜ ਨਿਤਿਨ ਕੋਹਲੀ, ਨੌਰਥ ਇੰਚਾਰਜ ਦਿਨੇਸ਼ ਢੱਲ, ਮੇਅਰ ਵਨੀਤ ਧੀਰ, ਹਰਪਾਲ ਚੱਢਾ, ਕੌਂਸਲਰ ਦੀਪਕ ਸ਼ਾਰਦਾ, ਯੂਥ ਆਗੂ ਰੌਬਿਨ ਸਾਂਪਲਾ, ਜਗਦੀਸ਼ ਸਮਰਾਏ, ਪੂਜਾ ਸਿੰਘ ਆਦਿ ਵੀ ਹਾਜ਼ਰ ਸਨ।



# ਆਂਗਣਵਾੜੀ ਓਲੰਪਿਕ ਖੇਡਾਂ ਕਰਵਾਈਆਂ

**ਹੁਸ਼ਿਆਰਪੁਰ, (ਬਲਵੀਰ ਸੈਣੀ)**- ਡਾਇਰੈਕਟਰ ਸਮਾਜਿਕ ਸੁਰਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸਾ ਹੇਠ ਜਿਲਾ ਪ੍ਰੋਗ੍ਰਾਮ ਅਫਸਰ ਹੁਸਿਆਰਪੁਰ-1 ਤੇ ਸੀ ਡੀ ਪੀ ਓ ਰਵਿੰਦਰ ਕੌਰ ਦੀ ਅਗਵਾਈ ਹੇਠ ਸਰਕਲ ਸੁਪਰਵਾਈਜਰ ਸ਼ਰਮੀਲਾ ਰਾਣੀ ਸਰਕਲ ਲਾਚੋਵਾਲ ਦੇ ਮੁੱਖ ਸੈਂਟਰ ਲਾਚੋਵਾਲ ਵਿੱਚ ਮਿਸ਼ਨ ਆਰੰਭ ਤਹਿਤ ਮਹਿਲਾਂ ਬਾਲ ਵਿਕਾਸ ਵਿਭਾਗ ਵਲੋਂ 12ਤੇ 13 ਮਾਰਚ ਨੂੰ ਆਂਗਣਵਾੜੀ ਓਲੰਪਿਕ ਖੇਡਾਂ ਦਾ ਆਜੋਜਨ ਕੀਤਾ ਗਿਆ। ਇਸ ਵਿੱਚ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਤੇ ਵੱਖ ਵੱਖ ਪਿੰਡਾਂ ਤੋਂ ਆਈਆ ਆਂਗਣਵਾੜੀ ਵਰਕਰਾਂ ਨੇ ਭਾਗ ਲਿਆ ਜਿਸ ਵਿੱਚ ਸ਼ਰਮੀਲਾ ਰਾਣੀ ਵੱਲੋਂ 25 ਪਿੰਡਾਂ ਤੋਂ ਆਈਆਂ ਆਂਗਣਵਾੜੀ ਵਰਕਰਾਂ ਪਿੰਡ ਲਾਚੋਵਾਲ ਤੋਂ ਪੰਚਾਇਤ ਮੈਂਬਰ,ਆਸ਼ਾ ਵਰਕਰ ਤੇ ਹੋਰ ਔਰਤਾਂ ਦਾ ਸਵਾਗਤ ਕੀਤਾ ਗਿਆ ਤੇ ਬਾਅਦ ਵਿੱਚ ਉਹਨਾਂ ਨੂੰ ਈ ਸੀ ਸੀ ਈ ਦਿਵਸ ਬਾਰੇ ਦੱਸਿਆ। ਉਹਨਾਂ ਨੇ ਕਿਹਾ ਕਿ ਤਿੰਨ ਤੋਂ ਛੇ ਸਾਲ ਦੇ ਬੱਚਿਆਂ ਦਾ ਸਰਬਪੱਖੀ ਵਿਕਾਸ ਮੋਟਰ ਵਿਕਾਸ ਤਾਲਮੇਲ ਸੰਤੁਲਨ,ਫੁਰਤੀ,



ਮਾਸਪੇਸ਼ੀ ਤਾਕਤ ਬਹੁਤ ਮਹੱਤਵਪੂਰਨ ਹੈ। ਆਂਗਣਵਾੜੀ ਸੈਂਟਰਾਂ ਵਿੱਚ ਗਤੀਵਿਧੀਆਂ ਬੱਚਿਆਂ ਦੇ ਸਰੀਰਕ ਮਾਨਸਿਕ ਵਿਕਾਸ ਨੂੰ ਮਜਬੂਤ ਤੇ ਕਰਦੀਆਂ ਹਨ, ਸਕੂਲ ਲਈ ਤਿਆਰੀ ਨੂੰ ਸੁਧਾਰਦੀਆਂ ਹਨ, ਸਮਾਜਿਕ ਅਤੇ ਭਾਵਨਾਤਮਕ ਹੁਨਰਾਂ ਨੂੰ ਵਧਾਉਂਦੀਆਂ ਹਨ। ਇਸ ਲਈ ਆਂਗਣਵਾੜੀ ਓਲੰਪਿਕ ਖੇਡਾਂ 2026 ਦਾ ਆਯੋਜਨ ਕੀਤਾ ਗਿਆ ਹੈ। 12 ਮਾਰਚ ਨੂੰ ਆਂਗਣਵਾੜੀ ਸੈਂਟਰਾ ਵਿੱਚ ਆਂਗਣਵਾੜੀ ਵਰਕਰਾਂ ਵੱਲੋਂ ਬੱਚਿਆਂ ਅਤੇ ਬੱਚਿਆਂ ਦੀਆਂ ਮਾਵਾਂ ਨਾਲ ਗਤੀਵਿਧੀਆਂ ਕਰਵਾਈਆਂ ਤੇ 13 ਮਾਰਚ ਨੂੰ ਸਰਕਲ ਲਾਚੋਵਾਲ ਵਿਖੇ ਸੁਪਰਵਾਈਜ਼ਰ ਮੈਡਮ ਸਰਮੀਲਾ ਰਾਣੀ ਵੱਲੋਂ ਆਂਗਣਵਾੜੀ ਵਰਕਰ ਨੂੰ ਪਹਿਲਾਂ ਉਹਨਾਂ ਨੂੰ ਉਦੇਸ਼ ਦੱਸੇ ਕਿ ਸਾਡੀਆਂ 6 ਖੇਡਾਂ ਹਨ ਦੌੜ, ਨਿੰਬੂ ਦੌੜ,ਰੱਸੀ ਟੱਪਣਾ,ਡੱਡੂ ਦੌੜ,ਬੋਰੀ ਦੌੜ ਹਨ ਅਤੇ ਇਹਨਾਂ ਵਿੱਚੋਂ ਤਿੰਨ ਖੇਡਾਂ ਅਸੀਂ ਚੁਣਨੀਆਂ ਹਨ ਅਤੇ ਉਹ ਤੁਹਾਡੇ ਨਾਲ ਖੇਡੀਆਂ ਜਾਣਗੀਆਂ ਉਹਨਾਂ ਆਂਗਣਵਾੜੀ ਵਰਕਰ ਵੱਲੋਂ ਇਹ ਗੇਮਾਂ ਖੇਡੀਆਂ ਗਈਆਂ ਤੇ ਉਹਨਾਂ ਵਿੱਚੋਂ ਵਿਨਰ ਵਰਕਰਸ ਜਸਵਿੰਦਰ ਕੌਰ ਅਸਲਪੁਰ ਪ੍ਰੇਮਜੀਤ ਕੌਰ ਸਟਿਆਣਾ ਨਰਿੰਦਰ ਕੌਰ ਸ਼ੈਖੂਪੁਰ ਜੋ ਕਿ ਪਹਿਲਾਂ ਸਥਾਨ ਗੇਮਾਂ ਦੇ ਵਿੱਚੋਂ ਉਹਨਾਂ ਨੇ ਹਾਸਲ ਕੀਤਾ ਬਾਅਦ ਵਿੱਚ ਸੁਪਰਵਾਈਜ਼ਰ ਮੈਡਮ ਵੱਲੋਂ ਉਹਨਾਂਦੀ ਹੌਸਲਾ ਅਫਜਾਈ ਲਈ ਉਹਨਾਂ ਨੂੰ ਸਨਮਾਨਿਤ ਕੀਤਾ।

# ਵੋਕੇਸ਼ਨਲ ਸੈਂਟਰ ਪਹੁੰਚਣ 'ਤੇ ਆਸ਼ੂ ਸਾਂਪਲਾ ਦਾ ਨਿੱਘਾ ਸਵਾਗਤ



**ਫਗਵਾੜਾ (ਡਾ. ਰਮਨ)**- ਨਵਿਆ ਹੈਲਪਿੰਗ ਹੈਂਡਜ ਦੇ ਸੰਸਥਾਪਕ ਆਸ਼ੂ ਸਾਂਪਲਾ ਦਾ ਸਰਬ ਨੌਜਵਾਨ ਸਭਾ ਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਥਾਨਕ ਸਕੀਮ ਨੰਬਰ-3, ਹੁਸ਼ਿਆਰਪੁਰ ਰੋਡ, ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਟਰੇਨਿੰਗ ਸੈਂਟਰ ਵਿੱਖੇ ਪਹੁੰਚਣ 'ਤੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸੈਂਟਰ ਸਟਾਫ ਅਤੇ ਸਿੱਖਿਆਰਥਣਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਆਸ਼ੂ ਸਾਂਪਲਾ ਨੇ ਵੋਕੇਸ਼ਨਲ ਸੈਂਟਰ ਦੀਆਂ ਵਿਖੇ ਕਰਵਾਏ ਜਾ ਰਹੇ ਵੱਖ-ਵੱਖ ਹੱਥੀਂ ਕਿੱਤਾ ਕੋਰਸਾਂ ਦੀ ਜਾਣਕਾਰੀ ਲਈ ਤੇ ਸਿੱਖਿਆਰਥਣਾਂ ਨਾਲ ਗੱਲਬਾਤ ਕਰਦਿਆਂ ਸਭਾ ਅਤੇ ਸੁਸਾਇਟੀ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਦੌਰਾਨ ਉਹਨਾਂ ਨੇ ਸੈਂਟਰ ਵਿਖੇ ਸਿਖਲਾਈ ਪ੍ਰਾਪਤ ਕਰ ਰਹੀਆਂ ਆਰਥਕ ਪੱਖੋਂ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ 10 ਸਿੱਖਿਆਰਥਣਾਂ ਦੀ ਫੀਸ ਵੀ ਆਪਣੇ ਵਲੋਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੂੰ ਅਦਾ ਕੀਤੀ ਅਤੇ ਕਿਹਾ ਕਿ ਘਰੇਲੂ ਮਹਿਲਾਵਾਂ ਲਈ ਵੀ ਹੱਥੀਂ ਹੁਨਰ ਸਿੱਖਣਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਕਿਉਂਕਿ ਅਜੋਕੇ ਸਮੇਂ ਵਿੱਚ ਚੰਗੀ ਗੁਜ਼ਰ-ਬਸਰ ਲਈ ਔਰਤਾਂ ਦਾ ਵੀ ਕੰਮਕਾਜੀ ਹੋਣਾ ਜਰੂਰੀ ਹੋ ਗਿਆ ਹੈ। ਉਹਨਾਂ ਸਭਾ ਦੇ ਉਪਰਾਲੇ ਨੂੰ ਜਿੱਥੇ ਮਹਿਲਾ ਸਸ਼ਕਤੀਕਰਣ ਦੀ ਦਿਸ਼ਾ ਵਿੱਚ ਸ਼ਲਾਘਾਯੋਗ ਉਪਰਾਲਾ ਦੱਸਿਆ ਉੱਥੇ ਹੀ ਕਿਹਾ ਕਿ ਆਤਮ-ਨਿਰਭਰ ਮਹਿਲਾ ਆਤਮ-ਵਿਸ਼ਵਾਸ ਨਾਲ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਦੀਆਂ ਹਨ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਆਸ਼ੂ ਸਾਂਪਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਫੀਸਾਂ ਦੇ ਰੂਪ ਵਿੱਚ ਦਿੱਤਾ ਗਿਆ ਆਰਥਕ ਯੋਗਦਾਨ ਸਿੱਖਿਆਰਥਣਾਂ ਲਈ ਹੌਸਲਾ ਵਧਾਉਣ ਵਾਲਾ ਹੈ ਅਤੇ ਇਸ ਨਾਲ ਹੋਰ ਵੀ ਲੜਕੀਆਂ ਨੂੰ ਟਰੇਨਿੰਗ ਪ੍ਰਾਪਤ ਕਰਨ ਲਈ ਪ੍ਰੇਰਣਾ ਮਿਲੇਗੀ। ਉਨ੍ਹਾਂ ਕਿਹਾ ਕਿ ਸਭਾ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਜ ਸੇਵੀ ਕਾਰਜ ਜਾਰੀ ਰੱਖੇ ਜਾਣਗੇ। ਸਭਾ ਵਲੋਂ ਆਸ਼ੂ ਸਾਂਪਲਾ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਮਾਜ ਸੇਵਿਕਾ ਰਜਨੀ ਬਾਲਾ, ਸੈਂਟਰ ਸਟਾਫ ਆਸ਼ੂ ਬੱਗਾ, ਗੁਰਜੀਤ ਕੌਰ, ਲਕਸ਼ਮੀ, ਸੁਖਪ੍ਰੀਤ ਕੌਰ, ਸੈਂਟਰ ਦੇ ਮੈਨੇਜਰ ਜਗਜੀਤ ਸਿੰਘ ਸੇਠ, ਰਣਜੀਤ ਸਿੰਘ ਬੇਦੀ, ਰਾਮ ਸਾਂਪਲਾ ਤੋਂ ਇਲਾਵਾ ਸੈਂਟਰ ਦੀਆਂ ਸਿੱਖਿਆਰਥਣਾਂ ਕੋਮਲਪ੍ਰੀਤ, ਮੋਨਿਕਾ, ਰਜਨੀ, ਅਨੁਰਾਧਾ, ਤਾਨੀਆ, ਅਰਾਧਨਾ, ਅਸ਼ਪ੍ਰੀਤ, ਆਸ਼ਾ ਕੁਮਾਰੀ, ਦਿਵਿਆ, ਗੋਮਤੀ, ਕਾਜਲ, ਅਮਨਜੋਤ, ਸੁਖਮਨ, ਰੁਪਿੰਦਰ, ਨਿਸ਼ਾ, ਜਾਚਨਾ, ਨਵਨੀਤ ਆਦਿ ਹਾਜ਼ਰ ਸਨ।

## ਪ੍ਰੀਖਿਆਂ ਕੇਂਦਰਾਂ ਦੇ 100 ਮੀਟਰ ਦੇ ਘੇਰੇ 'ਚ ਦਾਖਲ ਹੋਣ 'ਤੇ ਲਗਾਈ ਪਾਬੰਦੀ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਮਿਤੀ 15.03.2026 (ਦਿਨ ਐਤਵਾਰ) ਨੂੰ ਹੋ ਰਹੀ ਪੀ ਐੱਸ ਟੀ ਈ ਟੀ 2026 ਦੀ ਪ੍ਰੀਖਿਆ ਦੌਰਾਨ ਬਣਾਏ ਕੁੱਲ 19 ਪਰੀਖਿਆਂ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣ-ਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਨੂੰ ਦਾਖਲ ਨਾ ਹੋਣ ਦਿੱਤਾ ਜਾਵੇ।

## ਟੂਰਨਾਮੈਂਟ ਦਾ ਉਦਘਾਟਨ

**ਪੋਜੇਵਾਲ (ਰਾਮ ਲਾਲ)**- ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗਰਾਊਂਡ ਵਿਖੇ ਪੂਰੇ ਜੋਸ਼ੋ ਖਰੋਸ਼ ਨਾਲ ਹੋਏ ਟੂਰਨਾਮੈਂਟ ਦਾ ਉਦਘਾਟਨ ਬਿੰਦਰੀ ਬੱਲ ਬਛੌੜੀ ਵੱਲੋਂ ਸਮੂਹ ਪਤਵੰਤਿਆਂ ਤੇ ਨਗਰ ਨਿਵਾਸੀਆਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਉਦਘਾਟਨੀ ਮੈਚ ਛਦੌੜੀ ਅਤੇ ਸਿਆਣਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਪ੍ਰਬੰਧਕ ਕਮੇਟੀ ਨੇ ਦੱਸਿਆ ਕਿ 15 ਮਾਰਚ ਨੂੰ ਟੂਰਨਾਮੈਂਟ ਦੀ ਸਮਾਪਤੀ ਹੋਵੇਗੀ। ਟੂਰਨਾਮੈਂਟ ਵਿੱਚ ਜੇਤੂ ਟੀਮ ਨੂੰ 71000 ਅਤੇ ਉਪ ਜੇਤੂ ਟੀਮ ਨੂੰ 51000 ਦੀ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ। ਪ੍ਰਬੰਧਕ ਕਮੇਟੀ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਟੂਰਨਾਮੈਂਟ ਸਮੂਹ ਨਗਰ ਨਿਵਾਸੀਆਂ ਐਨ ਆਰ ਆਈ, ਮੁਲਾਜ਼ਮ ਤੇ ਪੰਚਾਇਤ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਦਾਰਾ ਸਿੰਘ ਬੱਲ ਪਰਮਿੰਦਰ ਸਿੰਘ ਢਾਹ, ਜੋਗਾ ਸਿੰਘ ਬਛੌੜੀ, ਬਹਾਦਰ ਸਿੰਘ ਬਛੌੜੀ, ਮੋਹਨ ਲਾਲ ਸਰਪੰਚ ਖ਼ਰੋੜ,ਜਗਜੀਤ ਸਿੰਘ ਗਿੱਲ,ਬਲਵੀਰ ਗਿੱਲ, ਸੰਦੀਪ ਬੰਗੜ, ਗੁਰਪ੍ਰੀਤ ਬੰਗੜ, ਜਗਤਾਰ ਬੈਂਸ, ਲਖਵਿੰਦਰ ਸਿੰਘ ਲੱਕੀ ਮਾਰਵਾ, ਰਾਮ ਲੁਭਾਇਆ, ਬਿੰਦੂ ਗਿੱਲ, ਰਾਮ ਲਾਲ,ਰਣਜੀਤ ਫੌਜੀ, ਸੁੱਚਾ ਠੇਕੇਦਾਰ, ਕਰਨੈਲ ਪੰਚ, ਲੱਕੀ ਬੰਗੜ, ਜਥੇਦਾਰ ਸੁੱਚਾ ਸਿੰਘ, ਦਿਲਬਾਗ ਸਿੰਘ, ਰਣਜੀਤ ਪੱਪੂ ਆਦਿ ਹਾਜ਼ਰ ਸਨ।



## ਆਲ ਇੰਡੀਆ ਪੁਲਸ ਐਥਲੈਟਿਕਸ ਕਲੱਸਟਰ-2025-26 ਸਫ਼ਲਤਾਪੂਰਵਕ ਸਮਾਪਤ

**ਜਲੰਧਰ (ਸੁਰਿੰਦਰ ਕੁਮਾਰ)**- 74ਵਾਂ ਆਲ ਇੰਡੀਆ ਪੁਲਿਸ ਐਥਲੈਟਿਕਸ ਕਲੱਸਟਰ-2025-26 ਅੱਜ ਸਮਾਪਤ ਹੋ ਗਿਆ। ਸਮਾਪਤੀ ਸਮਾਰੋਹ ਪੀਏਪੀ, ਜਲੰਧਰ ਵਿਖੇ ਕਰਵਾਇਆ ਗਿਆ। 74ਵਾਂ ਆਲ ਇੰਡੀਆ ਪੁਲਿਸ ਐਥਲੈਟਿਕਸ ਕਲੱਸਟਰ-2025-26 ਪੀਏਪੀ ਹੈੱਡਕੁਆਰਟਰ, ਜਲੰਧਰ ਵਿਖੇ 07.03.2026 ਤੋਂ 12.03.2026 ਤੱਕ ਆਯੋਜਿਤ ਕੀਤਾ ਗਿਆ ਸੀ।




## ਮੁੱਖ ਮੰਤਰੀ ਵੱਲੋਂ ਬਸੰਤ ਉਤਸਵ ਦਾ ਉਦਘਾਟਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਸ਼ੁੱਕਰਵਾਰ ਸੈਕਟਰ-5 ਸਥਿਤ ਟਾਊਨ ਪਾਰਕ ਵਿੱਚ ਤਿੰਨ ਦਿਨਾਂ ਦੇ 38ਵੇਂ ਬਸੰਤ ਉਤਸਵ ਦਾ ਉਦਘਾਟਨ ਕੀਤਾ। 37 ਸਾਲਾਂ ਵਿੱਚ ਪਹਿਲੀ ਵਾਰ ਇਸ ਉਤਸਵ ਦਾ ਆਯੋਜਨ ਸੂਰਜਕੁੰਡ ਮੇਲੇ ਦੀ ਤਰਜ 'ਤੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਰੱਖਰਖਾਵ ਦੇ ਲਈ ਸਾਲ ਭਰ ਵਿੱਚ ਬੰਦ ਏਸ਼ਿਆ ਦਾ ਸੱਭ ਤੋਂ ਬੰਦ, ਏਸ਼ਿਆ ਦਾ ਸੱਭ ਤੋਂ ਵੱਡਾ ਕੈਕਟਸ ਗਾਰਡਨ ਵੀ ਜਨਤਾ ਲਈ ਖੋਲਿਆ ਗਿਆ ਹੈ। ਇਸ ਤੋਂ ਪਹਿਲਾਂ ਸ੍ਰੀ ਨਾਇਬ ਸਿੰਘ ਸੈਨੀ ਦਾ ਪ੍ਰੋਗਰਾਮ ਵਿੱਚ ਪਹੁੰਚਣ 'ਤੇ ਰਿਵਾਇਤੀ ਪੱਗ ਬੰਨ੍ਹ ਕੇ ਤੇ ਢੋਲ ਨਗਾਰਿਆਂ ਅਤੇ ਵਾਦ ਯੰਤਰਾਂ ਨਾਲ ਸਵਾਗਤ ਕੀਤਾ ਗਿਆ। ਮੁੱਖ ਮੰਤਰੀ ਨੇ ਬਸੰਤ ਉਤਸਵ ਵਿੱਚ ਫੁੱਲਾਂ ਦੀ ਪ੍ਰਦਰਸ਼ਨੀ ਦਾ ਅਵਲੋਕਨ ਕੀਤਾ ਅਤੇ ਕੱਟ ਫਲਾਵਰ, ਡਰਾਈ ਫਲਾਵਰ ਅਤੇ ਫ੍ਰੇਸ ਫਲਾਵਰ ਸੈਕਸ਼ਨ ਵਿੱਚ ਫੁੱਲਾਂ ਦੀ ਵੱਖ-ਵੱਖ ਕਿਸਮਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਉਨ੍ਹਾਂ ਨੇ ਸਵੈ ਸਹਾਇਤਾ ਸਮੂਹ ਵੱਲੋਂ ਨਿਰਮਾਣਤ ਵੱਖ-ਵੱਖ ਉਤਪਾਦਾਂ ਦੇ ਸਟਾਲਾਂ ਦਾ ਵੀ ਅਵਲੋਕਨ ਕੀਤਾ।

# ਸੰਤ ਚਰਨ ਦਾਸ ਦੇ ਸ਼ਰਧਾਂਜਲੀ ਸਮਾਗਮ ਮੌਕੇ ਸੰਤ ਪ੍ਰੇਮ ਦਾਸ ਨੂੰ ਗੱਦੀ ਨਸ਼ੀਨ ਬਣਾਇਆ

**ਹੁਸ਼ਿਆਰਪੁਰ (ਓ ਪੀ ਰਾਣਾ)**- ਡੇਰਾ ਸੱਚਖੰਡ ਸੰਤ ਗੁਲਾਬ ਸ਼ਾਹ ਜੀ ਭੂਰੀ ਵਾਲਿਆਂ ਦੇ ਚਰਨ ਸੇਵਕ ਬ੍ਰਹਮਲੀਨ 108 ਸੰਤ ਚਰਨਦਾਸ ਦਾਸ ਜੋ ਕਿ ਪਿਛਲੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਵਿਰਾਜੇ ਸਨ , ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਮੌਕੇ ਸੰਤਾਂ, ਮਹਾਂਪੁਰਸ਼ਾਂ,ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਰਧਾ ਪੂਰਵਕ ਸ਼ਰਧਾਂਜਲੀਆਂ ਭੇਟ ਕੀਤੀਆਂ। ਸ਼ਰਧਾਂਜਲੀ ਸਮਾਗਮ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਵੱਖ ਵੱਖ ਡੇਰਿਆਂ ਦੇ ਸੰਤਾਂ ਮਹਾਂਪੁਰਸ਼ਾਂ ਵਲੋਂ ਭਾਰੀ ਗਿਣਤੀ ਵਿੱਚ ਹਾਜਰ ਸੰਗਤਾਂ ਦੀ ਮੌਜੂਦਗੀ ਵਿੱਚ ਸੰਤ ਪ੍ਰੇਮ ਦਾਸ ਨੂੰ ਸਾਧੂ ਸਮਾਜ ਦੀ ਦਸਤਾਰ ਬੰਨ ਕੇ ਡੇਰਾ ਭੂਰੀ ਵਾਲੇ ਦੇ ਗੱਦੀ ਨਸ਼ੀਨ ਥਾਪ ਕੇ ਸੇਵਾ ਸੰਭਾਲੀ ਤੇ ਸੰਤ ਦਵਿੰਦਰ ਦਾਸ ਮੁੱਖ ਸੇਵਾਦਾਰ ਦੀ ਸੇਵਾ ਸੰਭਾਲੀ ਗਈ। ਇਸ ਮੌਕੇ ਸੰਤ ਬੀਬੀ ਗੰਗਾ ਦੇਵੀ ਜੀ ਮੈਲੀ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ, ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ, ਸੰਤ ਰਮੇਸ਼ ਦਾਸ ਸ਼ੇਰਪੁਰ ਢਕੌਂ, ਸੰਤ ਨਿਰਮਲ ਸਿੰਘ ਆਵਾਦਾਨ, ਸੰਤ ਦੇਸ਼ ਰਾਜ ਫਗਵਾੜਾ, ਸੰਤ ਧਰਮਪਾਲ ਸ਼ੇਰਗੜ, ਸੰਤ ਦਿਨੇਸ਼ ਗਿਰ ਭਗਤ ਨਗਰ, ਸੰਤ ਸੀਤਲ ਦਾਸ ਕਾਲੇਵਾਲ ਭਗਤਾਂ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਭੈਣ ਸੰਤੋਸ਼ ਕੁਮਾਰੀ, ਸੰਤ ਸੁਰੀਤਾ, ਸੰਤ ਜਗਦੀਸ਼, ਸੰਤ ਰਮਾ ਦੇਵੀ, ਸੰਤ ਇੰਦੂ, ਸੰਤ ਮਨਪ੍ਰੀਤ, ਸੰਤ ਵਡਭਾਗੀ, ਸੰਤ ਮੇਜਰ ਦਾਸ ਹਲੂਵਾਲ, ਸੰਤ ਗੁਰਮੇਲ ਦਾਸ ਰਹੀਮਪੁਰ ਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਸੰਤ ਪ੍ਰੇਮ ਦਾਸ, ਸੰਤ ਦਵਿੰਦਰ ਦਾਸ ਨੇ ਸੰਤਾਂ, ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖਸ਼ੀਅਤਾਂ ਨੂੰ ਸਨਮਾਨਤ ਕੀਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ।



## ਨੈਸ਼ਨਲ ਮੈਰਾਥਨ 22 ਨੂੰ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਵੱਲੋਂ ਦੱਸਿਆ ਗਿਆ ਕਿ 22 ਮਾਰਚ ਨੂੰ ਮਹਿਲਪੁਰ (ਤਹਿਸੀਲ ਗੜ੍ਹਸ਼ੰਕਰ) ਜ਼ਿਲਾ ਹੁਸ਼ਿਆਰਪੁਰ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਨੈਸ਼ਨਲ ਮੈਰਾਥਨ (ਮਹਿਲਾ ਅਤੇ ਪੁਰਸ਼ ਵਰਗ ) ਆਯੋਜਿਤ ਕੀਤੀ ਜਾ ਰਹੀ ਹੈ, ਜਿਸ ਵਿਚ ਨੈਸ਼ਨਲ ਅਤੇ ਇੰਟਰਨੈਸ਼ਨਲ ਖਿਡਾਰੀ ਵੀ ਹਿੱਸਾ ਲੈ ਰਹੇ ਹਨ। ਇਸ ਮੈਰਾਥਨ ਵਿੱਚ ਹਿੱਸਾ ਲੈਣ ਵਾਲੇ ਰਨਰਜ਼ ਨੂੰ ਪਾਰਟੀਸਿਪੇਸ਼ਨ ਮੈਡਲ, ਸਰਟੀਫਿਕੇਟ, ਟੀ-ਸ਼ਰਟ, ਖਾਣਾ ਤੇ ਰਿਫਰੈਸ਼ਮੈਂਟਸ ਦੇ ਨਾਲ-ਨਾਲ ਮੈਡਲ, ਜੇਤੂ ਖਿਡਾਰੀਆਂ ਨੂੰ ਕੈਸ਼ ਪ੍ਰਾਈਜ਼ ਅਤੇ ਅਵਾਰਡਜ਼ ਨਾਲ ਵੀ ਸਨਮਾਨਤ ਕੀਤਾ ਜਾਵੇਗਾ। ਮੈਰਾਥਨ ਦਾ ਹਿੱਸਾ ਬਣਨ ਲਈ ਖਿਡਾਰੀਆਂ ਵੱਲੋਂ ਸਭ ਤੋਂ ਪਹਿਲਾਂ www.srs-ftge.com/landing ਲਿੰਕ ਤੇ ਜਾ ਕੇ ਰਜਿਸਟਰ ਕਰਨਾ ਹੋਵੇਗਾ। ਰਜਿਸਟਰੇਸ਼ਨ ਕਰਨ ਸਬੰਧੀ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਇਸ ਦੇ ਲਈ ਜ਼ਿਲਾ ਖੇਡ ਦਫਤਰ, ਆਈ.ਟੀ.ਆਈ. ਗਰਾਊਂਡ, ਨਵਾਂਸ਼ਹਿਰ ਵਿਖੇ ਹੈਲਪ ਡੈਸਕ ਵੀ ਲਗਾਇਆ ਗਿਆ ਹੈ, ਜਿੱਥੇ ਸਮਾਂ 11.00 ਵਜੇ ਤੋਂ 3.00 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ, ਤਾਂ ਜੋ ਖਿਡਾਰੀਆਂ ਨੂੰ ਰਜਿਸਟਰੇਸ਼ਨ ਕਰਵਾਉਣ ਵਿੱਚ ਕੋਈ ਮੁਸ਼ਕਿਲ ਨਾ ਆਵੇ।

## ਘੋੜੇਵਾਹਾ ਵਿਖੇ ਕ੍ਰਿਕਟ ਟੂਰਨਾਮੈਂਟ ਸ਼ੁਰੂ



**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਘੋੜੇਵਾਹਾ ਦੇ ਨੌਜਵਾਨ ਕਲੱਬ ਵੱਲੋਂ ਕ੍ਰਿਕਟ ਟੂਰਨਾਮੈਂਟ ਦੀ ਸ਼ੁਰੂਆਤ ਕੀਤੀ ਗਈ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਮਨਵੀਰ ਸਿੰਘ ਯੂਥ ਪ੍ਰਧਾਨ ਹੁਸ਼ਿਆਰਪੁਰ ਆਮ ਪਾਰਟੀ, ਸਰਪੰਚ ਤਰਲੋਚਨ ਸਿੰਘ ਘੋੜੇਵਾਹਾ, ਬਲਾਕ ਸੰਮਤੀ ਮੈਂਬਰ ਬਲਵਿੰਦਰ ਸਿੰਘ, ਪ੍ਰਧਾਨ ਸੋਨੂ ਬਾਜਵਾ,ਧਰਮਪਾਲ ਕਾਹਲੋ ਉਪ ਪ੍ਰਧਾਨ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਸ ਮੌਕੇ ਸ਼ੁਰੂਆਤੀ ਮੈਚ ਵਿੱਚ ਪਿੰਡ ਕੰਧਾਲਾ ਜੱਟਾਂ ਤੋਂ ਨਰਿਆਲਾ ਦੀ ਟੀਮ ਨੇ ਹਿੱਸਾ ਲਿਆ, ਜਿਸ ਵਿੱਚ ਮਰਿਆਦਾ ਦੀ ਟੀਮ ਵੱਲੋਂ 118 ਸਕੋਰ ਦਾ ਟੀਚਾ ਦਿੱਤਾ ਗਿਆ ਅਤੇ ਕੰਧਾਲਾ ਜੱਟਾਂ ਦੀ ਟੀਮ 112 ਰਨ ਹੀ ਬਣਾ ਸਕੀ, 6 ਸਕੋਰ ਨਾਲ ਨਰਿਆਲਾਂ ਟੀਮ ਜੇਤੂ ਰਹੀ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਪਹਿਲਾ ਇਨਾਮ 11000 ਰੁਪਏ ਦੂਜਾ ਇਨਾਮ 9100 ਅਤੇ ਤੀਸਰਾ ਇਨਾਮ 5100 ਅਤੇ ਫਾਇਨਲ ਮੈਚ ਵਿੱਚ ਮੈਨ ਆਫ ਮੈਚ ਨੂੰ 1100-1100ਰੁ. ਦਿੱਤਾ ਜਾਵੇਗਾ। ਇਸ ਮੌਕੇ ਸਮੂਹ ਗ੍ਰਾਮ ਪੰਚਾਇਤ ਪਿੰਡ ਘੋੜੇਵਾਹਾ, ਪ੍ਰਬੰਧਕ ਕਮੇਟੀ ਮੈਂਬਰ, ਕ੍ਰਿਕਟ ਟੀਮ ਘੋੜੇਵਾਹਾ, ਸਿਪੀ ਰਾਜਾ ਬੱਬੂ,ਚਮਨਪ੍ਰੀਤ ਸਿੰਘ ਕੰਧਾਲਾ ਜੱਟਾਂ, ਜਸਵੰਤ ਸਿੰਘ, ਸਮਲ, ਗੁਰਸ਼ਰਨ, ਵੰਸ਼, ਅਤੇ ਹੋਰ ਕ੍ਰਿਕਟ ਮੈਂਬਰ ਹਾਜ਼ਰ ਸਨ।

# ਨਿਵੇਸ਼ ਪੰਜਾਬ ਸੰਮੇਲਨ: ਮਜ਼ਬੂਤ ਈਕੋ ਸਿਸਟਮ ਤੇ ਯੂਨੀਕੋਰਨ ਸਟਾਰਟਅੱਪਸ 'ਤੇ ਰੌਸ਼ਨੀ ਪਾਈ



ਚੰਡੀਗੜ੍ਹ /ਐੱਸ.ਏ.ਐੱਸ.ਨਗਰ (ਗੁਰਜੀਤ ਬਿੱਲਾ)-ਇਥੇ ਚੱਲ ਰਹੇ ਪੰਜਾਬ ਨਿਵੇਸ਼ ਸੰਮੇਲਨ ਦੇ ਦੂਜੇ ਦਿਨ ਸ਼ਨੀਵਾਰ ਆਈਡੀਆ ਟੂ ਇਮਪੈਕਟ: ਪੰਜਾਬ ਦੀ ਇਕ ਸਟਾਰਟਅੱਪ ਡੈਸਟੀਨੇਸ਼ਨ ਵਜੋਂ ਯਾਤਰਾ ਸਿਰਲੇਖ ਤਹਿਤ ਹੋਏ ਬਹੁਤ ਹੀ ਦਿਲਚਸਪ ਸੈਸ਼ਨ ਦੌਰਾਨ ਸੂਬੇ ਦੀ ਉੱਭਰ ਰਹੀ ਉੱਦਮੀ ਦਿਖ ਨੂੰ ਸਾਹਮਣੇ ਲਿਆਂਦਾ।ਵੱਡੇ ਪੈਮਾਨੇ 'ਤੇ ਵਿਕਾਸ ਨੂੰ ਸਮਰਥਨ ਦੇਣ ਲਈ ਸੂਬੇ ਦੀ ਤਿਆਰੀ ਨੂੰ ਉਜਾਗਰ ਕਰਦੇ ਹੋਏ ਪੰਜਾਬ ਵਿਕਾਸ ਕਮਿਸ਼ਨ ਦੀ ਚੇਅਰਪਰਸਨ ਸੀਮਾ ਬਾਂਸਲ ਨੇ ਸੈਸ਼ਨ ਨੂੰ ਇੱਕ ਮਜ਼ਬੂਤ ਅਤੇ ਹਾਂ-ਪੱਖੀ ਦਿਸ਼ਾ ਦਿੱਤੀ। ਉਨ੍ਹਾਂ ਕਿਹਾ, ਪੰਜਾਬ ਵਿੱਚ, ਸਾਡੇ ਕੋਲ ਕਾਰੋਬਾਰ ਅਤੇ ਨਵੀਨਤਾ ਲਈ ਇੱਕ ਸ਼ਾਨਦਾਰ ਅਤੇ ਬਹੁਤ ਸਹਾਇਕ ਈਕੋਸਿਸਟਮ ਹੈ।ਸਾਡਾ ਧਿਆਨ ਹੁਣ ਇਸ ਗੱਲ 'ਤੇ ਹੋਣਾ ਚਾਹੀਦਾ ਹੈ ਕਿ ਅਸੀਂ ਰਾਜ ਵਿੱਚ ਯੂਨੀਕੋਰਨ ਸਟਾਰਟਅੱਪਸ ਦੀ ਸਥਾਪਤੀ ਅਤੇ ਉਨ੍ਹਾਂ ਦੇ ਵਿਕਾਸ ਲਈ ਇਸ ਈਕੋਸਿਸਟਮ ਨੂੰ ਕਿਵੇਂ ਮਾਪ ਸਕਦੇ ਹਾਂ।ਇਸ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦੇ ਹੋਏ ਉਦਯੋਗ ਅਤੇ ਵਣਜ ਵਿਭਾਗ ਦੀ ਡਾਇਰੈਕਟਰ ਸੁਰਭੀ ਮਲਿਕ ਨੇ ਪੰਜਾਬ ਸਰਕਾਰ ਦੁਆਰਾ ਉਠਾਏ ਗਏ ਸਰਗਰਮ ਕਦਮਾਂ ਬਾਰੇ ਦੱਸਿਆ।ਹੀਰੋ ਸਾਈਕਲ ਅਤੇ ਐਮ.ਬੀ.ਸੀ.ਆਈ.ਈ ਦੇ ਐਮ ਡੀ ਐਸ.ਕੇ. ਰਾਏ ਨੇ ਸੂਬਾ ਸਰਕਾਰ ਦੁਆਰਾ ਪ੍ਰਦਾਨ ਕੀਤੀ ਗਈ ਸਹਾਇਤਾ ਨੂੰ ਪੂਰਾ ਕਰਨ ਲਈ ਵਿਕਲਪਿਤ ਫੰਡਿੰਗ ਰੂਟਾਂ ਦੇ ਵਿਕਾਸ ਦੀ ਜ਼ੋਰਦਾਰ ਵਕਾਲਤ ਕੀਤੀ। ਆਈ.ਆਈ.ਟੀ ਰੁੜਕੀ ਦੁਆਰਾ ਵਿਕਸਤ ਕੀਤੇ ਗਏ ਇੱਕ ਸਫਲ ਮਾਡਲ, ਜਿਸਨੇ 24,000 ਤੋਂ ਵੱਧ ਨਿਵੇਸ਼ਕਾਂ ਨੂੰ ਸਟਾਰਟਅੱਪ ਵਿੱਚ ਪ੍ਰਤੀ ਨਿਵੇਸ਼ਕ ਘੱਟੋ-ਘੱਟ 1,00,000 ਰੁਪਏ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ, ਦਾ ਹਵਾਲਾ ਦਿੰਦਿਆਂ ਉਨ੍ਹਾਂ ਦਲੀਲ ਦਿੱਤੀ ਕਿ ਸਟਾਰਟਅੱਪ ਵਿੱਚ ਨਿਵੇਸ਼ ਕਰਨਾ ਨਿਵੇਸ਼ ਦੇ ਸਭ ਤੋਂ ਸੁਰੱਖਿਅਤ ਰੂਪਾਂ ਵਿੱਚੋਂ ਇੱਕ ਹੈ। ਇਸ ਤੋਂ ਪਹਿਲਾਂ ਸੈਸ਼ਨ ਵਿੱਚ, ਟੀ.ਆਈ.ਈ ਚੰਡੀਗੜ੍ਹ ਦੇ ਪ੍ਰਧਾਨ ਪੁਨੀਤ ਵਰਮਾ ਨੇ ਸਟਾਰਟਅੱਪਸ ਨੂੰ ਫੰਡਿੰਗ ਅਤੇ ਹੈਂਡਹੋਲਡਿੰਗ ਵਿੱਚ ਆਪਣੀ ਸੰਸਥਾ ਦੇ ਵਿਆਪਕ ਉਪਰਾਲਿਆਂ 'ਤੇ ਚਾਨਣਾ ਪਾਇਆ। ਪੰਜਾਬ ਇਨੋਵੇਸ਼ਨ ਮਿਸ਼ਨ ਦੇ ਸੀਈਓ ਸੋਮਵੀਰ ਆਨੰਦ ਨੇ ਸਟਾਰਟਅੱਪ ਪੰਜਾਬ ਪਹਿਲਕਦਮੀ ਨਾਲ ਨੇੜਿਓਂ ਕੰਮ ਕਰਨ ਤੋਂ ਆਪਣੇ ਵਿਹਾਰਕ ਤਜਰਬੇ ਸਾਂਝੇ ਕੀਤੇ। ਸੈਸ਼ਨ ਇੱਕ ਉਸਾਰੂ ਖੁੱਲ੍ਹੀ ਚਰਚਾ ਨਾਲ ਸਮਾਪਤ ਹੋਇਆ, ਜਿਸ ਤੋਂ ਬਾਅਦ ਮੁੱਖ ਬੁਲਾਰਿਆਂ ਦਾ ਰਸਮੀ ਸਨਮਾਨ ਕੀਤਾ ਗਿਆ।

## ਮੁਲਾਜ਼ਮਾਂ ਦੇ ਹੱਕ 'ਚ ਆਇਆ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਫ਼ੈਸਲਾ ਮੁਲਾਜ਼ਮ ਏਕਤਾ ਦੀ ਵੱਡੀ ਜਿੱਤ : ਬਲਬੀਰ ਸਿੱਧੂ



ਮੋਹਾਲੀ (ਗੁਰਜੀਤ ਬਿੱਲਾ)- ਸਾਬਕਾ ਸਿਹਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸੂਬਾ ਸਰਕਾਰ ਨੂੰ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਛੇਵੇਂ ਤਨਖ਼ਾਹ ਕਮਿਸ਼ਨ ਦੇ ਬਕਾਏ ਅਤੇ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਦੀ ਰਕਮ 6 ਫੀਸਦੀ ਵਿਆਜ ਸਮੇਤ ਦੇਣ ਦੇ ਇਤਿਹਾਸਕ ਫੈਸਲੇ ਦਾ ਨਿੱਘਾ ਸਵਾਗਤ ਕਰਦਿਆਂ ਇਸ ਨੂੰ ਮੁਲਾਜ਼ਮਾਂ ਦੀ ਵੱਡੀ ਜਿੱਤ ਕਰਾਰ ਦਿੱਤਾ। ਸਿੱਧੂ ਨੇ ਇੱਥੇ ਪ੍ਰੈੱਸ ਨੂੰ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਅਦਾਲਤ ਨੇ, ਹਰ ਰੋਜ਼ਾਨਾ ਖ਼ਜ਼ਾਨਾ ਭਰਿਆ ਹੋਣ ਦੀ ਰੱਟ ਲਾਉਣ ਵਾਲੀ ਭਗਵੰਤ ਮਾਨ ਸਰਕਾਰ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ।ਉਹਨਾਂ ਕਿਹਾ ਕਿ ਮਾਣਯੋਗ ਅਦਾਲਤ ਦੀ ਇਹ ਟਿੱਪਣੀ ਬੇਹੱਦ ਗੰਭੀਰ ਹੈ ਕਿ ਵਿੱਤੀ ਸੰਕਟ ਦਾ ਬਹਾਨਾ ਬਣਾ ਕੇ ਮੁਲਾਜ਼ਮਾਂ ਦੇ ਹੱਕਾਂ ਨੂੰ ਕੁਚਲਣਾ ਸਰਕਾਰ ਦੀ ਸਿਰੇ ਦੀ ਗੈਰ-ਜ਼ਿੰਮੇਵਾਰੀ, ਲਾਪਰਵਾਹੀ ਅਤੇ ਕਠੋਰਤਾ ਹੈ।ਉਨ੍ਹਾਂ ਕਿਹਾ ਕਿ ਇਹ ਕਿੰਨੇ ਦੁੱਖ ਦੀ ਗੱਲ ਹੈ ਕਿ ਲਗਭਗ 35,000 ਮੁਲਾਜ਼ਮ ਅਤੇ ਪੈਨਸ਼ਨਰ ਆਪਣੇ ਹੱਕ ਦੀ ਕਮਾਈ ਦੀਆਂ ਕਿਸ਼ਤਾਂ ਉਡੀਕਦੇ ਉਡੀਕਦੇ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਇਹ ਅੰਕੜਾ ਸਰਕਾਰ ਦੀ ਨਾਕਾਮੀ ਦਾ ਜਿਉਂਦਾ-ਜਾਗਦਾ ਸਬੂਤ ਹੈ।ਸੀਨੀਅਰ ਕਾਂਗਰਸੀ ਆਗੂ ਨੇ ਪੰਜਾਬ ਦੇ ਕਿਸੇ ਵੀ ਸਰਕਾਰ ਦੇ ਪ੍ਰਬੰਧਕੀ ਢਾਂਚੇ ਵਿੱਚ ਮੁਲਾਜ਼ਮਾਂ ਦੀ ਅਹਿਮ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ, ਮੁਲਾਜ਼ਮ ਸੂਬੇ ਦੀ ਰੀੜ੍ਹ ਦੀ ਹੱਡੀ ਹਨ। ਭਾਵੇਂ ਉਹ ਸਿਹਤ ਵਿਭਾਗ ਹੋਵੇ, ਸਿੱਖਿਆ ਹੋਵੇ ਜਾਂ ਕੋਈ ਹੋਰ ਪ੍ਰਬੰਧਕੀ ਇਕਾਈ, ਇਨ੍ਹਾਂ ਮੁਲਾਜ਼ਮਾਂ ਦੀ ਦਿਨ-ਰਾਤ ਦੀ ਮਿਹਨਤ ਸਦਕਾ ਹੀ ਸੂਬਾ ਚਲਦਾ ਹੈ। ਹਰ ਸਰਕਾਰ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਉਨ੍ਹਾਂ ਦੇ ਹੱਕ ਸਮੇਂ ਸਿਰ ਅਦਾ ਕਰੇ, ਨਾ ਕਿ ਉਨ੍ਹਾਂ ਨੂੰ ਸੜਕਾਂ 'ਤੇ ਰੁਲਣ ਲਈ ਮਜਬੂਰ ਕਰੇ। ਸਿੱਧੂ ਨੇ ਕਿਹਾ ਕਿ ਅਦਾਲਤ ਵੱਲੋਂ ਲਗਾਇਆ ਗਿਆ 6 ਫੀਸਦੀ ਵਿਆਜ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਸਰਕਾਰ ਨੇ ਮੁਲਾਜ਼ਮਾਂ ਨਾਲ ਘੋਰ ਬੇਇਨਸਾਫ਼ੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਹੋਰ ਦੇਰੀ ਕੀਤੇ ਬਿਨਾਂ ਇਸ ਫ਼ੈਸਲੇ ਨੂੰ ਤੁਰੰਤ ਲਾਗੂ ਕਰੇ ਅਤੇ ਬਕਾਏ ਦੀ ਰਾਸ਼ੀ ਤੁਰੰਤ ਮੁਲਾਜ਼ਮਾਂ ਦੇ ਖ਼ਾਤਿਆਂ ਵਿੱਚ ਪਾਈ ਜਾਵੇ।

## ਕੇਂਦਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਜਥਾ ਮਾਰਚ ਜਾਰੀ



**ਗੜ੍ਹਸ਼ੰਕਰ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੀ ਪੀ ਆਈ ਐਮ ਦੇ ਕੇਂਦਰੀ ਦਿਸ਼ਾ ਨਿਰਦੇਸ਼ਾਂ ਤਹਿਤ 11 ਮਾਰਚ ਤੋਂ 20 ਮਾਰਚ ਤਕ ਦੇਸ਼ ਭਰ ਵਿੱਚ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਜਥਾ ਮਾਰਚ ਕਰਕੇ ਲੋਕਾਂ ਨੂੰ ਜਾਗਰੂਕ ਕਰਕੇ ਦੇਸ਼ ਵਿਆਪੀ ਰੋਸ ਰੈਲੀ 24 ਮਾਰਚ ਨੂੰ ਰਾਮ ਲੀਲ੍ਹਾ ਗਰਾਊਂਡ ਵਿੱਚ ਕੀਤੀ ਜਾਵੇਗੀ। ਪੰਜਾਬ ਦਾ ਸੂਬਾਈ ਜਥਾ ਗਦਰੀ ਬਾਬਿਆਂ ਦੇ ਪਿੰਡ ਸੁਰ ਸਿੰਘ ਵਾਲੇ ਤੋਂ ਸ਼ੁਰੂ ਹੋ ਕੇ ਅੱਜ ਗੜ੍ਹਸ਼ੰਕਰ ਸ਼ਹੀਦ ਭਗਤ ਸਿੰਘ ਸਮਾਰਕ ਪੁਰਾਣੇ ਬੱਸ ਸਟੈਂਡ ਵਿਖੇ ਪਾਰਟੀ ਦੇ ਸੂਬਾਈ ਸਕੱਤਰ ਸੁਖਵਿੰਦਰ ਸਿੰਘ ਸੇਖੋਂ, ਸੂਬਾ ਸਕੱਤਰੇਤ ਮੈਂਬਰ ਗੁਰਨੇਕ ਸਿੰਘ ਭੱਜਲ, ਮੇਜਰ ਸਿੰਘ ਭੁੱਖੀ ਵਿੰਡ, ਜਤਿੰਦਰਪਾਲ ਸਿੰਘ ਦੀ ਅਗਵਾਈ ਵਿੱਚ ਪਹੁੰਚੇ ਜਥੇ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਸੇਖੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਪੂੰਜੀਪਤੀਆਂ ਨੂੰ ਦੇਸ਼ ਦੇ ਹਿਤ ਵੇਚਣ ਤੋਂ ਪਿੱਛੇ ਨਹੀਂ ਹਟਦੀ, ਸਰਕਾਰ ਨੇ ਕਿਰਤ ਕੋਡ, ਬੀਜ ਬਿੱਲ, ਬਿਜਲੀ ਸੋਧ ਬਿੱਲ 2025, ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਕਰਕੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਨਾਲ ਧੋਖਾ ਕੀਤਾ ਹੈ। ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨ ਲਈ ਵੀ ਬੀ ਜੀ ਰਾਮ ਜੀ ਨਾਮ ਨਾਲ ਬਦਲ ਦਿੱਤਾ ਜੋ ਖੱਬੀਆਂ ਪਾਰਟੀਆਂ ਦੀ ਦੇਣ ਸੀ। ਵਿਦੇਸ਼ ਨੀਤੀ ਬਾਰੇ ਬੋਲਦਿਆਂ ਕਿਹਾ ਕਿ ਮੋਦੀ ਵਿਸ਼ਵ ਗੁਰੂ ਬਣਨ ਦਾ ਦਾਅਵਾ ਕਰਦਾ ਹੈ। ਅਮਰੀਕਾ ਨੇ ਪੰਜ ਹਜ਼ਾਰ ਭਾਰਤੀ ਨਾਗਰਿਕਾਂ ਨੂੰ ਨੂੜ ਕੇ ਭਾਰਤ ਪਹੁੰਚਾ ਦਿੱਤਾ, ਇਕ ਸ਼ਬਦ ਨਹੀਂ ਬੋਲਿਆ। ਇਸ ਲਈ ਅਸੀਂ ਸਾਰੇ ਪੰਜਾਬ ਵਿੱਚ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਨੂੰ ਤੇਜ਼ ਕਰਦਿਆਂ ਦਿੱਲੀ ਰੈਲੀ ਵਿੱਚ ਸ਼ਾਮਲ ਹੋਵਾਂਗੇ। ਮੇਜਰ ਸਿੰਘ ਤੇ ਜਤਿਦਰਪਾਲ ਸਿੰਘ ਨੇ ਕਿਹਾ ਪੰਜਾਬ ਸਰਕਾਰ ਨਸ਼ਿਆਂ ਨੂੰ ਖਤਮ ਕਰਨ ਤੇ ਅਮਨ ਕਾਨੂੰਨ ਦੀ ਸਥਿਤੀ 'ਤੇ ਫੇਲ੍ਹ ਹੋ ਚੁੱਕੀ ਹੈ। ਸਾਇਬਰ ਕਰਾਇਮ, ਲੋਕਾਂ ਨੂੰ ਧਮਕੀਆਂ, ਕਤਲਾਂ ਦੀਆਂ ਘਟਨਾਵਾਂ ਰੋਜ਼ ਹੋ ਰਹੀਆਂ ਹਨ। ਇਸ ਮੌਕੇ ਪਾਰਟੀ ਸੂਬਾ ਕਮੇਟੀ ਮੈਂਬਰ ਦਰਸ਼ਨ ਸਿੰਘ ਮੱਟੂ, ਸੁਭਾਸ਼ ਮੱਟੂ, ਮਹਿੰਦਰ ਕੁਮਾਰ ਬਡੋਆਣ, ਸੁਲਿੰਦਰ ਚੁੰਬਰ, ਨੀਲਮ, ਗੁਰਬਖਸ਼ ਕੌਰ, ਰਵਿੰਦਰ ਕੁਮਾਰ, ਕੁਲਵਿੰਦਰ ਸੰਘਾ, ਹਰਭਜਨ ਸਿੰਘ, ਜੋਗਿੰਦਰ ਸਿੰਘ ਥਾਂਦੀ, ਸਤਨਾਮ ਸਿੰਘ, ਪ੍ਰੇਮ ਸਿੰਘ, ਕਸ਼ਮੀਰ ਸਿੰਘ, ਗੁਰਚਰਨ ਸਿੰਘ ਨੈਨਮਾ, ਰਜਿੰਦਰ ਸਿੰਘ, ਬਲਦੇਵ ਰਾਜ, ਚਮਨ ਲਾਲ, ਸੋਹਨ ਸਿੰਘ, ਬਲਵੀਰ ਕੁਮਾਰ, ਜਸਵਿੰਦਰ ਕੌਰ ਆਦਿ ਸਾਥੀਆਂ ਨੇ ਸ਼ਮੂਲੀਅਤ ਕੀਤੀ।

# ਕੌਮੀ ਲੋਕ ਅਦਾਲਤ 'ਚ 10420 ਕੇਸਾਂ ਦਾ ਨਿਪਟਾਰਾ

ਨਵਾਂਸ਼ਹਿਰ (ਮਨੋਜ ਲਾਡੀ)-10 ਬੈਂਚਾਂ ਵੱਲੋਂ 17 ਕਰੋੜ 08 ਲੱਖ 40 ਹਜ਼ਾਰ 516 ਰੁਪਏ ਰੁਪਏ ਦੇ ਅਵਾਰਡ ਸੁਣਾਏ ਗਏ ।ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਸ਼੍ਰੀਮਤੀ ਪ੍ਰਿਆ ਸੂਦ ਦੀ ਅਗਵਾਈ ਹੇਠ ਅਤੇ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਸ਼ਹੀਦ ਭਗਤ ਸਿੰਘ ਨਗਰ ਮਿਸ ਪਰਵਿੰਦਰ ਕੌਰ ਦੀ ਦੇਖ-ਰੇਖ ਹੇਠ ਜ਼ਿਲ੍ਹਾ ਕੋਰਟ ਕੰਪਲੈਕਸ, ਸ.ਭ.ਸ ਨਗਰ ਅਤੇ ਸਬ-ਡਵੀਜ਼ਨ ਕੋਰਟ, ਤਹਿਸੀਲ ਬਲਾਚੌਰ ਵਿਖੇ ਮਿਤੀ 14 ਮਾਰਚ ਨੂੰ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਮੌਕੇ ਜ਼ਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਪ੍ਰਿਆ ਸੂਦ ਵੱਲੋਂ ਕੌਮੀ ਲੋਕ ਅਦਾਲਤ ਦੇ ਸਾਰੇ ਬੈਂਚਾਂ ਦਾ ਜਾਇਜ਼ਾ ਲਿਆ ਗਿਆ। ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਲਗਾਏ ਗਏ 10 ਬੈਂਚਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ 11281 ਕੇਸਾਂ ਵਿੱਚੋਂ 10420 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ 'ਤੇ ਨਿਪਟਾਰਾ ਕਰਦਿਆਂ 17 ਕਰੋੜ 08 ਲੱਖ 40 ਹਜ਼ਾਰ 516 ਰੁਪਏ ਦੇ ਅਵਾਰਡ ਸੁਣਾਏ ਗਏ ।

ਉਨ੍ਹਾ ਦੱਸਿਆ ਕਿ ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਵੱਖ-ਵੱਖ ਕੇਸਾਂ ਦੀ ਸੁਣਵਾਈ ਲਈ ਜ਼ਿਲ੍ਹਾ ਕੋਰਟ ਕੰਪਲੈਕਸ ਸ਼ਹੀਦ ਭਗਤ ਸਿੰਘ ਨਗਰ ਪੱਧਰ ਤੇ 9 ਬੈਂਚ ਅਤੇ ਕੋਰਟ, ਸਬ-ਡਵੀਜ਼ਨ, ਬਲਾਚੌਰ ਵਿਖੇ 1 ਬੈਂਚ ਲਗਾਏ ਗਏ । ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਅਸ਼ੋਕ ਕਪੂਰ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਸ਼ਹੀਦ ਭਗਤ ਸਿੰਘ ਨਗਰ ਬਲਜਿੰਦਰ ਸਿੰਘ ਮਾਨ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ-1 ਮਿਸ. ਅਪਰਾਜਿਤਾ ਜੋਸ਼ੀ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ-99 ਮਿਸ ਗਗਨਦੀਪ ਕੌਰ, ਸਿਵਲ ਜੱਜ (ਸੀਨੀਅਰ ਡਿਵੀਜ਼ਨ), ਮਿਸ ਪਰਵਿੰਦਰ ਕੌਰ, ਮਿਸ ਕੋਂਪਲ ਧੰਜਲ, ਵਧੀਕ ਸਿਵਲ ਜੱਜ (ਸੀਨੀਅਰ ਡੀਵੀਜ਼ਨ), ਮਿਸ ਤੁਸ਼ਾਰ ਕੌਰ ਥਿੰਦ , ਸਿਵਲ ਜੱਜ (ਜੂਨੀਅਰ ਡਵੀਜ਼ਨ) ਐਸ.ਡੀ.ਜੇ.ਐਮ ਬਲਾਚੌਰ ਮਿਸ. ਲਵਜਿੰਦਰ ਕੌਰ, ਸਿਵਲ ਜੱਜ ( ਜੂਨੀਅਰ ਡਵੀਜ਼ਨ) ਸਿਮਰਨ ਚਲਾਨਾ ਅਤੇ ਸਿਵਲ ਜੱਜ ( ਜੂਨੀਅਰ ਡਵੀਜ਼ਨ) ਤਰਨਦੀਪ ਕੌਰ ਦੀਆਂ ਅਦਾਲਤਾਂ ਵੱਲੋਂ ਇਸ ਕੌਮੀ ਲੋਕ ਅਦਾਲਤ ਵਿੱਚ ਲੱਗੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਦੋਵੇ ਧਿਰਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੈਂਚਾਂ ਦੇ ਨਾਲ ਮੈਂਬਰ ਦੇ ਤੌਰ ਐਡਵੋਕੇਟਜ਼, ਐਨ.ਜੀ.ਓ ਮੈਂਬਰ ਸ਼ਾਮਲ ਸਨ ।

ਉਨ੍ਹਾ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦਾ ਮੁੱਖ ਮਕਸਦ ਦੋਵਾਂ ਧਿਰਾਂ ਦਾ ਆਪਸੀ ਸਮਝੌਤੇ ਅਤੇ ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਸਬੰਧਤ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਵੀ ਘਟਾਈ ਜਾ ਸਕੇ ਤੇ ਲੋਕਾਂ ਵਿੱਚ ਆਪਸੀ ਭਾਈਚਾਰੇ ਵਿੱਚ ਪਿਆਰ ਬਣਿਆ ਰਹੇ ।

# ਹਲਕਾ ਭੋਆ 'ਚ ਤਿੰਨ ਹਾਈ ਲੈਵਲ ਪੁਲ ਬਣਨਗੇ: ਕਟਾਰੂਚੱਕ



ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਸਰਕਾਰ ਵੱਲੋਂ ਹਲਕਾ ਭੋਆ ਦੇ ਵਿਕਾਸ ਨੂੰ ਗਤੀ ਦੇਣ ਲਈ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਸ ਕੜੀ ਨੂੰ ਅੱਗੇ ਵਧਾਉਂਦੇ ਹੋਏ ਮੰਤਰੀ ਵੱਲੋਂ ਹਲਕਾ ਭੋਆ ਦੇ ਲੋਕਾਂ ਲਈ ਨਵੀਂ ਸੌਗਾਤ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਤਿੰਨ ਮਹੱਤਵਪੂਰਨ ਹਾਈ ਲੈਵਲ ਪੁਲਾਂ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਗਈ ਹੈ।ਇਸ ਕਟਾਰੂਚੱਕ ਨੇ ਮੀਡੀਆ ਕਾਨਫਰੰਸ ਕੀਤੀ, ਜਿਸ ਵਿੱਚ ਖਾਸ ਤੌਰ ਤੇ ਸੰਗਠਨ ਇੰਚਾਰਜ ਪਵਨ ਕੁਮਾਰ ਫੌਜੀ ਅਤੇ ਨਰੇਸ਼ ਸੈਣੀ ਸਕੱਤਰ ਮਾਝਾ ਜ਼ੋਨ ਵੀ. ਸੀ. ਵਿੰਗ ਵੀ ਮੌਜੂਦ ਸਨ।ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਹਲਕਾ ਭੋਆ ਵਿੱਚ ਬਣਨ ਵਾਲਾ ਪਹਿਲਾ ਹਾਈ ਲੈਵਲ ਪੁਲ ਕੋਹਲੀਆਂ-ਕਿਲਪੁਰ ਤੋਂ ਜੱਲਾਲੀਆਂ ਬ੍ਰਿਜ ਤੋਂ ਪੱਲਾਹ ਰੋਡ 'ਤੇ ਜੱਲਾਲੀਆਂ ਦਰਿਆ ਉਪਰ ਬਣਾਇਆ ਜਾਵੇਗਾ।ਇਸ ਦੀ ਅਨੁਮਾਨਿਤ ਲੰਬਾਈ 155 ਮੀਟਰ, ਚੌੜਾਈ 12 ਮੀਟਰ ਅਤੇ ਨਿਰਮਾਣ ਲਾਗਤ 19 ਕਰੋੜ 80 ਲੱਖ 5 ਹਜ਼ਾਰ ਰੁਪਏ ਹੋਵੇਗੀ।ਦੂਜਾ ਹਾਈ ਲੈਵਲ ਪੁਲ ਕੋਹਲੀਆਂ-ਕਿਲਪੁਰ ਤੋਂ ਸ਼ਿੰਗਾਰਵਾਨ ਨਾਲੇ ਦੇ ਉਪਰ ਬਣਾਇਆ ਜਾਵੇਗਾ।ਇਸ ਦੀ ਅਨੁਮਾਨਿਤ ਲੰਬਾਈ 162 ਮੀਟਰ, ਚੌੜਾਈ 12 ਮੀਟਰ ਅਤੇ ਨਿਰਮਾਣ ਲਾਗਤ 21 ਕਰੋੜ 80 ਲੱਖ 3 ਹਜ਼ਾਰ ਰੁਪਏ ਹੋਵੇਗੀ।ਤੀਜਾ ਹਾਈ ਲੈਵਲ ਪੁਲ ਘਰੋਟਾ-ਧੀਰਾ ਰੋਡ ਤੇ ਗੁਲਪੁਰ ਰਿਵੂਲੈਟ ਦੇ ਉੱਪਰ ਬਣਾਇਆ ਜਾਵੇਗਾ।ਇਸ ਦੀ ਅਨੁਮਾਨਿਤ ਲੰਬਾਈ 85 ਮੀਟਰ, ਚੌੜਾਈ 12 ਮੀਟਰ ਅਤੇ ਨਿਰਮਾਣ ਲਾਗਤ 18 ਕਰੋੜ 92 ਲੱਖ 23 ਹਜ਼ਾਰ ਰੁਪਏ ਹੋਵੇਗੀ।ਇਹ ਪੁਲ ਬਣਨ ਨਾਲ ਘਰੋਟਾ ਅਤੇ ਧੀਰਾ ਖੇਤਰ ਦੇ ਲੋਕਾਂ ਨੂੰ ਵਧੀਆ ਸੜਕ ਸੰਪਰਕ ਮਿਲੇਗਾ।ਇਨ੍ਹਾਂ ਤਿੰਨਾਂ ਪੁਲਾਂ ਦੇ ਨਿਰਮਾਣ ਤੇ ਕੁੱਲ 60 ਕਰੋੜ 52 ਲੱਖ 58 ਹਜ਼ਾਰ ਰੁਪਏ ਦੀ ਲਾਗਤ ਆਏਗੀ। ਮੰਤਰੀ ਨੇ ਕਿਹਾ ਕਿ ਲੰਮੇ ਸਮੇਂ ਤੋਂ ਇਲਾਕੇ ਦੇ ਲੋਕਾਂ ਨੂੰ ਬਰਸਾਤ ਦੇ ਮੌਸਮ ਦੌਰਾਨ ਦਰਿਆਵਾਂ ਅਤੇ ਨਾਲ਼ਿਆਂ ਵਿੱਚ ਪਾਣੀ ਵੱਧ ਜਾਣ ਕਰਕੇ ਆਵਾਜਾਈ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਇਨ੍ਹਾਂ ਹਾਈ ਲੈਵਲ ਪੁਲਾਂ ਦੇ ਬਣਨ ਨਾਲ ਨਾ ਸਿਰਫ਼ ਇਹ ਸਮੱਸਿਆ ਦੂਰ ਹੋਵੇਗੀ, ਸਗੋਂ ਪਿੰਡਾਂ ਅਤੇ ਸ਼ਹਿਰਾਂ ਦੇ ਦਰਮਿਆਨ ਸੰਪਰਕ ਵੀ ਬਿਹਤਰ ਹੋਵੇਗਾ।ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਇਨ੍ਹਾਂ ਪਰਿਯੋਜਨਾਵਾਂ ਨੂੰ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਜਲਦ ਹੀ ਟੈਂਡਰ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਅਪ੍ਰੈਲ-ਮਈ ਮਹੀਨੇ ਵਿੱਚ ਇਨ੍ਹਾਂ ਪੁਲਾਂ ਦਾ ਨਿਰਮਾਣ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਹਲਕਾ ਭੋਆ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਰਹੀ ਹੈ।ਸੜਕਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਦੇ ਵਿਕਾਸ ਨਾਲ ਇਲਾਕੇ ਦੀ ਅਰਥਵਿਵਸਥਾ ਨੂੰ ਵੀ ਮਜ਼ਬੂਤੀ ਮਿਲੇਗੀ।ਉਨ੍ਹਾਂ ਕਿਹਾ ਕਿ ਖੇਤਰ ਦੇ ਵਿਕਾਸ ਲਈ ਉਹ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੇ ਹਨ ਅਤੇ ਇਨ੍ਹਾਂ ਪਰਿਯੋਜਨਾਵਾਂ ਨੂੰ ਜਲਦੀ ਜ਼ਮੀਨ ਤੇ ਲਿਆਉਣ ਲਈ ਸੰਬੰਧਤ ਵਿਭਾਗਾਂ ਨੂੰ ਲੋੜੀਂਦੇ ਨਿਰਦੇਸ਼ ਦੇ ਦਿੱਤੇ ਗਏ ਹਨ।ਮੰਤਰੀ ਨੇ ਕਿਹਾ ਮੈਂ ਖੁਦ ਇਨ੍ਹਾਂ ਵਿਕਾਸ ਕਾਰਜਾਂ ਦੀ ਨਿਗਰਾਨੀ ਕਰਾਂਗਾ ਅਤੇ ਆਪਣੀ ਪੂਰੀ ਕੋਸ਼ਿਸ਼ ਕਰਾਂਗਾ ਕਿ ਹਲਕਾ ਭੋਆ ਵਿੱਚ ਨਿਰਮਾਣ ਕੰਮ ਦੀ ਗੁਣਵੱਤਾ ਅਤੇ ਵਿਕਾਸ ਦੀ ਰਫ਼ਤਾਰ ਵਿੱਚ ਕੋਈ ਕਮੀ ਨਾ ਆਵੇ।ਲੋਕਾਂ ਦੀ ਸੁਵਿਧਾ ਅਤੇ ਖੇਤਰ ਦੇ ਵਿਕਾਸ ਲਈ ਸਰਕਾਰ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਹਲਕਾ ਭੋਆ ਵਿੱਚ ਵਿਕਾਸ ਕਾਰਜ ਲਗਾਤਾਰ ਅੱਗੇ ਵਧਾਏ ਜਾਣਗੇ।ਉਨ੍ਹਾਂ ਕਿਹਾ ਕਿ ਸੀਮਾਵਰਤੀ ਇਲਾਕਾ ਹੋਣ ਕਰਕੇ ਦੇਸ਼ ਦੀ ਸੁਰੱਖਿਆ ਦੇ ਨਜ਼ਰੀਏ ਨਾਲ ਵੀ ਇਹ ਪੁਲ ਬਹੁਤ ਮਹੱਤਵਪੂਰਨ ਹਨ।ਜੰਗ ਜਾਂ ਐਮਰਜੈਂਸੀ ਹਾਲਾਤ ਵਿੱਚ ਫੌਜ ਅਤੇ ਅਰਧਸੈਨਿਕ ਬਲਾਂ ਦੀਆਂ ਗੱਡੀਆਂ, ਟੈਂਕਾਂ ਅਤੇ ਹੋਰ ਜ਼ਰੂਰੀ ਸੈਨਿਕ ਸਮੱਗਰੀ ਦੀ ਆਵਾਜਾਈ ਵਿੱਚ ਇਹ ਪੁਲ ਕਾਫ਼ੀ ਮਦਦ ਕਰਨਗੇ।ਦੇਸ਼ ਹਿਤ ਅਤੇ ਫੌਜ ਹਿਤ ਨੂੰ ਧਿਆਨ ਵਿੱਚ ਰੱਖਦਿਆਂ ਇਹ ਪੁਲ ਬਣਾਏ ਜਾ ਰਹੇ ਹਨ, ਜਿਸ ਨਾਲ ਖੇਤਰ ਦੀ ਸੁਰੱਖਿਆ ਪ੍ਰਣਾਲੀ ਹੋਰ ਵੀ ਮਜ਼ਬੂਤ ਹੋਵੇਗੀ।

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਰੋਬਿਨਜੀਤ ਕੌਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਸਬ-ਤਹਿਸੀਲ ਬਿਆਸ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰ. 61-ਐਨ ਟੀ ਆਰ ਸੀ ਐਮ ਐੱਸ ਨੰ. 12/2024 ਦਾਇਰ ਮਿਤੀ 01-07-2025

ਫੈਸਲਾ ਮਿਤੀ : ਪੈਂਡਿੰਗ ਤਰੀਕ ਪੇਸ਼ੀ : 02-04-2026

ਪਰਮਜੀਤ ਸਿੰਘ ਉਮਰ 68 ਸਾਲ ਪੁੱਤਰ ਚੈਂਚਲ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ। (ਮੋਬਾਇਲ ਨੰ. 95306-57330 )... (ਸਾਇਲ)

ਬਨਾਮ

(1) ਪਰਮਿੰਦਰ ਸਿੰਘ ਪੁੱਤਰ ਸੁਖਚੈਨ ਸਿੰਘ ਪੁੱਤਰ ਤਾਰਾ ਸਿੰਘ (2) ਗੁਰਦਿਆਲ ਸਿੰਘ ਪੁੱਤਰ ਚੈਂਚਲ ਸਿੰਘ ਪੁੱਤਰ ਕੇਸਰ ਸਿੰਘ (3) ਚੰਨਣ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਲਹਿਣਾ ਸਿੰਘ (4) ਮੋਹਣ ਸਿੰਘ ਪੁੱਤਰ ਦਾਨ ਸਿੰਘ ਪੁੱਤਰ ਕੇਸਰ ਸਿੰਘ (5) ਨਵਦੀਪ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਕੁੰਨਣ ਸਿੰਘ (6) ਲਖਵਿੰਦਰ ਕੌਰ ਪਤਨੀ/ਵਿਧਵਾ ਮਨਜੀਤ ਸਿੰਘ ਪੁੱਤਰ ਕੁੰਨਣ ਸਿੰਘ ਵਾਸੀਆਨ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (7) ਹਰੀ ਸਿੰਘ ਪੁੱਤਰ ਦਾਨ ਸਿੰਘ ਪੁੱਤਰ ਕੇਸਰ ਸਿੰਘ ਮ੍ਰਿਤਕ ਹਿੱਸੇਦਾਰ ਰਾਹੀਂ ਕਾਨੂੰਨੀ ਵਾਰਸ (ੳ) ਸੋਨੀ ਪੁੱਤਰ ਹਰੀ ਸਿੰਘ ਪੁੱਤਰ ਦਾਨ ਸਿੰਘ (ਅ) ਲਵਲੀ ਪੁੱਤਰੀ ਹਰੀ ਸਿੰਘ ਪੁੱਤਰ ਦਾਨ ਸਿੰਘ ਵਾਸੀਆਨ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਜ਼ਿਲ੍ਹਾ ਅੰਮ੍ਰਿਤਸਰ (ੲ) ਮੋਨੀ ਪੁੱਤਰੀ ਹਰੀ ਸਿੰਘ ਪੁੱਤਰ ਦਾਨ ਸਿੰਘ ਪਿੰਡ ਫੇਰੂਮਾਨ ਹਾਲ ਪਤਨੀ ਲੱਖਾ ਸਿੰਘ ਪਿੰਡ ਸੱਤੋਵਾਲ ਹਾਲ ਵਾਸੀ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (8) ਯੂਕੋ ਬੈਂਕ ਬਰਾਂਚ ਜਲਾਲਾਬਾਦ ਹਾਲ ਰਈਆ ਰਾਹੀਂ ਬਰਾਂਚ ਮੈਨੇਜਰ (9) ਪੰਜਾਬ ਗ੍ਰਾਮੀਣ ਬੈਂਕ ਬਰਾਂਚ ਰਈਆ ਰਾਹੀਂ ਬਰਾਂਚ ਮੈਨੇਜਰ (10) ਦੀ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਬਰਾਂਚ ਬਾਬਾ ਬਕਾਲਾ ਸਾਹਿਬ ਰਾਹੀਂ ਬਰਾਂਚ ਮੈਨੇਜਰ। ...(ਉੱਤਰਵਾਦੀਅਨ)

ਦਰਖਾਸਤ ਬਰਾਏ ਕਰਵਾਉਣ ਖਾਤਾ ਤਕਸੀਮ ਅਧੀਨ ਜ਼ੇਰ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ 1887 ਭੂਮੀ ਤਦਾਦੀ 06 ਕਨਾਲ 14 ਮਰਲੇ ਖਾਤਾ ਖਤੌਨੀ ਨੰਬਰ 13/35 ਜਮ੍ਹਾਂਬੰਦੀ ਸਾਲ 2019-2020 ਹੱਦਬਸਤ ਨੰ. 13 ਵਾਕਿਆ ਰਕਬਾ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਨੋਟਿਸ ਬਨਾਮ ਜਨਰਲ ਪਬਲਿਕ

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਤਰਵਾਦੀ ਨੰ. 2 ਤੋਂ ਇਲਾਵਾ ਬਾਕੀ ਦੇ ਸਮੂਹ ਉਤਰਵਾਦੀ ਨੰ. 1, 3 ਤੋਂ ਲੈ ਕੇ 10 ਤੱਕ ਦੀ ਇਤਲਾਹ ਸਧਾਰਨ ਤਰੀਕੇ ਨਾਲ ਨੋਟਿਸ ਅਤੇ ਸੰਮਨਾਂ ਰਾਹੀਂ ਹੋਣੀ ਮੁਸ਼ਕਿਲ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਉਤਰਵਾਦੀ ਨੰ. 1, 3 ਤੋਂ 10 ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਨ੍ਹਾਂ ਉਤਰਵਾਦੀਆਂ ਨੂੰ ਉਪਰੋਕਤ ਅਨੁਵਾਨ ਕੇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਪੇਸ਼ੀ ਮਿਤੀ 02-04-2026 ਨੂੰ ਸਵੇਰੇ 10.00 ਵਜੇ ਅਸਾਲਤਨ ਜਾਂ ਵਕਾਲਤਨ ਅਦਾਲਤ ਹਜ਼ਾ ਵਿੱਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦੇ ਹਨ। ਨਿਸ਼ਚਿਤ ਕੀਤੇ ਸਮੇਂ ਅੰਦਰ ਜੇਕਰ ਹਾਜ਼ਰ ਅਦਾਲਤ ਨਾ ਆਏ ਤਾਂ ਇਨ੍ਹਾਂ ਵਿਰੁੱਧ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਕੇਸ ਵਿੱਚ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਇਹ ਇਸ਼ਤਿਹਾਰ ਮੇਰੇ ਹਸਤਾਖਰਾਂ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਤਹਿਸੀਲਦਾਰ ਬਾਬਾ ਬਕਾਲਾ ਸਾਹਿਬ।

(ਨੰਬਰ : ਰੀਡਰ/ਤਹਿ:/2027, ਮਿਤੀ : 06/03/2026)

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀਮਤੀ ਰੋਬਿਨਜੀਤ ਕੌਰ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਸਬ-ਤਹਿਸੀਲ ਬਿਆਸ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰ. 62-ਐਨ ਟੀ ਆਰ ਸੀ ਐਮ ਐੱਸ ਨੰ. 13/2024 ਦਾਇਰ ਮਿਤੀ 12-06-2025

ਫੈਸਲਾ ਮਿਤੀ : ਪੈਂਡਿੰਗ ਤਰੀਕ ਪੇਸ਼ੀ : 02-04-2026

ਪਰਮਜੀਤ ਸਿੰਘ ਉਮਰ 68 ਸਾਲ ਪੁੱਤਰ ਚੈਂਚਲ ਸਿੰਘ ਪੁੱਤਰ ਕੇਸਰ ਸਿੰਘ ਵਾਸੀ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ। (ਮੋਬਾਇਲ ਨੰ. 95306-57330)... (ਸਾਇਲ)

ਬਨਾਮ

(1) ਗੁਰਦਿਆਲ ਸਿੰਘ ਪੁੱਤਰ ਚੈਂਚਲ ਸਿੰਘ ਪੁੱਤਰ ਕੇਸਰ ਸਿੰਘ (2) ਪਰਮਿੰਦਰ ਸਿੰਘ ਪੁੱਤਰ ਸੁਖਚੈਨ ਸਿੰਘ ਪੁੱਤਰ ਤਾਰਾ ਸਿੰਘ (3) ਚੰਨਣ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਲਹਿਣਾ ਸਿੰਘ (4) ਮੋਹਣ ਸਿੰਘ ਪੁੱਤਰ ਦਾਨ ਸਿੰਘ ਪੁੱਤਰ ਕੇਸਰ ਸਿੰਘ (5) ਨਵਦੀਪ ਸਿੰਘ ਪੁੱਤਰ ਮਨਜੀਤ ਸਿੰਘ ਪੁੱਤਰ ਕੁੰਨਣ ਸਿੰਘ (6) ਲਖਵਿੰਦਰ ਕੌਰ ਪਤਨੀ/ਵਿਧਵਾ ਮਨਜੀਤ ਸਿੰਘ ਪੁੱਤਰ ਕੁੰਨਣ ਸਿੰਘ ਵਾਸੀਆਨ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (7) ਹਰੀ ਸਿੰਘ ਪੁੱਤਰ ਦਾਨ ਸਿੰਘ ਪੁੱਤਰ ਕੇਸਰ ਸਿੰਘ ਮ੍ਰਿਤਕ ਹਿੱਸੇਦਾਰ ਰਾਹੀਂ ਕਾਨੂੰਨੀ ਵਾਰਸ (ੳ) ਸੋਨੀ ਪੁੱਤਰ ਹਰੀ ਸਿੰਘ ਪੁੱਤਰ ਦਾਨ ਸਿੰਘ (ਅ) ਲਵਲੀ ਪੁੱਤਰੀ ਹਰੀ ਸਿੰਘ ਪੁੱਤਰ ਦਾਨ ਸਿੰਘ ਵਾਸੀਆਨ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਜ਼ਿਲ੍ਹਾ ਅੰਮ੍ਰਿਤਸਰ (ੲ) ਮੋਨੀ ਪੁੱਤਰੀ ਹਰੀ ਸਿੰਘ ਪੁੱਤਰ ਦਾਨ ਸਿੰਘ ਪਿੰਡ ਫੇਰੂਮਾਨ ਹਾਲ ਪਤਨੀ ਲੱਖਾ ਸਿੰਘ ਪਿੰਡ ਸੱਤੋਵਾਲ ਹਾਲ ਵਾਸੀ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (8) ਦਲਬੀਰ ਕੌਰ ਪੁੱਤਰੀ ਦਾਨ ਸਿੰਘ ਪੁੱਤਰ ਜੀਉ ਪਿੰਡ ਫੇਰੂਮਾਨ ਹਾਲ ਪਤਨੀ ਮਿਲਖਾ ਸਿੰਘ ਪਿੰਡ ਸੱਥੋਵਾਲ, ਸਬ-ਤਹਿਸੀਲ ਸ੍ਰੀ ਹਰਗੋਬਿੰਦਪੁਰ ਸਾਹਿਬ, ਜ਼ਿਲ੍ਹਾ ਗੁਰਦਾਸਪੁਰ (9) ਸ਼ਰਨਬੀਰ ਕੌਰ ਪੁੱਤਰੀ ਮਨਜੀਤ ਸਿੰਘ ਪੁੱਤਰ ਕੁੰਨਣ ਸਿੰਘ ਹਾਲ ਪਤਨੀ ਗੁਰਪ੍ਰੀਤ ਸਿੰਘ ਵਾਸੀ ਪਿੰਡ ਫਾਜ਼ਲਪੁਰ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ (10 ) ਅਮਰਜੀਤ ਕੌਰ ਪੁੱਤਰੀ ਦਾਨ ਸਿੰਘ ਪੁੱਤਰ ਜੀਉ ਪਿੰਡ ਫੇਰੂਮਾਨ ਹਾਲ ਪਤਨੀ ਜਸਵਿੰਦਰ ਸਿੰਘ ਪਿੰਡ ਸੱਤੋਵਾਲ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ (11) ਯੂਕੋ ਬੈਂਕ ਬਰਾਂਚ ਜਲਾਲਾਬਾਦ ਹਾਲ ਰਈਆ ਰਾਹੀਂ ਬਰਾਂਚ ਮੈਨੇਜਰ (12) ਪੰਜਾਬ ਗ੍ਰਾਮੀਣ ਬੈਂਕ ਬਰਾਂਚ ਰਈਆ ਰਾਹੀਂ ਬਰਾਂਚ ਮੈਨੇਜਰ ( (ਉੱਤਰਵਾਦੀਅਨ)

ਦਰਖਾਸਤ ਬਰਾਏ ਕਰਵਾਉਣ ਖਾਤਾ ਤਕਸੀਮ ਅਧੀਨ ਜ਼ੇਰ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ 1887 ਭੂਮੀ ਤਦਾਦੀ 49 ਕਨਾਲ 01 ਮਰਲਾ ਖਾਤਾ ਖਤੌਨੀ ਨੰ. 12/26 ਤੋਂ ਲੈ ਕੇ 34 ਤੱਕ ਜਮ੍ਹਾਂਬੰਦੀ ਸਾਲ 2019-2020, ਹਦਬਸਤ ਨੰ. 13 ਵਾਕਿਆ ਰਕਬਾ ਪਿੰਡ ਫੇਰੂਮਾਨ, ਸਬ-ਤਹਿਸੀਲ ਬਿਆਸ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਨੋਟਿਸ ਬਨਾਮ ਜਨਰਲ ਪਬਲਿਕ

ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਤਰਵਾਦੀ ਨੰ. 1 ਤੋਂ ਇਲਾਵਾ ਬਾਕੀ ਦੇ ਸਮੂਹ ਉਤਰਵਾਦੀ 2 ਤੋਂ ਲੈ ਕੇ 12 ਤੱਕ ਦੀ ਇਤਲਾਹ ਸਧਾਰਨ ਤਰੀਕੇ ਨਾਲ ਨੋਟਿਸ ਅਤੇ ਸੰਮਨਾਂ ਰਾਹੀਂ ਹੋਣੀ ਮੁਸ਼ਕਿਲ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਉਤਰਵਾਦੀ ਨੰ. 2 ਤੋਂ 12 ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਨ੍ਹਾਂ ਉਤਰਵਾਦੀਆਂ ਨੂੰ ਉਪਰੋਕਤ ਅਨੁਵਾਨ ਕੇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਪੇਸ਼ੀ ਮਿਤੀ 02-04-2026 ਨੂੰ ਸਵੇਰੇ 10.00 ਵਜੇ ਅਸਾਲਤਨ ਜਾਂ ਵਕਾਲਤਨ ਅਦਾਲਤ ਹਜ਼ਾ ਵਿੱਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦੇ ਹਨ। ਨਿਸ਼ਚਿਤ ਕੀਤੇ ਸਮੇਂ ਅੰਦਰ ਜੇਕਰ ਹਾਜ਼ਰ ਅਦਾਲਤ ਨਾ ਆਏ ਤਾਂ ਇਨ੍ਹਾਂ ਵਿਰੁੱਧ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਕੇਸ ਵਿੱਚ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਇਹ ਇਸ਼ਤਿਹਾਰ ਮੇਰੇ ਹਸਤਾਖਰਾਂ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/- ਸਹਾਇਕ ਕੁਲੈਕਟਰ ਦਰਜਾ ਅੱਵਲ-ਕਮ-ਤਹਿਸੀਲਦਾਰ ਬਾਬਾ ਬਕਾਲਾ ਸਾਹਿਬ।

(ਨੰਬਰ : ਰੀਡਰ/ਤਹਿ:/2029, ਮਿਤੀ : 06/03/2026)

### Public Notice

**I, Kusum W/o Sh. Banshraj Yadav I/o Pure Kisun Dutt Aliya Baad, Para, Sultanpur, Para, Utttar Pradesh also Residing as 8-D, Sewerage Board Colony, Model Town, Jalandhar, Punjab hereby solemnly declare that I am the legally wedded W/o Sh. Banshraj Yadav S/o Sh. Ram Dulare who has since been expired, that my husband was working is Sewerage Board and he was also known by the name of Prabhu Dayal S/o Sh. Ram Dulare. Banshraj Yadav & Prabhu Dayal Both name are one and same Person.**

### PUBLIC NOTICE

This is to be put to notice that on behalf of my client Aadhar Housing Finance Ltd. (AHFL) Following Public Notice for loss of loss of original document may be publish by the company/owner in loan case of Raju SinghApp.ID.301041338

"Manish Sharma S/o Deepak Kumar., is owner in possession of House No. UID No.S17-00995 (House No. 15 Property No. B-II-2324/13/15) Measuring 3 Marla (1Marla=207 Sq. Ft.) Comprising Under Khasra No. 1394 Situated at Abadi Sangat Singh Nagar, Tehsil and Distt Jalandhar vide Transfer Deed No. 16662 Dated 25.02.2026. and she had entered into an Agreement to Sell with Manish Sharma S/o Deepak Kumar for the before said Property. The previous chain document i.e. Original Sale Deed No. 1625 Dated 26.05.2000SR-Jalandhar have been lost/ missing & is not traceable and owner is intending tolodge/register DDR/Lost information report is respect to loss of above said document to police. If any concern, Bank or any person having claim. Objection related to above transactions/ document and any objection regarding mortgageof said property with AHFL, he/she may raiseobjection to AHFL 1st Floor, No. 5 & 6, Court Road, Opposite DC Office, PUDA Complex, Rajinder nagar, Jalandhar, within 7 days from the date of publication, failing which no claim will be entertained later by AHFL."

Lalit Kakkar,
Advocate, Jalandhar

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਅਮਨਦੀਪ ਚਾਵਲਾ ਪੀ ਆਰ ਐੱਸ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ, ਦਰਜਾ ਅੱਵਲ (ਐਨ ਆਰ ਆਈਜ਼ ਫਾਸਟ ਟਰੈਕ ਕੋਰਟ) ਹੁਸ਼ਿਆਰਪੁਰ।

ਬਲਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ

ਬਨਾਮ

ਰਘੁਵੀਰ ਸਿੰਘ ਪੁੱਤਰ ਅਵਤਾਰ ਸਿੰਘ ਆਦਿ

ਉਪਰੋਕਤ ਤਕਸੀਮ ਕੇਸ ਜਿਸ ਦੀਆਂ ਖੇਵਟ ਨੰਬਰ 250/237, ਜਿਸ ਦੀ ਫਰਦ ਜਮ੍ਹਾਂਬੰਦੀ ਸਾਲ 2019-20 ਵਾਕਿਆ ਰਕਬਾ ਪਿੰਡ ਅਜੜਾਮ/240, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਇਸ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਕੇਸ ਵਿੱਚ ਹੇਠ ਲਿਖੇ ਉਤਰਵਾਦੀਆਂ ਦੀ ਇਤਲਾਹ ਸਧਾਰਣ ਤਰੀਕੇ ਨਾਲ ਨਹੀਂ ਹੋ ਸਕੀ। ਇਸ ਲਈ ਹੇਠ ਲਿਖੇ ਉਤਰਵਾਦੀਆਂ ਦੀ ਇਤਲਾਹ ਪੰਜਾਬੀ ਅਤੇ ਅੰਗਰੇਜ਼ੀ ਅਖਬਾਰ ਦੇ ਇਸ਼ਤਿਹਾਰ ਰਾਹੀਂ ਕਰਵਾਈ ਜਾਂਦੀ ਹੈ ਕਿ ਉਹ ਅਸਾਲਤਨ/ਵਕਾਲਤਨ ਮਿਤੀ 06-04-2026 ਨੂੰ ਦੁਪਹਿਰ ਤੋਂ ਬਾਅਦ 2.00 ਵਜੇ ਇਸ ਅਦਾਲਤ ਵਿੱਚ ਹਾਜ਼ਰ ਆ ਕੇ ਆਪਣੇ ਕੇਸ ਦੀ ਪੈਰਵੀ ਕਰਨ। ਜੇਕਰ ਹੇਠ ਲਿਖੀਆਂ ਧਿਰਾਂ ਵਿੱਚੋਂ ਕਿਸੇ ਦੀ ਮੌਤ ਹੋ ਚੁੱਕੀ ਹੋਵੇ ਤਾਂ ਉਸ ਦੇ ਵਾਰਸ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੀ ਪੈਰਵੀ ਕਰ ਸਕਦੇ ਹਨ। ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕੇਸ 'ਤੇ ਹਦਾਇਤਾਂ ਅਨੁਸਾਰ ਅਗਲੇਰੀ ਕਾਰਵਾਈ ਕਰ ਦਿੱਤੀ ਜਾਵੇਗੀ।

ਨਾਂਅ ਤਰੀਕ ਵੇਰਵੇ ਸਹਿਤ ਉਤਰਵਾਦੀ : (1) ਰਘੁਵੀਰ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਨੌਰੰਗ ਸਿੰਘ ਵਾਸੀ ਪਿੰਡ ਕੁੱਕੜ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਅਤੇ ਵਿਦੇਸ਼ ਪਤਾ ਵਾਸੀ : 14, Moseley Road, Willenhall, West Midlands WV12 3 BQ, England (U.K.) (2) ਰਜਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਨੌਰੰਗ ਸਿੰਘ ਵਾਸੀ ਪਿੰਡ ਕੁੱਕੜ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਅਤੇ ਵਿਦੇਸ਼ ਪਤਾ ਵਾਸੀ : 672 Spruce Avenue, South San Francisco, California 94080 USA (3) ਲਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਨੌਰੰਗ ਸਿੰਘ ਵਾਸੀ ਪਿੰਡ ਕੁੱਕੜ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਅਤੇ ਵਿਦੇਸ਼ ਪਤਾ ਵਾਸੀ : 13, Shoreham Close, Willenhall , West Midlands WV13 3 QG, England (U.K.)

ਸਹੀ/- ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ, ਦਰਜਾ ਅੱਵਲ, ਹੁਸ਼ਿਆਰਪੁਰ, ਕਮਰਾ ਨੰ. 205, ਫਲੋਰ ਨੰ. 2, ਮਿਨੀ ਸੈਕਟਰੀਏਟ, ਹੁਸ਼ਿਆਰਪੁਰ।

## ਜਨਤਕ ਸੂਚਨਾ

**ਮਾਣਯੋਗ ਡੀ ਐੱਸ ਈ (ਐ. ਸਿ) ਦੇ ਹੁਕਮਾਂ ਤਹਿਤ ਈ ਟੀ ਟੀ 2364 ਅਸਾਮੀਆਂ ਬਾਰਡਰ ਏਰੀਆ ਅਧੀਨ 832 ਯੋਗ ਉਮੀਦਵਾਰਾਂ ਦੀ ਸਟੇਸ਼ਨ ਅਲਾਟਮੈਂਟ ਹੋਈ ਸੀ, ਜਿਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਅਧੀਨ 166 ਉਮੀਦਵਾਰਾਂ ਦੀ ਨਿਯੁਕਤੀ ਹੋਈ ਸੀ। ਜ਼ਿਲ੍ਹਾ ਗੁਰਦਾਸਪੁਰ ਅਧੀਨ ਆਉਂਦੇ ਉਮੀਦਵਾਰਾਂ ਵਿੱਚੋਂ ਲੱਗਭੱਗ 77 ਉਮੀਦਵਾਰ ਆਪਣੇ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ। ਲੱਗਭੱਗ 89 ਕਰਮਚਾਰੀ ਆਪਣੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਤੋਂ ਰਹਿ ਗਏ ਹਨ। ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ) ਗੁਰਦਾਸਪੁਰ ਵੱਲੋਂ ਰਹਿੰਦੇ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਪ੍ਰਾਪਤ ਕਰਨ ਲਈ ਸਮਾਂਬੱਧ (ਸੱਦਾ ਪੱਤਰ) ਕੀਤਾ ਜਾਂਦਾ ਹੈ। ਇਨ੍ਹਾਂ 2 ਦਿਨਾਂ ਉਪਰੰਤ ਜਿਹੜੇ ਉਮੀਦਵਾਰ ਆਪਣਾ ਨਿਯੁਕਤੀ ਪੱਤਰ ਪ੍ਰਾਪਤ ਕਰਕੇ ਅਲਾਟ ਹੋਏ ਸਟੇਸ਼ਨ 'ਤੇ ਹਾਜ਼ਰ ਨਹੀਂ ਹੁੰਦੇ, ਉਨ੍ਹਾਂ ਉਮੀਦਵਾਰਾਂ ਦੀ ਈ ਟੀ ਟੀ 2364 ਦੀ ਅਸਾਮੀ 'ਤੇ ਪਾਤਰਤਾ ਰੱਦ ਸਮਝੀ ਜਾਵੇਗੀ।**

**ਸਹੀ/- ਜ਼ਿਲ੍ਹਾ ਸਿੱਖਿਆ ਅਫਸਰ (ਐ. ਸਿ)**
**ਗੁਰਦਾਸਪੁਰ**

## ਪਾਣੀ ਨਾ ਆਉਣ ਕਾਰਨ ਲੋਕ ਪ੍ਰੇਸ਼ਾਨ

ਛੇਹਰਟਾ, (ਮਨੋਜ ਕੁਮਾਰ)-ਸਮਾਜ ਸੇਵਕ ਅਨੁਜ ਖੇਮਕਾ ਨੇ ਦੱਸਿਆ ਕਿ ਪਿਛਲੇ ਡੇਢ ਸਾਲ ਤੋਂ ਪੀਣ ਵਾਲਾ ਪਾਣੀ ਨਾ ਆਉਣ ਕਾਰਨ ਮਾਂਹ ਸਿੰਘ ਗੇਟ ਗਲੀ ਮੋਚੀਆਂ ਵਾਲੀ ਦੇ ਵਸਨੀਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਧਾਇਕ ਜੀਵਨਜੋਤ ਕੌਰ ਤੇ ਇਲਾਕਾ ਕੌਂਸਲਰ ਸ਼ਵੇਤਾ ਛਾਬੜਾ ਦੇ ਧਿਆਨ ਵਿਚ ਕਈ ਵਾਰ ਇਹ ਮਾਮਲਾ ਲਿਆਂਦਾ ਗਿਆ ਹੈ, ਪਰ ਕੋਈ ਕਾਰਵਾਈ ਨਹੀਂ ਹੋਈ। ਪਾਣੀ ਦੀ ਘਾਟ ਕਾਰਨ ਗਲੀ ਵਿਚ ਰਹਿੰਦੇ ਪਰਿਵਾਰਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਥੇ ਕੂੜੇ ਦੀ ਵੀ ਬਹੁਤ ਸਮੱਸਿਆ ਹੈ। ਇਲਾਕੇ ਦੇ ਲੋਕਾਂ ਨੇ ਇਹ ਸਮੱਸਿਆਵਾਂ ਸਮਾਜ ਸੇਵਕ ਅਨੁਜ ਖੇਮਕਾ ਨੂੰ ਦੱਸੀਆਂ। ਅਨੁਜ ਖੇਮਕਾ ਨੇ ਇਲਾਕੇ ਦੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਕਿ ਇਨ੍ਹਾਂ ਸਮੱਸਿਆਵਾਂ ਨੂੰ ਜਲਦ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ 10 ਦਿਨਾਂ ਦੇ ਅੰਦਰ-ਅੰਦਰ ਇਨ੍ਹਾਂ ਸਮੱਸਿਆਵਾਂ ਦਾ ਹੱਲ ਨਹੀਂ ਹੁੰਦਾ ਤਾਂ ਇਲਾਕੇ ਦੇ ਵਸਨੀਕਾਂ ਨੂੰ ਨਾਲ ਲੈ ਕੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਰਵਿੰਦਰ ਸਿੰਘ, ਪੰਕਜ ਗੁਪਤਾ, ਦੀਪਕ ਵਿੱਜ, ਐੱਸ. ਕੇ. ਰਾਣਾ, ਗੁਰਬਿੰਦਰ ਸਿੰਘ, ਜਗਦੀਸ਼ ਅਰੋੜਾ ਅਤੇ ਰਾਹੁਲ ਵੀ ਮੌਜੂਦ ਸਨ।

## ਕਲਾਸੀਫਾਈਡ ਇਸ਼ਤਿਹਾਰ

### Public Notice

**I, Sona Devi W/o Late Sh. Jagdish R/o H.No. B-38/3, Bhargo Nagar, Kantha Colony Jalandhar declare that my son Rishi Kumar out of my control, I disinherit from my moveable and Immovable Property, I and my family shall note be held Responsible for any of her their acts, deed and thing.Please note.**

### ਆਮ ਸੂਚਨਾ

ਮੈਂ, ਭਜਨ ਸਿੰਘ ਪੁੱਤਰ ਨੰਦ ਸਿੰਘ ਵਾਸੀ ਪਿੰਡ ਨਿਜ਼ਾਮਪੁਰਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਇੰਦਰਜੀਤ ਸਿੰਘ ਅਤੇ ਉਸ ਦੀ ਪਤਨੀ ਕੋਮਲਪ੍ਰੀਤ ਕੌਰ ਨੂੰ ਆਪਣੀ ਚੱਲਵੀਂ ਅਤੇ ਅਚੱਲਵੀਂ ਜਾਇਦਾਦ ਤੋਂ ਬੇਦਖਲ ਕੀਤਾ ਹੋਇਆ ਸੀ, ਹੁਣ ਉਹ ਮੇਰੇ ਕਹਿਣੇ ਵਿੱਚ ਹਨ। ਮੈਂ ਇਨ੍ਹਾਂ ਨੂੰ ਦਿੱਤੀ ਹੋਈ ਬੇਦਖਲੀ ਕੈਂਸਲ ਕਰਦਾ ਹਾਂ। ਹੁਣ ਇਹ ਮੇਰੀ ਜਾਇਦਾਦ ਦੇ ਪੂਰੇ ਵਾਰਸ ਅਤੇ ਹੱਕਦਾਰ ਹੋਣਗੇ।

ਮੈਂ, ਭੁਪਿੰਦਰ ਸਿੰਘ ਪੁੱਤਰ ਸ੍ਰੀ ਸੁਲਜਨ ਸਿੰਘ ਵਾਸੀ ਘੜਕਾ, ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਅਸਲ ਨਾਂਅ ਭੁਪਿੰਦਰ ਸਿੰਘ ਹੈ, ਜੋ ਕਿ ਮਾਲ ਰਿਕਾਰਡ ਵਿੱਚ ਮੇਰਾ ਨਾਂਅ ਭਿੰਦਰ ਸਿੰਘ ਗਲਤ ਦਰਜ ਹੈ, । ਮਾਲ ਰਿਕਾਰਡ ਵਿੱਚ ਮੇਰਾ ਸਹੀ ਨਾਂਅ ਭੁਪਿੰਦਰ ਸਿੰਘ ਦਰਜ ਕੀਤਾ ਜਾਵੇ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਜਰਨੈਲ ਸਿੰਘ ਪੁੱਤਰ ਗੁਰਦਾਸ ਸਿੰਘ ਵਾਸੀ ਬਸਤੀ ਪਾਲ ਸਿੰਘ ਦਾਖਲੀ, ਮਾਣੋਚਾਹਲ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਗੁਰਚਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਮੇਰਾ ਜਾਂ ਮੇਰੇ ਕਿਸੇ ਵੀ ਪਰਵਾਰਕ ਮੈਂਬਰ ਦਾ ਕੋਈ ਸੰਬੰਧ ਨਹੀਂ ਰਿਹਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਵੀਰ ਸਿੰਘ ਪੁੱਤਰ ਹਰਚੰਦ ਸਿੰਘ ਵਾਸੀ ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਕਿਸੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਖਰਾਜ ਸਿੰਘ ਪੁੱਤਰ ਕੁੰਦਨ ਸਿੰਘ ਵਾਸੀ ਕੱਚਾ ਪੱਕਾ ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਅੰਮ੍ਰਿਤਪਾਲ ਸਿੰਘ ਇਸ ਦੀ ਪਤਨੀ ਸੁਖਪ੍ਰੀਤ ਕੌਰ, ਲੜਕਾ ਜਸਕਰਨ ਸਿੰਘ ਇਸਦੀ ਪਤਨੀ ਹਰਬੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ।ਮੈਂ ਆਪਣੇ ਲੜਕਿਆਂ ਤੇ ਨੂੰਹਾਂ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ ।ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

ਮੈਂ, ਸੁਖਜੀਤ ਕੌਰ ਪਤਨੀ ਜੋਰਾਵਰ ਸਿੰਘ ਵਾਸੀ ਧਾਰੀਵਾਲ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦੀ ਰਹਿਣ ਵਾਲੀ ਹਾਂ ।ਮੇਰਾ ਭਰਾ ਸੁਖਦੇਵ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ।ਮੈਂ ਆਪਣੇ ਭਰਾ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ । ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ ।

ਮੈਂ, ਰਾਣੀ ਪਤਨੀ ਲੇਟ ਸ੍ਰੀ ਮਨੀਰ ਵਾਸੀ ਪੁਰਾਣਾ ਪਿੰਡ ਡਾਕਖਾਨਾ ਮਸਾਣੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਰਨ ਮਸੀਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸਬੰਧਿਤ ਨੋਟ ਕਰਨ।

ਮੈਂ, ਬਲਵਿੰਦਰ ਸਿੰਘ ਪੁੱਤਰ ਦੇਸਾ ਸਿੰਘ ਵਾਸੀ ਪਿੰਡ ਬੱਬੇਹਾਲੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸੁਖਵਿੰਦਰ ਸਿੰਘ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

### Change of Name

**I Lovjot Singh S/O Gurnam Singh Residence Of Vpo Bishankot Tehsil Kalanaur District Gurdaspur State Punjab India Pincode 143512 I Have Changed My Name From Lovjot Singh To Singh Lovjot Surname As Singh And Given Name As Lovjot.**

**I, Manpreet Singh S/o Darshan Singh R/o Village Mallowal, Po Tarsika Distt Amritsar Punjab have declare that Singh is my Surname Manpreet is my given name**

**I Darpan Kumar Sharma S/o Madan Lal R/o 11, Sandhya Enclave Majitha Road Amritsar have changed my name to Darpan Kumar.**

**I Rama Rani W/o Darpan Kumar R/o 11, Sandhya Enclave Majitha Road Amritsar have changed my name to Rama Rani Sharma.**

**I, Gurjant Singh S/o Jhirmal Singh R/o Village Mari Udhoke Tehsil Patti District Tarn Taran have declare that Gurjant is my Given name and Singh is my Surname**

**I, Ankur S/o Vijay Kumar R/o E.J. 331/A, Riaz Pura, Jalandhar, Punjab have changed my name from Ankur to Ankur Shukla. All concerned please note.**

**I heitherto known as LUCKY S/o SAT PAL , residing at Aggarwal Property Dealer Sunny Enclave, Dhilwan, Nangal Shama , Jalandhar ,Punjab ,144023 have changed my name and shall be known as LUCK KUMAR.**

**I, Resham Singh S/o Ajmar Singh R/o V.P.O. Kussa, Tehsil Nihal Singh Wala, Distt. Moga, have changed my name to Resham Singh Sidhu.**

**I,Hardev Singh S/o Harnek Singh R/o V.P.O. Rama, Tehsil Nihal Singh Wala, Distt. Moga, have changed my name to Hardev Singh Mann.**

**I, Ram Das S/o Pritam Lal R/o Dharamkot Bagga, PO Dharamkot Bagga, Distt. Gurdaspur, Punjab-143505 have changed my name from Ram Das to Das is my surname and Ram is my given name.**

**I, Bhupinder Kaur W/o Jarnail Singh R/o Vill. Pindi Khair, P.O. Miani, Tehsil Dasuya (Hoshiarpur), Punjab-144202, have changed my name and shall hereafter be known as Kaur Bhupinder.**

**I, Hither to known as Inderjit Singh S/o Jasvir Singh R/o Dashmesh Nagar, P.O. Tanda, Hoshiarpur, Punjab-144203, have changed my name and shall hereafter be known as Singh Inderjit**

### ਨਾਂ ਦੀ ਬਦਲੀ

ਮੈਂ, ਬਿੰਦਰ ਕੌਰ ਪਤਨੀ ਨਾਹਰ ਸਿੰਘ ਵਾਸੀ ਮਹਿਲ ਖੁਰਦ (ਬਰਨਾਲਾ) ਨੇ ਆਪਣਾ ਨਾਂਅ ਬਦਲ ਕੇ ਹਰਵਿੰਦਰ ਕੌਰ ਰੱਖ ਲਿਆ ਹੈ।

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਇਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## 'ਮਹਿਲਾਵਾਂ-ਧੀਆਂ ਲਈ 1000 ਤੇ 1500 ਰੁਪਏ ਮਹੀਨਾਵਾਰ ਸਤਿਕਾਰ' ਦਾ ਐਲਾਨ ਹੋਣ 'ਤੇ ਜਾਗੋ ਕੱਢੀ



ਬਟਾਲਾ, (ਤਰਲੋਕ ਬੱਗਾ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਵਿਖੇ ਮਹਿਲਾਵਾਂ-ਧੀਆਂ ਲਈ 1000 ਅਤੇ 1500 ਰੁਪਏ ਮਹੀਨਾਵਾਰ ਸਤਿਕਾਰ ਐਲਾਨ 'ਤੇ ਜਾਗੋ ਕੱਢੀ ਗਈ ਅਤੇ ਮਹਿਲਾਵਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਜਿਲ੍ਹੇ ਭਰ ਦੇ ਵਿਧਾਨ ਸਭਾ ਹਲਕਿਆਂ ਵਿੱਚ ਮਾਵਾਂ ਅਤੇ ਭੈਣਾਂ ਵੱਲੋਂ ਪੰਜਾਬ ਸਰਕਾਰ ਦੇ ਉਪਰਾਲਿਆਂ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮਹਿਲਾਵਾਂ ਦੇ ਸਤਿਕਾਰ ਵਜੋਂ 1000 ਅਤੇ 1500 ਰੁਪਏ ਪ੍ਰਤੀ ਮਹੀਨਾ ਦੇਣ ਦੇ ਐਲਾਨ ਦੀ ਖੁਸ਼ੀ ਵਿੱਚ ਜਾਗੋ ਕੱਢ ਕੇ ਸਰਕਾਰ ਦਾ ਧੰਨਵਾਦ ਕੀਤਾ ਗਿਆ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਨੇ ਭਾਗ ਲਿਆ ਅਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਮਾਨ ਸਰਕਾਰ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ।ਇਸ ਦੌਰਾਨ ਮਹਿਲਾਵਾਂ ਨੇ ਕਿਹਾ ਕਿ ਸਰਕਾਰ ਵੱਲੋਂ ਚੁੱਕਿਆ ਗਿਆ ਇਹ ਕਦਮ ਆਮ ਪਰਿਵਾਰਾਂ ਲਈ ਵੱਡੀ ਰਾਹਤ ਸਾਬਤ ਹੋਵੇਗਾ।ਉਨ੍ਹਾਂ ਦੱਸਿਆ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਘਰੇਲੂ ਖਰਚੇ ਚਲਾਉਣਾ ਬਹੁਤ ਮੁਸ਼ਕਲ ਹੋ ਗਿਆ ਹੈ ਅਤੇ ਛੋਟੀ-ਮੋਟੀ ਲੋੜਾਂ ਲਈ ਵੀ ਕਈ ਵਾਰ ਘਰਾਂ ਵਿੱਚ ਸੋਚਣਾ ਪੈਂਦਾ ਹੈ।ਮਹੀਨਾਵਾਰ ਮਿਲਣ ਵਾਲੀ ਇਹ ਰਕਮ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਦੇ ਨਾਲ-ਨਾਲ ਘਰੇਲੂ ਖਰਚਿਆਂ ਵਿੱਚ ਮਦਦਗਾਰ ਸਾਬਤ ਹੋਵੇਗੀ।ਮਹਿਲਾਵਾਂ ਨੇ ਕਿਹਾ ਕਿ ਜਿਵੇਂ ਬਿਮਾਰੀ ਦੇ ਸਮੇਂ ਸਰਕਾਰੀ ਇਲਾਜ ਸਹੂਲਤਾਂ ਲੋਕਾਂ ਲਈ ਵੱਡਾ ਸਹਾਰਾ ਬਣਦੀਆਂ ਹਨ, ਉਸੇ ਤਰ੍ਹਾਂ ਇਹ ਆਰਥਿਕ ਸਹਾਇਤਾ ਵੀ ਆਮ ਘਰਾਂ ਲਈ ਸਮੇਂ ਦੀ ਵੱਡੀ ਲੋੜ ਸੀ।ਉਨ੍ਹਾਂ ਕਿਹਾ ਕਿ ਜੋ ਲੋਕ 1000 ਰੁਪਏ ਨੂੰ ਘੱਟ ਸਮਝਦੇ ਹਨ, ਉਹ ਆਮ ਘਰਾਂ ਦੀਆਂ ਮਹਿਲਾਵਾਂ ਤੋਂ ਪੁੱਛ ਕੇ ਵੇਖਣ ਕਿ ਇਹ ਰਕਮ ਕਿੰਨੀ ਮਹੱਤਵਪੂਰਨ ਹੈ ਅਤੇ ਇਹ ਰੋਜ਼ਾਨਾ ਦੀਆਂ ਲੋੜਾਂ ਪੂਰੀ ਕਰਨ ਵਿੱਚ ਕਿੰਨਾ ਯੋਗਦਾਨ ਪਾਉਂਦੀ ਹੈ।ਮਹਿਲਾਵਾਂ ਨੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਨੇ ਮਹਿਲਾਵਾਂ ਦੀ ਭਲਾਈ ਦੇ ਨਾਮ 'ਤੇ ਸਿਰਫ਼ ਐਲਾਨ ਕੀਤੇ, ਪਰ ਮਾਨ ਸਰਕਾਰ ਨੇ ਮਹਿਲਾਵਾਂ ਦੀ ਆਰਥਿਕ ਮਜ਼ਬੂਤੀ ਲਈ ਅਸਲ ਕਦਮ ਚੁੱਕੇ ਹਨ।ਉਨ੍ਹਾਂ ਆਸ ਜਤਾਈ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤੈਸ਼ੀ ਅਤੇ ਮਹਿਲਾ-ਹਿਤੈਸ਼ੀ ਫ਼ੈਸਲੇ ਲਗਾਤਾਰ ਲਏ ਜਾਣਗੇ।

## ਖਾਲਸਾ ਕਾਲਜ ਆਫ ਨਰਸਿੰਗ ਵਿਖੇ ਸਾਲਾਨਾ ਖੇਡ ਦਿਵਸ ਕਰਵਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖਾਲਸਾ ਕਾਲਜ ਆਫ਼ ਨਰਸਿੰਗ ਵਿਖੇ ਸਾਲਾਨਾ ਖੇਡ ਦਿਵਸ ਮਨਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਪ੍ਰੋਗਰਾਮ ਮੌਕੇ ਲੰਬੀ ਛਾਲ, ਡਿਸਕਸ-ਥ੍ਰੋ, ਸ਼ਾਟਪੁਟ, ਸ਼ਤਰੰਜ, ਟੇਬਲ ਟੈਨਿਸ, ਕੈਰਮ, ਬੈਡਮਿੰਟਨ, ਦੌੜ, ਰਿਲੇਅ ਦੌੜ, ਜੈਵਲਿਨ-ਥ੍ਰੋ ਅਤੇ ਰੱਸਾਕਸ਼ੀ ਵਰਗੇ ਮੁਕਾਬਲੇ ਕਰਵਾਏ ਗਏ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਡਾ. ਅਮਰਿੰਦਰ ਸਿੰਘ, ਵਿਭਾਗ ਦੇ ਮੁਖੀ, ਮਾਇਆਸ-ਜੀ. ਐੱਨ. ਡੀ. ਯੂ. ਖੇਡ ਵਿਗਿਆਨ ਅਤੇ ਮੈਡੀਸਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨਾਲ ਮਿਲ ਕੇ ਸਮਾਗਮ ਦਾ ਉਦਘਾਟਨ ਕੀਤਾ। ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਨੇ ਡਾ. ਅਮਰਿੰਦਰ ਸਿੰਘ ਦਾ ਸਵਾਗਤ ਕਰਨ ਉਪਰੰਤ ਵਿਦਿਆਰਥੀਆਂ 'ਚ ਅਨੁਸ਼ਾਸਨ, ਲੀਡਰਸ਼ਿਪ ਗੁਣਾਂ ਨੂੰ ਵਿਕਸਿਤ ਕਰਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ 'ਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਲਈ ਬਹੁਤ ਜ਼ਰੂਰੀ ਹਨ।ਖੇਡਾਂ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਮਨ ਨੂੰ ਵੀ ਤਾਜ਼ਗੀ ਮਿਲਦੀ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਾ. ਅਮਰਿੰਦਰ ਸਿੰਘ ਨੇ ਕਿਹਾ ਕਿ ਖੇਡਾਂ ਨਾਲ ਅਨੁਸ਼ਾਸਨ, ਸਹਿਯੋਗ ਅਤੇ ਟੀਮ ਵਰਕ ਦੀ ਭਾਵਨਾ ਪੈਦਾ ਹੁੰਦੀ ਹੈ। ਉਨ੍ਹਾਂ ਨਰਸਿੰਗ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਮੁੱਚੇ ਸਰੀਰਿਕ ਅਤੇ ਮਾਨਸਿਕ ਵਿਕਾਸ ਲਈ ਅਕਾਦਮਿਕ ਅਤੇ ਖੇਡਾਂ ਵਿਚਕਾਰ ਸੰਤੁਲਨ ਬਣਾਈ ਰੱਖਣ ਲਈ ਉਤਸ਼ਾਹਿਤ ਕੀਤਾ।2 ਰੋਜ਼ਾ ਉਕਤ ਸਮਾਗਮ ਮੌਕੇ ਕਈ ਤਰ੍ਹਾਂ ਦੇ ਇਨਡੋਰ ਅਤੇ ਆਊਟਡੋਰ ਖੇਡ ਸਮਾਗਮ ਆਯੋਜਿਤ ਕੀਤੇ ਗਏ। ਉਕਤ ਸਮਾਗਮ ਸਹਾਇਕ ਅਸਿਸਟੈਂਟ ਪ੍ਰੋਫੈਸਰ ਕਵਲਜੀਤ ਕੌਰ, ਨਰਸਿੰਗ ਟਿਊਟਰ ਲਵਪ੍ਰੀਤ ਕੌਰ ਦੀ ਦੇਖ-ਰੇਖ ਹੇਠ ਕਰਵਾਇਆ ਗਿਆ, ਜਿਸ 'ਚ ਵਿਦਿਆਰਥੀਆਂ ਨੇ ਸ਼ਾਨਦਾਰ ਦ੍ਰਿੜਤਾ, ਟੀਮ ਵਰਕ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ।

## ਸਰਹੱਦੀ ਸੁਰੱਖਿਆ ਨੂੰ ਲੈ ਕੇ ਔਜਲਾ ਨੇ ਅਮਿਤ ਸ਼ਾਹ ਨੂੰ ਲਿਖਿਆ ਪੱਤਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸਾਂਸਦ ਗੁਰਜੀਤ ਸਿੰਘ ਔਜਲਾ ਨੇ ਪੰਜਾਬ ਵਿੱਚ ਡਰੋਨ ਰਾਹੀਂ ਵੱਧ ਰਹੀ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਨੂੰ ਲੈ ਕੇ ਗੰਭੀਰ ਚਿੰਤਾ ਜਤਾਈ ਹੈ।ਇਸ ਸਬੰਧੀ ਉਨ੍ਹਾਂ ਨੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਅੰਮ੍ਰਿਤਸਰ ਸਮੇਤ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਸੁਰੱਖਿਆ ਪ੍ਰਬੰਧ ਮਜ਼ਬੂਤ ਕਰਨ ਦੀ ਮੰਗ ਕੀਤੀ ਹੈ।ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਪੰਜਾਬ ਸਰਹੱਦ, ਖਾਸ ਕਰਕੇ ਅਟਾਰੀ ਇਲਾਕੇ ਵਿੱਚ ਪਿਛਲੇ ਕੁਝ ਸਮੇਂ ਤੋਂ ਡਰੋਨ ਰਾਹੀਂ ਨਸ਼ਿਆਂ, ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਤਸਕਰੀ ਦੇ ਮਾਮਲਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਮਸਲੇ ਨੂੰ ਪਹਿਲਾਂ ਵੀ ਕਈ ਵਾਰ ਉਠਾਇਆ ਜਾ ਚੁੱਕਾ ਹੈ, ਪਰ ਜ਼ਮੀਨੀ ਪੱਧਰ 'ਤੇ ਹਾਲਾਤ ਅਜੇ ਵੀ ਚਿੰਤਾਜਨਕ ਹਨ ਅਤੇ ਤੁਰੰਤ ਠੋਸ ਕਦਮ ਚੁੱਕਣ ਦੀ ਲੋੜ ਹੈ।ਔਜਲਾ ਨੇ ਕਿਹਾ ਕਿ ਬੀਐੱਸਐੱਫ ਦੇ 50 ਕਿਲੋਮੀਟਰ ਦੇ ਡਿਪਲੋਇਮੈਂਟ ਬੈਲਟ ਅੰਦਰ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਜਿਸ ਕਾਰਨ ਕਾਨੂੰਨ-ਵਿਵਸਥਾ ਦੀ ਸਥਿਤੀ ਪ੍ਰਭਾਵਿਤ ਹੋ ਰਹੀ ਹੈ।ਡਰੋਨ ਰਾਹੀਂ ਗੈਰ-ਕਾਨੂੰਨੀ ਹਥਿਆਰਾਂ ਦੀ ਆਸਾਨ ਪਹੁੰਚ ਕਾਰਨ ਸੂਬੇ ਵਿੱਚ ਅਗਵਾ, ਫਿਰੌਤੀ, ਗੈਂਗ ਗਤੀਵਿਧੀਆਂ, ਕਤਲ ਅਤੇ ਬੰਬ ਧਮਕੀਆਂ ਵਰਗੀਆਂ ਘਟਨਾਵਾਂ ਵਿੱਚ ਵੀ ਵਾਧਾ ਦੇਖਿਆ ਜਾ ਰਿਹਾ ਹੈ।ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਸਰਹੱਦ ਦੇ ਕੁਝ ਇਲਾਕਿਆਂ ਵਿੱਚ ਹਾਲ ਹੀ ਵਿੱਚ ਲਗਾਈ ਗਈ ਕਾਂਟੇਦਾਰ ਤਾਰ (ਫੈਂਸਿੰਗ) ਕਾਰਨ ਸਥਾਨਕ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਲਈ ਸਥਾਨਕ ਲੋਕਾਂ ਅਤੇ ਸੁਰੱਖਿਆ ਏਜੰਸੀਆਂ ਨਾਲ ਸਲਾਹ ਕਰਕੇ ਕੁਝ ਥਾਵਾਂ 'ਤੇ ਫੈਂਸਿੰਗ ਦੀ ਸਮੀਖਿਆ ਕਰਨ ਦੀ ਲੋੜ ਹੈ।ਔਜਲਾ ਨੇ ਕਿਹਾ ਕਿ ਪੰਜਾਬ ਦੇ ਸਰਹੱਦੀ ਇਲਾਕੇ ਪਿਛਲੇ ਚਾਰ ਦਹਾਕਿਆਂ ਤੋਂ ਦਹਿਸ਼ਤਗਰਦੀ ਅਤੇ ਨਸ਼ਿਆਂ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ।ਅੰਮ੍ਰਿਤਸਰ, ਜੋ ਸਿੱਖ ਧਰਮ ਦੀ ਅਧਿਆਤਮਕ ਰਾਜਧਾਨੀ ਹੈ ਅਤੇ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਸਥਿਤ ਹੈ, ਹਮੇਸ਼ਾ ਤੋਂ ਰਾਸ਼ਟਰੀ ਸੁਰੱਖਿਆ ਦੀ ਅਗਲੀ ਪੰਗਤੀ ਵਿੱਚ ਰਿਹਾ ਹੈ।ਉਨ੍ਹਾਂ ਕੇਂਦਰ ਸਰਕਾਰ ਤੋਂ ਅਪੀਲ ਕੀਤੀ ਕਿ ਸਰਹੱਦ 'ਤੇ ਨਿਗਰਾਨੀ ਹੋਰ ਮਜ਼ਬੂਤ ਕੀਤੀ ਜਾਵੇ, ਆਧੁਨਿਕ ਐਂਟੀ-ਡਰੋਨ ਸਿਸਟਮ ਤਾਇਨਾਤ ਕੀਤੇ ਜਾਣ ਅਤੇ ਸਾਰੀਆਂ ਸੁਰੱਖਿਆ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਬਣਾ ਕੇ ਪੰਜਾਬ ਅਤੇ ਦੇਸ਼ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

# ਵੀ ਐੱਲ ਈਜ਼, ਆਸ਼ਾ ਵਰਕਰਾਂ ਤੇ ਪ੍ਰਸ਼ਾਸਨ ਮਿਲ ਕੇ ਲੋਕ-ਭਲਾਈ ਦਾ ਕੰਮ ਕਰਨ : ਡਾ. ਬਲਬੀਰ ਸਿੰਘ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**: ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਚਮਕੌਰ ਸਾਹਿਬ ਦੇ ਸਿਵਲ ਹਸਪਤਾਲ ਵਿਖੇ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ, ਜ਼ਿਲ੍ਹਾ ਪ੍ਰਸ਼ਾਸਨ, ਵੀਐਲਈਜ਼ (ਵਿਲੇਜ ਲੈਵਲ ਇੰਟਰਪਰੇਨੂਰ) ਅਤੇ ਆਸ਼ਾ ਵਰਕਰਾਂ ਨਾਲ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਰਜਿਸਟ੍ਰੇਸ਼ਨ ਕਾਰਡਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਇਸ ਮੌਕੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਡਾ ਬਲਬੀਰ ਸਿੰਘ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਦਿੱਤਾ ਜਾ ਰਿਹਾ 10 ਲੱਖ ਰੁਪਏ ਤੱਕ ਦਾ ਸਿਹਤ ਕਾਰਡ ਲੋਕਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਹਰ ਨਾਗਰਿਕ ਨੂੰ ਵਧੀਆ ਅਤੇ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਹੈ।ਡਾ. ਬਲਬੀਰ ਸਿੰਘ ਨੇ ਸਾਰੇ ਅਧਿਕਾਰੀਆਂ, ਵੀਐਲਈ ਓਪਰੇਟਰਾਂ, ਆਸ਼ਾ ਵਰਕਰਾਂ ਅਤੇ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਉਹ ਰਲ ਕੇ ਕੰਮ ਕਰਨ ਅਤੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਜਲੰਧਰ, ਫਿਲੌਰ ਤੇ ਨਕੋਦਰ ਦੇ ਜੁਡੀਸ਼ੀਅਲ ਕੋਰਟ ਕੰਪਲੈਕਸਾਂ 'ਚ ਕੌਮੀ ਲੋਕ ਅਦਾਲਤ

**ਜਲੰਧਰ**- ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਅਤੇ ਨਿਰਭਉ ਸਿੰਘ ਗਿੱਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਜਲੰਧਰ ਦੀ ਯੋਗ ਅਗਵਾਈ ਹੇਠ, 14 ਮਾਰਚ ਨੂੰ ਜਲੰਧਰ, ਫਿਲੌਰ ਅਤੇ ਨਕੋਦਰ ਦੇ ਜੁਡੀਸ਼ੀਅਲ ਕੋਰਟ ਕੰਪਲੈਕਸਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।ਇਸ ਲੋਕ ਅਦਾਲਤ ਵਿੱਚ ਸਾਰੇ ਤਰ੍ਹਾਂ ਦੇ ਅਦਾਲਤਾਂ ਵਿਚ ਲੰਬਿਤ ਸਿਵਲ ਕੇਸ, ਵਿਆਹ ਸਬੰਧੀ ਕੇਸ, ਐਮ.ਏ.ਸੀ.ਟੀ. ਕੇਸ, ਰਾਜ਼ੀਨਾਮਾ ਯੋਗ ਫੌਜਦਾਰੀ ਕੇਸ, ਟ੍ਰੈਫਿਕ ਚਲਾਨ ਅਤੇ ਬੈਂਕਾਂ, ਵਿੱਤੀ ਸੰਸਥਾਵਾਂ, ਬੀ.ਐਸ.ਐਨ.ਐਲ., ਪੀ.ਐਸ.ਪੀ.ਸੀ.ਐਲ. ਅਤੇ ਮਾਲ ਵਿਭਾਗ ਨਾਲ ਸਬੰਧਤ ਮੁਕੱਦਮੇ ਤੋਂ ਪਹਿਲਾਂ ਵਾਲੇ ਕੇਸ ਆਦਿ ਸੁਣਵਾਈ ਲਈ ਲਏ ਗਏ।ਇਸ ਸਬੰਧੀ ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਜਲੰਧਰ ਨੇ ਦੱਸਿਆ ਕਿ ਜਲੰਧਰ ਵਿੱਚ 22, ਫਿਲੌਰ ਵਿੱਚ 3 ਅਤੇ ਨਕੋਦਰ ਵਿੱਚ 2 ਕੁੱਲ 27 ਬੈਂਚਾਂ ਦਾ ਗਠਨ ਕੀਤਾ ਗਿਆ ਸੀ। ਲੋਕ ਅਦਾਲਤ ਵਿੱਚ ਕੁੱਲ 48354 ਕੇਸ ਸੁਣਵਾਈ ਲਈ ਲਏ ਗਏ ਅਤੇ ਇਨ੍ਹਾਂ ਵਿੱਚੋਂ 47452 ਕੇਸਾਂ ਦਾ ਰਾਜ਼ੀਨਾਮੇ ਰਾਹੀਂ ਨਿਪਟਾਰਾ ਕੀਤਾ ਗਿਆ। ਲੋਕ ਅਦਾਲਤ ਵਿੱਚ 503319-790/- (50 ਕਰੋੜ 33 ਲੱਖ 19 ਹਜਾਰ 790/-



)ਰੁਪਏ ਦੇ ਅਵਾਰਡ ਨਿਪਟਾਏ ਗਏ। ਰਾਹੁਲ ਕੁਮਾਰ, ਮਾਨਯੋਗ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਜਲੰਧਰ ਵਿੱਚ ਗਠਿਤ ਬੈਂਚਾਂ ਦਾ ਨਿਰੀਖਣ ਵੀ ਕੀਤਾ। ਅੱਜ ਦੀ ਲੋਕ ਅਦਾਲਤ ਵਿਚ ਇੱਕ ਕੇਸ ਵਿਚ ਮਾਨਯੋਗ ਅਦਾਲਤ ਵੱਲੋਂ ਇੱਕ ਮਾਂ ਦੀ ਪਟੀਸ਼ਨ ਤੇ ਫੈਸਲਾ ਕਰਦੇ ਹੋਏ ਉਸਦੇ ਬੇਟੇ ਨੂੰ 10,000/- ਰੁਪਏ ਮਹੀਨਾ ਬਤੌਰ ਖਰਚਾ ਦੇਣ ਸਬੰਧੀ ਦੋਨਾਂ ਧਿਰਾਂ ਦੇ ਰਜਾਮੰਦੀ ਨਾਲ ਫੈਸਲਾ ਹੋਇਆ ।ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਜਲੰਧਰ ਨੇ ਅੱਗੇ ਦੱਸਿਆ ਕਿ ਲੋਕ ਅਦਾਲਤ ਰਾਹੀਂ ਲੋਕਾਂ ਨੂੰ ਤੇਜ਼ੀ ਨਾਲ ਨਿਆਂ ਮਿਲਦਾ ਹੈ। ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਫੈਸਲੇ ਵਿਰੁੱਧ ਕੋਈ ਅਪੀਲ ਦਾਇਰ ਨਹੀਂ ਕੀਤੀ ਜਾ ਸਕਦੀ। ਫੈਸਲਾ ਦੋਵਾਂ ਧਿਰਾਂ ਵਿਚਕਾਰ ਆਪਸੀ ਸਮਝੌਤੇ ਦੇ ਆਧਾਰ 'ਤੇ ਦਿੱਤਾ ਜਾਂਦਾ ਹੈ।ਇਸ ਤੋਂ ਇਲਾਵਾ, ਅਰਜ਼ੀਕਰਤਾ ਦੁਆਰਾ ਅਦਾ ਕੀਤੀ ਗਈ ਅਦਾਲਤੀ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ।ਇਸ ਸਬੰਧੀ ਸ਼੍ਰਰਾਹੁਲ ਕੁਮਾਰ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੇ ਦੱਸਿਆ ਕਿ ਲੋਕ ਅਦਾਲਤ ਵਿੱਚ ਕੇਸ ਲਗਾਉਣ ਅਤੇ ਕਿਸੇ ਵੀ ਕਾਨੂੰਨੀ ਮਾਮਲੇ ਬਾਰੇ ਸਲਾਹ/ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਲਈ, ਕੋਈ ਵੀ ਵਿਅਕਤੀ ਟੋਲ ਫ੍ਰੀ ਨੰਬਰ 15100 'ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਗਲੀ ਲੋਕ ਅਦਾਲਤ 09.05.2026 ਨੂੰ ਲੱਗੇਗੀ। ਇਸ ਮੌਕੇ ਜ਼ਿਲ੍ਹਾ ਬਾਰ ਐਸੋਸੀਏਸ਼ਨ, ਜਲੰਧਰ ਦੇ ਪ੍ਰਧਾਨ, ਸਕੱਤਰ ਅਤੇ ਅਹੁਦੇਦਾਰ ਮੌਜੂਦ ਸਨ।

# ਕੁਰਾਲੀ ਤੇ ਮੋਹਾਲੀ ਦੀਆਂ ਔਰਤਾਂ ਨੇ 'ਜਾਗੋ' ਕੱਢ ਕੇ ਮੁੱਖ ਮੰਤਰੀ ਦਾ ਕੀਤਾ ਸਵਾਗਤ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਔਰਤਾਂ ਨਾਲ ਕੀਤਾ ਗਿਆ ਵਾਅਦਾ ਪੂਰੇ ਕਰਦੇ ਹੋਏ ਮਾਨ ਸਰਕਾਰ ਵੱਲੋਂ ਮਾਵਾਂ-ਭੈਣਾਂ ਲਈ 1,000 ਪ੍ਰਤੀ ਮਹੀਨਾ ਅਤੇ ਐਸ.ਸੀ. ਵਰਗ ਦੀਆਂ ਔਰਤਾਂ ਲਈ 1,500 ਪ੍ਰਤੀ ਮਹੀਨਾ ਦੀ ਗਰੰਟੀ ਪੂਰੀ ਕਰਨ ਦੀ



ਖੁਸ਼ੀ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਡੇਰਾਬੱਸੀ, ਕੁਰਾਲੀ ਅਤੇ ਮੋਹਾਲੀ ਵਿਖੇ ਔਰਤਾਂ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਗਾਰੰਟੀ ਲਈ ਖੁਸ਼ੀਆਂ ਭਰੀ ਜਾਗੋ ਕੱਢੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਮਾਵਾਂ-ਭੈਣਾਂ ਨੇ ਭਾਗ ਲਿਆ ਅਤੇ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਮੋਹਾਲੀ ਤੋਂ ਵੂਮੈਨ ਵਿੰਗ ਦੀ ਕੋਆਰਡੀਨੇਟਰ ਰਮਨਪ੍ਰੀਤ ਕੌਰ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਲਿਆ ਗਿਆ ਇਹ ਫੈਸਲਾ ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਕੁਰਾਲੀ ਤੋਂ ਜਾਗੋ ਕੱਢਣ ਸਮੇਂ ਵੂਮੈਨ ਵਿੰਗ ਦੀ ਕੋਆਰਡੀਨੇਟਰ ਹਰਪ੍ਰੀਤ ਕੌਰ ਨੇ ਦੱਸਿਆ ਕਿ ਸ਼ਹਿਰ ਦੀਆਂ ਔਰਤਾਂ ਨੇ ਢੋਲ ਵਜਾ ਕੇ ਅਤੇ ਜਾਗੋ ਲੈ ਕੇ ਮੁੱਖ ਮੰਤਰੀ ਵੱਲੋਂ ਦਿੱਤੇ ਗਏ ਤੋਹਫੇ ਦਾ ਧੰਨਵਾਦ ਕਰਦਿਆਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਜਾਗੋ ਕੱਢੀ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਡੇਰਾਬਸੀ ਹਲਕੇ ਦੀ ਵੂਮੈਨ ਵਿੰਗ ਦੀ ਕੋਆਰਡੀਨੇਟਰ ਕੁਲਦੀਪ ਕੌਰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ'ਨਾਲ ਸੂਬੇ ਦੀਆਂ ਮਹਿਲਾਵਾਂ ਨੂੰ ਵੱਡਾ ਆਰਥਿਕ ਅਤੇ ਸਮਾਜਿਕ ਸਹਾਰਾ ਮਿਲੇਗਾ।

# ਉੱਦਮੀ ਮਹਿਲਾਵਾਂ ਨੂੰ ਕੀਤਾ ਸਨਮਾਨਤ



**ਨਵਾਂਸ਼ਹਿਰ (ਮਨੋਜ ਲਾਡੀ)**- ਉੱਦਮੀ ਮਹਿਲਾਵਾਂ ਨੂੰ ਉਤਸ਼ਾਹਿਤ ਕਰਨ ਲਈ ਸ਼ਿਵਾਲਿਕ ਪਬਲਿਕ ਸਕੂਲ ਨਵਾਂਸ਼ਹਿਰ ਵਿਖੇ ਪੰਜਾਬ ਸਰਕਾਰ ਮਹਿਲਾ ਉੱਦਮੀ ਸਨਮਾਨ ਸਮਾਰੋਹ-2026 ਤਹਿਤ ਜ਼ਿਲ੍ਹੇ ਦੀਆਂ ਉੱਦਮੀ ਮਹਿਲਾਵਾਂ ਨੂੰ ਸਨਮਾਨਤ ਕੀਤਾ ਗਿਆ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਵੱਲੋਂ ਸ਼ਮਾ ਰੋਸ਼ਨ ਕਰਕੇ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ।ਇਸ ਸਮਾਰੋਹ ਵਿੱਚ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਤੇ ਚੇਅਰਮੈਨ ਜ਼ਿਲ੍ਹਾ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਸਾਡੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਅਸੀਂ ਉੱਦਮੀ ਮਹਿਲਾਵਾਂ ਨੂੰ ਸਨਮਾਨਤ ਕਰ ਰਹੇ ਹਾਂ।ਜਿਨ੍ਹਾਂ ਆਪਣਾ ਕਾਰੋਬਾਰ ਆਪਣੀ ਮਿਹਨਤ ਨਾਲ ਸ਼ੁਰੂ ਕੀਤਾ ਅਤੇ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕਰਕੇ ਤਰੱਕੀ ਕੀਤੀ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਆਰਥਿਕ ਸਸ਼ਕਤੀਕਰਨ ਅਤੇ ਆਜੀਵਿਕਾ ਮਜਬੂਤੀ ਵਿੱਚ ਇਸ ਤਰ੍ਹਾਂ ਦੇ ਸਮਾਰੋਹ ਵਿਸ਼ੇਸ਼ ਯੋਗਦਾਨ ਪਾਉਂਦੇ ਹਨ।

# ਸੁਖਮਨੀ ਗਰੁੱਪ ਵੱਲੋਂ ਕਿਰਤੀਆਂ ਦੀ ਗੈਰ-ਕਾਨੂੰਨੀ ਬਰਖਾਸਤਗੀ ਵਿਰੁੱਧ ਰੋਸ ਰੈਲੀ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸੁਖਮਨੀ ਇੰਟਰਨੈਸ਼ਨਲ ਸਕੂਲ (ਸੁਖਮਨੀ ਗਰੁੱਪ) ਦੀ ਮੈਨੇਜਮੈਂਟ ਵੱਲੋਂ 15 ਪੱਕੇ ਕਰਮਚਾਰੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਨੌਕਰੀ ਤੋਂ ਕੱਢਣ ਤੇ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਵਿਰੁੱਧ 'ਸਿੱਖਿਆ ਸੰਸਥਾਨ ਵਰਕਰ ਯੂਨੀਅਨ ਏਟਕ' ਤੇ ਸਹਿਯੋਗੀ ਜਥੇਬੰਦੀਆਂ ਵੱਲੋਂ ਡੇਰਾਬੱਸੀ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਗਈ। ਸੈਂਕੜਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਕਿਰਤੀਆਂ ਨੇ ਡੇਰਾਬੱਸੀ ਬੱਸ ਸਟੈਂਡ ਤੋਂ ਲੈ ਕੇ ਐੱਸ ਡੀ ਐੱਮ ਦਫ਼ਤਰ ਤੱਕ ਬਾਜ਼ਾਰਾਂ ਵਿੱਚ ਪੰਜਾਬ ਸਰਕਾਰ, ਕਿਰਤ ਵਿਭਾਗ ਅਤੇ ਸੁਖਮਨੀ ਮੈਨੇਜਮੈਂਟ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਐੱਸ ਡੀ ਐੱਮ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ। ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਏਟਕ ਦੇ ਉਪ ਪ੍ਰਧਾਨ ਵਿਨੋਦ ਚੁੱਗ ਨੇ ਕਿਹਾ ਕਿ ਪ੍ਰਬੰਧਕਾਂ ਵੱਲੋਂ 20-25 ਸਾਲਾਂ ਤੋਂ ਕੰਮ ਕਰ ਰਹੇ ਪੱਕੇ ਕਿਰਤੀਆਂ ਨੂੰ ਹਟਾ ਕੇ ਠੇਕੇਦਾਰੀ ਸਿਸਟਮ ਲਾਗੂ ਕਰਨਾ ਸਰਾਸਰ ਗੈਰ-ਕਾਨੂੰਨੀ ਹੈ। ਉਨ੍ਹਾਂ ਮੰਗ ਕੀਤੀ ਕਿ ਕੱਢੇ ਗਏ ਕਰਮਚਾਰੀਆਂ ਨੂੰ ਤੁਰੰਤ ਬਹਾਲ ਕੀਤਾ ਜਾਵੇ, 2014 ਤੋਂ 2024 ਤੱਕ ਦਾ ਬਣਦਾ



ਤਨਖਾਹਾਂ ਦਾ ਏਰੀਅਰ ਦਿੱਤਾ ਜਾਵੇ ਅਤੇ 2013 ਦੇ ਸਮਝੌਤੇ ਅਨੁਸਾਰ ਕਰਮਚਾਰੀਆਂ ਦੇ ਬੱਚਿਆਂ ਦੀ ਮੁਫ਼ਤ ਪੜ੍ਹਾਈ ਜਾਰੀ ਰੱਖੀ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਜੇਕਰ 18 ਮਾਰਚ ਤੱਕ ਕਿਰਤੀਆਂ ਨੂੰ ਡਿਊਟੀ 'ਤੇ ਵਾਪਸ ਨਾ ਲਿਆ ਗਿਆ, ਤਾਂ 18 ਮਾਰਚ ਨੂੰ ਸਵੇਰੇ 11 ਵਜੇ ਬੱਸ ਸਟੈਂਡ 'ਤੇ ਇਕੱਠੇ ਹੋ ਕੇ ਸੁਖਮਨੀ ਗਰੁੱਪ ਆਫ਼ ਕਾਲਜਿਜ਼ ਦਾ ਘਿਰਾਓ ਕੀਤਾ ਜਾਵੇਗਾ ਤੇ ਉੱਥੇ ਜਿੱਤ ਤੱਕ ਪੱਕਾ ਮੋਰਚਾ ਲਗਾਇਆ ਜਾਵੇਗਾ। ਇਸ ਮੌਕੇ ਕਰਮ ਸਿੰਘ ਬਰੋਲੀ ਤੇ ਰਣਜੀਤ ਸਿੰਘ (ਭਾਰਤੀ ਕਿਸਾਨ ਯੂਨੀਅਨ ਲੱਖੋਵਾਲ), ਸੁਰਿੰਦਰ ਸਿੰਘ ਜੜੌਤ (ਜਨਰਲ ਸਕੱਤਰ, ਕੁਲ ਹਿੰਦ ਕਿਸਾਨ ਸਭਾ ਮੋਹਾਲੀ), ਜਗਤਾਰ ਸਿੰਘ ਬੱਟੌਲੀ (ਪ੍ਰਧਾਨ, ਪੀ.ਆਰ.ਟੀ.ਸੀ. ਵਰਕਰ ਯੂਨੀਅਨ), ਏਕਮ ਸਿੰਘ ਸਿੱਧੂ (ਪ੍ਰਧਾਨ, ਪਾਵਰਕਾਮ ਟਾਸਕੋ ਯੂਨੀਅਨ), ਅਤੇ ਰਜਿੰਦਰ ਸਿੰਘ (ਪ੍ਰਧਾਨ, ਬਿਜਲੀ ਬੋਰਡ ਪੈਨਸ਼ਨਰ ਯੂਨੀਅਨ ਜ਼ੀਰਕਪੁਰ) ਪ੍ਰਦੀਪ ਸੂਦ ਪ੍ਰਧਾਨ, ਰਵਿੰਦਰ ਪਾਲ ਸਿੰਘ ਨਗਰ ਕੌਂਸਲ ਸਫਾਈ ਅਤੇ ਕਲੈਰੀਕਲ ਯੂਨੀਅਨ ਏਟਕ ਜੀਰਕਪੁਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਹ ਇਲਾਕੇ ਵਿੱਚ ਅਜਿਹੀ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਅਤੇ ਮਜ਼ਦੂਰਾਂ ਦੀ ਲੁੱਟ ਨੂੰ ਬਰਦਾਸ਼ਤ ਨਹੀਂ ਕਰਨਗੇ।

# ਟਰੈਕਟਰ ਸਬਸਿਡੀ ਯੋਜਨਾ-17 ਤੱਕ ਪੂਰੀ ਕਰਨੀ ਹੋਵੇਗੀ ਆਨਲਾਈਨ ਪ੍ਰਕਿਰਿਆ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਰਾਜ ਯੋਜਨਾ ਤਹਿਤ ਅਨੁਸੂਚਿਤ ਜਾਤੀ ਵਰਗ ਦੇ ਕਿਸਾਨਾਂ ਨੂੰ 45 ਐੱਚ ਪੀ ਜਾਂ ਉਸ ਤੋਂ ਵੱਧ ਸਮਰਥਾ ਵਾਲੇ ਟ੍ਰੈਕਟਰ 'ਤੇ ਦਿੱਤੀ ਜਾਣ ਵਾਲੀ ਸ਼ੋਧਿਤ ਸਮਾਂ-ਸਾਰਣੀ ਜਾਰੀ ਕੀਤੀ ਹੈ। ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਯੋਜਨਾ ਦੇ ਲਾਗੂ ਕਰਨ ਦੌਰਾਨ ਕਿਸਾਨਾਂ ਵੱਲੋਂ ਪੋਰਟਲ 'ਤੇ ਪਰਮਿਟ ਡਾਉਨਲੋਡ ਕਰਨ, ਟ੍ਰੈਕਟਰ ਖਰੀਦ ਤੋਂ ਬਾਅਦ ਅਪਲੋਡ ਕਰਨ, ਨਿਰਮਾਤਾਵਾਂ ਵੱਲੋਂ ਬਿਲਾਂ ਦੀ ਮੰਜ਼ੂਰੀ ਅਤੇ ਨਿਰਮਾਤਾਵਾਂ ਨਾਲ ਡੀਲਰਾਂ ਨੂੰ ਇਨਵੇਂਟਰੀ ਟ੍ਰਾਂਸਫਰ ਨਾਲ ਸਬੰਧਿਤ ਕੁੱਝ ਤਕਨੀਕੀ ਸਮੱਸਿਆਵਾਂ ਬਾਰੇ ਕਈ ਬਨੇਤੀਆਂ ਪ੍ਰਾਪਤ ਹੋਇਆਂ ਸਨ। ਇਨ੍ਹਾਂ ਸਮੱਸਿਆਵਾਂ ਕਾਰਨ ਯੋਗ ਕਿਸਾਨਾਂ ਦੇ ਯੋਜਨਾ ਦੇ ਲਾਭ ਨਾਲੋਂ ਵਾਂਝੇ ਰਹਿਣ ਦੀ ਸੰਭਾਵਨਾ ਨੂੰ ਵੇਖਦੇ ਹੋਏ ਵਿਭਾਗ ਨੇ ਸਮਾਂ-ਸਾਰਣੀ ਵਿੱਚ ਸ਼ੋਧ ਕੀਤਾ ਹੈ।

ਬੁਲਾਰੇ ਨੇ ਦੱਸਿਆ ਕਿ ਸ਼ੋਧ ਸਮਾਂ-ਸਾਰਣੀ ਅਨੁਸਾਰ ਕਿਸਾਨ ਅਤੇ ਨਿਰਮਾਤਾ ਹੁਣ 17 ਮਾਰਚ 2026 ਤੱਕ ਪੋਰਟਲ 'ਤੇ ਸਾਰੀ ਆਨਲਾਇਨ ਪ੍ਰਕਿਰਿਆ ਪੂਰੀ ਕਰ ਸਕਣਗੇ। ਇਨ੍ਹਾਂ ਵਿੱਚ ਪਰਮਿਟ ਡਾਉਨਲੋਡ ਕਰਨਾ, ਟ੍ਰੈਕਟਰ ਖਰੀਦਣਾ, ਬਿਲ ਅਪਲੋਡ ਕਰਨਾ ਅਤੇ ਨਿਰਮਾਤਾਵਾਂ ਵੱਲੋਂ ਇੰਵੇਂਟਰੀ ਟ੍ਰਾਂਸਫਰ ਅਤੇ ਬਿਲਾਂ ਦੀ ਮੰਜ਼ੂਰੀ ਸ਼ਾਮਲ ਹੈ।

# ਚੋਰੀ ਹੋਣ ਦੇ ਡਰੋਂ ਡਰਾਈਵਰ ਨੇ ਆਪ ਹੀ ਗੱਡੀ ਦੇ ਟਾਇਰ ਉਤਾਰ ਲਏ

**ਮਾਹਿਲਪੁਰ (ਸ਼ਫ਼ਰੀ)**- ਬੀਤੇ ਦਿਨੀਂ ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਮਾਰਗ ਤੇ ਪੈਂਦੇ ਪਿੰਡ ਦੋਹਲਰੋਂ ਨਜ਼ਦੀਕ ਇਕ ਟੈਂਕਰ ਅਤੇ ਪਿਕਅੱਪ ਦਰਮਿਆਨ ਹੋਏ ਹਾਦਸੇ ਵਿੱਚ



ਪਿਕਅੱਪ ਦੇ ਡਰਾਈਵਰ ਨੇ ਆਪਣੀ ਗੱਡੀ ਦੇ ਤਿੰਨੇ ਟਾਇਰ ਆਪ ਹੀ ਉਤਾਰ ਲਏ ਤਾਂ ਕਿ ਰਾਤ ਸਮੇਂ ਕੋਈ ਚੋਰ ਗੱਡੀ ਦੇ ਟਾਇਰ ਨਾ ਚੋਰੀ ਕਰ ਲਵੇ। ਪ੍ਰਾਪਤ ਜਾਣਕਾਰੀ ਅਨੁਸਾਰ ਮਾਹਿਲਪੁਰ ਨਜ਼ਦੀਕ ਪਿੰਡ ਦੋਹਲਰੋਂ ਨਜ਼ਦੀਕ ਇਕ ਟੈਂਕਰ ਅਤੇ ਪਿਕਅੱਪ ਦਰਮਿਆਨ ਹਾਦਸਾ ਵਾਪਰ ਗਿਆ। ਮਾਹਿਲਪੁਰ ਦੀ ਪੁਲਿਸ ਨੇ ਦੋਨਾਂ ਗੱਡੀਆਂ ਦੇ ਹੋਏ ਨੁਕਸਾਨ ਦਾ ਲੈ ਦੇ ਕੇ ਸਮਝੌਤਾ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਦੋਨੋਂ ਡਰਾਈਵਰ ਪੂਰੀ ਤਰ੍ਹਾਂ ਅੜੇ ਰਹੇ ।ਥਾਣਾ ਮਾਹਿਲਪੁਰ ਦੀ ਪੁਲਿਸ ਨੇ ਟੈਂਕਰ ਨੂੰ ਥਾਣੇ ਵਿੱਚ ਲੈ ਆਂਦਾ ਪਰ ਪਿਕਅੱਪ ਚੱਲਣ ਦੇ ਕਾਬਿਲ ਨਾ ਹੋਣ ਕਰਕੇ ਗੱਡੀ ਨੂੰ ਸੜਕ ਦੇ ਪਾਸੇ ਕਰ ਦਿਤਾ। ਜਦੋਂ ਦੂਸਰੇ ਦਿਨ ਦੇਖਿਆ ਤਾਂ ਪਿਕਅੱਪ ਦੇ ਤਿੰਨ ਟਾਇਰ ਗਾਇਬ ਸਨ। ਕਿਸੇ ਭਲੇ ਪੁਰਸ਼ ਨੇ ਤੁਰੰਤ ਥਾਣਾ ਮਾਹਿਲਪੁਰ ਨਾਲ ਸੰਪਰਕ ਕਰਕੇ ਦੱਸਿਆ ਕਿ ਰਾਤ ਹੋਏ ਹਾਦਸੇ ਵਾਲੀ ਪਿਕਅੱਪ ਦੇ ਚੋਰ ਤਿੰਨੇ ਟਾਇਰ ਉਤਾਰ ਕੇ ਲੈ ਗਏ ਹਨ। ਅੱਗੋਂ ਸਬੰਧਤ ਥਾਣੇਦਾਰ ਨੇ ਦੱਸਿਆ ਕਿ ਟਾਇਰ ਚੋਰੀ ਨਹੀਂ ਹੋਏ,ਅਸਲ ਵਿੱਚ ਚੋਰੀ ਹੋਣ ਦੇ ਡਰੋਂ ਅਸੀਂ ਆਪ ਹੀ ਪਿਕਅੱਪ ਦੇ ਡਰਾਈਵਰ ਨੂੰ ਟਾਇਰ ਉਤਾਰਨ ਲਈ ਕਿਹਾ ਸੀ ਤਾਂ ਕੋਈ ਚੋਰ ਹੀ ਨਾ ਹੱਥ ਸਾਫ ਕਰ ਜਾਏ।

## 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਜ਼ਿਲ੍ਹੇ 'ਚ ਵੱਖ-ਵੱਖ ਥਾਈਂ ਕੱਢੀ ਜਾਗੋ

**ਜਲੰਧਰ, (ਸੁਰਿੰਦਰ ਕੁਮਾਰ)** ਮਹਿਲਾਵਾਂ ਦੇ ਸਨਮਾਨ ਅਤੇ ਸਸ਼ਕਤੀਕਰਨ ਵੱਲ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਦਾ ਆਗਾਜ਼ ਕਰਨ ਦੀ ਖੁਸ਼ੀ ਵਿੱਚ ਮਹਿਲਾਵਾਂ ਵੱਲੋਂ



ਜ਼ਿਲ੍ਹੇ ਵਿੱਚ ਵੱਖ-ਵੱਖ ਥਾਈਂ ਜਾਗੋ ਕੱਢੀ ਗਈ। ਵਿਧਾਨ ਸਭਾ ਹਲਕਾ ਕਰਤਾਰਪੁਰ ਵਿਖੇ ਹਲਕਾ ਵਿਧਾਇਕ ਬਲਕਾਰ ਸਿੰਘ ਵੱਲੋਂ ਖੁਦ ਜਾਗੋ ਦੀ ਅਗਵਾਈ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਇਹ ਯੋਜਨਾ ਸਿਰਫ਼ ਵਿੱਤੀ ਸਹਾਇਤਾ ਨਹੀਂ, ਸਗੋਂ ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਦੇ ਸਨਮਾਨ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਇਸ ਵਿੱਤੀ ਸਹਾਇਤਾ ਨਾਲ ਮਹਿਲਾਵਾਂ ਦੀ ਆਰਥਿਕਤਾ ਦੇ ਨਾਲ-ਨਾਲ ਆਤਮ ਸਨਮਾਨ ਨੂੰ ਮਜ਼ਬੂਤੀ ਮਿਲੇਗੀ। ਹਲਕਾ ਵਿਧਾਇਕ ਇੰਦਰਜੀਤ ਕੌਰ ਮਾਨ ਦੀ ਅਗਵਾਈ ਵਿੱਚ ਵਿਧਾਨ ਸਭਾ ਹਲਕਾ ਨਕੋਦਰ ਵਿਖੇ ਵੀ ਮਹਿਲਾਵਾਂ ਵੱਲੋਂ ਜਾਗੋ ਕੱਢ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਪ੍ਰਗਟ ਕੀਤਾ ਗਿਆ। ਇਸੇ ਤਰ੍ਹਾਂ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ ਦੀ ਅਗਵਾਈ ਵਿੱਚ ਆਦਮਪੁਰ ਅਤੇ ਭੋਗਪੁਰ ਵਿਖੇ ਵੀ ਔਰਤਾਂ ਵੱਲੋਂ ਜਾਗੋ ਕੱਢੀ ਗਈ।

# ਮੁਫ਼ਤ ਟੀਕਾਕਰਨ ਕੈਂਪ 17 ਨੂੰ

**ਕਪੂਰਥਲਾ, (ਪ੍ਰੀਤ ਸੰਗੋਜਲਾ)**- ਪਸ਼ੂ ਪਾਲਨ ਵਿਭਾਗ ਵਲੋਂ ਕੁੱਤਿਆਂ ਨੂੰ ਹਲਕਾਅ ਦੀ ਬਿਮਾਰੀ ਤੋਂ ਬਚਾਅ ਲਈ ਮੁਫ਼ਤ ਟੀਕਾਕਰਨ ਕੈਂਪ 17 ਮਾਰਚ ਦਿਨ ਮੰਗਲਵਾਰ ਨੂੰ ਸੋਸਾਇਟੀ



ਫਾਰ ਪ੍ਰਵੈਂਨਸ਼ਨ ਟੂ ਕਰੂਐਲਿਟੀ ਟੂ ਐਨੀਮਲ ਦੀ ਸਹਾਇਤਾ ਦੇ ਨਾਲ ਜ਼ਿਲ੍ਹਾ ਵੈਟਨਰੀ ਪੋਲੀਕਲੀਨਿਕ ਵਿਖੇ ਸਵੇਰੇ 9 ਵਜੇ ਤੋਂ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵੈਟਨਰੀ ਪੌਲੀਕਲੀਨਿਕ ਦੇ ਇੰਚਾਰਜ ਡਾ.ਉਦੇ ਸਿੰਘ ਖਿੰਡਾ ਨੇ ਦੱਸਿਆ ਕਿ ਇਸ ਮੁਫ਼ਤ ਟੀਕਾਕਰਨ ਦਾ ਉਦਘਾਟਨ ਡਿਪਟੀ ਡਾਇਰੈਕਟਰ ਪਸ਼ੂ ਪਾਲਨ ਡਾ. ਐਮ.ਪੀ. ਸਿੰਘ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕੈਂਪ ਦਾ ਮੁੱਖ ਮਕਸਦ ਸ਼ਹਿਰ ਦੇ ਪਾਲਤੂ ਅਤੇ ਬੇਸਹਾਰਾ ਕੁੱਤਿਆਂ ਨੂੰ ਹਲਕਾਅ ਦੀ ਬਿਮਾਰੀ ਤੋਂ ਬਚਾਉਣਾ ਹੈ ਤਾਂ ਜੋ ਕੁੱਤਿਆਂ ਨੂੰ ਹਲਕਾਅ ਤੋਂ ਬਚਾਅ ਕੇ ਮੱਨੁਖੀ ਜੀਵਨ ਸੁਰਖਿਅਤ ਕੀਤਾ ਜਾ ਸਕੇ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਦੇ ਜੱਜ ਵੱਲੋਂ ਜੁਡੀਸ਼ੀਅਲ ਕੋਰਟ ਦਾ ਨਿਰੀਖਣ

**ਫਿਲੌਰ (ਹਰਜਿੰਦਰ ਕੌਰ ਚਾਹਲ, ਨਿਰਮਲ)**- ਮਾਨਯੋਗ ਜਸਟਿਸ ਦੀਪਕ ਸਿੱਬਲ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਅਤੇ ਐਡਮਿਨਿਸਟ੍ਰੇਟਿਵ ਜੱਜ, ਜਲੰਧਰ ਸੈਸ਼ਨ ਡਿਵੀਜ਼ਨ ਵੱਲੋਂ ਜੁਡੀਸ਼ੀਅਲ ਕੋਰਟਾਂ ਫਿਲੌਰ ਦਾ ਸਾਲਾਨਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਮਾਨਯੋਗ ਨਿਰਭਉ ਸਿੰਘ ਗਿੱਲ, ਜ਼ਿਲ੍ਹਾ ਅਤੇ ਸੈਸ਼ਨ ਜੱਜ ਜਲੰਧਰ ਵੀ ਮੌਜੂਦ ਸਨ।ਮਾਨਯੋਗ ਜਸਟਿਸ ਦੀਪਕ ਸਿੱਬਲ ਦਾ ਜੁਡੀਸ਼ੀਅਲ ਕੋਰਟ ਕੰਪਲੈਕਸ ਫਿਲੌਰ ਪਹੁੰਚਣ 'ਤੇ ਸ਼੍ਰੀ ਗੁਰਭਿੰਦਰ ਸਿੰਘ ਜੋਹਲ, ਸਬ ਡਿਵਿਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ ਫਿਲੌਰ ਵੱਲੋਂ ਸਾਥੀ ਜੁਡੀਸ਼ੀਅਲ ਅਧਿਕਾਰੀਆਂ ਸਮੇਤ ਜਸਟਿਸ ਦੀਪਕ ਸਿੱਬਲ ਦਾ ਸਵਾਗਤ ਕੀਤਾ ਗਿਆ।ਇਸ ਦੌਰੇ ਦੌਰਾਨ ਮਾਨਯੋਗ ਜਸਟਿਸ ਦੀਪਕ ਸਿਬਲ ਜੀ ਵੱਲੋਂ ਜੁਡੀਸ਼ੀਅਲ ਕੋਰਟ ਫਿਲੌਰ ਦਾ ਨਿਰੀਖਣ ਕੀਤਾ ਗਿਆ ਤੇ ਅਦਾਲਤੀ ਕੰਮਕਾਜ ਅਤੇ ਸੁਵਿਧਾਵਾਂ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਬਾਰ ਐਸੋਸੀਏਸ਼ਨ ਫਿਲੌਰ ਵੱਲੋਂ ਆਯੋਜਿਤ ਖੂਨਦਾਨ ਕੈਂਪ ਤੇ ਮੈਡੀਕਲ ਚੈਕਅੱਪ ਕੈਂਪ ਦਾ ਵੀ ਮਾਨਯੋਗ ਜਸਟਿਸ ਦੀਪਕ ਸਿੱਬਲ ਵੱਲੋਂ ਉਦਘਾਟਨ ਕੀਤਾ ਗਿਆ।ਮਾਨਯੋਗ ਜਸਟਿਸ ਦੀਪਕ ਸਿਬਲ ਤੇ ਨਿਰਭਉ ਸਿੰਘ ਗਿੱਲ ਦਾ ਸਵਾਗਤ ਐਡਵੋਕੇਟ ਅਮਰਿੰਦਰ ਸਿੰਘ, ਪ੍ਰਧਾਨ ਬਾਰ ਐਸੋਸੀਏਸ਼ਨ ਫਿਲੌਰ ਵੱਲੋਂ ਆਪਣੀ ਕਾਰਜਕਾਰਣੀ ਟੀਮ ਸਮੇਤ ਬਾਰ



ਐਸੋਸੀਏਸ਼ਨ ਫਿਲੌਰ ਵਿਖੇ ਆਉਣ ਤੇ ਕੀਤਾ ਗਿਆ। ਇਸ ਮੌਕੇ ਜੁਡੀਸ਼ੀਅਲ ਅਧਿਕਾਰੀ, ਵਾਇਸ ਪ੍ਰਧਾਨ ਗੌਰਵ ਸਾਗਰ, ਸੈਕਟਰੀ ਸੁਰਜੀਤ ਖੈਤਾਨ, ਜੁਆਇੰਟ ਸੈਕਟਰੀ ਪੰਕਜ ਸ਼ਰਮਾ, ਨਵਜੋਤ ਸਿੰਘ ਖਹਿਰਾ ਸਾਬਕਾ ਪ੍ਰਧਾਨ, ਅਸ਼ਵਨੀ ਕੁਮਾਰ ਸਾਬਕਾ ਪ੍ਰਧਾਨ, ਦਿਨੇਸ਼ ਲੱਖਨਪਾਲ, ਅਜੇ ਕੁਮਾਰ, ਅਕਾਸ਼ਦੀਪ ਅਗਨੀਹੋਤਰੀ, ਬਲਦੀਪ ਕੁਮਾਰ, ਗੁਰਦੀਪ ਸਿੰਘ ਆਦਿ ਵਕੀਲ ਸਾਹਿਬਾਨ ਅਤੇ ਕੋਰਟ ਸਟਾਫ ਵੀ ਹਾਜ਼ਰ ਸਨ।

# ਸੁਖਦੀਪ ਸਿੰਘ ਸ਼ੁਕਾਰ ਨੇ ਹਲਕਾ ਇੰਚਾਰਜ ਬਣਨ 'ਤੇ ਸ਼ੁਕਰਾਨਾ ਸਮਾਗਮ ਕਰਵਾਇਆ

**ਬੰਗਾ (ਅਵਤਾਰ ਕਲੇਰ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜ਼ਿਲ੍ਹਾ ਨਵਾਂ ਸ਼ਹਿਰ ਦੇ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ ਨੂੰ ਵਿਧਾਨ ਸਭਾ ਹਲਕਾ ਨਵਾਂ ਸ਼ਹਿਰ ਦਾ ਇੰਚਾਰਜ ਨਿਯੁਕਤ ਕਰਨ ਤੇ ਸੁਖਦੀਪ ਸਿੰਘ ਸ਼ੁਕਾਰ ਵਲੋਂ ਅਕਾਲ ਪੁਰਖ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਗੁਰਦੁਆਰਾ ਮੰਜੀ ਸਾਹਿਬ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਬਲਵੀਰ ਸਿੰਘ ਨੰਬਰਦਾਰ ਪੱਲੀ



ਝਿੱਕੀ ਦੀ ਅਗਵਾਈ ਵਿੱਚ ਸਮੂਹ ਅਕਾਲੀ ਵਰਕਰਾਂ ਨੇ ਹਾਜ਼ਰੀ ਲਗਵਾਈ ਅਤੇ ਸੁਖਦੀਪ ਸਿੰਘ ਸ਼ੁਕਾਰ ਨੂੰ ਹਲਕਾ ਇੰਚਾਰਜ ਬਣਨ ਤੇ ਵਧਾਈ ਦਿੱਤੀ ਗਈ। ਬਲਵੀਰ ਸਿੰਘ ਨੰਬਰਦਾਰ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਹੁੰਝਾ ਫਿਰ ਜਿੱਤ ਪ੍ਰਾਪਤ ਕਰੇਗੀ। ਸੁਖਦੀਪ ਸਿੰਘ ਸ਼ੁਕਾਰ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹਲਕਾ ਇੰਚਾਰਜ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ, ਬਲਦੇਵ ਕ੍ਰਿਸ਼ਨ ਨੌਰਾ, ਸਰਪੰਚ ਸਰੂਪ ਸਿੰਘ ਫੌਜੀ, ਬਲਵੀਰ ਸਿੰਘ ਨੰਬਰਦਾਰ ਪੱਲੀ ਝਿੱਕੀ, ਸਾਹਿਬ ਸਿੰਘ ਪੰਚ, ਜਸਵੰਤ ਸਿੰਘ,ਮਹਿੰਦਰ ਸਿੰਘ,ਸੁਖਜੀਤ ਸਿੰਘ ਪਾਬਲਾ,ਸੁਖਵੰਤ ਸਿੰਘ, ਜਰਨੈਲ ਸਿੰਘ ਜੈਲਾ, ਸ਼ਿੰਗਾਰਾ ਸਿੰਘ ਪਾਬਲਾ, ਪਰਮਜੀਤ ਸਿੰਘ ਪੰਮੀ, ਬਲਦੇਵ ਸਿੰਘ ਬਾਬੂ ਪਾਬਲਾ, ਸੈਕਟਰੀ ਸਤਨਾਮ ਸਿੰਘ ਪਾਬਲਾ, ਗੁਰਵਿੰਦਰ ਸਿੰਘ ਪਾਬਲਾ, ਮਨਪ੍ਰੀਤ ਸਿੰਘ, ਗੁਰਦੇਵ ਸਿੰਘ, ਚਰਨਜੀਤ ਸਿੰਘ ਕੁਵੈਤ, ਪਰਮਿੰਦਰ ਸਿੰਘ ਸੋਨੂੰ, ਕਮਲ ਪਾਲਾ, ਬਲਜਿੰਦਰ ਸਿੰਘ ਗਿੱਦਾ, ਗੁਰਪ੍ਰੀਤ ਸਿੰਘ ਸੋਨੂੰ, ਬਲਵੀਰ ਸਿੰਘ ਅੱਡੇਵਾਲਾ, ਮਲਕੀਤ ਸਿੰਘ ਸੋਨੂੰ ਅਤੇ ਸਮੂਹ ਅਕਾਲੀ ਵਰਕਰ ਹਾਜ਼ਰ ਸਨ।

## 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਮੈਡੀਕਲ ਚੈੱਕਅੱਪ ਕੈਂਪ

**ਮੋਹਾਲੀ (ਗੁਰਜੀਤ ਬਿੱਲਾ)** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚਲਾਈ ਜਾ ਰਹੀ ਮੁਹਿੰਮ 'ਸਾਡੇ ਬਜ਼ੁਰਗ ਸਾਡਾ ਮਾਣ' (ਸਟੇਟ ਐਕਸ਼ਨ ਪਲਾਨ 2025-26) ਤਹਿਤ ਪਿੰਡ ਸੋਹਾਣਾ ਵਿਖੇ ਬਜ਼ੁਰਗਾਂ ਲਈ ਇੱਕ ਵਿਸ਼ੇਸ਼ ਸਿਹਤ ਅਤੇ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਐੱਸ. ਏ. ਐੱਸ. ਨਗਰ (ਮੋਹਾਲੀ) ਨਵਦੀਪ ਕੌਰ ਨੇ



ਦੱਸਿਆ ਕਿ ਇਸ ਕੈਂਪ ਦੌਰਾਨ ਸੀਨੀਅਰ ਸਿਟੀਜ਼ਨਾਂ ਦੀ ਮਾਹਿਰ ਡਾਕਟਰੀ ਟੀਮਾਂ ਪਾਸੋਂ ਸਿਹਤ ਜਾਂਚ ਕਰਵਾਈ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮੌਕੇ ਲੋੜਵੰਦਾਂ ਦੀਆਂ ਬੁਢਾਪਾ ਪੈਨਸ਼ਨਾਂ ਲਗਾਉਣ ਅਤੇ ਸੀਨੀਅਰ ਸਿਟੀਜ਼ਨ ਕਾਰਡ ਬਣਾਉਣ ਦੀ ਪ੍ਰਕਿਰਿਆ ਮੌਕੇ 'ਤੇ ਹੀ ਮੁਕੰਮਲ ਕੀਤੀ ਗਈ ਅਤੇ ਬਜ਼ੁਰਗਾਂ ਨੂੰ ਵੱਖ-ਵੱਖ ਸਰਕਾਰੀ ਭਲਾਈ ਸਕੀਮਾਂ, ਕਾਨੂੰਨੀ ਸਹਾਇਤਾ ਅਤੇ ਬੈਂਕ ਫਰਾਡਾਂ ਤੋਂ ਬਚਣ ਬਾਰੇ ਵਿਸ਼ੇਸ਼ ਤੌਰ 'ਤੇ ਜਾਗਰੂਕ ਵੀ ਕੀਤਾ ਗਿਆ।

# ਨਿਵੇਸ਼ ਸੰਮੇਲਨ ਦੌਰਾਨ ਮਾਰਕਫੈੱਡ ਦੇ ਉਤਪਾਦਾਂ 'ਚ ਲੋਕਾਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਪੰਜਾਬ ਰਾਜ ਵਿੱਚ ਨਿਵੇਸ਼ ਨੂੰ ਹੁਲਾਰਾ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ



ਵੱਲੋਂ ਕਰਵਾਏ ਜਾ ਰਹੇ ਨਿਵੇਸ਼ ਸੰਮੇਲਨ ਦੌਰਾਨ ਵੱਖ ਵੱਖ ਕੰਪਨੀਆਂ ਵਲੋਂ ਲਗਾਏ ਗਏ ਪ੍ਰਦਰਸ਼ਨੀ ਸਟਾਲਾਂ ਤੇ ਡੈਲੀਗੇਟਸ ਵਲੋਂ ਭਰਪੂਰ ਦਿਲਚਸਪੀ ਦਿਖਾਈ ਜਾ ਰਹੀ ਹੈ। ਪੰਜਾਬ ਦੇ ਸਹਿਕਾਰੀ ਅਦਾਰੇ ਮਾਰਕਫੈੱਡ ਵਲੋਂ ਲਗਾਏ ਗਏ ਪ੍ਰਦਰਸ਼ਨੀ ਸਟਾਲਾਂ ਉਤੇ ਸਭ ਤੋਂ ਜ਼ਿਆਦਾ ਭੀੜ ਦੇਖਣ ਨੂੰ ਮਿਲੀ ।ਇਸ ਸਟਾਲ ਉਤੇ ਮਾਰਕਫੈੱਡ ਵੱਲੋਂ ਚਾਵਲ, ਸ਼ਹਿਦ, ਡੱਬਾਬੰਦ ਸਬਜ਼ੀਆਂ,ਮਲਟੀਗ੍ਰੇਨ ਦਲੀਆ,ਗੁੜ੍ਹ ਸੱਕਰ, ਸਰੋਂ ਦਾ ਤੇਲ ਘਿਓ, ਅਚਾਰ ਅਤੇ ਆਟਾ ਸਮੇਤ ਹੋਰ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ। ਮਾਰਕਫੈੱਡ ਸਟਾਲ ਦੇ ਨੋਡਲ ਇੰਚਾਰਜ ਅਨਿਲ ਕੁਮਾਰ ਪੁਰੀ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ ਹਿੱਸਾ ਲੈਣ ਆਏ ਹੋਏ ਡੈਲੀਗੇਟਸ ਵਲੋਂ ਮਾਰਕਫੈੱਡ ਦੇ ਸ਼ਹਿਦ,ਮਸਾਲਾ ਗੁੜ, ਤੇਲ, ਅਚਾਰ ਅਤੇ ਡੱਬਾਬੰਦ ਭੋਜਨ ਪਦਾਰਥਾਂ ਬਾਰੇ ਡੈਲੀਗੇਟਸ ਵਲੋਂ ਸਭ ਤੋਂ ਜ਼ਿਆਦਾ ਜਾਣਕਾਰੀ ਲਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਮਾਰਕਫੈੱਡ ਦੇ ਉਤਪਾਦ ਆਸਟ੍ਰੇਲੀਆ, ਨਿਊਜ਼ੀਲੈਂਡ ਕਨੈਡਾ ਅਰਬ ਅਤੇ ਕਈ ਹੋਰ ਦੇਸ਼ਾਂ ਵਿੱਚ ਨਿਰਯਾਤ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦੀ ਮੰਗ ਦਿਨੋ ਦਿਨ ਵਧਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਕੁਝ ਡੈਲੀਗੇਟਸ ਨੇ ਅਫਰੀਕਨ ਦੇਸ਼ਾਂ ਵਿਚ ਮਾਰਕਫੈੱਡ ਦੇ ਉਤਪਾਦਾਂ ਨੂੰ ਬਰਾਮਦ ਕਰਨ ਲਈ ਮਾਰਕਫੈੱਡ ਨਾਲ ਰਾਬਤਾ ਵੀ ਕੀਤਾ ਗਿਆ।

# ਪੀ ਐੱਚ ਡੀ ਸੀ ਸੀ ਆਈ ਨੇ ਜਾਗਰੂਕਤਾ ਸੈਸ਼ਨ ਕਰਵਾਇਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੀ ਐੱਚ ਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਪੰਜਾਬ ਚੈਪਟਰ ਵੱਲੋਂ ਡੇਰਾਬੱਸੀ ਇੰਡਸਟਰੀ ਐਸੋਸੀਏਸ਼ਨ ਦੇ ਸਹਿਯੋਗ ਨਾਲ, ਨੈਸ਼ਨਲ ਪੈਨਸ਼ਨ ਸਿਸਟਮ (ਐੱਨ ਪੀ ਐੱਸ) 'ਤੇ




ਜਾਗਰੂਕਤਾ ਸੈਸ਼ਨ ਦਾ ਆਯੋਜਨ ਕੀਤਾ ਗਿਆ। ਸਥਾਨਕ ਨਚੀਕੇਤਾ ਪੇਪਰਜ਼ ਵਿਖੇ ਆਯੋਜਿਤ, ਇਸ ਸੈਸ਼ਨ ਦਾ ਮੁੱਖ ਵਿਸ਼ਾ ਐੱਮ ਐੱਸ ਐੱਮ ਈ ਵਰਕਫੋਰਸ ਲਈ ਇੱਕ ਸੁਰੱਖਿਅਤ ਭਵਿੱਖ ਬਣਾਉਣਾ ਰਿਹਾ। ਇਸ ਸੈਸ਼ਨ ਦਾ ਉਦੇਸ਼ ਐੱਮ ਐੱਸ ਐੱਮ ਈ ਵਿੱਚ ਸਟ੍ਰਕਚਰਡ ਰਿਟਾਇਰਮੈਂਟ ਪਲਾਨਿੰਗ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇੰਪਲਾਇਅਰਜ਼ ਅਤੇ ਇੰਪਲਾਈਜ਼ ਨੂੰ ਨੈਸ਼ਨਲ ਪੈਨਸ਼ਨ ਸਿਸਟਮ ਦੇ ਲਾਭਾਂ ਅਤੇ ਵਿਸ਼ੇਸ਼ਤਾਵਾਂ ਤੋਂ ਜਾਣੂ ਕਰਵਾਉਣਾ ਸੀ, ਜੋ ਕਿ ਵਰਕਫੋਰਸ ਲਈ ਇੱਕ ਭਰੋਸੇਮੰਦ ਅਤੇ ਲਾਂਗ-ਟਰਮ ਸੋਸ਼ਲ ਸਕਿਓਰਿਟੀ ਸਿਸਟਮ ਹੈ। ਇਸ ਮੌਕੇ 'ਤੇ ਬੋਲਦੇ ਹੋਏ, ਪੀ ਐੱਚ ਡੀ ਸੀ ਸੀ ਆਈ ਦੀ ਸੀਨੀਅਰ ਖੇਤਰੀ ਨਿਰਦੇਸ਼ਕ, ਭਾਰਤੀ ਸੂਦ ਨੇ ਵਰਕਫੋਰਸ ਦੇ ਨਾਲ ਵਿੱਤੀ ਸੁਰੱਖਿਆ ਤੇ ਸਮਾਜਿਕ ਸੁਰੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਨੇ ਕਰਮਚਾਰੀਆਂ ਵਿੱਚ ਲੰਬੇ ਸਮੇਂ ਦੀ ਰਿਟਾਇਰਮੈਂਟ ਪਲਾਨਿੰਗ ਨੂੰ ਉਤਸ਼ਾਹਿਤ ਕਰਨ ਵਿੱਚ ਰਾਸ਼ਟਰੀ ਪੈਨਸ਼ਨ ਸਿਸਟਮ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਭਾਰਤ ਸਰਕਾਰ ਦੇ ਪੈਨਸ਼ਨ ਫੰਡ ਰੈਗੂਲੇਟਰੀ ਤੇ ਡਿਵੈਲਪਮੈਂਟ ਅਥਾਰਟੀ ਦੇ ਸਹਾਇਕ ਮੈਨੇਜਰ ਅਭਿਸ਼ੇਕ ਧੀਮਾਨ ਨੇ ਐੱਨ ਪੀ ਐੱਸ ਦੀਆਂ ਵਿਸ਼ੇਸ਼ਤਾਵਾਂ, ਲਾਭਾਂ ਅਤੇ ਰੈਗੂਲੇਟਰੀ ਢਾਂਚੇ ਬਾਰੇ ਇੱਕ ਜਾਣਕਾਰੀ ਭਰਪੂਰ ਪੇਸ਼ਕਾਰੀ ਦਿੱਤੀ। ਐੱਚ ਡੀ ਐੱਫ ਸੀ ਪੈਨਸ਼ਨ ਫੰਡਜ਼ ਦੀ ਸੀਨੀਅਰ ਮੈਨੇਜਰ ਐਸ਼ਵਰਿਆ ਮੁਦਗਲ ਨੇ ਐੱਨ ਪੀ ਐੱਸ ਦੇ ਵਿਹਾਰਕ ਪਹਿਲੂਆਂ, ਨਿਵੇਸ਼ ਦੇ ਮੌਕਿਆਂ ਅਤੇ ਸਿਸਟਮੈਟਿਕ ਪੈਨਸ਼ਨ ਪਲਾਨਿੰਗ ਦੇ ਲੰਬੇ ਸਮੇਂ ਦੇ ਲਾਭਾਂ ਬਾਰੇ ਵਿਸਥਾਰ ਨਾਲ ਦੱਸਿਆ।

# ਬੱਸ ਸਟੈਂਡ ਇੱਕ ਥਾਂ ਕਰਨ ਦੀ ਮੰਗ

**ਫਿਲੌਰ (ਨਿਰਮਲ)**- ਫਿਲੌਰ ਸ਼ਹਿਰ ਵਿੱਚ ਅੱਜ ਕੱਲ ਚਾਰ ਬੱਸ ਸਟੈਂਡ ਹਨ ਜਿਸ ਕਾਰਨ ਫਿਲੌਰ ਇਲਾਕੇ ਦੀ ਜਨਤਾ ਬੇਹਦ ਪ੍ਰੇਸ਼ਾਨ ਹੈ ਲੁਧਿਆਣਾ ਜਾਣ ਲਈ ਅੱਡਾ ਹੋਰ ਥਾਂ,ਜਲੰਧਰ ਜਾਣ ਲਈ ਹੋਰ ਥਾਂ, ਨੂਰਮਹਿਲ ਨਕੋਦਰ ਜਾਣ ਲਈ ਹੋਰ ਥਾਂ, ਨਵਾਂ ਸ਼ਹਿਰ ਜਾਣ ਲਈ ਬੱਸ ਅੱਡਾ ਹੋਰ ਥਾਂ ਹੈ ਜਿਸ ਕਾਰਨ ਫਿਲੌਰ ਇਲਾਕੇ ਦੇ ਲੋਕ ਬੇਹਦ ਪ੍ਰੇਸ਼ਾਨ ਹਨ। ਲੋਕਾਂ ਦੀ ਮੰਗ ਹੈ ਕਿ ਇਹ ਚਾਰੇ ਬੱਸ ਅੱਡੇ ਇੱਕ ਥਾਂ ਕੀਤੇ ਜਾਣ। ਅੱਜ ਤੋਂ 30-32 ਸਾਲ ਪਹਿਲਾਂ ਅਕਾਲੀ ਸਰਕਾਰ ਨੇ ਫਿਲੌਰ ਵਿਖੇ ਜੰਗਲਾਤ ਵਿਭਾਗ ਦੇ ਜਖੀਰੇ ਨੇੜੇ 35 ਲੱਖ ਰੁਪਏ ਦੀ ਲਾਗਤ ਨਾਲ ਬੱਸ ਅੱਡਾ ਬਣਾਇਆ ਸੀ ਪਰ ਇਹ ਬੱਸ ਅੱਡਾ ਕਾਮਯਾਬ ਨਹੀਂ ਹੋ ਸਕਿਆ। ਪੁਲਿਸ ਦੀ ਡਿਊਟੀ ਵੀ ਲਗਾਈ ਗਈ ਪਰ ਬੱਸ ਅੱਡਾ ਇੱਕ ਥਾਂ ਚਾਲੂ ਨਹੀਂ ਹੋ ਸਕਿਆ। ਫਿਲੌਰ ਇਲਾਕਾ ਨਿਵਾਸੀ ਬੇਹਦ ਦੁਖੀ ਹਨ ਕਈ ਸਰਕਾਰਾਂ ਆਈਆਂ ਕਈ ਗਈਆਂ ਪਰ 35 ਲੱਖ ਦੀ ਲਾਗਤ ਨਾਲ ਬਣਿਆ ਬਸ ਅੱਡਾ ਚਾਲੂ ਨਹੀਂ ਹੋ ਸਕਿਆ ਅੱਜ ਕੱਲ ਇੱਥੇ ਅਵਾਰਾ ਪਸ਼ੂਆਂ ਦਾ ਅਰਾਮ ਘਰ ਬਣਿਆ ਹੋਇਆ ਹੈ। ਅਕਾਲੀ, ਭਾਜਪਾ, ਕਾਂਗਰਸ, ਆਪ ਪਾਰਟੀ ਦੀਆਂ ਸਰਕਾਰਾਂ ਪੰਜਾਬ ਵਿੱਚ ਆਈਆਂ ਪਰ ਇਸ ਅੱਡੇ ਨੂੰ ਚਾਲੂ ਨਹੀਂ ਕਰਵਾ ਸਕੀਆਂ। ਫਿਲੌਰ ਇਲਾਕੇ ਦੇ ਲੋਕਾਂ ਦੀ ਪੰਜਾਬ ਸਰਕਾਰ ਤੋਂ ਪੁਰਜੋਰ ਮੰਗ ਹੈ ਕਿ ਫਿਲੌਰ ਸਬ ਡਿਵੀਜ਼ਨ ਪੱਧਰ ਤੇ ਬੱਸ ਅੱਡਾ ਫਿਲੌਰ ਵਿਖੇ ਇੱਕ ਥਾਂ ਤੇ ਹੀ ਬਣਾਇਆ ਜਾਵੇ ਤਾਂ ਜੋ ਲੋਕਾਂ ਦੀ ਖੱਜਲ ਖੁਆਰੀ ਖਤਮ ਹੋ ਸਕੇ ।

## ਰਾਖੀ ਤੇ ਕ੍ਰਿਤਿਕਾ ਦੀ ਯੂ ਪੀ ਐਸ ਸੀ 'ਚ ਸਫਲਤਾ ਲੜਕੀਆਂ ਲਈ ਪ੍ਰੇਰਨਾ : ਡਿਪਟੀ ਕਮਿਸ਼ਨਰ



**ਸ਼ਹੀਦ ਭਗਤ ਸਿੰਘ ਨਗਰ, (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਜ਼ਿਲ੍ਹੇ ਦੀਆਂ ਦੋ ਨੌਜਵਾਨ ਲੜਕੀਆਂ ਦਾ ਸਨਮਾਨ ਕੀਤਾ ਜਿਨ੍ਹਾਂ ਹਾਲ ਹੀ ਵਿੱਚ ਐਲਾਨੇ ਗਏ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂ ਪੀ ਐਸ ਸੀ) ਪ੍ਰੀਖਿਆ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਨਾਮਣਾ ਖੱਟਿਆ।ਬਲਾਚੌਰ ਸ਼ਹਿਰ ਦੀ ਰਹਿਣ ਵਾਲੀ ਰਾਖੀ ਨੇ ਵੱਕਾਰੀ ਪ੍ਰੀਖਿਆ ਵਿੱਚ ਪ੍ਰਭਾਵਸ਼ਾਲੀ ਆਲ ਇੰਡੀਆ ਰੈਂਕ (ਏ ਆਈ ਆਰ) 65 ਪ੍ਰਾਪਤ ਕੀਤਾ, ਜਦੋਂ ਕਿ ਕ੍ਰਿਤਿਕਾ ਚੌਧਰੀ, ਜੋ ਕਿ ਬਲਾਚੌਰ ਤਹਿਸੀਲ ਅਧੀਨ ਪਿੰਡ ਕਰੀਮਪੁਰ ਧਿਆਨੀ ਦੀ ਰਹਿਣ ਵਾਲੀ ਹੈ, ਨੇ ਏ ਆਈ ਆਰ 315 ਪ੍ਰਾਪਤ ਕੀਤਾ। ਦੋਵੇਂ ਸਫਲ ਉਮੀਦਵਾਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਵਿਸ਼ੇਸ਼ ਸੱਦੇ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਦੇ ਪਰਵਾਰਕ ਮੈਂਬਰ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਮੀਟਿੰਗ ਦੌਰਾਨ, ਡਿਪਟੀ ਕਮਿਸ਼ਨਰ ਨੇ ਦੋਵੇਂ ਸਫਲ ਲੜਕੀਆਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਦੇਸ਼ ਦੀਆਂ ਸਭ ਤੋਂ ਔਖੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚੋਂ ਇੱਕ ਪਾਸ ਕਰਨ ਲਈ ਵਧਾਈ ਦਿੱਤੀ।

# ਆਲ ਇੰਡੀਆ ਪੁਲਸ ਐਥਲੈਟਿਕਸ ਕਲੱਸਟਰ ਸਫ਼ਲਤਾਪੂਰਵਕ ਸਮਾਪਤ

**ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)**- 74ਵਾਂ ਆਲ ਇੰਡੀਆ ਪੁਲਿਸ ਐਥਲੈਟਿਕਸ ਕਲੱਸਟਰ-2025-26 ਸਮਾਪਤ ਹੋ ਗਿਆ। ਸਮਾਪਤੀ ਸਮਾਰੋਹ ਪੀ ਏ ਪੀ ਜਲੰਧਰ ਵਿਖੇ ਕਰਵਾਇਆ ਗਿਆ। 74ਵਾਂ ਆਲ ਇੰਡੀਆ ਪੁਲਿਸ ਐਥਲੈਟਿਕਸ ਕਲੱਸਟਰ-2025-26 ਪੀਏਪੀ ਹੈੱਡਕੁਆਰਟਰ, ਜਲੰਧਰ ਵਿਖੇ 07.03.2026 ਤੋਂ 12.03.2026 ਤੱਕ ਆਯੋਜਿਤ ਕੀਤਾ ਗਿਆ ਸੀ।ਉਪਰੋਕਤ ਕਲੱਸਟਰ ਦੇ ਸਮਾਪਤੀ ਸਮਾਰੋਹ ਵਿੱਚ ਐੱਮ ਐੱਫ ਫਾਰੂਕੀ, ਐਡੀਸ਼ਨਲ ਡੀ ਜੀ ਪੀ/ਸਟੇਟ ਆਰਮਡ ਪੁਲਸ, ਜਲੰਧਰ ਮੁੱਖ ਮਹਿਮਾਨ ਸਨ ਤੇ ਬਿਧੂ ਸ਼ੇਖਰ ਸੰਯੁਕਤ ਡਾਇਰੈਕਟਰ ਵਿਸ਼ੇਸ਼ ਮਹਿਮਾਨ ਸਨ। ਮੁੱਖ ਮਹਿਮਾਨ ਦੇ ਆਉਣ 'ਤੇ ਗਿੱਧਾ, ਭੰਗੜਾ ਪੇਸ਼ ਕੀਤਾ ਗਿਆ ਅਤੇ ਉਸ ਤੋਂ ਬਾਅਦ ਸ਼ਾਨਦਾਰ ਘੋੜਸਵਾਰੀ ਸ਼ੋਅ ਕੀਤਾ ਗਿਆ ਜਿਸ ਦਾ ਦਰਸ਼ਕਾਂ ਨੇ ਆਨੰਦ ਮਾਣਿਆ।ਇੰਦਰਬੀਰ ਸਿੰਘ ਡੀ ਆਈ ਜੀ, ਐਡਮਿਨ ਪੀ ਏ ਪੀ ਜਲੰਧਰ ਨੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਦਾ ਸਵਾਗਤ ਕੀਤਾ, ਜਿਸ ਤੋਂ ਬਾਅਦ ਬਿਧੂ ਸ਼ੇਖਰ ਸੰਯੁਕਤ ਡਾਇਰੈਕਟਰ ਆਈ ਬੀ ਨੇ ਸੰਬੋਧਨ ਕੀਤਾ। ਇਸ ਤੋਂ ਬਾਅਦ ਮੁੱਖ ਮਹਿਮਾਨ ਐੱਮ ਐੱਫ ਫਾਰੂਕੀ ਐਡੀਸ਼ਨਲ ਡੀ ਜੀ ਪੀ/ਸਟੇਟ ਆਰਮਡ ਪੁਲਿਸ, ਜਲੰਧਰ ਨੇ ਸਾਰੇ ਜੇਤੂਆਂ ਨੂੰ ਵਧਾਈ ਦਿੱਤੀ ਤੇ ਆਪਣੇ ਭਾਸ਼ਣ ਵਿੱਚ ਸਾਰੇ ਭਾਗੀਦਾਰਾਂ ਨੂੰ



ਸ਼ੁਭਕਾਮਨਾਵਾਂ ਦਿੱਤੀਆਂ। ਮੁੱਖ ਮਹਿਮਾਨ ਨੇ ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਇਨਾਮ ਵੰਡੇ।ਸ਼੍ਰੀ ਤਜਿੰਦਰਪਾਲ ਸਿੰਘ ਤੂਰ, ਡੀਐਸਪੀ, ਓਲੰਪੀਅਨ ਨੇ ਸ਼ਾਟਪੁਟ ਈਵੈਂਟ ਵਿੱਚ 19.67 ਮੀਟਰ ਦੀ ਥਰੋਅ ਨਾਲ ਸ਼੍ਰੀ ਬਹਾਦੁਰ ਸਿੰਘ, ਪਦਮਸ਼੍ਰੀ, ਕਮਾਂਡੈਂਟ ਦਾ 23 ਸਾਲ ਪੁਰਾਣਾ ਰਿਕਾਰਡ ਤੋੜ ਦਿੱਤਾ। ਇਸ ਈਵੈਂਟ ਨੂੰ ਸਫਲ ਬਣਾਉਣ ਲਈ ਕੀਤੇ ਗਏ ਯਤਨਾਂ ਲਈ ਮੁੱਖ ਮਹਿਮਾਨ ਵੱਲੋਂ ਸਾਰੇ ਪ੍ਰਬੰਧਕੀ ਕਮੇਟੀ ਚੇਅਰਪਰਸਨਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਸ਼੍ਰੀਮਤੀ ਵਤਸਲਾ ਗੁਪਤਾ ਕਮਾਂਡੈਂਟ 27 ਬਟਾਲੀਅਨ ਪੀ ਏ ਪੀ ਨੇ ਮੁੱਖ ਮਹਿਮਾਨ ਤੇ ਆਏ ਹੋਏ ਸਾਰੇ ਪੁਲਿਸ ਅਫਸਰ ਖਿਡਾਰੀਆਂ ਅਤੇ ਟੈਕਨੀਕਲ ਅਧਿਕਾਰੀਆਂ/ਕਰਮਚਾਰੀਆਂ ਦਾ ਧੰਨਵਾਦ ਕੀਤਾ।

# ਪੈਨਸ਼ਨਰ ਡਿਜੀਟਲ ਲਾਈਫ ਸਰਟੀਫਿਕੇਟ 31 ਮਾਰਚ ਤੋਂ ਪਹਿਲਾਂ ਜਮ੍ਹਾਂ ਕਰਵਾਉਣ : ਜ਼ਿਲ੍ਹਾ ਖਜ਼ਾਨਾ ਅਫਸਰ

**ਨਵਾਂਸ਼ਹਿਰ, (ਮਨੋਜ ਲਾਡੀ)**- ਪੰਜਾਬ ਸਰਕਾਰ ਵੱਲੋਂ ਸੇਵਾ-ਮੁਕਤ ਪੈਨਸ਼ਨਰਾਂ ਦੀ ਸਹੂਲਤ ਅਤੇ ਪਾਰਦਰਸ਼ਤਾ ਲਈ ਡਿਜੀਟਲ ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਜ਼ਿਲ੍ਹਾ ਖਜਾਨਾ ਅਫਸਰ ਜਤਿੰਦਰ ਕੁਮਾਰ ਨੇ ਦਿੰਦਿਆਂ ਦੱਸਿਆ ਕਿ ਕਈ ਪੈਨਸ਼ਨਰਾਂ ਵੱਲੋਂ ਅਜੇ ਵੀ ਬੈਂਕਾਂ ਵਿੱਚ ਮੈਨੂਅਲ ਸਰਟੀਫਿਕੇਟ ਜਮ੍ਹਾਂ ਕਰਵਾਏ ਗਏ ਹਨ, ਜੋ ਕਿ ਹੁਣ ਮਾਨਤਾ ਪ੍ਰਾਪਤ ਨਹੀਂ ਹੋਣਗੇ। ਉਨ੍ਹਾਂ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਪੈਨਸ਼ਨ ਨੂੰ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰੱਖਣ ਲਈ ਤੁਰੰਤ ਆਪਣਾ ਡਿਜੀਟਲ ਸਰਟੀਫਿਕੇਟ ਜਮ੍ਹਾਂ ਕਰਵਾਉਣ । ਉਨ੍ਹਾਂ ਕਿਹਾ ਕਿ ਡਿਜੀਟਲ ਲਾਈਫ ਸਰਟੀਫਿਕੇਟ ਨਜ਼ਦੀਕੀ ਖਜ਼ਾਨਾ ਦਫ਼ਤਰ, ਸਬੰਧਤ ਬੈਂਕ ਦੀ ਬ੍ਰਾਂਚ, ਸੇਵਾ ਕੇਂਦਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ ਜਾਂ ਫਿਰ ਡੋਰ-ਸਟੈਪ ਡਿਲਿਵਰੀ ਲਈ ਰਾਜ ਸਰਕਾਰ ਦੀ ਘਰ ਬੈਠੇ ਸੇਵਾ ਰਾਹੀਂ 1076 ਤੇ ਕਾਲ ਕਰਕੇ ਵੀ ਇਸ ਸੁਵਿਧਾ ਦਾ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਘਰ ਬੈਠੇ ਹੀ ਜੀਵਨ ਪ੍ਰਮਾਣ ਪੱਤਰ ਐਪ ਡਾਊਨਲੋਡ ਕਰਕੇ ਇਹ ਪ੍ਰਕਿਰਿਆ ਪੂਰੀ ਕੀਤੀ ਜਾ ਸਕਦੀ ਹੈ।ਉਨ੍ਹਾਂ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਡਿਜੀਟਲ ਲਾਈਫ ਸਰਟੀਫਿਕੇਟ 31 ਮਾਰਚ ਤੋਂ ਪਹਿਲਾਂ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਥਾਣੇ ਅੱਗੇ ਧਰਨਾ



**ਕਪੂਰਥਲਾ (ਮਨਜੀਤ ਮਾਨ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਥਾਣਾ ਸੁਭਾਨਪੁਰ ਅੱਗੇ 7 ਘੰਟੇ ਤੋਂ ਵੱਧ ਸਮਾਂ ਧਰਨਾ ਮੁਜ਼ਾਹਰਾ ਕੀਤਾ ਗਿਆ।ਜਿਸ ਉਪਰੰਤ ਪੁਲਸ ਵੱਲੋਂ 3 ਮਾਰਚ ਨੂੰ ਨੇੜਲੇ ਪਿੰਡ ਜੱਗਾ ਦੇ ਦਲਿਤ ਨੌਜਵਾਨ ਰਵੀ ਨੂੰ ਦਿਆਲਪੁਰ ਵਿਖੇ ਅਗਵਾ ਕਰਕੇ ਮੋਟਰ 'ਤੇ ਲਿਜਾ ਕੇ ਬੰਧਕ ਬਣਾ ਕੇ ਮਾਰਨ ਦੀ ਨੀਅਤ ਨਾਲ ਕੀਤੀ ਗਈ ਕੁੱਟਮਾਰ ਉਪਰੰਤ ਉਸ ਦੀ ਹੋਈ ਮੌਤ ਦੇ ਮਾਮਲੇ ਵਿੱਚ ਕਤਲ, ਐੱਸ ਸੀ, ਐੱਸ ਟੀ ਐਕਟ ਅਤੇ ਬਨਦੀਆਂ ਹੋਰ ਧਰਾਵਾਂ ਤਹਿਤ ਦਰਜ ਕੇਸ ਵਿੱਚ ਵਾਧਾ ਜ਼ੁਰਮ ਕਰ ਦਿੱਤਾ ਗਿਆ। ਇਸ ਮੌਕੇ ਪਰਵਾਰ ਅਤੇ ਯੂਨੀਅਨ ਨੇ ਐਲਾਨ ਕੀਤਾ ਕਿ ਹਮਲਾਵਰਾਂ ਦੀ ਗ੍ਰਿਫ਼ਤਾਰੀ ਅਤੇ ਪੀੜ੍ਹਤ ਪਰਵਾਰ ਨੂੰ ਕਾਨੂੰਨ ਮੁਤਾਬਕ ਮੁਆਵਜ਼ਾ ਦਿਵਾਉਣ ਲਈ ਥਾਣੇ ਅੱਗੇ ਧਰਨਾ ਮੁਜ਼ਾਹਰਾ ਜਾਰੀ ਰਹੇਗਾ।4 ਮਾਰਚ ਤੋਂ ਲੈ ਕੇ ਅੱਜ ਤੱਕ ਨੌਜਵਾਨ ਦੀ ਮ੍ਰਿਤਕ ਦੇਹ ਮੌਰਚਰੀ ਵਿੱਚ ਰੱਖੀ ਹੋਈ ਹੈ।ਪ੍ਰਸ਼ਾਸਨ ਵੱਲੋਂ ਨਿਆਂ ਨਾ ਦੇਣ ਕਾਰਨ ਰੋਸ ਵਜੋਂ ਨਾ ਤਾਂ ਪਰਵਾਰ ਨੇ ਪੋਸਟਮਾਰਟਮ ਕਰਵਾਇਆ ਅਤੇ ਨਾ ਹੀ ਉਸਦਾ ਅੰਤਿਮ ਸੰਸਕਾਰ ਕੀਤਾ ਹੈ।ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਯੂਨੀਅਨ ਦੇ ਯੂਥ ਵਿੰਗ ਆਗੂ ਗੁਰਪ੍ਰੀਤ ਸਿੰਘ ਚੀਦਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮ੍ਰਿਤਕ ਨੌਜਵਾਨ ਦਾ ਪਰਵਾਰ ਦਲਿਤ ਅਤੇ ਬੇਜ਼ਮੀਨੇ ਪਰਵਾਰ ਨਾਲ ਸੰਬੰਧਤ ਹੋਣ ਕਰਕੇ ਇਨਸਾਫ਼ ਲਈ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹੋਇਆ।ਇਸ ਮੌਕੇ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਆਗੂ ਗੁਰਪ੍ਰੀਤ ਸਿੰਘ ਚੀਦਾ, ਤਹਿਸੀਲ ਪ੍ਰਧਾਨ ਅਮਰੀਕ ਸਿੰਘ ਬੂਲੇਵਾਲ, ਨਾਵਲ ਗਿੱਲ ਟਾਹਲੀ,ਬਲਵਿੰਦਰ ਕੌਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਬਲਵਿੰਦਰ ਸਿੰਘ ਭੁੱਲਰ, ਅਮਨ ਸਿੰਘ ਚੀਦਾ, ਸ਼੍ਰੋਮਣੀ ਰੰਗਰੇਟਾ ਦਲ ਦੇ ਬਲਬੀਰ ਸਿੰਘ ਚੀਮਾ ਸੂਬਾ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਤੇ ਚੇਅਰਮੈਨ 11 ਨਿਹੰਗ ਸਿੰਘ ਜਥੇਬੰਦੀਆਂ ਭਾਰਤ ਅਤੇ ਵਾਲਮੀਕਿ ਮਜ਼ਬੀ ਸਿੱਖ ਮੋਰਚਾ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਹਮੀਰਾ ਅਤੇ ਪਰਵਾਰ ਵਲੋਂ ਲਾਡੀ ਜੱਗਾ ਵਾਲਾ ਆਦਿ ਨੇ ਸੰਬੋਧਨ ਕੀਤਾ।

# ਸਵੈ-ਸਹਾਇਤਾ ਗਰੁੱਪ ਦੀਆਂ 100 ਮਹਿਲਾ ਉਦਮੀਆਂ ਦਾ ਸਨਮਾਨ

**ਜਲੰਧਰ, (ਸੁਰਿੰਦਰ ਕੁਮਾਰ)** ਆਪਣਾ ਕਾਰੋਬਾਰ, ਆਪਣੀ ਪਹਿਚਾਣ' ਤਹਿਤ ਜ਼ਿਲ੍ਹੇ ਦੇ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਸਵੈ-ਸਹਾਇਤਾ ਗਰੁੱਪਾਂ ਨੂੰ ਸਨਮਾਨਿਤ ਕਰਨ ਲਈ ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਵਲੋਂ ਮਹਿਲਾ ਉੱਦਮੀ ਸਨਮਾਨ-2026 'ਆਪਣਾ ਕਾਰੋਬਾਰ ਆਪਣੀ ਪਹਿਚਾਣ' ਤਹਿਤ ਸਥਾਨਕ ਰੈਡ ਕਰਾਸ ਭਵਨ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ।

ਇਸ ਦੌਰਾਨ ਜ਼ਿਲ੍ਹੇ ਦੇ 11 ਬਲਾਕਾਂ ਦੇ ਸਵੈ-ਸਹਾਇਤਾ ਗਰੁੱਪਾਂ ਦੀਆਂ 100 ਮਹਿਲਾ ਉੱਦਮੀਆਂ ਦਾ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ।

# ਦਰਸ਼ਨ ਸਿੰਘ ਕਲਿਆਣ ਨੂੰ ਭਰਪੂਰ ਸ਼ਰਧਾਂਜਲੀਆਂ

**ਸ਼ਾਹਕੋਟ (ਪੱਤਰ ਪ੍ਰੇਰਕ)**- ਤਰਕਸ਼ੀਲ ਆਗੂ ਤੇ ਪੰਚਾਇਤ ਸਕੱਤਰ ਦੇਸ ਰਾਜ ਜਾਫ਼ਰਵਾਲ ਅਤੇ ਅਧਿਆਪਕ ਆਗੂ ਰਹੇ ਸਵ. ਮਾ. ਸਵਰਨ ਸਿੰਘ ਕਲਿਆਣ ਦੇ ਪਿਤਾ ਤੇ ਸੀ ਪੀ ਆਈ ਤਹਿਸੀਲ ਸ਼ਾਹਕੋਟ ਦੇ ਸਕੱਤਰ ਗਿਆਨ ਸੈਦਪੁਰੀ ਅਤੇ ਐਕਸ-ਸਰਵਿਸਮੈਨ ਵੈਲਫ਼ੇਅਰ ਸੁਸਾਇਟੀ (ਰਜਿ.) ਸ਼ਾਹਕੋਟ ਦੇ ਪ੍ਰਧਾਨ ਗੁਰਨਾਮ ਸਿੰਘ ਮੱਟੂ ਦੇ ਭਣੋਈਆ ਦਰਸ਼ਨ ਸਿੰਘ ਕਲਿਆਣ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਨਮਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਜਾਫ਼ਰਵਾਲ ਵਿਖੇ ਪਾਇਆ ਗਿਆ। ਉਪਰੰਤ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਭਾਈ ਪਰਮਜੀਤ ਸਿੰਘ ਕੁਲਾਰ ਦੇ ਰਾਗੀ ਜਥੇ ਵਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਮਤਿ ਨਾਲ ਜੋੜਿਆ ਗਿਆ। ਇਸ ਮੌਕੇ ਹੋਏ ਸ਼ਰਧਾਂਜਲੀ ਸਮਾਗਮ ਦੌਰਾਨ ਸ਼ਰਧਾਂਜਲੀ ਭੇਟ ਕਰਦਿਆਂ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਭਾਜਪਾ ਦੇ ਹਲਕਾ ਸੰਗਠਨ ਇੰਚਾਰਜ ਰਾਣਾ ਹਰਦੀਪ ਸਿੰਘ, ਸਾਬਕਾ ਮੁੱਖ ਮੰਤਰੀ ਪੰਜਾਬ ਬੀਬੀ ਰਾਜਿੰਦਰ ਕੌਰ ਭੱਠਲ ਦੇ ਓ.ਐੱਸ.ਡੀ. ਰਵਿੰਦਰ ਸਿੰਘ ਟੁਰਨਾ, ਸਾਬਕਾ ਐੱਮ.ਸੀ. ਸ਼ਾਹਕੋਟ ਜਤਿੰਦਰਪਾਲ ਸਿੰਘ ਜੱਸਲ, ਤਰਕਸ਼ੀਲ ਸੁਸਾਇਟੀ ਇਕਾਈ ਸ਼ਾਹਕੋਟ ਦੇ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਨੇ ਕਿਹਾ ਕਿ ਸਵ. ਦਰਸ਼ਨ ਸਿੰਘ ਕਲਿਆਣ ਨੇ ਸਾਰੀ ਉਮਰ ਸਖ਼ਤ ਮਿਹਨਤ ਕੀਤੀ ਅਤੇ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦਿਵਾਈ। ਉਨ੍ਹਾਂ ਕਿਹਾ ਕਿ ਪਿਤਾ ਵਲੋਂ ਮਿਲੇ ਚੰਗੇ ਸੰਸਕਾਰਾਂ ਦੀ ਬਦੌਲਤ ਹੀ ਉਨ੍ਹਾਂ ਦੇ ਦੋਹਾਂ ਪੁੱਤਰਾਂ ਨੇ ਸਮਾਜਿਕ, ਆਰਥਿਕ



ਤੇ ਰਾਜਨੀਤਕ ਖੇਤਰ ਵਿਚ ਅਹਿਮ ਸਥਾਨ ਬਣਾਇਆ ਹੈ। ਬੁਲਾਰਿਆਂ ਨੇ ਕਿਹਾ ਕਿ ਸ. ਕਲਿਆਣ ਮਿਹਨਤਕਸ਼ ਲੋਕਾਂ ਲਈ ਇੱਕ ਮਿਸਾਲ ਹਨ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਕਾ. ਹਰਮੇਸ਼ ਮਾਲੜੀ ਨੇ ਮੰਚ ਸੰਚਾਲਨ ਕਰਦਿਆਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਅਤੇ ਮੈਗਜ਼ੀਨ ਨਬਜ਼ ਵੀਕਲੀ ਦੇ ਸੰਪਾਦਕ ਦਵਿੰਦਰ ਸਿੰਘ ਆਹਲੂਵਾਲੀਆ ਵਲੋਂ ਆਏ ਸ਼ੋਕ ਸੰਦੇਸ਼ ਪੜ੍ਹੇ। ਇਸ ਮੌਕੇ ਅਮਨਦੀਪ ਸਿੰਘ ਸੈਦਪੁਰੀ ਨੇ ਕਲਿਆਣ ਤੇ ਮੱਟੂ ਪਰਵਾਰ ਵਲੋਂ ਇਸ ਸ਼ੋਕ ਸਭਾ ਵਿਚ ਆਏ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜ਼ਾਰ ਸਿੰਘ ਥਿੰਦ, ਬਲਕਾਰ ਸਿੰਘ ਚੱਠਾ ਚੇਅਰਮੈਨ ਮਾਰਕੀਟ ਕਮੇਟੀ ਮਹਿਤਪੁਰ, ਬਲਵੰਤ ਸਿੰਘ ਮਲਸੀਆਂ ਪ੍ਰਧਾਨ, ਜਗਤਾਰ ਸਿੰਘ ਖਾਲਸਾ ਪ੍ਰਧਾਨ ਸਹਿਕਾਰੀ ਸਭਾ ਢੰਡੋਵਾਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਸੁਖਜਿੰਦਰ ਲਾਲੀ, ਸੋਨੂੰ ਕਿਲੀ ਨੰਬਰਦਾਰ, ਹਰਦਿਆਲ ਸਿੰਘ ਸਾਬਕਾ ਸਰਪੰਚ, ਨੱਥਾ ਸਿੰਘ, ਡੀ.ਟੀ.ਐੱਫ. ਆਗੂ ਗੁਰਮੀਤ ਸਿੰਘ ਕੋਟਲੀ, ਡਾ. ਨਰਿੰਦਰ ਸਿੰਘ ਬਾਂਸਲ, ਐੱਸ.ਸੀ.ਬੀ.ਸੀ. ਅਧਿਆਪਕ ਯੂਨੀਅਨ ਦੇ ਆਗੂ ਗੁਰਮੇਜ ਲਾਲ ਹੀਰ, ਪੰਚਾਇਤ ਅਫ਼ਸਰ ਭੁਪਿੰਦਰ ਸਿੰਘ ਬਾਹਮਣੀਆਂ, ਕਸ਼ਮੀਰ ਸਿੰਘ ਨੰਢਾ ਸਾਬਕਾ ਮੈਂਬਰ ਬਲਾਕ ਸੰਮਤੀ ਸ਼ਾਹਕੋਟ, ਤਰਕਸ਼ੀਲ ਸੁਸਾਇਟੀ ਇਕਾਈ ਸ਼ਾਹਕੋਟ ਦੇ ਮੈਂਬਰ ਸੁਖਵਿੰਦਰ ਬਾਗਪੁਰ, ਬਿੱਟੂ ਰੂਪੇਵਾਲੀ, ਜਿੰਦਰ ਬਾਗਪੁਰ, ਅਮਨਦੀਪ ਬਾਗਪੁਰ, ਪਾਲ ਬਾਗਪੁਰ, ਮਾਸਟਰ ਸਵਰਨ ਸਿੰਘ ਆਦਿ ਹਾਜ਼ਰ ਸਨ।

# ਮੋਗਾ ਰੈਲੀ ਲਈ ਸ਼ਾਹਕੋਟ ਤੋਂ ਦੋ ਕਾਫਲੇ ਰਵਾਨਾ



**ਸ਼ਾਹਕੋਟ (ਗਿਆਨ ਸੈਦਪੁਰੀ)**- ਭਾਜਪਾ ਦੀ ਮੋਗਾ ਰੈਲੀ ਵਿੱਚ ਸ਼ਾਮਲ ਹੋਣ ਲਈ ਸ਼ਾਹਕੋਟ ਤੋਂ ਵੱਖ-ਵੱਖ ਦੋ ਥਾਵਾਂ ਤੋਂ ਕਾਫਲੇ ਰਵਾਨਾ ਹੋਏ। ਇੱਕ ਕਾਫਲਾ ਸੈਂਟ ਮਨੂਜ ਕਾਨਵੈਂਟ ਸਕੂਲ ਮੋਗਾ ਰੋਡ ਸ਼ਾਹਕੋਟ ਤੋਂ ਕੈਂਪ ਇੰਚਾਰਜ ਹਲਕਾ ਸ਼ਾਹਕੋਟ ਰਾਣਾ ਹਰਦੀਪ ਸਿੰਘ ਦੀ ਅਗਵਾਈ ਵਿੱਚ ਮੋਗਾ ਲਈ ਰਵਾਨਾ ਹੋਇਆ। ਇਸ ਮੌਕੇ ਕਮਲ ਕੁਮਾਰ ਨਾਹਰ, ਹਰਦੀਪ ਸਿੰਘ ਪੀਟਾ, ਅਨਿਲ ਕੁਮਾਰ ਅਗਰਵਾਲ, ਮੁਰਲੀਧਰ, ਅੰਮ੍ਰਿਤ ਲਾਲ ਕਾਕਾ, ਅੰਮ੍ਰਿਤਪਾਲ ਜੋਨਾ ਪੀਏ ਰਾਣਾ ਹਰਦੀਪ ਸਿੰਘ, ਸ਼ਰਨਜੀਤ ਸਿੰਘ ਸਾਬ ਥਿੰਦ, ਮਨਜੀਤ ਸਿੰਘ ਸੈਦਪੁਰ, ਰਾਵੀਸ਼ ਗੋਇਲ ਸ਼ਾਹਕੋਟ, ਰਾਜਾ ਅਰੋੜਾ ਸ਼ਾਹਕੋਟ, ਤਾਰੀ ਕੋਟਲੀ ਗਾਜਰਾਂ ਅਤੇ ਹੋਰ ਬਹੁਤ ਸਾਰੇ ਸਥਾਨਕ ਆਗੂ ਮੌਜੂਦ ਸਨ। ਇਸੇ ਤਰ੍ਹਾਂ ਦੂਸਰਾ ਕਾਫਲਾ ਬਾਜਵਾ ਖੁਰਦ ਮੋਗਾ ਰੋਡ ਤੋਂ ਰਵਾਨਾ ਹੋਇਆ। ਇਸ ਦੀ ਅਗਵਾਈ ਭਾਜਪਾ ਆਗੂ ਨਰਿੰਦਰ ਪਾਲ ਸਿੰਘ ਚੰਦੀ ਨੇ ਕੀਤੀ। ਕਾਫਲਾ ਰਵਾਨਾ ਹੋਣ ਮੌਕੇ ਕਾਲਾ ਪਹਿਲਵਾਨ, ਸੰਜਮ ਮੈਸਨ ਵਿਵੇਕਾਨੰਦ, ਰੋਬਿਨ ਸ਼ਰਮਾ ਕੋਟਲਾ ਸੂਰਜ ਮੱਲ ਅਤੇ ਹੋਰ ਆਗੂ ਵੀ ਮੌਜੂਦ ਸਨ।ਇਸ ਮੌਕੇ ਨਰਿੰਦਰ ਪਾਲ ਸਿੰਘ ਚੰਦੀ, ਸੰਜਮ ਮੈਸਨ ਨੇ ਦੋਸ਼ ਲਾਇਆ ਕਿ ਭਾਜਪਾ ਦੇ ਕੁਝ ਆਗੂਆਂ ਨੇ ਆਪ ਆਗੂਆਂ ਨਾਲ ਮਿਲ ਕੇ ਸਾਡਾ ਕਾਫਲਾ ਕੈਪਚਰ ਕਰ ਲਿਆ ਹੈ। ਇਹਨਾਂ ਨੇ ਕਿਹਾ ਕਿ ਟਰਾਂਸਪੋਰਟ ਇੰਚਾਰਜ ਨਾਲ ਮਿਲ ਕੇ ਕੁਝ ਭਾਜਪਾ ਆਗੂਆਂ ਨੇ ਸਾਨੂੰ ਬੱਸਾਂ ਹੀ ਮੁਹੱਈਆ ਨਹੀਂ ਹੋਣ ਦਿੱਤੀਆਂ।ਇਸੇ ਦੌਰਾਨ ਰਾਣਾ ਹਰਦੀਪ ਸਿੰਘ ਨੇ ਕਿਹਾ ਕਿ ਉਹਨਾਂ ਦੇ ਕਾਫਲੇ ਵਿੱਚ 30 ਬੱਸਾਂ ਤੇ ਹੋਰ ਵਾਹਨ ਸ਼ਾਮਿਲ ਹਨ।ਦੋਹਾਂ ਕਾਫਲਿਆਂ ਵਿੱਚ ਸ਼ਾਮਿਲ ਦਲਿਤ ਆਗੂਆਂ ਨੇ ਸਵੀਕਾਰ ਕੀਤਾ ਕਿ ਮੋਗਾ ਰੈਲੀ ਵਿੱਚ ਜਾਣ ਵਾਲੇ ਭਾਜਪਾ ਵਰਕਰਾਂ ਵਿੱਚ ਵੱਧ ਗਿਣਤੀ ਦਲਿਤ ਭਾਈਚਾਰੇ ਵਿੱਚੋਂ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਸੋਤਲ ਬਾਬਾ ਨੂੰ ਕੀਤੇ ਝੂਲੇ ਦਾਨ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਪਿੰਡ ਸੋਤਲ ਬਾਬਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਪਿੰਡ ਦੇ ਦਾਨੀ ਸੱਜਣਾਂ ਵਲੋਂ ਪ੍ਰੀ ਪ੍ਰਾਇਮਰੀ ਲਈ ਝੂਲੇ ਦਾਨ ਕੀਤੇ ਗਏ।ਇਸ ਸਬੰਧੀ ਸਕੂਲ ਮੁਖੀ ਹਰਪ੍ਰੀਤ ਕੌਰ ਨੇ ਦੱਸਿਆ ਕਿ ਪਿੰਡ ਸੋਤਲ ਬਾਬਾ ਦੇ ਕੁਲਬੀਰ ਸਿੰਘ ਪੁੱਤਰ ਅਜੈਬ ਸਿੰਘ ਅਤੇ ਹਰਜਿੰਦਰ ਸਿੰਘ ਪੁੱਤਰ ਰਾਮ ਸਿੰਘ ਨੇ ਉਪਰਾਲਾ ਕਰਦਿਆਂ ਛੋਟੇ ਬੱਚਿਆਂ ਲਈ ਝੂਲੇ ਦਾਨ ਕੀਤੇ ।ਇਸ



ਮੌਕੇ ਸਕੂਲ ਮੁਖੀ ਵੱਲੋਂਨ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ ।ਇਸ ਮੌਕੇ ਸਕੂਲ ਸਟਾਫ ਸਤਵੰਤ ਕੌਰ, ਰੁਪਿੰਦਰ ਕੌਰ, ਮਿਡਲ ਸਕੂਲ ਸਟਾਫ਼ ਬਖ਼ਸ਼ੀਸ਼ ਕੌਰ, ਹਰਮਨਜੀਤ ਕੌਰ, ਧਨੌਰੀ ਸਕੂਲ ਹੈਡ ਜਸਵਿੰਦਰ ਕੌਰ ਤੇ ਗੁਰਚਰਨ ਸਿੰਘ ਵੀ ਹਾਜ਼ਰ ਸਨ ।

# ਸੀ ਐੱਸ ਸੀ ਓਪਰੇਟਰਾਂ ਵੱਲੋਂ ਐਸ ਡੀ ਐਮ ਨੂੰ ਮੰਗ ਪੱਤਰ



**ਜਲੰਧਰ (ਲਖਵਿੰਦਰ ਸਿੰਘ ਆਧੀ)**- ਮਹਾਨਗਰ ਵਿੱਚ ਕੋਮਨ ਸਰਵਿਸ ਸੈਂਟਰ ਦੇ ਸੰਚਾਲਕ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲਣ ਵਾਲੀ ਸੰਸਥਾ ਡੀਪੀਏ ਵੱਲੋਂ ਐਸ ਡੀ ਐਮ ਜਲੰਧਰ ਨਾਲ ਮੁਲਾਕਾਤ ਕੀਤੀ ਗਈ। ਇਸ ਮੌਕੇ ਤੇ ਡੀਪੀਏ ਦੇ ਪ੍ਰਮੁੱਖ ਅਧਿਕਾਰੀ ਵੱਲੋਂ ਐਸ ਡੀ ਐਮ ਜਲੰਧਰ ਨੂੰ ਮੰਗ ਪੱਤਰ ਦਿੱਤਾ ਗਿਆ ਤਾਂ ਜੋ ਸੀ ਐਸ ਸੀ ਆਪਰੇਟਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਹੋ ਸਕੇ। ਇਸ ਮੌਕੇ ਤੇ ਐਸ ਡੀ ਐਮ ਵੱਲੋਂ ਮੁਸ਼ਕਲਾਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਅਤੇ ਇਹ ਵੀ ਕਿਹਾ ਕਿ ਕਾਰਡ ਜਲਦੀ ਤੋਂ ਜਲਦੀ ਬਣ ਕੇ ਪੰਜਾਬ ਦੇ ਲੋਕਾਂ ਵਿੱਚ ਵੰਡੇ ਜਾਣਗੇ ਤਾਂ ਜੋ ਸਾਰਿਆਂ ਨੂੰ ਇਸ ਦਾ ਲਾਭ ਮਿਲ ਜਾਵੇ। ਇਸ ਮੌਕੇ ਤੇ ਡੀ ਪੀ ਏ ਦੇ ਸਾਰੇ ਅਹੁਦੇਦਾਰ ਮੈਂਬਰ ਹਾਜ਼ਰ ਸਨ।

# ਘੁੰਮਣ ਨੇ ਮੁਹੱਲਾ ਲੰਗਰਪੁਰ 'ਚ ਨਵਾਂ ਖੇਡ ਪਾਰਕ ਬਣਾਉਣ ਦੀ ਕੀਤੀ ਸ਼ੁਰੂਆਤ



**ਦਸੂਹਾ (ਕਰਨੈਲ ਮਾਂਗਟ)**- ਦਸੂਹਾ ਦੇ ਮੁਹੱਲਾ ਲੰਗਰਪੁਰ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਪਾਰਕ ਬਣਾਉਣ ਦੀ ਸ਼ੁਰੂਆਤ ਵਿਧਾਇਕ ਕਰਮਵੀਰ ਸਿੰਘ ਘੁੰਮਣ ਨੇ ਕੀਤੀ। ਇਸ ਮੌਕੇ ਵਿਧਾਇਕ ਘੁੰਮਣ ਨੇ ਦੱਸਿਆ ਕਿ ਧਰਮਪੁਰ ਮੁਹੱਲਾ ਵਾਸੀਆਂ ਦੀ ਖੇਡ ਪਾਰਕ ਬਣਨ ਦੀ ਵੱਡੀ ਮੰਗ ਪੂਰੀ ਹੋਈ ਅਤੇ ਮੁਹੱਲਾ ਵਾਸੀਆਂ ਅਤੇ ਬੱਚਿਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਉਨਾਂ ਦੱਸਿਆ ਕਿ ਆਮ ਆਦਮੀ ਪਾਰਟੀ ਨੇ ਜੋ ਵਾਅਦਾ ਕੀਤਾ ਉਹ ਹਰ ਹਾਲਤ ਵਿੱਚ ਪੂਰਾ ਕੀਤਾ। ਇਸ ਮੌਕੇ ਈਓ ਕਮਲਜਿੰਦਰ ਸਿੰਘ, ਅਮਰਪ੍ਰੀਤ ਸਿੰਘ ਸੋਨੂੰ ਖਾਲਸਾ ਮੀਤ ਪ੍ਰਧਾਨ, ਐਡਵੋਕੇਟ ਗੁਰਵਿੰਦਰ ਸਿੰਘ, ਭੁਪਿੰਦਰ ਸਿੰਘ ਬਾਜਵਾ, ਬਲਬੀਰ ਸਿੰਘ ਕਾਲਾ, ਲੰਬੜਦਾਰ ਹਰਵਿੰਦਰ ਸਿੰਘ, ਵਿੱਕੀ ਲੰਗਰਪੁਰ, ਲੰਬੜਦਾਰ ਸਾਬੀ ਬਾਜਵਾ, ਤਰਸੇਮ ਸਿੰਘ ਪੰਨੂ, ਕਾਲਾ ਲੰਗਰਪੁਰ, ਰਾਜਾ ਸੈਨੀ, ਮਾਸਟਰ ਗੁਰਵਿੰਦਰ ਸਿੰਘ, ਗੁਰਮਨਪ੍ਰੀਤ ਸਿੰਘ ਸੈਕਟਰੀ, ਭਾਗ ਸਿੰਘ, ਜੇ ਈ ਪ੍ਰਿਯੰਕਾ ਅਗਰਵਾਲ, ਦਲਜੀਤ ਸਿੰਘ ਕੋਚ ਆਦਿ ਹਾਜ਼ਰ ਸਨ।

# ਸੰਗਤਾਂ ਨੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਕੇ ਅਧਿਆਤਮਿਕ ਆਨੰਦ ਮਾਣਿਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਮਾਹਿਲਪੁਰ ਦੀਆ ਸੰਗਤਾਂ ਨੇ ਜੇਜੋ ਦੋਆਬਾ ਦੇ ਨਾਲ ਲੱਗਦੇ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਕੇ ਅਧਿਆਤਮਿਕ ਆਨੰਦ ਮਾਣਿਆ ਅਤੇ ਕੁਦਰਤੀ ਨਜ਼ਾਰਿਆਂ ਨੂੰ ਨੇੜੇ ਤੋਂ ਹੋ ਕੇ ਤੱਕਿਆ।ਯਾਤਰਾ ਗੁ.



ਸਤਿਗੁਰੂ ਰਵਿਦਾਸ ਮਹਾਰਾਜ ਵਾਰਡ ਨੰਬਰ 11- 12 ਬੀ.ਡੀ.ਓ ਕਾਲੋਨੀ ਮਾਹਿਲਪੁਰ ਤੋਂ ਸ਼ੁਰੂ ਹੋਈ।ਇਸ ਤੋਂ ਬਾਅਦ ਮਾਤਾ ਕਲਿਆਨੀ ਮੰਦਰ ਖੰਨੀ, ਡੇਰਾ ਸੰਤਪੁਰੀ ਮਹਿਦੂਦ, ਸ਼ਾਂਤ ਵੇਲਾ ਗੱਜਰ, ਦਰਬਾਰ ਬਾਬਾ ਖਾਕੀ ਸ਼ਾਹ ਜੇਜੋਂ ਦੋਆਬਾ, ਡੇਰਾ ਰਤਨਪੁਰੀ ਜੇਜੋ ਦੁਆਬਾ, ਗੁਰਦੁਆਰਾ ਪੀਰ ਬਾਲਾ ਸਾਹਿਬ ਫਤਿਹਪੁਰ ਕੋਠੀ, ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਪਿੰਡ ਮੈਲੀ, ਤਪ ਅਸਥਾਨ ਬਾਬਾ ਗੁਲਾਬ ਸ਼ਾਹ ਜੀ ਮੈਲੀ, ਡੇਰਾ ਬਾਬਾ ਦੋ ਗੁੱਤਾਂ ਵਾਲੇ ਪਿੰਡ ਭੁੱਲੇਵਾਲ ਗੁਜਰਾਂ ਆਦਿ ਅਸਥਾਨਾਂ ਦੀ ਯਾਤਰਾ ਕੀਤੀ।ਇਸ ਯਾਤਰਾ ਦੌਰਾਨ ਸੰਤ ਸਤਨਾਮ ਦਾਸ ਜੀ ਮਹਦੂਦ, ਭਿਕਸ਼ੂ ਵੀਰਿਆ ਪੰਨਿਆ ਜੀ, ਪੰਡਿਤ ਅਤੇ ਮਾਤਾ ਜੀ ਨੇ ਸੰਗਤਾਂ ਨੂੰ ਸਚਿਆਈ ਦੇ ਮਾਰਗ ਤੇ ਚੱਲਣ ਦਾ ਸੰਦੇਸ਼ ਦਿੱਤਾ। ਪਿੰਡ ਮੈਲੀ ਵਿਖੇ ਡਾਕਟਰ ਪ੍ਰਭ ਹੀਰ ਵੱਲੋਂ ਸੰਗਤਾਂ ਲਈ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਸਮਾਪਤੀ ਉਪਰੰਤ ਗੁਰਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਮਾਹਿਲਪੁਰ ਵਿਖੇ ਪਹੁੰਚਣ 'ਤੇ ਸਾਰੀਆਂ ਹੀ ਸੰਗਤਾਂ ਨੇ ਲਾਫਿੰਗ ਮੈਡੀਟੇਸ਼ਨ ਕੀਤੀ। ਇਸ ਮੌਕੇ ਰੇਖਾ ਰਾਣੀ, ਨਿਰਮਲ ਕੌਰ ਬੋਧ, ਕਮਲਜੀਤ ਕੌਰ, ਗਗਨਦੀਪ ਕੌਰ, ਸੁਮੀਤਾ, ਤਰਸੇਮ ਕੌਰ, ਦੀਆ ਰਾਣੀ, ਸੁਰਜੀਤ ਕੌਰ,ਬਖਸ਼ੋ ਰਾਣੀ, ਸੀਮਾ ਰਾਣੀ, ਪਰਮਜੀਤ ਕੌਰ, ਨਿਰਮਲ ਸਿੰਘ ਮੁੱਗੋਵਾਲ ਸੰਚਾਲਕ ਨਿਰਵਾਣੁ ਕੁਟੀਆ ਮਾਹਿਲਪੁਰ ਸਮੇਤ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਵੱਲੋਂ ਹਫਤਾਵਾਰੀ ਕ੍ਰਿਕਟ ਲੀਗ ਟੂਰਨਾਮੈਂਟ

**ਜਲੰਧਰ (ਰਾਜੇਸ਼ ਥਾਪਾ)**- ਨੌਜਵਾਨਾਂ ਵਿੱਚ ਖੇਡਾਂ ਦੀ ਭਾਵਨਾ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਸਿਹਤਮੰਦ ਤੇ ਅਨੁਸ਼ਾਸਿਤ ਜੀਵਨ ਸ਼ੈਲੀ ਵੱਲ ਪ੍ਰੇਰਿਤ ਕਰਨ ਲਈ ਏ ਜੀ ਆਈ ਸਪੋਰਟਸ ਇੰਸਟੀਟਿਊਟ ਆਫ ਇੰਡੀਆ , ਜੋ ਕਿ ਏ ਜੀ ਆਈ ਇੰਫਰਾ ਲਿਮਿਟਿਡ ਦੀ ਇਕ ਇਕਾਈ ਹੈ, ਨੇ ਹਫਤਾਵਾਰੀ ਕ੍ਰਿਕਟ ਲੀਗ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਵਾਈਸ ਪ੍ਰੈਜ਼ੀਡੈਂਟ ਵਰਿੰਦਰ ਸਿੰਘ



ਨੇ ਦੱਸਿਆ ਕਿ ਇਸ ਲੀਗ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ, ਉਨ੍ਹਾਂ ਦੀ ਸਰੀਰਕ ਤੰਦਰੁਸਤੀ ਬਣਾਈ ਰੱਖਣਾ ਅਤੇ ਉਨ੍ਹਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣਾ ਹੈ।ਆਪਣੇ ਸੰਦੇਸ਼ ਵਿੱਚ ਏ ਜੀ ਆਈ ਇੰਫਰਾ ਲਿਮਿਟਿਡ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਸੁਖਦੇਵ ਸਿੰਘ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਚਰਿੱਤਰ ਨਿਰਮਾਣ, ਅਨੁਸ਼ਾਸਨ ਅਤੇ ਸਕਾਰਾਤਮਕ ਸੋਚ ਨੂੰ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਇਸ ਹਫਤਾਵਾਰੀ ਕ੍ਰਿਕਟ ਲੀਗ ਵਿੱਚ ਏ ਜੀ ਆਈ ਦੀਆਂ ਵੱਖ-ਵੱਖ ਟਾਊਨਸ਼ਿਪਾਂ ਅਤੇ ਸੰਬੰਧਿਤ ਸਮੂਹਾਂ ਦੀਆਂ 17 ਟੀਮਾਂ ਹਿੱਸਾ ਲੈਣਗੀਆਂ। ਅਭਿਜੀਤ ਸਿੰਘ, ਜੋ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਲਾਈਫ ਮੈਂਬਰ ਹਨ, ਨੇ ਕਿਹਾ ਕਿ ਇਹ ਲੀਗ ਨਿਵਾਸੀਆਂ, ਨੌਜਵਾਨਾਂ ਅਤੇ ਖੇਡ ਪ੍ਰੇਮੀਆਂ ਨੂੰ ਸਿਹਤਮੰਦ ਮੁਕਾਬਲੇ, ਆਪਸੀ ਭਾਈਚਾਰੇ ਅਤੇ ਸਮਾਜਿਕ ਏਕਤਾ ਦੇ ਮਾਹੌਲ ਵਿੱਚ ਇਕੱਠੇ ਹੋਣ ਦਾ ਵਧੀਆ ਮੌਕਾ ਦੇਵੇਗੀ।ਇਸ ਟੂਰਨਾਮੈਂਟ ਦੇ ਮੈਚ ਜਲੰਧਰ ਹਾਈਟਸ 1 ਦੇ ਟੀ ਬਲੋਕ ਕ੍ਰਿਕਟ ਗਰਾਊਂਡ ਵਿੱਚ ਖੇਡੇ ਜਾਣਗੇ, ਜੋ ਜਲੰਧਰ ਦੇ 66 ਫੁੱਟ ਰੋਡ ਉੱਤੇ ਸਥਿਤ ਹੈ।ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਦੇ ਨਾਮ ਇਹ ਹਨ : ਜਲੰਧਰ ਹਾਈਟਸ-1, ਜਲੰਧਰ ਹਾਈਟਸ-2, ਜਲੰਧਰ ਹਾਈਟਸ-3, ਜਲੰਧਰ ਹਾਈਟਸ-4, ਸਮਾਰਟ ਹੋਮਜ਼, ਮੈਕਸਿਮਾ, ਸਕਾਈ ਗਾਰਡਨ ਜਲੰਧਰ, ਕੈਂਬਿਅਮ ਲੁਧਿਆਣਾ, ਸਕਾਈ ਵਿਲਾਜ਼ ਲੁਧਿਆਣਾ, ਲੁਧਿਆਣਾ ਮੈਜੇਸਟਿਕ, ਏ.ਜੀ.ਆਈ. ਅਰਬਾਨਾ, ਏ.ਜੀ.ਆਈ. ਅਰਬਾਨਾ ਇਲੈਵਨ, ਜਲੰਧਰ ਹਾਈਟਸ-1 ਕਲੱਬ, ਜਲੰਧਰ ਹਾਈਟਸ-2 ਕਲੱਬ, ਏ.ਜੀ.ਆਈ. ਸਿਕਿਊਰਿਟੀ-1 ਇਲੈਵਨ, ਏ.ਜੀ.ਆਈ. ਕੰਟ੍ਰੈਕਟਰ ਕਲੱਬ, ਏ.ਜੀ.ਆਈ. ਸਿਕਿਊਰਿਟੀ-2 ਕਲੱਬ। ਵਰਿੰਦਰ ਸਿੰਘ ਨੇ ਦੱਸਿਆ ਕਿ ਬਾਹਰੋਂ ਆਉਣ ਵਾਲੀਆਂ ਟੀਮਾਂ ਲਈ ਖਾਸ ਮਹਿਮਾਨ-ਨਵਾਜ਼ੀ ਦੇ ਇੰਤਜ਼ਾਮ ਕੀਤੇ ਜਾਣਗੇ ।

# ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ ਹੇਰਾਂ 'ਚ ਅੱਜ

**ਜਲੰਧਰ (ਮਨਜੀਤ ਮਾਨ)**- ਪ੍ਰਵਾਸੀ ਤੇ ਉੱਘੇ ਸਮਾਜ ਸੇਵੀ ਹਰਬੰਸ ਸਿੰਘ ਖਟਕੜ ਤੇ ਮਹਿੰਦਰ ਕੌਰ ਖਟਕੜ ਯੂ.ਕੇ. ਹੋਰਾਂ ਵਲੋਂ ਗੁਰਦਵਾਰਾ ਸ੍ਰੀ ਕਲਗੀਧਰ ਸਿੰਘ ਸਭਾ ਪਿੰਡ ਹੇਰਾਂ ਨੇੜੇ ਨਕੋਦਰ ਵਿਖੇ ਨਰਿੰਦਰ ਬੰਗਾ ਸਾਬਕਾ ਟੈਕਨੀਕਲ ਡਾਇਰੈਕਟਰ ਦੂਰਦਰਸ਼ਨ ਜਲੰਧਰ ਦੀ ਪ੍ਰੇਰਨਾ ਸਦਕਾ ਐਡਵੋਕੇਟ ਅਵਤਾਰ ਸਿੰਘ ਕਲੇਰ ਅਤੇ ਸਰਵਣ ਸਿੰਘ ਹੇਰ ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਕੈਂਪ 15 ਮਾਰਚ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ ਲਗਾਇਆ ਜਾ ਰਿਹਾ ਹੈ। ਕੈਂਪ ਵਿੱਚ ਡਾ. ਚਰਨਜੀਤ ਸਿੰਘ ਤੇ ਡਾ. ਅਮਨਦੀਪ ਸਿੰਘ ਅਰੋੜਾ, ਅਰੋੜਾ ਆਈ ਹਸਪਤਾਲ ਜਲੰਧਰ ਵਾਲੇ ਅੱਖਾਂ ਦੀ ਜਾਂਚ ਕਰਨਗੇ। ਉਸੇ ਦਿਨ ਅਰੋੜਾ ਆਈ ਹਸਪਤਾਲ ਜਲੰਧਰ ਵਿਖੇ ਸ਼ਾਮ ਨੂੰ ਲੈਂਜ਼ ਪਾ ਚਿੱਟੇ ਮੋਤੀਏ ਦੇ ਆਪ੍ਰੇਸ਼ਨ ਕੀਤੇ ਜਾਣਗੇ। ਅਗਲੇ ਦਿਨ ਮਰੀਜ਼ਾਂ ਨੂੰ ਪਿੰਡ ਹੇਰਾਂ ਵਿਖੇ ਛੱਡ ਦਿੱਤਾ ਜਾਵੇਗਾ। ਮਰੀਜ਼ਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਗੁਰੂ ਕੇ ਅਟੁੱਟ ਲੰਗਰ ਵਰਤਾਏ ਜਾਣਗੇ ।

# ਡੇਰਾ ਸੰਤਪੁਰਾ ਜੱਬੜ ਵਿਖੇ ਸਾਲਾਨਾ ਅੰਮ੍ਰਿਤ ਸੰਚਾਰ ਤੇ ਸੰਤ ਸਮਾਗਮ 16 ਨੂੰ

**ਆਦਮਪੁਰ (ਪਰਮਜੀਤ ਸਿੰਘ)**- ਡੇਰਾ ਸੰਤਪੁਰਾ ਜੱਬੜ ਮਾਣਕੋ ਵਿਖੇ ਸਾਲਾਨਾ ਅੰਮ੍ਰਿਤ ਸੰਚਾਰ ਤੇ ਸੰਤ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮਾਗਮ ਸੰਬੰਧੀ ਸੰਤ ਸਰਵਨ ਸਿੰਘ, ਸੰਤ ਜਨਕ ਸਿੰਘ ਨੇ ਦੱਸਿਆ ਕਿ ਡੇਰਾ ਸੰਤਪੁਰਾ ਜੱਬੜ ਮਾਣਕੋ ਵਿਖੇ ਸਮਾਗਮ ਸੰਬੰਧੀ ਆਰੰਭ ਹੋਏ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 16 ਮਾਰਚ ਨੂੰ ਪਾਏ ਜਾਣਗੇ। ਸਮਾਗਮ ਵਿਚ ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਡੇਰਾ ਸੰਤਪੁਰਾ ਜੱਬੜ, ਭਾਈ ਤਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਲਖਬੀਰ ਸਿੰਘ, ਭਾਈ ਹਰਜੋਤ ਸਿੰਘ ਜਲੰਧਰ ਵਾਲੇ, ਢਾਡੀ ਜਥਾ ਭਾਈ ਬਲਬੀਰ ਸਿੰਘ ਭੁੱਲਾਰਾਈ ਸਮਾਗਮ



ਵਿਚ ਹਾਜਰੀ ਭਰਨਗੇ। ਅੰਮ੍ਰਿਤ ਸੰਚਾਰ ਲਈ ਪੰਜ ਪਿਆਰੇ ਤਖਤ ਸ੍ਰੀ ਕੇਸਗੜ੍ਹ ਸਿਹਬ ਤੋਂ ਪਹੁੰਚ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਉਪਰੰਤ ਅੰਮ੍ਰਿਤ ਅਭਿਲਾਖੀ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਜਾਵੇਗਾ। ਗੁਰੂ ਨਾਨਕ ਸਾਧ ਸੰਗਤ ਚੈਰੀਟੇਬਲ ਹਸਪਤਾਲ ਕਾਲਰਾ ਦੇ ਮਾਹਰ ਡਾਕਟਰਾਂ ਦੀ ਟੀਮ ਵਲੋਂ ਇਕ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਵੇਗਾ।

# ਛੋਟਾ ਹਾਥੀ ਨੂੰ ਟਰੱਕ ਦੇ ਟੱਕਰ ਮਾਰਨ ਨਾਲ ਇੱਕ ਗੰਭੀਰ ਜ਼ਖਮੀ

**ਮਾਹਿਲਪੁਰ (ਸ਼ਫ਼ਰੀ)**- ਬੀਤੀ ਰਾਤ ਮਾਹਿਲਪੁਰ ਜੇਜੋਂ ਰੋਡ ਮਾਹਿਲਪੁਰ ਵਿਖੇ ਇਕ ਤੇ ਰਫਤਾਰ ਟਰੱਕ ਵਾਲੇ ਨੇ ਛੋਟੇ ਹਾਥੀ ਦੇ ਪਿੱਛੇ ਟੱਕਰ ਮਾਰਨ ਨਾਲ ਛੋਟੇ ਹਾਥੀ ਵਾਲਾ ਡਰਾਈਵਰ ਗੰਭੀਰ ਰੂਪ ਜ਼ਖ਼ਮੀ ਹੋ ਗਿਆ ਅਤੇ ਨਾਲ ਬੈਠਾ ਨੌਜਵਾਨ ਵਾਲ ਵਾਲ ਬਚ ਗਿਆ ।ਥਾਣਾ ਮਾਹਿਲਪੁਰ ਦੀ ਪੁਲਸ ਨੇ ਵਾਹਨ ਕਬਜ਼ੇ ਵਿਚ ਲੈ



ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਧਰਮਿੰਦਰ ਸਿੰਘ ਪੁੱਤਰ ਸੋਮਪਾਲ ਵਾਸੀ ਨੰਗਲ ਖੁਰਦ ਨੇ ਦੱਸਿਆ ਕਿ ਉਹ ਛੋਟੇ ਹਾਥੀ 'ਤੇ ਜਲੰਧਰ ਤੋਂ ਸਬਜ਼ੀ ਲਿਆ ਕੇ ਮਾਹਿਲਪੁਰ ਲਾਹ ਕੇ ਬੀਤੀ ਰਾਤ ਤਕਰੀਬਨ 10 ਵਜੇ ਵਾਪਸ ਆਪਣੇ ਪਿੰਡ ਨੰਗਲ ਖੁਰਦ ਨੂੰ ਆ ਰਹੇ ਸਨ । ਉਨ੍ਹਾਂ ਦੱਸਿਆ ਕਿ ਜਦੋਂ ਉਹ ਮਲਿਕ ਇਲੈਕਟ੍ਰਾਨਿਕ ਵਾਲੇ ਦੀ ਦੁਕਾਨ ਦੇ ਥੋੜ੍ਹਾ ਜਿਹਾ ਪਿੱਛੇ ਹੀ ਸਨ ਤਾਂ ਮਗਰੋਂ ਤੇਜ਼ ਰਫਤਾਰ ਟਰੱਕ ਨੇ ਜ਼ਬਰਦਸਤ ਟੱਕਰ ਮਾਰ ਦਿੱਤੀ ਤੇ ਕਾਫੀ ਦੂਰੀ ਤੱਕ ਧੱਕਦਾ ਹੋਇਆ ਲੈ ਗਿਆ ਅਤੇ ਅੱਗੇ ਖੰਭੇ ਨਾਲ ਟਕਰਾ ਗਿਆ । ਉਨ੍ਹਾਂ ਦੱਸਿਆ ਕਿ ਛੋਟੇ ਹਾਥੀ ਦੇ ਪਰਖਚੇ ਉੱਡ ਗਏ ਅਤੇ ਉਸ ਦਾ ਡਰਾਈਵਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਜਿਸ ਨੂੰ ਸਰਕਾਰੀ ਹਸਪਤਾਲ ਮਾਹਿਲਪੁਰ ਦਾਖਲ ਕਰਵਾਇਆ ਗਿਆ । ਜਿੱਥੇ ਡਾਕਟਰਾ ਨੇ ਉਸ ਦੀ ਹਾਲਤ ਨੂੰ ਗੰਭੀਰ ਦੇਖਦੇ ਹੋਏ ਹੁਸ਼ਿਆਰਪੁਰ ਰੈਫਰ ਕਰ ਦਿੱਤਾ। ਥਾਣਾ ਮਾਹਿਲਪੁਰ ਦੀ ਪੁਲਸ ਨੇ ਦੋਨੋਂ ਵਾਹਨ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਦਕਾਨ ਦੇ ਮਾਲਕ ਅਮਿਤ ਮਲਿਕ ਨੇ ਦੱਸਿਆ ਕਿ ਟਰੱਕ ਐਨਾ ਤੇਜ਼ ਸੀ ਕਿ ਛੋਟੇ ਹਾਥੀ ਨੂੰ ਉਨ੍ਹਾਂ ਦੀ ਦੁਕਾਨ ਤੱਕ ਧੱਕਦਾ ਹੋਇਆ ਅੱਗੇ ਖੰਭੇ ਵਿਚ ਵੱਜਾ।

# ਗੁਰਨੇਕ ਸਿੰਘ ਫਤਹਿਪੁਰ ਕੋਠੀ ਨੂੰ ਹੰਝੂਆਂ ਭਰੀ ਅੰਤਿਮ ਵਿਦਾਇਗੀ

**ਮਾਹਿਲਪੁਰ (ਸ਼ਫ਼ਰੀ)**- ਬੀਤੇ ਕੱਲ੍ਹ ਇੱਕ ਟਰੱਕ ਹੇਠ ਦਰੜੇ ਜਾਣ ਮਗਰੋਂ ਗੰਭੀਰ ਹਾਲਤ ਵਿੱਚ ਜ਼ਖਮੀ ਗੁਰਨੇਕ ਸਿੰਘ ਸਪੁੱਤਰ ਮੰਗਲ ਸਿੰਘ ਮੰਗੀ ਵਾਸੀ ਫਤਹਿਪੁਰ ਕੋਠੀ ਦੀ ਜਾਨ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਨੂੰ ਬਚਾਇਆ ਨਹੀਂ ਜਾ ਸਕਿਆ ਜਿਸ ਕਾਰਨ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ।ਮਾਹਿਲਪੁਰ ਹਸਪਤਾਲ ਤੋਂ ਬਿਹਤਰ ਇਲਾਜ ਲਈ ਪੀ ਜੀ ਆਈ ਭੇਜੇ ਗੁਰਨੇਕ ਸਿੰਘ ਨੂੰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉੱਥੇ ਪੁਚਾਇਆ ਨਹੀਂ ਜਾ ਸਕਿਆ ਤੇ ਉਸ ਨੇ ਗੜ੍ਹਸ਼ੰਕਰ ਤੋਂ ਬਲਾਚੌਰ ਜਾਂਦਿਆਂ ਰਾਹ ਵਿੱਚ ਹੀ ਪ੍ਰਾਣ ਤਿਆਗ ਦਿੱਤੇ।ਉਸ ਦੇ ਪਿਤਾ ਜੋ ਮਿਹਨਤਕਸ਼ ਇਨਸਾਨ ਹਨ, ਨੂੰ ਆਪਣੇ ਲਾਡਲੇ ਪੁੱਤਰ ਦੀ ਦਲੇਰੀ 'ਤੇ ਮਾਣ ਹੈ ਕਿ ਉਸ ਨੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਬਚਾਉਣ ਲਈ ਕੋਸ਼ਿਸ਼ ਕੀਤੀ ਤੇ ਹੌਂਸਲਾ ਨਹੀਂ ਹਾਰਿਆ ਪਰ ਬਦਕਿਸਮਤੀ ਤੇ ਮਾੜੇ ਸਰਕਾਰੀ ਪ੍ਰਬੰਧਾਂ ਕਾਰਨ ਉਸ ਦੇ ਜਿਗਰ ਦੇ ਟੁਕੜੇ ਨੂੰ ਐਂਬੂਲੈਂਸ ਮਿਲਣ ਵਿੱਚ ਇੱਕ ਘੰਟੇ ਦੀ ਦੇਰੀ ਹੋਈ ।ਅੱਜ ਉਸ ਦੀ ਲਾਸ਼ ਵੀ ਲੱਗਭੱਗ 4 ਵਜੇ ਦੇ ਕਰੀਬ ਪੋਸਟਮਾਰਟਮ ਤੋਂ ਬਾਅਦ ਮਾਪਿਆਂ ਦੇ ਸਪੁਰਦ ਕੀਤੀ ਗਈ। ਸੈਂਕੜਿਆਂ ਦੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਤੇ ਰਿਸ਼ਤੇਦਾਰਾਂ ਨੇ ਬੇਵਕਤ ਵਿਛੜੇ ਕੀਮਤੀ ਹੀਰੇ ਗੁਰਨੇਕ ਦੀ



ਮ੍ਰਿਤਕ ਦੇਹ ਨੂੰ ਅਗਨ ਭੇਟ ਕੀਤਾ ਤੇ ਪ੍ਰਸ਼ਾਸਨ ਕੋਲੋਂ ਅਜਿਹੇ ਜਾਨਲੇਵਾ ਹਾਦਸੇ ਰੋਕਣ ਲਈ ਢੁੱਕਵੇਂ ਪ੍ਰਬੰਧ ਕਰਨ ਦੀ ਮੰਗ ਕੀਤੀ ਤਾਂ ਜੋ ਕਿਸੇ ਹੋਰ ਪਰਵਾਰ ਦੇ ਜੀਅ ਨੂੰ ਅਜਿਹੇ ਬੇਵਕਤ, ਭਿਆਨਕ ਤੇ ਦਿਲ ਦਹਿਲਾ ਦੇਣ ਵਾਲੀ ਮੌਤ ਤੋਂ ਬਚਾਇਆ ਜਾ ਸਕੇ।ਇਸ ਦੁਖਦਾਈ ਸਮੇਂ ਸੰਤ ਬਾਬਾ ਸੁੱਖਾ ਸਿੰਘ ਗੁਰਦੁਆਰਾ ਪੀਰ ਬਾਲਾ ਸਾਹਿਬ ਵਾਲੇ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਹਰਪਾਲ ਸਿੰਘ ਖਾਬੜਾ, ਰਣਵੀਰ ਸਿੰਘ ਹੱਲੂਵਾਲ, ਹਰਨੰਦਨ ਸਿੰਘ, ਮੱਖਣ ਸਿੰਘ ਕੋਠੀ, ਮੰਗਲ ਸਿੰਘ, ਗੁਰਪ੍ਰੀਤ ਸਿੰਘ ਕੋਠੀ, ਗੁਰਬਖਸ਼ੀਸ਼ ਸਿੰਘ ਮਾਹਿਲਪੁਰ, ਜੌਨੀ ਮਾਹਿਲਪੁਰ, ਹਰਦਿਆਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ, ਇਲਾਕਾ ਨਿਵਾਸੀ ਤੇ ਪੀੜਤ ਪਰਵਾਰ ਨਾਲ ਦੁੱਖ ਵੰਡਾਉਣ ਲਈ ਪਹੁੰਚੇ ਹੋਏ ਸਨ।

# ਸੰਤੋਸ਼ ਕਟਾਰੀਆ ਵੱਲੋਂ ਵਾਰਡ ਨੰ: 5 'ਚ 14.56 ਲੱਖ ਦੀ ਲਾਗਤ ਵਾਲੀ ਗਲੀ ਦਾ ਉਦਘਾਟਨ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)**- ਹਲਕਾ ਬਲਾਚੌਰ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਵੀਰਵਾਰ ਨੂੰ ਵਾਰਡ ਨੰਬਰ-5 ਵਿੱਚ ਨਵੀਂ ਬਣੀ ਗਲੀ ਦਾ ਉਦਘਾਟਨ ਕੀਤਾ ਗਿਆ। ਇਸ ਪ੍ਰੋਜੈਕਟ 'ਤੇ ਕੁੱਲ 14 ਲੱਖ 56 ਹਜ਼ਾਰ ਰੁਪਏ ਦੀ ਲਾਗਤ ਆਈ ਹੈ। ਉਦਘਾਟਨ ਦੌਰਾਨ ਵਿਧਾਇਕਾ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ



ਗੱਲਾਂ ਦੀ ਨਹੀਂ, ਕੰਮ ਦੀ ਸਰਕਾਰ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ 2022 ਦੀਆਂ ਚੋਣਾਂ ਵੇਲੇ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਲਈ ਵੱਡੇ ਫੰਡ ਜਾਰੀ ਕੀਤੇ ਜਾ ਰਹੇ ਹਨ ਤਾਂ ਜੋ ਬੁਨਿਆਦੀ ਢਾਂਚੇ ਨਾਲ ਜੁੜੀਆਂ ਪੁਰਾਣੀਆਂ ਸਮੱਸਿਆਵਾਂ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ। ਵਿਧਾਇਕਾ ਨੇ ਵਾਰਡ ਨੰਬਰ-5 ਦੇ ਕੌਂਸਲਰ ਹਨੀ ਡੱਬ ਦੇ ਕੰਮਾਂ ਦੀ ਸ਼ਲਾਘਾ ਕੀਤੀ। ਕੌਂਸਲਰ ਹਨੀ ਡੱਬ ਨੇ ਇਸ ਵਿਕਾਸ ਕਾਰਜ ਲਈ ਵਿਧਾਇਕਾ ਅਤੇ ਨਗਰ ਕੌਂਸਲ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਦਾ ਧੰਨਵਾਦ ਕੀਤਾ।ਸਮਾਗਮ ਦੌਰਾਨ ਕੌਂਸਲਰ ਨਿਰਮਲਾ ਰਾਣੀ, ਰਾਧੇ ਸ਼ਾਮ ਬਿੱਲੂ ਚੌਧਰੀ, ਬਿੱਟੂ ਰਾਣਾ ਅਤੇ ਇਲਾਕੇ ਦੇ ਕਈ ਹੋਰ ਪਤਵੰਤੇ ਸੱਜਣ ਮੌਜੂਦ ਸਨ।

# 16ਵੀਂ ਸਾਲਾਨਾ ਐਥਲੈਟਿਕ ਮੀਟ 'ਚ 2,500 ਐਥਲੀਟਾਂ ਹਿੱਸਾ ਲਿਆ

**ਜਲੰਧਰ (ਸ਼ੈਲੀ ਐਲਬਰਟ)** ਐਥਲੈਟਿਕਿਜ਼ਮ, ਅਤੇ ਰਾਸ਼ਟਰੀ ਸ਼ੁਕਰਗੁਜ਼ਾਰੀ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਆਪਣੀ 16ਵੀਂ ਸਾਲਾਨਾ ਐਥਲੈਟਿਕ ਮੀਟ ਸਫਲਤਾਪੂਰਵਕ ਸਮਾਪਤ ਕੀਤੀ।ਯੂਨੀਵਰਸਿਟੀ ਦੇ ਵਿਸ਼ਾਲ ਖੇਡ ਮੈਦਾਨ ਵਿੱਚ ਬਦਲਦੇ ਹੋਏ, ਤਿੰਨ ਦਿਨਾਂ ਦੇ ਇਸ ਸ਼ਾਨਦਾਰ ਪ੍ਰਦਰਸ਼ਨ ਵਿੱਚ 26 ਵੱਖ-ਵੱਖ ਸਕੂਲਾਂ ਦੇ 2,500 ਤੋਂ ਵੱਧ ਵਿਅਕਤੀਗਤ ਐਥਲੀਟਾਂ ਨੇ 34 ਵੱਖ-ਵੱਖ ਟਰੈਕ ਅਤੇ ਫੀਲਡ ਈਵੈਂਟਸ ਵਿੱਚ ਹਿੱਸਾ ਲਿਆ। ਇਸ ਸਮਾਗਮ ਦੇ ਮੁੱਖ ਮਹਿਮਾਨ, ਰਾਜ ਸਭਾ ਦੇ ਸੰਸਦ ਮੈਂਬਰ ਅਤੇ



ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਦੇ ਨਾਲ ਮਿਲ ਕੇ ਇਸ ਮੀਟਿੰਗ ਦਾ ਉਦਘਾਟਨ ਕੀਤਾ। ਐਥਲੈਟਿਕ ਮੀਟ ਵਿੱਚ ਕਈ ਤਰ੍ਹਾਂ ਦੇ ਮੁਕਾਬਲੇ ਹੋਏ, ਜਿਨ੍ਹਾਂ ਵਿੱਚ 100 ਮੀਟਰ ਸਪ੍ਰਿੰਟ, ਰੀਲੇਅ ਦੌੜ, ਲੰਬੀ ਛਾਲ, ਉੱਚੀ ਛਾਲ, ਸ਼ਾਟ ਪੁਟ, ਡਿਸਕਸ ਥ੍ਰੋ, ਅਤੇ ਨਾਲ ਹੀ ਕਈ ਹੋਰ ਟ੍ਰੈਕ ਅਤੇ ਫੀਲਡ ਈਵੈਂਟ ਸ਼ਾਮਲ ਸਨ। ਮਿੱਤਲ ਸਕੂਲ ਆਫ਼ ਬਿਜ਼ਨਸ ਨੇ 183 ਅੰਕਾਂ ਨਾਲ ਪਹਿਲਾ ਰਨਰ-ਅੱਪ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਸਕੂਲ ਆਫ਼ ਏਆਈ ਐਂਡ ਇਮਰਜਿੰਗ ਟੈਕਨਾਲੋਜੀਜ਼ ਨੇ ਦੂਜਾ ਰਨਰ-ਅੱਪ ਪੁਰਸਕਾਰ ਜਿੱਤ ਕੇ ਸਾਰਿਆਂ ਨੂੰ ਪ੍ਰਭਾਵਿਤ ਕੀਤਾ।

# ਖਟਕੜ ਕਲਾਂ ਵਿਖੇ ਸਮਾਗਮ 22 ਨੂੰ

**ਬੰਗਾ (ਅਵਤਾਰ ਕਲੇਰ)**- ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਯਾਦ 'ਚ ਸਾਮਰਾਜ ਵਿਰੋਧੀ ਅਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਨੂੰ ਬੁਲੰਦ ਕਰਦਾ ਦਹਾਕਿਆਂ ਤੋਂ ਨਿਰੰਤਰ



ਹੁੰਦਾ ਆ ਰਿਹਾ ਸਮਾਗਮ ਇਸ ਵਾਰ ਵੀ 22 ਮਾਰਚ ਦੀ ਸ਼ਾਮ ਨੂੰ ਖਟਕੜ ਕਲਾਂ ਵਿਖੇ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਭਨਾਂ ਤਿਆਰੀਆਂ ਨੂੰ ਅੰਤਿਮ ਛੋਹਾਂ ਦੇਣ ਅਤੇ ਸਮਾਗਮ ਦੇ ਭਵਿੱਖ ਮੁਖੀ ਉਦੇਸ਼ ਬਾਰੇ ਚੇਤੰਨ ਹੋ ਕੇ ਨਵੇਂ ਰਾਹ ਅਪਨਾਉਣ ਲਈ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਖਟਕੜ ਕਲਾਂ ਵਿਖੇ ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦਾ ਆਗਾਜ਼ ਦੀਪ ਕਲੇਰ ਵੱਲੋਂ ਪੇਸ਼ ਆਪਣੀ ਜੰਗ ਸਬੰਧੀ ਪ੍ਰਭਾਵਸ਼ਾਲੀ ਨਜ਼ਮ ਨਾਲ਼ ਕੀਤਾ ਗਿਆ। ਇਸ ਮੀਟਿੰਗ ਵਿੱਚ ਸਾਮਰਾਜੀ ਅਤੇ ਦੇਸੀ ਬਹੁਕੌਮੀ ਕੰਪਨੀਆਂ ਦੇ ਆਰਥਿਕ ਹੱਲੇ, ਮੋਦੀ ਅਤੇ ਭਗਵੰਤ ਮਾਨ ਹਕੂਮਤ ਵੱਲੋਂ ਕੰਪਨੀਆਂ ਦੀ ਸੇਵਾ ਸਾਰੇ ਦੁਆਰ ਖੋਲ੍ਹ ਦੇਣ ਦੇ ਸਾਡੇ ਲੋਕਾਂ ਉਪਰ ਪੈਣ ਵਾਲੇ ਮਾਰੂ ਅਸਰਾਂ ਬਾਰੇ ਵਿਚਾਰਾਂ ਹੋਈਆਂ। ਨਵੀਆਂ ਮੜ੍ਹੀਆਂ ਜਾ ਰਹੀਆਂ ਸ਼ਰਤਾਂ ਨੂੰ ਪ੍ਰਵਾਨਗੀ ਦੇਣ ਕਾਰਨ ਖੇਤੀ, ਸਨਅਤ, ਰੁਜ਼ਗਾਰ, ਸਿੱਖਿਆ, ਸਿਹਤ, ਬਿਜਲੀ, ਬੀਜ ਸੰਭਾਲ, ਛੋਟੇ ਕਾਰੋਬਾਰ, ਦੁਕਾਨਦਾਰ ਅਤੇ ਢੋਆ ਢੁਆਈ ਦੇ ਸਾਧਨਾਂ ਉਪਰ ਪੈਣ ਵਾਲੇ ਤਬਾਹਕੁੰਨ ਅਸਰਾਂ ਬਾਰੇ ਸੰਵਾਦ ਹੋਇਆ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਪਾਬੰਦੀਆਂ ਮੜ੍ਹਨ, ਝੂਠੇ ਕੇਸ ਪਾ ਕੇ ਜੇਲ੍ਹਾਂ ਅੰਦਰ ਡੱਕਣ, ਸਜਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਨਾ ਕਰਨ, ਝੂਠੇ ਮੁਕਾਬਲੇ ਰਚਣ, ਇਨਕਲਾਬੀ ਜਮਹੂਰੀ ਜੱਥੇਬੰਦੀਆਂ ਨੂੰ ਕਹਿਰ ਦਾ ਚੋਣਵਾਂ ਨਿਸ਼ਾਨਾ ਬਣਾਉਣ ਪਿੱਛੇ ਛੁਪੇ ਮੰਤਵ ਸਮਝਣ ਅਤੇ 22 ਮਾਰਚ ਸ਼ਾਮ ਨੂੰ ਖਟਕੜ ਕਲਾਂ ਸਮਾਗਮ ਵਿੱਚ ਲੋਕਾਂ ਨੂੰ ਸ਼ਾਮਲ ਹੋਣ ਲਈ ਜ਼ੋਰਦਾਰ ਉਪਰਾਲੇ ਕਰਨ ਦਾ ਵੀ ਫੈਸਲਾ ਕੀਤਾ ਗਿਆ।ਇਸ ਸਮਾਗਮ ਵਿੱਚ ਨਵਚਿੰਤਨ ਕਲਾ ਮੰਚ ਬਿਆਸ ਵੱਲੋਂ ਗੁਰਸ਼ਰਨ ਸਿੰਘ ਦਾ ਲਿਖਿਆ ਨਾਟਕ ਸੀਸ ਤਲੀ ਤੇ ਖੇਡਿਆ ਜਾਏਗਾ ਅਤੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਕਵੀਸ਼ਰੀਆਂ ਪੇਸ਼ ਕਰੇਗਾ। ਮੀਟਿੰਗ ਵਿੱਚ ਇਹ ਫੈਸਲਾ ਵੀ ਲਿਆ ਗਿਆ ਕਿ ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਮੁਹਿੰਮ ਦੀ ਲੜੀ ਵਜੋਂ ਇਲਾਕੇ ਵਿਚ ਢੁਕਵੀਂ ਸਰਗਰਮੀ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਸ ਖੇਤਰ ਦੇ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੂੰ ਦੇਸ਼ ਭਗਤਾਂ ਦੀ ਅਮੀਰ ਵਿਰਾਸਤ ਨਾਲ ਜੋੜਨ ਲਈ ਉਪਰਾਲੇ ਕਰਨ ਬਾਰੇ ਵੀ ਵਿਚਾਰਿਆ ਗਿਆ।

# ਪੰਜਾਬ ਭਰ 'ਚ ਔਰਤਾਂ ਨੇ ਜਾਗੋ ਕੱਢ ਕੇ ਮਨਾਈ ਖੁਸ਼ੀ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਮਾਵਾਂ, ਧੀਆਂ ਅਤੇ ਭੈਣਾਂ ਨੂੰ ਵਿੱਤੀ ਸਹਾਇਤਾ ਦੇਣ ਦੇ ਇਤਿਹਾਸਕ ਐਲਾਨ ਤੋਂ ਬਾਅਦ ਪੂਰੇ ਪੰਜਾਬ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਐਲਾਨ ਨੇ ਪੰਜਾਬ ਦੀਆਂ ਲੱਖਾਂ ਔਰਤਾਂ ਦੇ ਚਿਹਰਿਆਂ



'ਤੇ ਮੁਸਕਰਾਹਟ ਲਿਆ ਦਿੱਤੀ ਹੈ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਮਹਿਲਾਵਾਂ ਨੇ ਪੰਜਾਬੀ ਸੱਭਿਆਚਾਰ ਦੀ ਅਮੀਰ ਪਰੰਪਰਾ ਅਨੁਸਾਰ ਜਾਗੋ ਕੱਢ ਕੇ ਆਪਣੀ ਖੁਸ਼ੀ ਦਾ ਵੱਡੇ ਪੱਧਰ 'ਤੇ ਪ੍ਰਗਟਾਵਾ ਕੀਤਾ। ਔਰਤਾਂ ਨੇ ਢੋਲ ਦੀ ਥਾਪ 'ਤੇ ਨੱਚ-ਗਾ ਕੇ ਅਤੇ ਬੋਲੀਆਂ ਪਾ ਕੇ ਇਸ ਫ਼ੈਸਲੇ ਦਾ ਜ਼ੋਰਦਾਰ ਸਵਾਗਤ ਕੀਤਾ।ਮਹਿਲਾਵਾਂ ਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਯੋਜਨਾ ਪੰਜਾਬ ਦੀਆਂ ਔਰਤਾਂ ਲਈ ਬਹੁਤ ਮਦਦਗਾਰ ਸਾਬਿਤ ਹੋਵੇਗੀ। ਔਰਤਾਂ ਨੇ ਖੁਸ਼ੀ ਭਰੇ ਅੰਦਾਜ਼ ਵਿੱਚ ਕਿਹਾ, 'ਉਡੀਕ ਹੋਈ ਖ਼ਤਮ, ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਹ ਤੋਹਫ਼ਾ ਦੇਣ ਲਈ ਬਹੁਤ-ਬਹੁਤ ਧੰਨਵਾਦ।' ਔਰਤਾਂ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਸਰਕਾਰ ਨੇ ਸੱਚਮੁੱਚ ਔਰਤਾਂ ਦੇ ਹੱਕ ਵਿੱਚ ਇਨਾ ਵੱਡਾ ਅਤੇ ਠੋਸ ਕਦਮ ਚੁੱਕਿਆ ਹੈ।ਇਸ ਯੋਜਨਾ ਤਹਿਤ ਜਨਰਲ ਸ਼੍ਰੇਣੀ ਦੀਆਂ ਔਰਤਾਂ ਨੂੰ 1,000 ਰੁਪਏ ਪ੍ਰਤੀ ਮਹੀਨਾ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ। ਪੰਜਾਬ ਭਰ ਵਿੱਚ ਮਹਿਲਾਵਾਂ ਵੱਲੋਂ ਜਾਗੋ ਕੱਢ ਕੇ ਖੁਸ਼ੀ ਦਾ ਪ੍ਰਗਟਾਵਾ ਕਰਨਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਇਹ ਫ਼ੈਸਲਾ ਆਮ ਔਰਤਾਂ ਦੀਆਂ ਉਮੀਦਾਂ ਅਤੇ ਲੋੜਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ।

# ਸਿਆਸੀ ਬਦਲਾਅ ਲਿਆਏਗੀ 'ਪੰਜਾਬ ਬਚਾਓ ਯਾਤਰਾ' : ਐਨ ਕੇ ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਬਚਾਓ ਯਾਤਰਾ ਪੰਜਾਬ ਦੀ ਰਾਜਨੀਤੀ ਵਿੱਚ ਵੱਡਾ ਬਦਲਾਅ ਲਿਆਏਗੀ।ਐਨ ਕੇ ਸ਼ਰਮਾ 29 ਮਾਰਚ ਨੂੰ ਡੇਰਾਬੱਸੀ ਪਹੁੰਚਣ ਵਾਲੀ ਯਾਤਰਾ ਸੰਬੰਧੀ ਪਿੰਡ ਵਾਸੀਆਂ ਨੂੰ ਸੱਦਾ ਦੇਣ ਲਈ ਹਲਕੇ ਦੇ ਪਿੰਡਾਂ ਈਸਾਪੁਰ, ਡੇਰਾਜੁਗਾਤੀ, ਪਰਾਗਪੁਰ, ਇਬਰਾਹਿਮਪੁਰ, ਬਹੋੜਾ, ਬਹੋੜੀ, ਬਰੋਲੀ ਸਮੇਤ



ਲਗਭਗ ਇੱਕ ਦਰਜਨ ਪਿੰਡਾਂ ਵਿੱਚ ਪਹੁੰਚੇ। ਐਨ.ਕੇ. ਸ਼ਰਮਾ ਨੇ ਕਿਹਾ ਕਿ ਡੇਰਾਬੱਸੀ ਹਲਕੇ ਦੇ ਵਿਕਾਸ ਲਈ ਸ਼੍ਰੋਮਣੀ ਅਕਾਲੀ ਦਲ ਦਾ ਸੱਤਾ ਵਿੱਚ ਆਉਣਾ ਜ਼ਰੂਰੀ ਹੈ।ਇਸ ਮੌਕੇ ਸਰਕਲ ਪ੍ਰਧਾਨ ਰਜਿੰਦਰ ਸਿੰਘ, ਜ਼ਿਲ੍ਹਾ ਯੂਥ ਪ੍ਰਧਾਨ ਤਰਨਬੀਰ ਸਿੰਘ ਪੂਨੀਆ, ਲੱਕੀ, ਬਲਵਿੰਦਰ ਕੌਰ, ਰਵਿੰਦਰ ਸਿੰਘ, ਕਰਨੈਲ ਸਿੰਘ, ਸੁਰੇਸ਼ ਸ਼ਾਰਦਾ, ਜਸਪਾਲ ਸਿੰਘ ਈਸਾਪੁਰ, ਸੁਖਦੀਪ ਸਿੰਘ ਸੈਦਪੁਰਾ ਸਮੇਤ ਕਈ ਪਤਵੰਤੇ ਮੌਜੂਦ ਸਨ।

# ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ 24 ਨੂੰ ਦਿੱਲੀ ਰੈਲੀ 'ਚ ਸ਼ਾਮਲ ਹੋਵੋ : ਸੇਖੋਂ

**ਨੰਗਲ** : ਕੇਂਦਰ ਦੀ ਮੋਦੀ ਸਰਕਾਰ ਅਤੇ ਸੂਬਾਈ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਵੱਲੋਂ ਸੂਬੇ ਵਿੱਚ ਕੀਤੇ ਜਾ ਰਹੇ ਜਥਾ ਮਾਰਚ ਦਾ ਦੇਰ ਸ਼ਾਮ ਇੱਥੇ ਪੁੱਜਣ ਤੇ ਮਹੱਲਾ ਰਾਜ ਨਗਰ ਵਿੱਚ ਜ਼ੋਰਦਾਰ ਸਵਾਗਤ ਕੀਤਾ ਅਤੇ ਜਥੇ ਦੇ ਨਾਲ ਆਏ ਹੋਏ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਅੱਜ ਜਥੇ ਦੀ ਅਗਵਾਈ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਸਕੱਤਰੇਤ ਮੈਂਬਰ ਮੇਜਰ ਸਿੰਘ ਭਿਖੀਵਿੰਡ, ਜਤਿੰਦਰਪਾਲ ਸਿੰਘ ਦੀ ਅਗਵਾਈ ਹੇਠ ਜਥਾ ਪੁੱਜਿਆ। ਇਸ ਮੌਕੇ ਜੁੜੇ ਇਕੱਠ ਵਿੱਚ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸੀ ਪੀ ਆਈ ਐਮ ਵੱਲੋਂ ਦੇਸ਼ ਪੱਧਰ 'ਤੇ 24 ਮਾਰਚ ਨੂੰ ਦਿੱਲੀ ਰਾਮਲੀਲਾ ਮੈਦਾਨ ਵਿੱਚ ਭਾਰੀ ਰੈਲੀ ਕੀਤੀ ਜਾ ਰਹੀ ਹੈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਸ਼ਾਮਿਲ ਕਰਵਾਉਣ ਲਈ ਪਾਰਟੀ ਨੇ ਜਥਾ ਮਾਰਚ 11 ਮਾਰਚ ਤੋਂ ਆਰੰਭਿਆ ਹੋਇਆ ਹੈ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਿਹਨਤਕਸ਼ ਲੋਕਾਂ ਉੱਤੇ ਲਗਾਤਾਰ ਹਮਲੇ ਕਰ ਰਹੀ ਹੈ।ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਬਣਾ ਕੇ ਕਾਰਪੋਰੇਟ ਘਰਾਣਿਆਂ ਨੂੰ ਮਜ਼ਦੂਰਾਂ ਦੀ ਲੁੱਟ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ।ਇਹਨਾਂ ਲੇਬਰ ਕੋਡਾਂ ਨਾਲ ਮਜ਼ਦੂਰਾਂ ਦੀ ਘੱਟੋ ਘੱਟ ਤਨਖਾਹ ਦੀ ਕੋਈ



ਸਪੱਸ਼ਟਤਾ ਨਹੀਂ ਹੋਵੇਗੀ। ਤਨਖਾਹ ਸਮੇਂ ਸਿਰ ਦੇਣ ਦੀ ਗੱਲ ਦੂਰ ਰਹੀ ਮਿੱਲਾਂ ਦੇ ਮਾਲਕ ਗੈਰ ਕਾਨੂੰਨੀ ਕਟੌਤੀਆਂ ਓਵਰ ਟਾਈਮ ਤੇ ਡਬਲ ਰੇਟ ਵਰਗੀਆਂ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੋਵੇਗਾ। ਮਜ਼ਦੂਰਾਂ ਕੋਲੋਂ 12 ਘੰਟੇ ਕੰਮ ਲਿਆ ਜਾਵੇਗਾ। ਪੱਕੀਆਂ ਨੌਕਰੀਆਂ ਘੱਟ ਕੀਤੀਆਂ ਜਾ ਰਹੀਆਂ ਹਨ, ਠੇਕੇਦਾਰੀ ਸਿਸਟਮ ਨੂੰ ਵਧਾਇਆ ਜਾ ਰਿਹਾ ਹੈ।ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਮਨਰੇਗਾ ਕਾਨੂੰਨ ਨੂੰ ਤੋੜ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਕੇਂਦਰ ਦੀ ਸਰਕਾਰ ਨੇ ਮਨਰੇਗਾ ਲਈ ਫੰਡ ਘਟਾਇਆ ਹੈ। ਹੁਣ ਵੀ ਬੀ ਜੀ ਗ੍ਰਾਮ ਜੀ ਐਕਟ ਬਣਾ ਕੇ 60-40 ਦਾ ਅਨੁਪਾਤ ਕਰ ਦਿੱਤਾ ਹੈ। ਜਿਸ ਨਾਲ ਸੂਬਾ ਸਰਕਾਰਾਂ ਮਨਰੇਗਾ ਮਜ਼ਦੂਰਾਂ ਨੂੰ ਕੰਮ ਦੇਣ ਤੋਂ ਅਸਮਰਥ ਹੋ ਜਾਣਗੀਆਂ। ਉਹਨਾਂ ਨੇ ਕਿਹਾ ਕਿ ਕਿਸਾਨ ਵਿਰੋਧੀ ਬੀਜ ਬਿੱਲ 2025, ਬਿਜਲੀ ਸੋਧ ਬਿੱਲ 2025 ਨੂੰ ਰੱਦ ਕੀਤਾ ਜਾਵੇ। ਉਹਨਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਮਰੀਕਾ ਨਾਲ ਜੋ ਖੇਤੀ ਸਬੰਧੀ ਸਮਝੌਤੇ ਕਰ ਰਹੀ ਹੈ ਇਹ ਦੇਸ਼ ਦੀ ਕਿਸਾਨੀ ਲਈ ਮੌਤ ਦੇ ਵਾਰੰਟ ਸਾਬਤ ਹੋਣਗੇ। ਇਸ ਮੌਕੇ ਕਾਮਰੇਡ ਸੇਖੋਂ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਗੈਂਗਸਟਰਾਂ ਵੱਲੋਂ ਜਬਰਨ ਫਿਰੌਤੀਆਂ, ਕਤਲਾਂ ਦੀਆਂ ਵਾਰਦਾਤਾਂ ਵਿੱਚ ਹਰ ਰੋਜ਼ ਵਾਧਾ ਹੋ ਰਿਹਾ ਹੈ। ਸਰਕਾਰ ਬੇਵੱਸ ਨਜ਼ਰ ਆ ਰਹੀ ਹੈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵੀ ਠੁੱਸ ਹੋ ਗਈ ਹੈ।ਉਹਨਾਂ ਨੇ ਕਿਹਾ ਕਿ ਆਪ ਦੇ ਸਰਪੰਚ ਕੋਲੋਂ 18 ਕਿਲੋ ਹੈਰੋਇਨ ਫੜਨੀ ਵੀ ਪੰਜਾਬ ਦੇ ਲੋਕਾਂ ਲਈ ਇੱਕ ਸ਼ੀਸ਼ਾ ਹੈ। ਉਹਨਾਂ ਨੇ ਕਿਹਾ ਕਿ ਸਰਕਾਰ ਸਰਕਾਰੀ ਜ਼ਮੀਨਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੀ ਹੈ ਅਤੇ ਪੰਜਾਬ ਸਿਰ ਲਗਾਤਾਰ ਕਰਜ਼ਾ ਵਧਦਾ ਜਾ ਰਿਹਾ। ਉਹਨਾਂ ਨੇ ਹਾਜ਼ਰ ਮਜ਼ਦੂਰਾਂ ਮੁਲਾਜ਼ਮਾਂ ਨੂੰ ਸੱਦਾ ਦਿੱਤਾ ਕਿ ਉਹ 24 ਮਾਰਚ ਦੀ ਦਿੱਲੀ ਰੈਲੀ ਵਿੱਚ ਵੱਡੀ ਗਿਣਤੀ ਚ ਸ਼ਾਮਿਲ ਹੋਣ। ਇਸ ਮੌਕੇ ਤੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਜਤਿੰਦਰ ਪਾਲ ਸਿੰਘ ਕਾਮਰੇਡ ਮੇਜਰ ਸਿੰਘ ਭਿੱਖੀਵਿੰਡ, ਜਿਲਾ ਸਕੱਤਰ ਕਾਮਰੇਡ ਬਜਿੰਦਰ ਪੰਡਤ, ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਸਤਨਾਮ ਸਿੰਘ ਤਹਿਸੀਲ ਸਕੱਤਰ, ਰਕੇਸ਼ ਬਾਲੀ ਕਲਸੇੜਾ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਜ਼ਿਲ੍ਹਾ ਕਮੇਟੀ ਮੈਂਬਰ ਜਸਵਿੰਦਰ ਸਿੰਘ ਭੰਗਲ ,ਰਜਿੰਦਰ ਸਿੰਘ ਡੋਡ ਸੁਖਦੇਵ ਸਿੰਘ, ਕੁਲਵੰਤ ਪਾਠਕ, ਮਹਿੰਦਰ ਸਿੰਘ ਸੰਗਤਪੁਰ,ਤਰਸੇਮ ਸੁਖਸਾਲ, ਸੁਰਜੀਤ ਸਿੰਘ ਨੰਗਲ, ਤਿਲਕ ਰਾਜ, ਰਘਵੀਰ ਸਿੰਘ ਦਰਸ਼ੀ, ਮਮਤਾ ਦੇਵੀ, ਰੀਨਾ, ਛੰਨੋ, ਅਨੀਤਾ, ਰੀਟਾ, ਨੀਤੂ, ਸੋਨੂ ਸਮੇਤ ਹੋਰ ਆਗੂ ਵੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਜਥੇ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ।

# ਮਾ: ਭਗਤ ਰਾਮ ਨਮਿਤ ਸ਼ਰਧਾਂਜਲੀ ਸਮਾਗਮ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਾਬਕਾ ਮੈਂਬਰ ਪਾਰਲੀਮੈਂਟ ਮਾਸਟਰ ਭਗਤ ਰਾਮ ( ਸਾਬਕਾ ਐਮ ਪੀ ) ਸੀ ਪੀ ਆਈ ਐਮ ਜੋ ਕਿ 30 ਮਾਰਚ 2025 ਨੂੰ ਸਦੀਵੀ



ਵਿਛੋੜੇ ਦੇ ਗਏ ਸਨ, ਉਹ ਆਪਣੇ ਪਰਵਾਰ ਪਿੱਛੇ ਪੁੱਤਰ ਸੁਰਜੀਤ ਕੁਮਾਰ ਪਤਨੀ ਰਾਜਵਿੰਦਰ ਕੌਰ, ਤਜਿੰਦਰ ਕੁਮਾਰ ਮਹਿਮੀ ( ਪੁੱਤਰ,) ਪ੍ਰੋਮਿਲਾ ਜੱਖੂ, ਵਿਜੇ ਜੱਖੂ ਧੀ ਜੁਆਈ) ਰੀਟਾ ਅਹੀਰ/ ਪ੍ਰੇਮ ਅਹੀਰ ਧੀ ਜੁਆਈ) ਆਪਣਾ ਪਰਵਾਰ ਪਿੱਛੇ ਛੱਡ ਗਏ ਹਨ। ਉਹਨਾਂ ਦਾ ਸ਼ਰਧਾਂਜਲੀ ਸਮਾਗਮ 15 ਮਾਰਚ ਨੂੰ 11 ਤੋਂ 2 ਵਜੇ ਤੱਕ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪਿੰਡ ਭਾਰਦੁਆਜੀਆ ਜ਼ਿਲ੍ਹਾ ਜਲੰਧਰ ਵਿਖੇ ਹੋਵੇਗਾ।ਆਪ ਸਭ ਨੂੰ ਪਹੁੰਚਣ ਦੀ ਅਪੀਲ ਕੀਤੀ ਹੈ।

# ਪੁਸ਼ਵਿੰਦਰ ਕੁਮਾਰ ਏ ਐਸ ਆਈ ਤੋਂ ਬਣੇ ਸਬ-ਇੰਸਪੈਕਟਰ

**ਪੋਜੇਵਾਲ (ਰਾਮ ਲਾਲ)** ਪੰਜਾਬ ਪੁਲਸ ਵਿੱਚ ਲੰਮੇ ਸਮੇਂ ਤੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਪੁਸ਼ਵਿੰਦਰ ਕੁਮਾਰ ਦੀ ਮਿਹਨਤ ਅਤੇ ਇਮਾਨਦਾਰੀ ਨੂੰ ਉਸ ਸਮੇਂ ਵੱਡਾ ਮਾਣ ਮਿਲਿਆ ਜਦੋਂ ਉਨ੍ਹਾਂ ਨੂੰ ਸਹਾਇਕ ਸਬ-ਇੰਸਪੈਕਟਰ ਤੋਂ ਤਰੱਕੀ ਦੇ ਕੇ ਸਬ-ਇੰਸਪੈਕਟਰ ਬਣਾ ਦਿੱਤਾ ਗਿਆ। ਸ਼ਹੀਦ ਭਗਤ ਸਿੰਘ ਨਗਰ ਦੇ ਐਸ.ਐਸ.ਪੀ. ਤੁਸ਼ਾਰ ਗੁਪਤਾ ਵੱਲੋਂ ਪੁਸ਼ਵਿੰਦਰ ਕੁਮਾਰ ਦੀ ਵਰਦੀ 'ਤੇ ਸਟਾਰ ਲਗਾ ਕੇ ਉਨ੍ਹਾਂ ਨੂੰ ਵਿਭਾਗੀ ਤਰੱਕੀ ਦੀ ਵਧਾਈ ਦਿੱਤੀ ਗਈ।ਆਪਣੇ ਲਗਭਗ 37 ਸਾਲਾਂ ਦੇ ਸੇਵਾਕਾਲ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ



ਜਿਵੇਂ ਕਿ ਖੰਨਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਬੜੀ ਤਨਦੇਹੀ ਨਾਲ ਡਿਊਟੀ ਨਿਭਾਈ ਹੈ। ਮੌਜੂਦਾ ਸਮੇਂ ਵਿੱਚ ਉਹ ਥਾਣਾ ਪੋਜੇਵਾਲ ਵਿਖੇ ਆਪਣੀਆਂ ਸੇਵਾਵਾਂ ਦੇ ਰਹੇ ਹਨ।ਇਸ ਮੌਕੇ ਐਸ.ਐਸ.ਪੀ. ਨੇ ਪੁਸ਼ਵਿੰਦਰ ਕੁਮਾਰ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਨਵ-ਨਿਯੁਕਤ ਸਬ-ਇੰਸਪੈਕਟਰ ਪੁਸ਼ਵਿੰਦਰ ਕੁਮਾਰ ਨੇ ਵਿਭਾਗ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਆਉਣ ਵਾਲੇ ਸਮੇਂ ਵਿੱਚ ਵੀ ਆਪਣੀ ਡਿਊਟੀ ਪੂਰੀ ਮਿਹਨਤ, ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਨਿਭਾਉਣਗੇ।ਇਸ ਮੌਕੇ ਉਨ੍ਹਾਂ ਦੇ ਭਰਾ ਕੇਵਲ ਕ੍ਰਿਸ਼ਨ ਅਤੇ ਡਾਕਟਰ ਲਖਵਿੰਦਰ ਸਿੰਘ ਵੀ ਮੌਜੂਦ ਸਨ।

# ਜੰਡੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ 18 ਨੂੰ

**ਕਰਤਾਰਪੁਰ (ਹਰਮੇਸ਼ ਦੱਤ)**- ਜੰਡੇ ਜਠੇਰਿਆਂ ਦਾ ਸਲਾਨਾ ਜੋੜ ਮੇਲਾ 18 ਮਾਰਚ ਨੂੰ ਪਿੰਡ ਕਾਨਾ ਢੇਸੀਆਂ ਨਜ਼ਦੀਕ ਗਰਾਊਂਡ ਵਿਖੇ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਝੰਡੇ ਦੀ ਰਸਮ 11 ਵਜੇ ਸਵੇਰੇ ਕੀਤੀ ਜਾਵੇਗੀ ਅਤੇ ਗੁਰੂ ਕਾ ਲੰਗਰ 12 ਵਜੇ ਅਟੁੱਟ ਵਰਤਾਇਆ ਜਾਵੇਗਾ।

ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026

# ਪੰਜਾਬ ਤੇ ਕੋਰੀਆ ਵਿਚਕਾਰ ਨਿਵੇਸ਼ ਤੇ ਉਦਯੋਗਿਕ ਸਹਿਯੋਗ ਵਧਾਉਣ 'ਤੇ ਜ਼ੋਰ




**ਚੰਡੀਗੜ੍ਹ (ਗੁਰਜੀਤ ਬਿੱਲਾ)** ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026 ਦੌਰਾਨ ਕਰਵਾਏ ਗਏ ਰਿਪਬਲਿਕ ਆਫ਼ ਕੋਰੀਆ ਕੰਟਰੀ ਸੈਸ਼ਨ ਵਿੱਚ ਪੰਜਾਬ ਅਤੇ ਕੋਰੀਆ ਦਰਮਿਆਨ ਵਧ ਰਹੀ ਆਰਥਿਕ ਅਤੇ ਉਦਯੋਗਿਕ ਭਾਈਵਾਲੀ ਨੂੰ ਉਜਾਗਰ ਕੀਤਾ ਗਿਆ।ਸੈਸ਼ਨ ਵਿੱਚ ਉੱਨਤ ਨਿਰਮਾਣ, ਤਕਨਾਲੋਜੀ ਸਹਿਯੋਗ, ਐਮ ਐਸ ਐਮ ਈ ਸਬੰਧਾਂ ਅਤੇ ਭਵਿੱਖੀ ਨਿਵੇਸ਼ ਦੇ ਮੌਕਿਆਂ 'ਤੇ ਵਿਚਾਰ-ਵਟਾਂਦਰਾ ਹੋਇਆ।ਮੰਤਰੀ ਕੌਂਸਲਰ ਯੂਈ-ਜਿਨ ਚੋਨ ਨੇ ਦੱਸਿਆ ਕਿ ਇਸ ਵੇਲੇ 670 ਤੋਂ ਵੱਧ ਕੋਰੀਆਈ ਕੰਪਨੀਆਂ ਭਾਰਤ ਵਿੱਚ ਕੰਮ ਕਰ ਰਹੀਆਂ ਹਨ ਅਤੇ ਸੈਮੀਕੰਡਕਟਰ, ਜਹਾਜ਼ ਨਿਰਮਾਣ ਤੇ ਉੱਨਤ ਨਿਰਮਾਣ ਖੇਤਰਾਂ ਵਿੱਚ ਨਿਵੇਸ਼ ਦੀਆਂ ਸੰਭਾਵਨਾਵਾਂ ਹਨ।ਇਸ ਮੌਕੇ ਡੀ ਸੀ ਐਮ ਗਰੁੱਪ ਆਫ਼ ਸਕੂਲਜ਼ ਅਤੇ ਕੋਰੀਆ ਦੀ ਟੈਗਹਾਈਵ ਦਰਮਿਆਨ ਸਿੱਖਿਆ ਤਕਨਾਲੋਜੀ ਸਹਿਯੋਗ ਲਈ ਇੱਕ ਐਮ ਓ ਯੂ 'ਤੇ ਹਸਤਾਖਰ ਵੀ ਕੀਤੇ ਗਏ। ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਨਵੀਨਤਾ ਅਤੇ ਉਦਯੋਗਿਕ ਵਿਕਾਸ ਲਈ ਇੱਕ ਮਹੱਤਵਪੂਰਨ ਕੇਂਦਰ ਵਜੋਂ ਉਭਰ ਰਿਹਾ ਹੈ।

## ਮੇਹਰ ਚੰਦ ਪੋਲੀਟੈਕਨਿਕ ਦੇ ਵਿਦਿਆਰਥੀਆਂ ਨੇ 'ਰੋਬੋਟਿਕਸ ਚੈਂਪੀਅਨਸ਼ਿਪ' ਜਿੱਤੀ

**ਜਲੰਧਰ (ਸ਼ੈਲੀ ਐਲਬਰਟ)** ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਮੈਡਮ ਪ੍ਰੀਤ ਕੰਵਲ, ਇੰਚਾਰਜ ਈਸੀਈ ਵਿਭਾਗ ਦੀ ਯੋਗ ਅਗਵਾਈ ਹੇਠ, ਈ ਸੀ ਈ ਵਿਭਾਗ ਦੇ ਵਿਦਿਆਰਥੀਆਂ ਨੇ ਸੀ ਟੀ ਇੰਸਟੀਚਿਊਟ ਆਫ਼ ਟੈਕਨਾਲੋਜੀ ਐਂਡ ਰਿਸਰਚ ਵਿਖੇ



ਆਯੋਜਿਤ ਰੋਬੋਟਿਕਸ ਟੱਗ ਆਫ਼ ਵਾਰ ਚੈਂਪੀਅਨਸ਼ਿਪ ਵਿੱਚ ਆਪਣੇ ਤਕਨੀਕੀ ਹੁਨਰ ਅਤੇ ਨਵੀਨਤਾ ਦਾ ਪ੍ਰਦਰਸ਼ਨ ਕੀਤਾ। ਮਜ਼ਬੂਤ ਦਾਅਵੇਦਾਰਾਂ ਦੇ ਖਿਲਾਫ ਮੁਕਾਬਲਾ ਕਰਦੇ ਹੋਏ, ਮੇਹਰ ਚੰਦ ਪੌਲੀਟੈਕਨਿਕ ਦੀ ਟੀਮ ਨੇ ਸਫਲਤਾਪੂਰਵਕ ਚੌਥਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਸੰਸਥਾ ਨੂੰ ਮਾਣ ਮਿਲਿਆ। ਟੀਮ ਵਿੱਚ ਵੈਸ਼ਨਵੀ, ਜ਼ੈਦ, ਆਦਿਤਿਆ, ਗੁਰਸਿਦਕ ਅਤੇ ਪਾਰਥ ਸ਼ਾਮਲ ਸਨ। ਰੋਬੋਟ ਦੀ ਤਿਆਰੀ ਲਈ ਉਨ੍ਹਾਂ ਦਾ ਮਾਰਗਦਰਸ਼ਨ ਮਨੀਸ਼ ਸਚਦੇਵਾ ਦੁਆਰਾ ਕੀਤਾ ਗਿਆ ਸੀ।ਪ੍ਰਿੰਸੀਪਲ, ਇੰਚਾਰਜ ਅਤੇ ਸਟਾਫ ਮੈਂਬਰਾਂ ਨੇ ਟੀਮ ਨੂੰ ਉਨ੍ਹਾਂ ਦੀ ਪ੍ਰਾਪਤੀ ਲਈ ਵਧਾਈ ਦਿੱਤੀ। ਇਸ ਸਮੇਂ ਫੈਕਲਟੀ ਮੈਂਬਰ ਮਨੀਸ਼, ਸ਼੍ਰੀਮਤੀ ਮਨਿੰਦਰ ਅਤੇ ਮੈਡਮ ਦੇਵਿਕਾ ਵੀ ਮੌਜੂਦ ਸਨ।

## ਵਿਸ਼ੇਸ਼ ਸਿਹਤ ਜਾਗਰੂਕਤਾ ਕੈਂਪ ਲਗਾਇਆ

**ਡੇਰਾਬੱਸੀ, (ਵਿਨੈ ਕੁਮਾਰ ਜੈਨ)** ਸਥਾਨਕ ਸ਼ਹਿਰ ਦੀ ਨਾਮੀ ਰਿਹਾਇਸ਼ੀ ਸੁਸਾਇਟੀ 'ਰੋਜ਼ਵੁੱਡ-2' ਵਿਖੇ ਸਿਹਤ ਅਤੇ ਤੰਦਰੁਸਤੀ ਨੂੰ ਸਮਰਪਿਤ ਇੱਕ ਵਿਸ਼ੇਸ਼ ਵੈਲਨੈੱਸ ਇਵੈਲੂਏਸ਼ਨ ਸੈਸ਼ਨ (ਸਿਹਤ ਮੁਲਾਂਕਣ ਕੈਂਪ) ਦਾ ਆਯੋਜਨ ਕੀਤਾ ਗਿਆ।ਸੁਸਾਇਟੀ ਦੇ ਸ਼ਾਪਿੰਗ ਕੰਪਲੈਕਸ ਦੇ ਨਜ਼ਦੀਕ ਸਥਿਤ ਪਾਰਕ ਵਿੱਚ ਲਗਾਏ ਗਏ ਇਸ ਕੈਂਪ ਦੌਰਾਨ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਤਿੰਨ ਸੀਨੀਅਰ ਵੈਲਨੈੱਸ ਕੋਚਾਂ ਨੇ ਨਿਵਾਸੀਆਂ ਨੂੰ ਅਜੋਕੇ ਦੌਰ ਦੀਆਂ ਬਿਮਾਰੀਆਂ ਅਤੇ ਉਨ੍ਹਾਂ ਤੋਂ ਬਚਾਅ ਦੇ ਤਰੀਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਕੈਂਪ ਵਿੱਚ ਆਏ ਮਾਹਿਰਾਂ ਨੇ ਲੋਕਾਂ ਦੇ ਸਰੀਰਕ ਮਾਪਦੰਡਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਰੋਜ਼ਾਨਾ ਖੁਰਾਕ ਵਿੱਚ ਸੁਧਾਰ ਕਰਨ ਦੇ ਨੁਕਤੇ ਸਾਂਝੇ ਕੀਤੇ।




ਦਿੱਲੀ ਤੋਂ ਆਏ ਕੋਚਾਂ ਨੇ ਦੱਸਿਆ ਕਿ ਮਾੜੀ ਜੀਵਨ ਸ਼ੈਲੀ ਅਤੇ ਖਾਣ-ਪੀਣ ਦੀਆਂ ਗਲਤ ਆਦਤਾਂ ਕਾਰਨ ਅੱਜ-ਕੱਲ੍ਹ ਹਰ ਉਮਰ ਦੇ ਵਿਅਕਤੀ ਮੋਟਾਪੇ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ।ਕੈਂਪ ਦੇ ਅਖੀਰ ਵਿੱਚ ਕੋਚਾਂ ਨੇ ਸਥਾਨਕ ਲੋਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਆਪਣੀ ਸਿਹਤ ਪ੍ਰਤੀ ਸੁਚੇਤ ਰਹਿਣ ਦਾ ਸੱਦਾ ਦਿੱਤਾ। ਇਸ ਮੌਕੇ ਸੁਸਾਇਟੀ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਅਤੇ ਕਈ ਪਤਵੰਤੇ ਸੱਜਣ ਹਾਜ਼ਰ ਸਨ, ਜਿਨ੍ਹਾਂ ਨੇ ਮਾਹਿਰਾਂ ਦਾ ਧੰਨਵਾਦ ਕੀਤਾ।

## ਦਲਜੀਤ ਮਿਨਹਾਸ ਨੇ ਸ਼ੁਕਰਾਨਾ ਸਮਾਗਮ ਕਰਵਾਇਆ



**ਆਦਮਪੁਰ (ਪਰਮਜੀਤ ਸਿੰਘ)**- ਬਲਾਕ ਸੰਮਤੀ ਆਦਮਪੁਰ ਦੇ ਚੇਅਰਮੈਨ ਦਲਜੀਤ ਸਿੰਘ ਮਿਨਹਾਸ ਵੱਲੋਂ ਚੇਅਰਮੈਨ ਦਾ ਅਹੁਦਾ ਮਿਲਣ 'ਤੇ ਖੁਸ਼ੀ ਸਾਂਝੀ ਕਰਦਿਆਂ ਗੁਰਦੁਆਰਾ ਸ਼ਹੀਦ ਬਾਬਾ ਮਤੀ ਡਰੋਲੀ ਕਲਾਂ ਵਿਖੇ ਅਖੰਡ ਪਾਠ ਸਾਹਿਬ ਕਰਵਾਉਣ ਉਪਰੰਤ - ਸ਼ੁਕਰਾਨਾ ਸਮਾਗਮ ਕਰਵਾਇਆ। ਸਮਾਗਮ ਵਿਚ - ਹਾਜ਼ਰ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਨੇ ਦੱਸਿਆ ਵਿਦੇਸ਼ਾਂ ਦੀ ਮਿੱਟੀ ਨੂੰ ਛੱਡ ਕੇ ਆਪਣੇ ਪੰਜਾਬ ਦੀ ਮਿੱਟੀ ਨਾਲ ਪਿਆਰ ਕਰਨ ਵਾਲੇ ਐਨ ਆਰ ਆਈ ਦਲਜੀਤ ਸਿੰਘ ਮਿਨਹਾਸ ਵੱਲੋਂ ਪਾਰਟੀ ਵਿਚ ਰਹਿ ਕੇ ਕੀਤੀ ਨਿਸ਼ਕਾਮ ਸੇਵਾ ਨੂੰ ਦੇਖਦਿਆਂ ਪਾਰਟੀ ਵਲੋਂ ਉਨ੍ਹਾਂ ਨੂੰ ਬਲਾਕ ਸੰਮਤੀ ਆਦਮਪੁਰ ਦੇ ਚੇਅਰਮੈਨ ਵਜੋਂ ਅਹੁਦਾ ਨਿਵਾਜਿਆ ਜਿਸ ਦਾ ਅੱਜ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਮਤੀ ਵਿਖੇ ਸਮੇਤ ਪਾਰਟੀ ਆਗੂ ਤੇ ਵਰਕਰ ਹਾਜ਼ਰ ਹੋਏ। ਨਵ ਨਿਯੁਕਤ ਪ੍ਰਧਾਨ ਦਲਜੀਤ ਸਿੰਘ ਨੇ ਦੱਸਿਆ ਕਿ ਮੈਂ ਸਮੂਹ ਸੰਮਤੀ ਮੈਂਬਰਾਂ ਨੂੰ ਆਪਣੇ ਨਾਲ ਲੈ ਕੇ ਪੂਰੀ ਇਮਾਨਦਾਰੀ ਇਲਾਕੇ ਦਾ ਵਿਕਾਸ ਕਰਵਾਵਾਂਗਾ।

## ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ ਮਿਲਿਆ 5-5 ਲੱਖ ਰੁਪਏ ਦਾ ਸਨਮਾਨ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)** ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਭਾਈਚਾਰਕ ਸਾਂਝ ਨੂੰ ਹੁਲਾਰਾ ਦੇਣ ਅਤੇ ਨਿਰਪੱਖ ਵਿਕਾਸ ਨੂੰ ਯਕੀਨੀ ਬਣਾਉਣ ਦੇ ਮਕਸਦ ਨਾਲ ਇਲਾਕੇ ਦੇ ਵੱਖ-ਵੱਖ ਪਿੰਡਾਂ ਦੀਆਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਦੌਰਾਨ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਗ੍ਰਾਂਟਾਂ ਦੇ ਚੈੱਕ ਤਕਸੀਮ ਕੀਤੇ ਗਏ।ਸਮਾਗਮ ਦੌਰਾਨ ਪਿੰਡ ਨਵਾਂ ਪਿੰਡ ਟਕਾਰਲਾ, ਟਕਾਰਲਾ ਉਪਰਲੀ ਪੱਤੀ, ਖ਼ੀਵੇਵਾਲ ਅਤੇ ਬੱਲੋਵਾਲ ਸੋਖੜੀ ਦੀਆਂ ਪੰਚਾਇਤਾਂ ਨੂੰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ 5-5 ਲੱਖ ਰੁਪਏ ਦੇ ਚੈੱਕ ਭੇਟ ਕੀਤੇ ਗਏ। ਇਹ ਰਾਸ਼ੀ ਪਿੰਡਾਂ ਦੀਆਂ ਗਲੀਆਂ-ਨਾਲੀਆਂ ਦੀ ਮੁਰੰਮਤ, ਸਾਂਝੀਆਂ ਥਾਵਾਂ ਦੇ ਸੁੰਦਰੀਕਰਨ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਰਤੀ ਜਾਵੇਗੀ।ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਇਹ ਰਾਸ਼ੀ ਪਿੰਡਾਂ ਦੀ ਤਰੱਕੀ ਲਈ ਸਰਕਾਰ ਦਾ ਇੱਕ ਨਿਮਾਣਾ ਜਿਹਾ ਯੋਗਦਾਨ ਹੈ।ਸਰਬਸੰਮਤੀ ਨਾਲ ਚੁਣੇ ਗਏ ਪੰਚਾਇਤ ਮੈਂਬਰਾਂ ਅਤੇ ਨਗਰ ਨਿਵਾਸੀਆਂ ਨੂੰ ਵਧਾਈ ਦਿੰਦਿਆਂ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।





## ਪੈਨਸ਼ਨਰ ਮਹਾਂਸੰਘ ਵੱਲੋਂ ਅਧਿਆਪਕਾਂ 'ਤੇ ਕੀਤੇ ਲਾਠੀਚਾਰਜ ਦੀ ਨਿਖੇਧੀ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਪੈਨਸ਼ਨਰਜ਼ ਮਹਾਂਸੰਘ ਦੇ ਮੈਂਬਰਾਂ ਦੀ ਮੀਟਿੰਗ ਸੰਘ ਦੇ ਪ੍ਰਧਾਨ ਲੈਕਚਰਾਰ ਧਰਮਪਾਲ ਸੋਖਲ ਦੀ ਪ੍ਰਧਾਨਗੀ ਹੇਠ ਹੋਈ। ਸੰਘ ਦੇ ਜਨਰਲ ਸਕੱਤਰ ਲੈਕਚਰਾਰ ਲਛਮਣ ਸਿੰਘ ਅਤੇ ਸੀਨੀਅਰ ਮੈਂਬਰ ਪਵਨ ਕੁਮਾਰ ਨੇ ਦੱਸਿਆ ਕਿ ਟੈੱਟ ਪਾਸ ਕਰਨ ਦੀ ਸ਼ਰਤ ਦੇ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਅਧਿਆਪਕਾਂ ਤੇ ਪੁਲਸ ਵੱਲੋਂ ਸਰਕਾਰ ਦੀ ਸ਼ਹਿ 'ਤੇ ਕੀਤੇ ਲਾਠੀਚਾਰਜ ਦੀ ਸੰਘ ਵੱਲੋਂ ਜ਼ੋਰਦਾਰ ਨਿਖੇਧੀ ਕੀਤੀ ਗਈ। ਇਸ ਤੋਂ ਪਹਿਲਾਂ ਵੀ 8 ਮਾਰਚ ਨੂੰ ਸਾਂਝੇ ਮੁਲਾਜ਼ਮਾਂ ਅਤੇ ਪੈਨਸ਼ਨਰ ਫਰੰਟ ਅਤੇ ਹੋਰ ਜਥੇਬੰਦੀਆਂ ਵੱਲੋਂ ਕੀਤੇ ਗਏ ਮੁਜ਼ਾਹਰੇ ਉਪਰ ਵੀ ਜ਼ੋਰਦਾਰ ਤਸ਼ੱਦਦ ਕੀਤਾ ਗਿਆ ਸੀ, ਦੀ ਵੀ ਨਿਖੇਧੀ ਕੀਤੀ ਗਈ। ਉਨ੍ਹਾਂ ਕਿਹਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਸਰਕਾਰ ਦੇ ਤਸ਼ੱਦਦ ਅੱਗੇ ਡਟੇ ਰਹਿਣਗੇ।ਇਸ ਤੋਂ ਇਲਾਵਾ ਮੁੱਖ ਮੰਤਰੀ ਵੱਲੋਂ ਸੂਬੇ ਦਾ ਮੁਖੀ ਹੋਣ ਅਤੇ ਸੰਵਿਧਾਨਕ ਅਹੁਦੇ 'ਤੇ ਹੋਣ ਕਰਕੇ ਮਹਿਲਾ ਦਿਵਸ ਤੇ ਮਹਿਲਾਵਾਂ ਪ੍ਰਤੀ ਦਿੱਤੇ ਭੱਦੀ ਸ਼ਬਦਾਵਲੀ ਵਾਲੇ ਭਾਸ਼ਨ ਦੀ ਵੀ ਨਿੰਦਾ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਝੂਠੀ ਸਰਕਾਰ ਨੂੰ 2027 ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੇ ਕੀਤੇ ਤਸ਼ੱਦਦ ਦਾ ਖਮਿਆਜ਼ਾ ਭੁਗਤਣਾ ਪਵੇਗਾ।




## ਸਤਨਾਮ ਜਲਾਲਪੁਰ ਨੇ ਚਾਰ ਪਿੰਡਾਂ ਨੂੰ ਵੰਡੀਆਂ ਗਰਾਂਟਾਂ

**ਬਲਾਚੌਰ (ਜਸਵਿੰਦਰ ਬੈਂਸ)**- ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅਤੇ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਸਤਨਾਮ ਜਲਾਲਪੁਰ ਨੇ ਖੋਜਾ ਬੇਟ, ਬੀੜ ਕਾਠਗੜ੍ਹ, ਰਾਮਗੜ੍ਹ ਪਨਿਆਲੀ ਅਤੇ ਫਤਿਹਗੜ੍ਹ ਉਰਫ ਸੁਧਾ ਮਾਜਰਾ ਨੂੰ ਆਪਣੇ ਜ਼ਿਲ੍ਹਾ ਯੋਜਨਾ ਬੋਰਡ ਦੇ ਅਖਤਿਆਰੀ ਕੋਟੇ ਵਿੱਚੋਂ ਅਲੱਗ ਅਲੱਗ ਕੰਮਾਂ ਲਈ ਗਰਾਂਟਾਂ ਜਾਰੀ ਕੀਤੀਆਂ। ਖੋਜਾ ਬੇਟ ਨੂੰ ਇਕ ਲੱਖ ਰੁਪਏ ਦੀ ਗਰਾਂਟ ਸ਼ਮਸ਼ਾਨਘਾਟ ਦੇ ਵਿੱਚ ਰਹਿੰਦੇ ਬਕਾਇਆ ਕੰਮ ਨੂੰ ਪੂਰਾ ਕਰਨ ਲਈ ਜਾਰੀ ਕੀਤੀ ਗਈ। ਇਸੇ ਤਰ੍ਹਾਂ ਰਾਮਗੜ੍ਹ ਦੀ ਪੰਚਾਇਤ ਨੂੰ 1 ਲੱਖ 50 ਹਜ਼ਾਰ ਰੁਪਏ ਦੀ ਗਰਾਂਟ ਧਰਮਸ਼ਾਲਾ ਦੀ ਉਸਾਰੀ ਲਈ ਜਾਰੀ ਕੀਤੀ ਗਈ ਹੈ। ਬੀੜ ਕਾਠਗੜ੍ਹ ਦੀ ਪੰਚਾਇਤ ਨੂੰ ਇਕ ਲੱਖ ਪੰਜਾਹ ਹਜ਼ਾਰ ਰੁਪਏ ਦੀ ਗਰਾਂਟ ਗਲੀਆਂ ਨਾਲੀਆਂ ਦੇ ਲਈ ਦਿੱਤੀ ਗਈ ਅਤੇ ਫਤਿਹਗੜ੍ਹ ਉਰਫ ਸੁਧਾ ਮਜਰਾ ਨੂੰ ਡੇਢ ਲੱਖ ਰੁਪਏ ਦੀ ਗਰਾਂਟ ਓਪਨ ਜਿੰਮ ਅਤੇ ਖੇਡਾਂ ਦੇ ਸਮਾਨ ਲਈ ਜਾਰੀ ਕੀਤੀ ਗਈ ਹੈ। ਇਸ ਸਮੇਂ ਅਲੱਗ ਅਲੱਗ ਪਿੰਡਾਂ ਵਿੱਚ ਪਿੰਡਾਂ ਦੇ ਸਰਪੰਚ, ਪੰਚਾਇਤ ਮੈਂਬਰ, ਪਾਰਟੀ ਦੇ ਵਲੰਟੀਅਰ ਅਤੇ ਹੋਰ ਅਹੁਦੇਦਾਰ ਸਾਹਿਬਾਨ ਤੋਂ ਇਲਾਵਾ ਪਿੰਡ ਵਾਸੀ ਵੀ ਹਾਜ਼ਰ ਸਨ।



# ਉਦਯੋਗ ਦੇ ਆਲਮੀ ਦਿੱਗਜ਼ਾਂ ਵੱਲੋਂ ਪੰਜਾਬ ਨੂੰ ਨਿਵੇਸ਼ ਧੁਰੇ ਵਜੋਂ ਉਭਾਰਨ ਦੀ ਸ਼ਲਾਘਾ

**ਚੰਡੀਗੜ੍ਹ (ਗੁਰਜੀਤ ਬਿੱਲ, ਕ੍ਰਿਸ਼ਨ ਗਰਗ)** ਵਿਸ਼ਵ ਭਰ ਦੇ ਦਿੱਗਜ਼ ਉਦਯੋਗਪਤੀਆਂ ਨੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ-2026 ਦੌਰਾਨ ਪੰਜਾਬ ਨੂੰ ਨਿਵੇਸ਼ ਧੁਰੇ ਵਿੱਚ ਬਦਲਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ।ਇਨ੍ਹਾਂ ਪ੍ਰਮੁੱਖ ਉਦਯੋਗਪਤੀਆਂ ਨੇ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਸ਼ਲਾਘਾ ਕੀਤੀ ਅਤੇ ਰਾਜ ਵਿੱਚ ਨਵੇਂ ਨਿਵੇਸ਼ ਅਤੇ ਵਿਸਥਾਰ ਸਬੰਧੀ ਯੋਜਨਾਵਾਂ ਦਾ ਐਲਾਨ ਕੀਤਾ।ਦੁਨੀਆ ਦੀ ਮੋਹਰੀ ਸਟੀਲ ਕੰਪਨੀ ਆਰਸੇਲਰ ਮਿੱਤਲ ਦੇ ਕਾਰਜਕਾਰੀ ਚੇਅਰਮੈਨ ਲਕਸ਼ਮੀ ਐਨ. ਮਿੱਤਲ ਨੇ ਕਿਹਾ, ਪੰਜਾਬ ਵਿੱਚ ਹੋਣਾ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿਉਂਕਿ ਇਹ ਧਰਤੀ ਸਖ਼ਤ ਮਿਹਨਤ, ਹੰਢਣਸਾਰਤਾ ਅਤੇ ਉਦਾਰਤਾ ਸਿਖਾਉਂਦੀ ਹੈ। ਪੰਜਾਬ ਮਹਿਜ਼ ਇਕ ਸੂਬਾ ਹੀ ਨਹੀਂ ਸਗੋਂ ਊਰਜਾ, ਹਿੰਮਤ ਅਤੇ ਅੱਗੇ ਵਧਣ ਦੀ ਲਈ ਦ੍ਰਿੜ ਇਰਾਦੇ ਦਾ ਨਾਂਅ ਹੈ।ਬਠਿੰਡਾ ਤੇਲਸੋਧਕ ਕਾਰਖਾਨਾ ਨਵੀਨਤਮ ਤਕਨਾਲੋਜੀ ਨਾਲ ਪੰਜਾਬ ਵਿੱਚ ਆਉਣ ਵਾਲੇ ਉਦਯੋਗ ਲਈ ਮਜ਼ਬੂਤ ਨੀਂਹ ਹੈ। ਅਸੀਂ ਪੰਜਾਬ ਵਿੱਚ 60,000 ਕਰੋੜ ਤੋਂ ਵੱਧ ਦਾ ਨਿਵੇਸ਼ ਕੀਤਾ ਹੈ ਜੋ ਕਿ ਸੂਬੇ ਅੰਦਰ ਹੁਣ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਹੈ। ਘਰੇਲੂ ਗੈਸ ਦੀ ਮੌਜੂਦਾ ਘਾਟ ਦੇ ਮੱਦੇਨਜ਼ਰ, ਰਿਫਾਇਨਰੀ ਨੇ ਉਤਪਾਦਨ 1000 ਟਨ ਤੋਂ ਵਧਾ ਕੇ 3000 ਟਨ ਪ੍ਰਤੀ ਦਿਨ ਕਰ ਦਿੱਤਾ ਹੈ। ਪੰਜਾਬ ਸਰਕਾਰ ਦੇ ਨਿਰੰਤਰ ਸਮਰਥਨ ਨਾਲ, ਅਸੀਂ 26,000 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਮੈਗਾ ਵਿਸ਼ਵ ਪੱਧਰੀ ਪੈਟਰੋਕੈਮੀਕਲ ਕੰਪਲੈਕਸ ਵੀ ਸਥਾਪਤ ਕੀਤਾ। ਲਕਸ਼ਮੀ ਐਨ. ਮਿੱਤਲ ਨੇ ਅੱਗੇ ਨਵੀਆਂ ਵਿਸਥਾਰ ਯੋਜਨਾਵਾਂ ਦਾ ਐਲਾਨ ਕੀਤਾ ਅਤੇ ਕਿਹਾ, ਸਾਡੀ ਕੰਪਨੀ ਨਵਿਆਉਣਯੋਗ ਅਤੇ ਟਿਕਾਊ ਊਰਜਾ ਵਿੱਚ ਆਪਣੀ ਭਾਗੀਦਾਰੀ ਵਧਾਏਗੀ। ਅਸੀਂ ਆਧੁਨਿਕ ਤਕਨਾਲੋਜੀ ਅਤੇ ਮਸ਼ੀਨੀ ਬੁੱਧੀਮਾਨਤਾ ਦੀ ਵਰਤੋਂ ਕਰਕੇ 500 ਫਿਊਲ ਸਟੇਸ਼ਨ ਸਥਾਪਤ ਕਰਕੇ ਪੈਟਰੋਲ ਪੰਪ ਖੇਤਰ ਵਿੱਚ ਪ੍ਰਵੇਸ਼ ਕਰਾਂਗੇ। ਹੀਰੋ ਐਂਟਰਪ੍ਰਾਈਜ਼ ਦੇ ਚੇਅਰਮੈਨ ਸੁਨੀਲ ਕਾਂਤ ਮੁੰਜਾਲ ਨੇ ਕਿਹਾ, ਪੰਜਾਬ ਸਰਕਾਰ ਪੰਜਾਬ ਨੂੰ ਉਦਯੋਗਿਕ ਰਾਹ ਤੇ ਵਾਪਸ ਲਿਆਉਣ ਲਈ ਸੁਹਿਰਦ ਯਤਨ ਕਰ ਰਹੀ ਹੈ। ਪੰਜਾਬ ਕਦੇ ਦੇਸ਼ ਵਿੱਚ ਆਰਥਿਕ ਤੌਰ 'ਤੇ ਮੋਹਰੀ ਸੂਬਾ ਸੀ ਅਤੇ ਹੁਣ ਉਦਯੋਗਿਕ ਵਿਕਾਸ, ਪ੍ਰਗਤੀਸ਼ੀਲ ਖੇਤੀਬਾੜੀ ਅਤੇ ਤਕਨਾਲੋਜੀ, ਸਿੱਖਿਆ, ਸਿਹਤ ਸੰਭਾਲ ਅਤੇ ਰੀਅਲ ਅਸਟੇਟ 'ਤੇ ਧਿਆਨ ਕੇਂਦਰਿਤ ਕਰਕੇ ਇਸਨੂੰ ਦੁਬਾਰਾ ਬਦਲਣ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ। ਟਾਟਾ ਸਟੀਲ ਲਿਮਟਿਡ ਦੇ ਸੀ.ਈ.ਓ ਅਤੇ ਮੈਨੇਜਿੰਗ ਡਾਇਰੈਕਟਰ ਟੀ. ਵੀ. ਨਰਿੰਦਰਨ ਨੇ ਕਿਹਾ, 'ਮੈਂ ਪੰਜਾਬ ਸਰਕਾਰ, ਖਾਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਾਹਨਾ ਕਰਦਾ ਹਾਂ, ਜਿਨ੍ਹਾਂ ਨੇ ਲੁਧਿਆਣਾ ਵਿੱਚ ਟਾਟਾ ਪ੍ਰੋਜੈਕਟ ਨੂੰ ਹਕੀਕਤ ਵਿੱਚ ਬਦਲ ਦਿੱਤਾ ਹੈ ਅਤੇ ਇਹ ਪ੍ਰਾਜੈਕਟ ਹੁਣ ਉਦਘਾਟਨ ਦੇ ਪੜਾਅ 'ਤੇ ਹੈ। ਸਾਡੇ ਪ੍ਰੋਜੈਕਟ ਨੂੰ ਦੋ ਸਾਲ ਪਹਿਲਾਂ ਮਨਜ਼ੂਰੀ ਦਿੱਤੀ ਗਈ ਸੀ ਅਤੇ ਪੰਜਾਬ ਸਰਕਾਰ ਦੁਆਰਾ ਦਿੱਤੇ ਗਏ ਨਿਰੰਤਰ ਸਮਰਥਨ ਅਤੇ ਸਹਿਯੋਗ ਕਾਰਨ ਇਸਨੂੰ ਸੁਚਾਰੂ ਢੰਗ ਨਾਲ ਚਲਾਇਆ ਗਿਆ ਹੈ।ਟਾਟਾ ਦਾ 3200 ਕਰੋੜ ਰੁਪਏ ਦਾ ਇਹ ਸਟੀਲ ਪਲਾਂਟ ਸਿਰਫ ਸ਼ੁਰੂਆਤ ਹੈ ਅਤੇ ਆਉਂਦੇ ਸਮੇਂ ਵਿੱਚ ਹੋਰ ਵੀ ਬਹੁਤ ਨਿਵੇਸ਼ ਹੋਵੇਗਾ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਰਾਜ ਸਭਾ ਮੈਂਬਰ ਅਤੇ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਰਾਜਿੰਦਰ ਗੁਪਤਾ ਨੇ ਕਿਹਾ, ਇਹ ਪੰਜਾਬ ਲਈ ਸੱਚਮੁੱਚ ਇੱਕ ਨਵੀਂ ਸ਼ੁਰੂਆਤ ਹੈ ਕਿਉਂਕਿ ਪੰਜਾਬ ਸਰਕਾਰ ਨੇ ਉਦਯੋਗ ਲਈ ਪ੍ਰਭਾਵਸ਼ਾਲੀ ਨੀਤੀਆਂ ਲਿਆਂਦੀਆਂ ਹਨ ਜੋ ਇਤਿਹਾਸ ਰਚ ਰਹੀਆਂ ਹਨ।ਉਨ੍ਹਾਂ ਇਹ ਵੀ ਐਲਾਨ ਕੀਤਾ, ਟ੍ਰਾਈਡੈਂਟ ਗਰੁੱਪ ਅਗਲੇ ਦੋ ਸਾਲਾਂ ਵਿੱਚ ਪੰਜਾਬ ਵਿੱਚ 5000 ਕਰੋੜ ਰੁਪਏ ਦਾ ਨਿਵੇਸ਼ ਕਰੇਗਾ ਅਤੇ ਟੈਕਸਟਾਈਲ ਸੈਕਟਰ ਵਿੱਚ 10,000 ਤੋਂ ਵੱਧ ਨੌਕਰੀਆਂ ਦੇ ਮੌਕੇ ਪੈਦਾ ਕੀਤੇ ਜਾਣਗੇ ਜਿਨਾਂ ਵਿਚੋਂ 5000 ਮਹਿਲਾਵਾਂ ਲਈ ਹੋਣਗੀਆਂ। ਰਜਿੰਦਰ ਗੁਪਤਾ ਨੇ ਅੱਗੇ ਕਿਹਾ, ਪੰਜਾਬ ਸਰਕਾਰ ਉਦਯੋਗਿਕ ਖੇਤਰ ਵਿੱਚ ਇੱਕ ਨਵੀਂ ਸਵੇਰ ਨੂੰ ਯਕੀਨੀ ਬਣਾਉਣ ਲਈ ਕੀਤੇ ਗਏ ਸੁਹਿਰਦ ਯਤਨਾਂ ਲਈ ਪ੍ਰਸ਼ੰਸਾ ਦੀ ਹੱਕਦਾਰ ਹੈ। ਜੇ.ਐੱਸ. ਡਬਲਿਊ ਗਰੁੱਪ ਦੇ ਚੇਅਰਮੈਨ ਸੱਜਣ ਜਿੰਦਲ ਨੇ ਵੀ ਵਿਸਥਾਰ ਯੋਜਨਾਵਾਂ ਦਾ ਐਲਾਨ ਕੀਤਾ ਅਤੇ ਕਿਹਾ, ਮੇਰਾ ਪਿਛੋਕੜ ਪੰਜਾਬ ਨਾਲ ਜੁੜਿਆ ਹੈ ਅਤੇ ਮੈਨੂੰ ਪੰਜਾਬ ਦੀ ਵਿਕਾਸ ਦੇ ਸਫਰ ਨਾਲ ਜੁੜੇ ਹੋਣ 'ਤੇ ਮਾਣ ਹੈ। ਅਸੀਂ ਆਪਣੇ ਰਾਜਪੁਰਾ ਪਲਾਂਟ ਦਾ ਵਿਸਥਾਰ ਕਰਾਂਗੇ ਅਤੇ ਸਟੀਲ ਖੇਤਰ ਵਿੱਚ ਸਮਰੱਥਾ ਵਧਾਉਣ ਲਈ 3000 ਕਰੋੜ ਦਾ ਨਿਵੇਸ਼ ਕਰਾਂਗੇ।

## ਗੈਸ ਸਿਲੰਡਰਾਂ ਦੀ ਜਮ੍ਹਾਖੋਰੀ ਰੋਕਣ ਲਈ ਵਿਸ਼ੇਸ਼ ਟੀਮਾਂ ਵੱਲੋਂ ਚੈਕਿੰਗ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਵਿੱਚ ਗੈਸ ਸਿਲੰਡਰਾਂ ਦੀ ਜਮ੍ਹਾਖੋਰੀ ਨੂੰ ਰੋਕਣ ਲਈ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦੀਆਂ ਟੀਮਾਂ ਵਲੋਂ ਵੱਖ-ਵੱਖ ਗੈਸ ਏਜੰਸੀਆਂ ਦੀ ਜਾਂਚ ਕੀਤੀ ਗਈ।ਕੰਟਰੋਲਰ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਨਰਿੰਦਰ ਸਿੰਘ ਦੀ ਅਗਵਾਈ ਵਿੱਚ ਵਿਭਾਗ ਵਲੋਂ ਮੌਜੂਦਾ ਸਥਿਤੀ ਨੂੰ ਦੇਖਦਿਆਂ ਜ਼ਿਲ੍ਹੇ ਵਿੱਚ ਲੋਕਾਂ ਨੂੰ ਗੈਸ ਸਿਲੰਡਰ ਲੋੜ ਅਨੁਸਾਰ ਨਿਰਵਿਘਨ ਢੰਗ ਨਾਲ ਮੁਹੱਈਆ ਕਰਵਾਉਣ ਲਈ ਵੱਖ-ਵੱਖ ਟੀਮਾਂ ਬਣਾਕੇ ਗੈਸ ਏਜੰਸੀਆਂ ਦੀ ਜਾਂਚ ਕੀਤੀ ਗਈ।ਚੈਕਿੰਗ ਦੌਰਾਨ ਗੈਸ ਏਜੰਸੀਆਂ ਦੇ ਮਾਲਕਾਂ ਨੂੰ ਜਾਣੂੰ ਕਰਵਾਇਆ ਗਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੂਰੀ ਸਥਿਤੀ 'ਤੇ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ, ਇਸ ਲਈ ਨਿਯਮਾਂ ਮੁਤਾਬਕ ਸਪਲਾਈ ਯਕੀਨੀ ਬਣਾਈ ਜਾਵੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਜੇਕਰ ਕਿਤੇ ਵੀ ਜਮ੍ਹਾਖੋਰੀ ਦਾ ਮਾਮਲਾ ਸਾਹਮਣਾ ਆਉਂਦਾ ਹੈ ਤਾਂ ਉਹ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਜਾਵੇ। ਉਨ੍ਹਾਂ ਗੈਸ ਏਜੰਸੀਆਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਸਮੇਂ ਸਿਰ ਗੈਸ ਸਿਲੰਡਰ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾਵ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਤੋਂ ਬਚਾਉਣ ਅਤੇ ਗੈਸ ਸਿਲੰਡਰਾਂ ਦੀ ਉਪਲਬਧਤਾ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਯਕੀਨੀ ਬਣਾਉਣ ਲਈ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ।



## ਬੀ ਐੱਸ ਸੀ ਆਈ ਟੀ ਦੇ ਤੀਜੇ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਵਿੱਚ ਡਾਇਰੈਕਟਰ-ਕਮ-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਕਮਾਂਡਰ ਬਲਜਿੰਦਰ ਸਿੰਘ ਵਿਰਕ (ਰਿਟਾ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ ਚਲਾਏ ਜਾ ਰਹੇ ਸਰਕਾਰੀ ਕਾਲਜ ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਜਲੰਧਰ, ਜੋ ਕਿ ਆਈ.ਕੇ.ਜੀ.ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ, ਦਾ ਬੈਚਲਰ ਆਫ਼ ਸਾਇੰਸ ਇੰਨ ਆਈ.ਟੀ. ਦੇ ਤੀਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਬੀ.ਐਸ.ਸੀ. (ਆਈ.ਟੀ.) ਦੇ ਤੀਜੇ ਸਮੈਸਟਰ ਵਿੱਚ ਕਿਰਨਦੀਪ ਕੌਰ ਨੇ 8.65 ਐਸ.ਜੀ.ਪੀ.ਏ. ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਪੂਨਮ ਨੇ 8.52 ਐਸ.ਜੀ.ਪੀ.ਏ. ਲੈ ਕੇ ਦੂਜਾ ਅਤੇ ਗੁਰਮੇਲ ਸਿੰਘ ਪਟਿਆਲ ਤੇ ਕੁਲਵੰਤ ਕੌਰ ਨੇ 8.35 ਐਸ.ਜੀ.ਪੀ.ਏ. ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਸ਼ਾਨਦਾਰ ਨਤੀਜਾ ਪ੍ਰਿੰਸੀਪਲ ਪ੍ਰੋ.ਹਰਜੀਤ ਕੌਰ (ਕੰਪਿਊਟਰ ਵਿਭਾਗ ਦੇ ਮੁਖੀ), ਪ੍ਰੋ.ਮਨਜੀਤ ਕੌਰ, ਪ੍ਰੋ.ਰਵੀਨਾ, ਸੂਬੇਦਾਰ ਮੇਜਰ ਹਰਜਿੰਦਰ ਸਿੰਘ, ਸੁਪਰਡੰਟ ਵਿਕਾਸ ਕੁਮਾਰ ਅਤੇ ਸਮੂਹ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਦੀ ਮਿਹਨਤ ਨਾਲ ਹਾਸਲ ਹੋਇਆ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਸਫ਼ਲਤਾ ਦੀ ਵਧਾਈ ਦਿੰਦਿਆਂ ਉਨ੍ਹਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਵੀ ਕੀਤੀ।

# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਨਾਨਕਸ਼ਾਹੀ ਸਾਲ ਦਾ ਆਗਮਨ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ

**ਐੱਸ. ਏ. ਐੱਸ. ਨਗਰ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ, ਵਿਖੇ ਨਾਨਕਸ਼ਾਹੀ ਸੰਮਤ ਦੇ 558ਵੇਂ ਸਾਲ ਦਾ ਆਗਮਨ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ । ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਗੁਰਮਤਿ ਸਮਾਗਮ ਵਿੱਚ ਭਾਈ ਗੁਰਦੇਵ ਸਿੰਘ ਅੰਮ੍ਰਿਤਸਰ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਵਥੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੀਆਂ ਉਦਾਸੀਆਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਭਾਈ ਜਤਿੰਦਰ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੁਆਰਾ ਉਚਾਰਨ ਧੁਰ ਕੀ ਬਾਣੀ ਬਾਰੇ ਸੰਗਤਾਂ ਨੂੰ ਦੱਸਿਆ। ਇਸ ਤੋਂ ਇਲਾਵਾ ਭਾਈ ਧੰਨਾ ਸਿੰਘ ਜੀ ਜਲੰਧਰ ਵਾਲਿਆਂ ਦਾ ਇੰਟਰਨੈਸ਼ਨ ਢਾਡੀ ਜਥਾ, ਭਾਈ ਧਰਮ ਸਿੰਘ ਜਵੱਦੀ ਟਕਸਾਲ, ਭਾਈ ਮਨਦੀਪ ਸਿੰਘ ਪਿਹੋਵਾ ਵਾਲੇ, ਬੀਬੀ ਹਰਜਿੰਦਰ ਕੌਰ ਬਟਾਲਾ ਵਾਲੇ, ਭਾਈ ਦਮਨਪ੍ਰੀਤ ਸਿੰਘ ਪਟਿਆਲੇ ਵਾਲੇ, ਭਾਈ ਗੁਰਨਾਮ ਸਿੰਘ ਦਮਦਮੀ ਟਕਸਾਲ ਵਾਲੇ, ਸ਼ੇਰੇ ਪੰਜਾਬ ਕਵੀਸ਼ਰੀ ਜਥਾ, ਭਾਈ ਸੰਦੀਪ ਸਿੰਘ ਜੀ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਸੁਰਿੰਦਰ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕੀਤਾ।ਸੰਗਰਾਂਦ ਦੇ ਇਸ ਦਿਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਇਸ ਮੌਕੇ ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ। ਕਈ ਮਿਸ਼ਠਾਨਾਂ ਅਤੇ ਗੁਰੂ ਦਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।




## ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾਂ ਵਿਖੇ ਧਾਰਮਿਕ ਸਮਾਗਮ ਅੱਜ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਡੇਰਾ 108 ਸੰਤ ਬਾਬਾ ਹੰਸ ਰਾਜ ਮਹਾਰਾਜ ( ਰਜਿ) ਸ੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾਂ ਵਿਖੇ ਇਸ ਅਸਥਾਨ ਦੇ ਮੁੱਖ ਸੰਚਾਲਕ ਗੱਦੀਨਸ਼ੀਨ 108 ਸੰਤ ਮਹਿੰਦਰ ਪਾਲ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਰਜਿ.ਪੰਜਾਬ ਅਤੇ 108 ਸੰਤ ਬੀਬੀ ਬਿਮਲਾ ਰਾਣੀ ਦੀ ਦੇਖ ਰੇਖ ਹੇਠ 15 ਮਾਰਚ ਨੂੰ ਧਾਰਮਿਕ ਸਮਾਗਮ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਜਸਵਿੰਦਰ ਪਾਲ ਨੇ ਦੱਸਿਆ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਕ ਨਵੇਂ ਸਾਲ ਸੰਮਤ 558 ਦੇ ਆਗਮਨ ਦੀ ਖੁਸ਼ੀ ਨੂੰ ਮੁੱਖ ਰੱਖਦੇ ਹੋਏ ਕੀਤੇ ਜਾ ਰਹੇ ਇਸ ਸਮਾਗਮ ਵਿੱਚ ਸਭ ਤੋਂ ਪਹਿਲਾਂ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਸੰਤ ਮਹਾਂਪੁਰਸ਼ ਧਾਰਮਿਕ ਪ੍ਰਵਚਨ ਕਰਨਗੇ।

ਇਸ ਮੌਕੇ ਉਹਨਾਂ ਇਲਾਕਾ ਨਿਵਾਸੀ ਸੰਗਤਾਂ ਨੂੰ 15 ਮਾਰਚ ਜੇਠੇ ਐਤਵਾਰ ਨੂੰ ਇਸ ਅਸਥਾਨ ਤੇ ਹੋ ਰਹੇ ਸਮਾਗਮ ਵਿੱਚ ਪਹੁੰਚਣ ਦੀ ਬੇਨਤੀ ਕੀਤੀ। ਗੁਰੂ ਕੇ ਲੰਗਰ ਟੁੱਟ ਚੱਲਣਗੇ।

## ਐੱਸ ਡੀ ਕਾਲਜ 'ਚ ਏਡਜ਼ ਜਾਗਰੂਕਤਾ ਵਿਸ਼ੇ 'ਤੇ ਮੁਕਾਬਲਾ




**ਸੁਲਤਾਨਪੁਰ ਲੋਧੀ (ਹਨੀ)**- ਐਸ.ਡੀ. ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਰੈੱਡ ਰਿਬਨ ਕਲੱਬ, ਨੈਕੋ ਕਲੱਬ, ਈਕੋ ਕਲੱਬ ਅਤੇ ਐਨ.ਐਸ.ਐਸ. ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਕਾਲਜ ਕੈਂਪਸ 'ਚ ਐਚ ਆਈ ਵੀ/ ਏਡਜ਼ ਜਾਗਰੂਕਤਾ ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਐਚ ਆਈ ਵੀ/ ਏਡਜ਼ ਦੇ ਕਾਰਨਾਂ, ਬਚਾਵ ਦੇ ਤਰੀਕਿਆਂ ਅਤੇ ਸਮਾਜਿਕ ਜਾਗਰੂਕਤਾ ਬਾਰੇ ਜਾਣਕਾਰੀ ਦੇਣਾ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਸਿਹਤ, ਸੁਰੱਖਿਆ ਅਤੇ ਸਮਵੇਦਨਾ ਦਾ ਸੰਦੇਸ਼ ਫੈਲਾਉਣ ਲਈ ਪ੍ਰੇਰਿਤ ਕਰਨਾ ਸੀ।ਬੀਸੀਏ ਦੀ ਸੁਪਨਪ੍ਰੀਤ ਕੌਰ ਨੇ ਪਹਿਲਾ, ਜਸ਼ਨਪ੍ਰੀਤ ਕੌਰ ਨੇ ਦੂਜਾ ਅਤੇ ਦਿਖਸ਼ਾ ਸੰਗਰ ਨੇ ਤੀਜਾ ਸਥਾਨ ਹਾਸਲ ਕੀਤਾ। ਆਪਣੇ ਪੋਸਟਰਾਂ ਰਾਹੀਂ ਵਿਦਿਆਰਥਣਾਂ ਨੇ ਜਾਗਰੂਕਤਾ ਹੀ ਬਚਾਵ ਦੀ ਕੁੰਜੀ ਹੈ , ਭੇਦਭਾਵ ਨੂੰ ਨਾ ਕਹੋ ਅਤੇ ਐਚ ਆਈ ਵੀ ਨਹੀਂ, ਪਿਆਰ ਫੈਲਾਓ ਵਰਗੇ ਮਹੱਤਵਪੂਰਨ ਸੰਦੇਸ਼ ਦਿੱਤੇ।ਇਸ ਮੌਕੇ ਪ੍ਰਿੰਸੀਪਲ ਡਾ.ਸ਼ੁਕਲਾ, ਫੈਕਲਟੀ ਮੈਂਬਰਾਂ ਅਤੇ ਜੱਜਾਂ ਨੇ ਵਿਦਿਆਰਥਣਾਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਜੇਤੂ ਵਿਦਿਆਰਥਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਹ ਸਮੂਹ ਪ੍ਰੋਗਰਾਮ ਕੰਪਿਊਟਰ ਸਾਇੰਸ ਵਿਭਾਗ ਦੇ ਮੈਡਮ ਜਸਵਿੰਦਰ ਕੌਰ ਅਤੇ ਮੈਡਮ ਅਰਪਨਦੀਪ ਕੌਰ ਦੀ ਦੇਖ-ਰੇਖ ਹੇਠ ਸਫਲਤਾਪੂਰਵਕ ਕਰਵਾਇਆ ਗਿਆ।

## ਸਟੇਅ ਦੇ ਬਾਵਜੂਦ ਪਲਾਟਾਂ ਦੀ ਨਿਲਾਮੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਰਾਇਟ ਟੂ ਸਰਵਿਸ ਕਮਿਸ਼ਨ ਨੇ ਫਰੀਦਾਬਾਦ ਦੀ ਭਾਵਨਾ ਗੁਪਤਾ ਅਤੇ ਅਮਨਦੀਪ ਨਾਲ ਜੁੜੇ ਇਕ ਮਾਮਲੇ ਦੀ ਸੁਣਵਾਈ ਕਰਦੇ ਹੋਏ ਪਾਇਆ ਕਿ ਸਬੰਧਤ ਜ਼ਮੀਨ 'ਤੇ ਸਾਲ 2009 ਤੋਂ ਮਾਨਯੋਗ ਹਾਈ ਕੋਰਟ ਦੇ ਆਦੇਸ਼ਾਂ ਦੇ ਤਹਿਤ ਸਟੇਅ ਲਾਗੂ ਹੈ। ਇਸ ਦੇ ਬਾਵਜੂਦ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ (ਐਚ.ਐਸ.ਵੀ.ਪੀ.) ਵੱਲੋਂ 18 ਜਨਵਰੀ, 2023 ਅਤੇ 22 ਮਾਰਚ, 2023 ਨੂੰ ਉਪਰੋਕਤ ਪਲਾਟਾਂ ਦੀ ਨਿਲਾਮੀ ਕਰ ਦਿੱਤੀ ਗਈ। ਕਮਿਸ਼ਨ ਨੇ ਇਸ ਸਥਿਤੀ ਨੂੰ ਗੰਭੀਰ ਮੰਨਦੇ ਹੋਏ ਕਿਹਾ ਕਿ ਪਹਿਲੀ ਨਜ਼ਰ ਵਿਚ ਇਕ ਕੋਰਟ ਦੀ ਉਲੰਘਣਾ ਦੇ ਨਾਲ-ਨਾਲ ਧੋਖਾਧੜੀ ਨਾਲ ਸਬੰਧਤ ਸਜ਼ਾ ਵਾਲੇ ਪ੍ਰਵਧਾਨਾਂ ਦੇ ਤਹਿਤ ਵੀ ਆ ਸਕਦਾ ਹੈ।ਕਮਿਸ਼ਨ ਨੇ ਆਪਣੇ ਆਦੇਸ਼ ਵਿਚ ਕਿਹਾ ਕਿ ਜੇਕਰ ਕਿਸੇ ਨਿੱਜੀ ਕਾਲੋਨੀਜਰ ਵੱਲੋਂ ਬਿਨਾਂ ਮਾਲਿਕਤ ਦੇ ਪਲਾਟ ਵੇਚਿਆ ਜਾਂਦਾ ਹੈ ਤਾਂ ਉਸ ਖਿਲਾਫ ਮੁੱਢਲੀ ਰਿਪੋਰਟ ਦਰਜ ਕੀਤੀ ਜਾਂਦੀ।

## ਗੈਸ ਸਿਲੰਡਰ ਸਿਰ 'ਤੇ ਚੁੱਕ ਕੇ ਪੈਟਰੋਲੀਅਮ ਕੰਪਨੀਆਂ, ਕੇਂਦਰ ਤੇ ਪ੍ਰਦੇਸ਼ ਸਰਕਾਰਾਂ ਵਿਰੁੱਧ ਕੀਤਾ ਪ੍ਰਦਰਸ਼ਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੈਟਰੋਲੀਅਮ ਅਤੇ ਕੇਂਦਰ ਤੇ ਪ੍ਰਦੇਸ਼ ਸਰਕਾਰਾਂ ਦੀ ਅਤਿ ਘਟੀਆ ਮੈਨੇਜਮੈਂਟ ਕਾਰਨ ਵਪਾਰਕ ਵਰਤੋਂ ਵਾਲੇ 19 ਕਿਲੋ ਸਿਲੰਡਰਾਂ ਦੀ ਸਪਲਾਈ ਬੰਦ ਹੋਣ ਅਤੇ ਘਰੇਲੂ ਗੈਸ ਸਪਲਾਈ ਵਾਲੇ ਸਿਲੰਡਰਾਂ ਦੀ ਸਪਲਾਈ ਦੀ ਬੁਕਿੰਗ 25 ਦਿਨ ਕਰਨ ਅਤੇ ਬੁਕਿੰਗ ਸਮੇਂ ਕੰਪਨੀਆਂ ਦੇ ਸਰਬਰ ਡਾਊਨ ਰਹਿਣ ਅਤੇ ਸਰਕਾਰਾਂ ਵਲੋਂ ਗੈਸ ਸਿਲੰਡਰ ਰੂਲਜ਼ 2004 ਅਤੇ ਐਕਸਪਲੋਸਿਵ ਐਕਟ 1908 ਪ੍ਰਤੀ ਅਵੇਸਲਾਪਨ ਧਾਰਨ ਦੀ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਸੁਖਰਾਜ ਸਿੰਘ ਨੇ ਗੈਸ ਸਿਲਡਰ ਸਿਰ ਉਤੇ ਚੁੱਕ ਕੇ ਪੈਟਰੋਲੀਅਮ ਕੰਪਨੀਆਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਲੋਕਾਂ ਦੀ ਪ੍ਰਸ਼ਾਨੀ ਅਤੇ ਗੈਸ ਸਪਲਾਈ ਵਿਚ ਦੇਰੀ ਹੋਣ ਤੇ ਨੁਕਸਾਨ ਹੋਣ ਦਾ ਹਰੇਕ ਖਪਤਕਾਰ ਨੂੰ ਮੁਆਵਜ਼ਾ ਦਿੱਤਾ ਜਾਣਾ ਬਣਦਾ ਹੈ।ਧੀਮਾਨ ਨੇ ਕਿਹਾ ਕਿ ਜਿਥੇ ਲੋਕਾਂ ਨੂੰ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ ਤੇ ਉਸ ਦੇ ਨਾਲ ਗੈਸ ਸਪਲਾਈ ਕਰਨ ਵਾਲੀਆਂ ਕਮਿਸ਼ਨ ਏਜੰਸੀਆਂ ਵਾਲਿਆਂ ਨੂੰ ਲੋਕਾਂ ਦੇ ਰੋਹ ਦਾ ਵੱਡਾ ਸਾਹਮਣਾ ਕਰਨਾ ਪੈਂਦਾ ਹੈ।ਅਸਲ ਵਿਚ ਕਸੂਰਵਾਰ ਪੈਟਰੋਲੀਅਮ ਕੰਪਨੀਆਂ ਅਤ ਸਰਕਾਰਾਂ ਨੂੰ ਚਲਾਉਣ ਵਾਲੇ ਮੰਤਰੀ ਸਹਿਬਾਨ ਹਨ।ਧੀਮਾਨ ਨੇ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਕਿ ਵਿਸ਼ਵ ਸ਼ਕਤੀ ਦੀਆਂ ਗੱਪਾਂ ਮਾਰਨ ਵਾਲੀ ਸਰਕਾਰ ਕੰਮ ਦੀ ਥਾਂ ਗੱਪਾਂ ਤੱਕ ਹੀ ਸੀਮਤ ਹੋ ਕੇ ਰਹਿ ਰਹੀ ਹੈ।ਧੀਮਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਗੈਸ ਦੀ ਸਪਲਾਈ ਨੂੰ ਦਰੁਸਤ ਕੀਤਾ ਜਾਵੇ ਅਤੇ ਸਾਰੀ ਤਰ੍ਹਾਂ ਦੀਆਂ ਸਬਸਿਡੀਆਂ ਦਾ ਡਰਾਮਾ ਬੰਦ ਕਰਕੇ ਗੈਸ ਸਿਲੰਡਰ ਦੀ ਕੀਮਤ 500 ਰੁ: ਪ੍ਰਤੀ ਸਿਲੰਡਰ ਕੀਤੀ ਜਾਵੇ ਅਤੇ 5 ਕਿਲੋ ਵਾਲੇ ਸਿਲੰਡਰ ਉਤੇ ਵਪਾਰਕ ਵਾਲਾ ਠੱਪਾ ਬੰਦ ਕੀਤਾ ਜਾਵੇ।



## ਬੇਕਾਬੂ ਹੋ ਕੇ ਡਿਵਾਈਡਰ 'ਤੇ ਪਲਟੀ ਅਲਟੋ, ਮਹਿਲਾ ਜ਼ਖ਼ਮੀ



**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ / ਰਾਮ ਲਾਲ)**- ਬਲਾਚੌਰ ਤੋਂ ਰੋਪੜ ਸਾਈਡ ਜਾ ਰਹੀ ਇੱਕ ਅਲਟੋ ਕਾਰ ਦੇ ਲੋਹਟਾਂ ਨੇੜੇ ਸੁੱਧਾ ਮਾਜਰਾ ਕੋਲ ਹਾਦਸਾਗ੍ਰਸਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ, ਕਾਰ ਚਾਲਕ ਅਵਤਾਰ ਸਿੰਘ ਵਾਸੀ ਮੋਹਾਲੀ ਜਾ ਰਹੇ ਸਨ ਕਿ ਅਚਾਨਕ ਗੱਡੀ ਦਾ ਸੰਤੁਲਨ ਵਿਗੜ ਗਿਆ।ਗੱਡੀ ਬੇਕਾਬੂ ਹੋ ਕੇ ਰੋਡ ਦੇ ਡਿਵਾਈਡਰ 'ਤੇ ਜਾ ਚੜ੍ਹੀ ਅਤੇ ਪਲਟ ਗਈ। ਇਸ ਹਾਦਸੇ ਵਿੱਚ ਵਰਿੰਦਰ ਕੌਰ ਦੇ ਸਿਰ 'ਤੇ ਗੰਭੀਰ ਸੱਟ ਲੱਗੀ। ਮੌਕੇ 'ਤੇ ਪਹੁੰਚੀ ਨੈਸ਼ਨਲ ਹਾਈਵੇ ਦੀ ਐਂਬੂਲੈਂਸ ਰਾਹੀਂ ਜ਼ਖ਼ਮੀ ਮਹਿਲਾ ਨੂੰ ਧਵਨ ਹਸਪਤਾਲ ਨਵਾਂਸ਼ਹਿਰ ਵਿਖੇ ਦਾਖਲ ਕਰਵਾਇਆ ਗਿਆ। ਪੁਲਸ ਥਾਣਾ ਸਦਰ ਬਲਾਚੌਰ ਨੂੰ ਘਟਨਾ ਦੀ ਸੂਚਨਾ ਦੇ ਦਿੱਤੀ ਗਈ ਹੈ ਅਤੇ ਰਿਕਵਰੀ ਗੱਡੀ ਦੀ ਮਦਦ ਨਾਲ ਹਾਦਸਾਗ੍ਰਸਤ ਕਾਰ ਨੂੰ ਸੜਕ ਤੋਂ ਪਾਸੇ ਕਰਵਾ ਕੇ ਆਵਾਜਾਈ ਬਹਾਲ ਕੀਤੀ ਗਈ।

## ਆਪਦਾ ਪ੍ਰਬੰਧਨ ਵਿਭਾਗ ਵੱਲੋਂ ਭੂ-ਮਿੱਤਰ ਵਟਸਐਪ ਚੈਟਬਾਟ ਲਾਂਚ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮਾਲ ਤੇ ਆਪਦਾ ਪ੍ਰਬੰਧਨ ਵਿਭਾਗ ਨੇ ਭੂ-ਮਿਤਰ ਨਾਮਕ ਵਟਸਐਪ ਆਧਾਰਿਤ ਚੈਟਬਾਟ ਲਾਂਚ ਕੀਤਾ ਹੈ, ਜੋ ਜ਼ਮੀਨ ਅਤੇ ਮਾਲਿਆ ਨਾਲ ਸਬੰਧਤ ਸੇਵਾਵਾਂ ਲੈਣ ਵਾਲੇ ਨਾਗਰਿਕਾਂ ਨੂੰ 24×7 ਮਦਦ ਦੇਵੇਗਾ। ਹਿੰਦੀ ਅਤੇ ਅੰਗ੍ਰੇਜ਼ੀ ਦੋਵਾਂ ਭਾਸ਼ਾਵਾਂ ਵਿਚ ਉਪਲੱਬਧ ਇਹ ਚੈਟਬਾਟ ਸੂਬੇ ਦੇ ਹਰੇਕ ਨਾਗਰਿਕ ਲਈ ਸਰਕਾਰੀ ਸੇਵਾਵਾਂ ਨੂੰ ਵੱਧ ਆਸਾਨ, ਪਾਰਦਰਸ਼ੀ ਅਤੇ ਪ੍ਰਭਾਵੀ ਬਣਾਉਣ ਦੇ ਮੰਤਵ ਨਾਲ ਤਿਆਰ ਕੀਤਾ ਗਿਆ ਹੈ।ਇਸ ਸਬੰਧੀ ਮਾਲ ਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਿੱਤ ਕਮਿਸ਼ਨਰ ਡਾ. ਸਮਿਤਾ ਮਿਸ਼ਰਾ ਨੇ ਦੱਸਿਆ ਕਿ ਭੂ-ਮਿੱਤਰ ਇਕ ਸਮਾਰਟ, ਗੱਲਬਾਤ ਵਾਲਾ ਚੈਟਬਾਟ ਹੈ, ਜਿਸ ਨਾਲ ਸਿੱਧੇ ਵਟਸਐਪ ਰਾਹੀਂ ਵਰਤੋਂ ਕੀਤਾ ਜਾ ਸਕਦਾ ਹੈ। ਇਹ ਪਲੇਟਫਾਰਮ ਪਹਿਲਾਂ ਤੋਂ ਹੀ ਹਰਿਆਣਾ ਦੇ ਨਾਗਰਿਕਾਂ ਵਿਚਕਾਰ ਸਮਾਵੇਸ਼ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ।

## ਔਰਤਾਂ ਨੂੰ ਵਿੱਤੀ ਸਹਾਇਤਾ ਨਾਲੋਂ ਵੱਧ ਇੱਜ਼ਤ ਤੇ ਸਨਮਾਨ ਦੀ ਜ਼ਰੂਰਤ : ਨੀਤੀ ਤਲਵਾੜ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸ਼੍ਰੋਮਣੀ ਅਕਾਲੀ ਦਲ ਯੂਥ ਅਤੇ ਮਹਿਲਾ ਮੋਰਚਾ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ । ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਨੇਤਰੀ ਨੀਤੀ ਤਲਵਾੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਔਰਤਾਂ ਨੂੰ ਵਿੱਤੀ ਸਹਾਇਤਾ ਨਾਲੋਂ ਵੱਧ ਇੱਜ਼ਤ ਅਤੇ ਸਨਮਾਨ ਦੀ ਲੋੜ ਹੈ। ਪ੍ਰਦਰਸ਼ਨ ਦੌਰਾਨ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਮਰਿੰਦਰ ਹੁਸੈਨਪੁਰੀ ਨੇ ਕਿਹਾ ਕਿ ਵਿਧਾਨ ਸਭਾ ਦੇ ਅੰਦਰ ਇਹਨਾਂ ਦੇ ਲੀਡਰਾਂ ਦੁਆਰਾ ਜਿਸ ਤਰ੍ਹਾਂ ਵਿਰੋਧੀ ਧਿਰ ਦੇ ਲੀਡਰਾਂ ਦੇ ਪ੍ਰਤੀ ਰਵੱਈਆ ਅਪਣਾਇਆ ਜਾ ਰਿਹਾ ਹੈ ਉਸ ਨਾਲ ਲੋਕਤੰਤਰ ਦੀ ਮਰਿਆਦਾ ਵੀ ਭੰਗ ਹੋਈ ਹੈ। ਉਹਨਾਂ ਨੌਜਵਾਨਾਂ ਨੂੰ ਲਾਮਬੰਦ ਕਰਦੇ ਹੋਏ ਕਿਹਾ ਕਿ ਅੱਜ ਤੋਂ ਹੀ ਇਸ ਸਰਕਾਰ ਨੂੰ ਚਲਦਾ ਕਰਨ ਲਈ ਕਮਰ ਕੱਸ ਲੈਣ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਲਖਵਿੰਦਰ ਲੱਖੀ ਅਤੇ ਸ਼ਹਿਰੀ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਕਿ ਪੂਰੇ ਪ੍ਰਦੇਸ਼ ਅੰਦਰ ਸ਼੍ਰੋਮਣੀ ਅਕਾਲੀ ਦਲ ਹੀ ਸਰਕਾਰ ਦੀ ਇਸ ਧੱਕੇਸ਼ਾਹੀ ਦੇ ਖਿਲਾਫ ਆਵਾਜ਼ ਬੁਲੰਦ ਕਰ ਰਿਹਾ ਹੈ। ਰੋਸ ਪ੍ਰਦਰਸ਼ਨ ਦੌਰਾਨ ਸਾਬਕਾ ਮੇਅਰ ਪ੍ਰੇਮ ਸਿੰਘ, ਸੰਜੀਵ ਤਲਵਾੜ, ਸ਼ਮਸ਼ੇਰ ਭਾਰਦਵਾਜ, ਭੁਪਿੰਦਰ ਸਿੰਘ ਮਹਿੰਦੀਪੁਰ, ਜਗਤਾਰ ਸਿੰਘ ਨੇ ਵੀ ਸੰਬੋਧਨ ਕੀਤਾ। ਰੋਸ ਪ੍ਰਦਰਸ਼ਨ ਦੌਰਾਨ ਸ਼ੰਕਰਾਚਾਰਿਆ ਚੌਂਕ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਵੀ ਸਾੜਿਆ ਗਿਆ। ਇਸ ਮੌਕੇ ਇਸਤਰੀ ਅਕਾਲੀ ਦਲ ਅਤੇ ਯੂਥ ਅਕਾਲੀ ਦਲ ਦੇ ਵਰਕਰ ਸਿਹਤ ਨਰਿੰਦਰ ਸਿੰਘ ਐਕਸ, ਸੁਖਵਿੰਦਰ ਕੌਰ, ਰੋਜ਼ੀ ਵਧਾਵਣ, ਪ੍ਰੀਆ ਸੈਣੀ ਕ੍ਰਿਸ਼ਨਾ ਥਾਪਰ, ਐਮ ਸੀ, ਬੱਬੂ ਬਜਵਾੜਾ, ਬਲਰਾਜ ਚੌਹਾਨ, ਰਣਧੀਰ ਸਿੰਘ ਭਾਰਜ, ਸਰਬਜੀਤ ਸਿੰਘ ਮੋਮੀ, ਅਮਨਦੀਪ ਹੁਸੈਨਪੁਰ, ਪ੍ਰਿਤਪਾਲ, ਕਰਨ ਧੁੱਗਾ ਵਲੀ ਨੰਦਾਚੌਰੀਆ, ਕੌਸ਼ਿਕ ਅਰੋੜਾ, ਜਸ਼ਨ ਵੀ ਹਾਜ਼ਰ ਸਨ।



## ਸੋਹਾਣਾ ਹਸਪਤਾਲ ਵੱਲੋਂ ਕਾਲਾ ਮੋਤੀਆ ਪ੍ਰਤੀ ਜਾਗਰੂਕਤਾ ਵਾਕ




**ਮੋਹਾਲੀ (ਗੁਰਜੀਤ ਬਿੱਲਾ)**- ਸੋਹਾਣਾ ਹਸਪਤਾਲ ਵੱਲੋਂ ਮੋਹਾਲੀ ਵਿਖੇ ਕਾਲਾ ਮੋਤੀਆ ਜਾਗਰੂਕਤਾ ਵਾਕ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ। ਇਹ ਵਾਕ ਹਸਪਤਾਲ ਦੇ ਸੀ.ਓ.ਓ. ਅਤੇ ਸੀਨੀਅਰ ਕੈਟਾਰੈਕਟ ਤੇ ਰਿਫਰੈਕਟਿਵ ਸਰਜਨ ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਕੱਢੀ ਗਈ। ਇਹ ਸਮਾਗਮ 8 ਤੋਂ 14 ਮਾਰਚ ਤੱਕ ਮਨਾਏ ਜਾ ਰਹੇ ਵਿਸ਼ਵ ਕਾਲਾ ਮੋਤੀਆ ਜਾਗਰੂਕਤਾ ਹਫ਼ਤੇ ਦੇ ਹਿੱਸੇ ਵਜੋਂ ਉਲੀਕਿਆ ਗਿਆ ਸੀ।ਇਸ ਜਾਗਰੂਕਤਾ ਵਾਕ ਦਾ ਮੁੱਖ ਉਦੇਸ਼ ਲੋਕਾਂ ਅੱਖਾਂ ਦੀ ਨਿਯਮਤ ਜਾਂਚ ਅਤੇ ਕਾਲੇ ਮੋਤੀਏ, ਜਿਸ ਅੱਖਾਂ ਦੀ ਰੌਸ਼ਨੀ ਦਾ ਚੁੱਪ ਚੋਰ ਵੀ ਕਿਹਾ ਜਾਂਦਾ ਹੈ, ਉਸ ਦੀ ਜਲਦੀ ਪਛਾਣ ਬਾਰੇ ਜਾਗਰੂਕ ਕਰਨਾ ਸੀ। ਹੱਥਾਂ ਵਿੱਚ ਪਲੇਕਾਰਡ ਅਤੇ ਬੈਨਰ ਫੜੇ ਭਾਗੀਦਾਰਾਂ ਨੇ ਵਿਸ਼ੇਸ਼ ਤੌਰ 'ਤੇ 40 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਜਾਂ ਪਰਿਵਾਰਕ ਇਤਿਹਾਸ ਵਾਲੇ ਮਰੀਜ਼ਾਂ ਲਈ ਅੱਖਾਂ ਦੇ ਸਕਰੀਨਿੰਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਸ ਮੌਕੇ ਡਾ. ਅਮਨਪ੍ਰੀਤ ਕੌਰ ਨੇ ਕਿਹਾ ਕਿ ਦੁਨੀਆ ਭਰ ਵਿੱਚ ਲਗਭਗ 8 ਕਰੋੜ ਲੋਕ ਕਾਲੇ ਮੋਤੀਏ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ ਅੱਧੇ ਲੋਕ ਇਹ ਵੀ ਨਹੀਂ ਜਾਣਦੇ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੈ। ਭਾਰਤ ਵਿੱਚ ਹਰ ਅੱਠ ਵਿੱਚੋਂ ਇੱਕ ਵਿਅਕਤੀ ਇਸ ਦੇ ਖ਼ਤਰੇ ਹੇਠ ਹੈ। ਸਭ ਤੋਂ ਚਿੰਤਾ ਵਾਲੀ ਗੱਲ ਇਹ ਹੈ ਕਿ ਇਹ ਬਿਮਾਰੀ ਬਿਨਾਂ ਕਿਸੇ ਦਰਦ ਜਾਂ ਚੇਤਾਵਨੀ ਦੇ ਵਧਦੀ ਹੈ, ਇਸ ਲਈ ਸਮੇਂ ਸਿਰ ਜਾਂਚ ਬੇਹੱਦ ਜ਼ਰੂਰੀ ਹੈ।ਉਨ੍ਹਾਂ ਦੱਸਿਆ ਕਿ ਸੋਹਾਣਾ ਹਸਪਤਾਲ ਵਿਖੇ ਇਸ ਜਾਗਰੂਕਤਾ ਹਫ਼ਤੇ (8-14 ਮਾਰਚ) ਦੌਰਾਨ ਅੱਖਾਂ ਦੇ ਦਬਾਅ ਦੀ ਮੁਫ਼ਤ ਜਾਂਚ ਕੀਤੀ ਜਾ ਰਹੀ ਹੈ ।

## ਮੇਜਰ ਅੰਜੂ ਬਾਲਾ ਸਿੰਘ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਭਾਜਪਾ ਵਰਕਰ ਮੋਗਾ ਰੈਲੀ ਲਈ ਰਵਾਨਾ



**ਮੋਰਿੰਡਾ (ਨਿਹਾਲ ਸਿੰਘ ਕਲਸੀ)** ਭਾਰਤੀ ਜਨਤਾ ਪਾਰਟੀ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਉੱਘੇ ਆਗੂ ਮੇਜਰ ਅੰਜੂ ਬਾਲਾ ਸਿੰਘ ਦੀ ਅਗਵਾਈ ਹੇਠ ਹਲਕੇ ਦੇ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਅਤੇ ਸਮਰਥਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੋਗਾ ਵਿੱਚ ਹੋਣ ਵਾਲੀ ਵਿਸ਼ਾਲ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਰਵਾਨਾ ਹੋਏ। ਰੈਲੀ ਨੂੰ ਲੈ ਕੇ ਭਾਜਪਾ ਵਰਕਰਾਂ ਵਿੱਚ ਭਾਰੀ ਉਤਸ਼ਾਹ ਅਤੇ ਜੋਸ਼ ਦੇਖਣ ਨੂੰ ਮਿਲਿਆ। ਇਸ ਮੌਕੇ ਮੇਜਰ ਅੰਜੂ ਬਾਲਾ ਸਿੰਘ ਨੇ ਕਿਹਾ ਕਿ ਮੋਗਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਨਵਾਂ ਅਧਿਆਇ ਲਿਖੇਗੀ। ਉਨ੍ਹਾਂ ਕਿਹਾ ਕਿ ਇਹ ਰੈਲੀ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ ਚੋਣ ਮੁਹਿੰਮ ਦੀ ਸ਼ੁਰੂਆਤ ਸਾਬਤ ਹੋਵੇਗੀ ਅਤੇ ਭਾਜਪਾ ਵਰਕਰ ਪੂਰੀ ਤਾਕਤ ਨਾਲ ਚੋਣ ਮੈਦਾਨ ਵਿੱਚ ਉਤਰਣ ਲਈ ਤਿਆਰ ਹਨ।ਮੇਜਰ ਅੰਜੂ ਬਾਲਾ ਸਿੰਘ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੀ ਜਨਤਾ ਇੱਕ ਮਜ਼ਬੂਤ ਅਤੇ ਵਿਕਾਸਸ਼ੀਲ ਵਿਕਲਪ ਦੀ ਚੋਣ ਕਰੇ ਅਤੇ ਭਾਰਤੀ ਜਨਤਾ ਪਾਰਟੀ ਹੀ ਉਹ ਪਾਰਟੀ ਹੈ ਜੋ ਪੰਜਾਬ ਨੂੰ ਤਰੱਕੀ ਅਤੇ ਸਥਿਰਤਾ ਦੀ ਦਿਸ਼ਾ ਵਿੱਚ ਅੱਗੇ ਲੈ ਕੇ ਜਾ ਸਕਦੀ ਹੈ। ਇਸ ਮੌਕੇ ਵਿਨੋਦ ਰਾਣਾ, ਜਗਦੀਪ ਸਿੰਘ, ਹਰਨੇਕ ਸਿੰਘ, ਰਾਜੇਸ਼ ਭਾਟੀਆ ਸਮੇਤ ਸੈਂਕੜੇ ਭਾਜਪਾ ਵਰਕਰ ਅਤੇ ਸਮਰਥਕ ਵੱਡੀ ਗਿਣਤੀ ਵਿੱਚ ਮੋਗਾ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਰਵਾਨਾ ਹੋਏ।

## ਲਾਇਨਜ਼ ਕਲੱਬ ਵੱਲੋਂ 46ਵਾਂ ਅੱਖਾਂ ਦਾ ਮੁਫ਼ਤ ਅਪਰੇਸ਼ਨ ਕੈਂਪ

**ਆਦਮਪੁਰ (ਪਰਮਜੀਤ ਸਿੰਘ)**- ਲਾਇਨਜ਼ ਕਲੱਬ ਆਦਮਪੁਰ ਦੋਆਬਾ ਵੱਲੋਂ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਦੀ ਦੇਖ ਰੇਖ ਹੇਠ ਲਾਇਨਜ਼ ਕਲੱਬ ਵਾਰਵਿਕਸ਼ਾਇਰ ਵੈਸਟਵੁੱਡ ਯੂਕੇ ਦੇ ਸਹਿਯੋਗ ਨਾਲ 46ਵਾਂ ਅੱਖਾਂ ਦਾ ਮੁਫ਼ਤ ਅਪਰੇਸ਼ਨ ਕੈਂਪ ਸਮਾਪਤ ਹੋਇਆ।ਇਸ ਸਬੰਧੀ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ, ਵਾਈਸ ਚੇਅਰਮੈਨ ਅਮਰਜੀਤ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ 1015 ਮਰੀਜ਼ਾਂ ਦੇ ਸਫਲ ਅਪ੍ਰੇਸ਼ਨ ਕੀਤੇ ਗਏ ਹਨ। ਕੈਂਪ ਦੌਰਾਨ ਮਰੀਜ਼ਾਂ ਦੇ ਰਹਿਣ ਸਹਿਣ ਖਾਣ-ਪੀਣ ਦੇ ਸਾਰੇ ਇੰਤਜ਼ਾਮ ਕੀਤੇ ਗਏ ਸਨ।ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ 25 ਬੱਚਿਆਂ ਦੇ ਭੈਂਗਾਪਨ ਦੇ ਸਕਿੰਟ ਅਪਰੇਸ਼ਨ ਵੀ ਮੁਫ਼ਤ ਕੀਤੇ ਗਏ ਅਤੇ 17 ਜ਼ਰੂਰਤਮੰਦਾਂ ਨੂੰ ਟ੍ਰਾਈਸਾਈਕਲ ਅਤੇ 5 ਨੂੰ ਵ੍ਹੀਲ ਚੇਅਰਾਂ ਵੀ ਮੁਫ਼ਤ ਦਿੱਤੀਆਂ ਗਈਆਂ ।ਕੈਂਪ ਦੇ ਸਮਾਪਤੀ ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨ ਵਜੋਂ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਸ਼ਾਮਲ ਹੋਏ ਅਤੇ ਵਿਸ਼ੇਸ਼ ਮਹਿਮਾਨ ਵਜੋਂ ਲਾਇਨ ਸਤੀਸ਼ ਮਹਿੰਦਰੂ ਸਾਬਕਾ ਜ਼ਿਲ੍ਹਾ ਗਵਰਨਰ ਅਤੇ ਦਾਨੀ ਸੱਜਣ ਮਹਿੰਦਰ ਸਿੰਘ ਸਮਰਾ ਵੀ ਹਾਜ਼ਰ ਰਹੇ। ਇਸ ਕੈਂਪ ਵਿੱਚ ਸ਼ਾਮਲ ਹੋਣ ਆਏ ਲਾਇਨਜ਼ ਕਲੱਬ ਵਾਰਵਿਕਸ਼ਾਇਰ ਵੈਸਟਵੁੱਡ ਯੂਕੇ ਵੱਲੋਂ ਟਰੱਸਟੀ ਮਨਜੀਤ ਰਾਏ, ਕਲੱਬ ਦੇ ਪ੍ਰਧਾਨ ਲਾਇਨ ਅਮਨਪਰੀਤ ਕੌਰ ਰਾਏ, ਖਜ਼ਾਨਚੀ ਲਾਇਨ ਤਰਲੋਚਨ ਸਿੰਘ, ਦਰਸ਼ਨਾਂ ਕੌਰ, ਸਕੱਤਰ ਲਾਇਨ ਅਰਾਇਨ ਅਠਵਾਲ, ਲਾਇਨ ਬਲਬੀਰ ਸਿੰਘ ਧਾਮੀ, ਲਾਇਨ ਨੀਤੂ ਰਾਏ, ਸੁਖਮਿੰਦਰ ਸਿੰਘ ਗਿੱਲ , ਅਮਨਦੀਪ ਸਿੰਘ ਨੇ ਕਿਹਾ ਕਿ ਅੱਜ ਕੈਂਪ ਦੇ ਆਖ਼ਰੀ ਦਿਨ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਜਿਸ ਸੇਵਾ ਨੂੰ ਟੀਚਾ ਬਣਾ ਉਹ ਯੂਕੇ ਤੋਂ ਆਏ ਸਨ ਅੱਜ ਉਹ ਸਫਲਤਾ ਪੂਰਵਕ ਪੂਰਾ ਹੋ ਗਿਆ ਹੈ ਇਸ ਮੌਕੇ ਸ਼ਾਹਕੋਟ ਤੋਂ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਆਦਮਪੁਰ ਤੋਂ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਦੋਹਾਂ ਸੰਸਥਾਵਾਂ ਦੇ ਸਾਂਝੇ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਿਸ ਤਰੀਕੇ ਨਾਲ ਸੁਚੱਜੇ ਢੰਗ ਨਾਲ ਸਾਰੇ ਇੰਤਜਾਮ ਕਰ ਲੋਕ ਸੇਵਾ ਕੀਤੀ ਜਾ ਰਹੀ ਹੈ ਅਜਿਹੀਆਂ ਮਿਸਾਲਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਨਣਗੀਆਂ ।ਇਸ ਮੌਕੇ ਆਦਮਪੁਰ ਕਲੱਬ ਦੇ ਪ੍ਰਧਾਨ ਰਾਕੇਸ਼ ਚੋਢਾ ਨੇ ਸਭਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਨਗਰ ਕੌਂਸਲ ਆਦਮਪੁਰ ਦੇ ਪ੍ਰਧਾਨ ਦਰਸ਼ਨ ਸਿੰਘ ਕਰਵਲ, ਰਣਵੀਰ ਸਿੰਘ ਰਾਣਾ, ਬਲਵੰਤ ਸਿੰਘ ਵਿਰਦੀ, ਵੀਨਾ ਚੋਢਾ, ਕੌਂਸਲਰ ਸੁਸ਼ਮਾ, ਕੈਪਟਨ ਗੁਰਮੀਤ ਸਿੰਘ, ਨਿਰਮਲ ਸਿੰਘ ਬੰਸਲ, ਪ੍ਰਿੰਸੀਪਲ ਰਾਮ ਆਸਰਾ, ਰਘਵੀਰ ਸਿੰਘ ਵਿਰਦੀ, ਕਲ. ਮੋਹਨ ਲਾਲ ਸ਼ਾਰਦਾ, ਸੁਸ਼ੀਲ ਡੋਗਰਾ, ਵਿਨੋਦ ਟੰਡਨ, ਹਰਵਿੰਦਰ ਸਿੰਘ ਪਰਹਾਰ, ਅਕਸ਼ਰਦੀਪ ਸ਼ਰਮਾ, ਕੁਲਵੀਰ ਸਿੰਘ, ਤਜਿੰਦਰ ਵਰਮਾ, ਐਸ.ਐਲ. ਭਾਟੀਆ, ਖੜਕ ਸਿੰਘ, ਹਰਿੰਦਰ ਸਿੰਘ ਬਾਂਸਲ, ਕਮਲਜੀਤ, ਰਵੀ ਕਰਵਲ, ਰਾਜੇਸ਼ ਕੁਮਾਰ ਰਾਜੂ ਅਤੇ ਹੋਰ ਮੈਂਬਰ ਹਾਜ਼ਰ ਸਨ।



# ਨਵਾਂ ਜ਼ਮਾਨਾ ਐਤਵਾਰਤਾ



ਪਰਮਜੀਤ ਢੀਂਗਰਾ ਦੀਆਂ ਜੰਗ ਵਿਰੋਧੀ ਕਵਿਤਾਵਾਂ
(ਆਖਰੀ ਤੋਂ ਪਹਿਲੇ ਸਫੇ 'ਤੇ)

ਅਸੀਂ ਕਿੰਨੇ ਕੁ ਤਿੱਖੇ ਹਾਂ,
ਕਦੀ ਖਾਰਾਂ ਨੇ ਨਹੀਂ ਦੱਸਿਆ।
ਅਸਾਨੂੰ ਜ਼ਿੰਦਗੀ ਦਾ ਸੱਚ,
ਗੁਲਜ਼ਾਰਾਂ ਨੇ ਨਹੀਂ ਦੱਸਿਆ।
-ਸਤਪਾਲ ਸਾਹਲੋਂ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 15 ਮਾਰਚ 2026 www.nawanzamana.in ਕੀਮਤ 5.00 ਰੁਪਏ

# ਖੰਡਰਾਂ ਤੇ ਕਤਲੇਆਮ ਦਰਮਿਆਨ ਜੰਗ

ਭਖਵਾਂ ਮੁੱਦਾ

## ਡਾ. ਜਸਬੀਰ ਸਿੰਘ ਔਲਖ

ਅਠਾਈ ਫਰਵਰੀ ਨੂੰ ਅਮਰੀਕਾ-ਇਜ਼ਰਾਈਲ ਜੁੰਡਲੀ ਨੇ ਈਰਾਨ 'ਤੇ ਹਮਲਾ ਕਰਕੇ ਯੂ ਐੱਨ ਓ ਚਾਰਟਰਡ ਦੇ ਆਰਟੀਕਲ 2(4) (ਜਿਹੜਾ ਕਿਸੇ ਵੀ ਮੁਲਕ ਦੀ ਇਲਾਕਾਈ ਅਖੰਡਤਾ ਅਤੇ ਸਿਆਸੀ ਅਜ਼ਾਦੀ ਨੂੰ ਕਿਸੇ ਵੀ ਧਮਕੀ ਜਾਂ ਬਲ ਪੂਰਬਕ ਨੂੰ ਖਤਮ ਕਰਨ ਦੀ ਸੰਭਾਵਨਾ ਨਿਕਾਰਦਾ ਹੈ) ਦੀਆਂ ਧੱਜੀਆਂ ਉਡਾਉਂਦੇ ਹੋਏ ਉੱਥੋਂ ਦੇ ਸੁਪਰੀਮ ਲੀਡਰ ਸਈਅਦ ਅਲੀ ਖੁਮੈਨੀ ਸਮੇਤ ਬਹੁਤ ਸਾਰੇ ਸਿਵਲ ਪ੍ਰਸ਼ਾਸਨ ਅਤੇ ਫੌਜੀ ਆਗੂਆਂ ਦਾ ਕਤਲ ਕਰ ਦਿੱਤਾ ਹੈ। ਇਸ ਦੇ ਨਾਲ ਹੀ ਵਿੱਦਿਅਕ ਅਦਾਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਨਾਲ ਸੈਂਕੜੇ ਮਾਸੂਮ ਬੱਚਿਆਂ ਦੀ ਮੌਤ ਹੋਈ ਹੈ, ਪਰ ਇਸ ਦਾ ਸਭ ਤੋਂ ਵੱਧ ਮਹੱਤਵਪੂਰਨ ਪਹਿਲੂ ਹੈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੱਚੀ-ਛੱਬੀ ਫਰਵਰੀ ਦੀ ਇਜ਼ਰਾਈਲ ਯਾਤਰਾ। ਇਹ ਉਸ ਸਮੇਂ ਹੋਈ, ਜਦੋਂ ਈਰਾਨ ਉੱਤੇ ਹਮਲਾ ਲੱਗਭੱਗ ਯਕੀਨੀ ਸੀ। ਨਰਿੰਦਰ ਮੋਦੀ ਨੇ ਨਾ ਸਿਰਫ਼ ਉੱਥੋਂ ਦੀ ਪਾਰਲੀਮੈਂਟ ਵਿੱਚ ਹਿੱਕ ਠੋਕ ਕੇ ਕਿਹਾ ਕਿ ਅਸੀਂ ਤੁਹਾਡੇ ਨਾਲ ਹਾਂ, ਬਲਕਿ ਉੱਥੋਂ ਦਾ ਇੱਕ ਉੱਚਾ ਸਨਮਾਨ ਵੀ ਹਾਸਲ ਕੀਤਾ। ਉਹ ਇਜ਼ਰਾਈਲ ਦੀ ਯਾਤਰਾ, ਉਹ ਵੀ ਦੋ ਵਾਰ ਕਰਨ ਵਾਲੇ ਪਹਿਲੇ ਪ੍ਰਧਾਨ ਮੰਤਰੀ ਹਨ। ਇਜ਼ਰਾਈਲ ਦੀ ਯਾਤਰਾ ਕਰਨੀ ਸਮੁੱਚੇ ਸੰਸਾਰ ਦੀਆਂ ਹਸਤੀਆਂ ਲਈ ਬੇਸ਼ਰਮੀ ਵਾਲੀ ਗੱਲ ਹੈ ਅਤੇ ਹਿੰਦੁਸਤਾਨ ਵਰਗੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਤਾਂ ਇਜ਼ਰਾਈਲੀ ਹਾਕਮਾਂ ਲਈ ਇੱਕ ਨਿਆਮਤ ਦੀ ਤਰ੍ਹਾਂ ਸੀ।



ਇਜ਼ਰਾਈਲ ਸਾਲ 1948 ਵਿੱਚ ਬਰਤਾਨੀਆ ਅਤੇ ਦੂਸਰੀਆਂ ਸਾਮਰਾਜੀ ਤਾਕਤਾਂ ਵੱਲੋਂ ਫਲਸਤੀਨ ਦੀ ਧਰਤੀ 'ਤੇ ਕਬਜ਼ਾ ਕਰਕੇ ਹੋਂਦ ਵਿੱਚ ਲਿਆਂਦਾ ਗਿਆ ਸੀ। ਉਦੋਂ ਤੋਂ ਹੀ ਇਜ਼ਰਾਈਲ ਅਮਰੀਕਾ ਅਤੇ ਦੂਸਰੇ ਸਾਮਰਾਜੀ ਮੁਲਕਾਂ ਲਈ ਇੱਕ ਗੈਂਗਸਟਰ ਦੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਅਰਬ ਦੇਸ਼ਾਂ ਦੇ ਤੇਲ ਭੰਡਾਰਾਂ 'ਤੇ ਕਬਜ਼ਾ ਕਰਨ ਲਈ ਅਮਰੀਕੀ ਅੱਡੇ ਦੇ ਤੌਰ 'ਤੇ ਕਾਰਜਸ਼ੀਲ ਹੈ।

ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਆਪਣੇ ਮੁਲਕ ਵਿੱਚ ਸਿਆਸੀ ਸੰਕਟਾਂ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਉਸ ਅਤੇ ਉਸ ਦੇ ਨਜ਼ਦੀਕੀਆਂ ਤੇ ਰਿਸ਼ਵਤਖੋਰੀ, ਧੋਖਾਧੜੀ ਅਤੇ ਬਲੈਕਮੇਲ ਦੇ ਦੋਸ਼ਾਂ ਤਹਿਤ 21 ਨਵੰਬਰ 2019 ਨੂੰ ਕਾਰਵਾਈ ਸ਼ੁਰੂ ਹੋ ਚੁੱਕੀ ਸੀ ਅਤੇ ਗਵਾਹੀਆਂ ਦਾ ਦੌਰ ਪੰਜ ਅਪ੍ਰੈਲ 2021 ਨੂੰ ਸ਼ੁਰੂ ਹੋਇਆ। ਪਿਛਲੇ ਸਾਲ ਤੀਹ ਨਵੰਬਰ ਨੂੰ ਨੇਤਨਯਾਹੂ ਨੇ ਇਜ਼ਰਾਈਲੀ ਰਾਸ਼ਟਰਪਤੀ ਇਸਾਕ ਹਰਯੋਗ ਨੂੰ ਮੁਆਫ਼ੀ ਲਈ ਬੇਨਤੀ ਕੀਤੀ, ਜੋ ਡੋਨਾਲਡ ਟਰੰਪ ਦੀ ਧਮਕੀ ਦੇ ਬਾਵਜੂਦ ਰਾਸ਼ਟਰਪਤੀ ਨੇ ਅਸਵੀਕਾਰ ਕਰ ਦਿੱਤੀ। ਭ੍ਰਿਸ਼ਟਾਚਾਰ ਦੇ ਟੋਏ ਵਿੱਚ ਨੱਕੋ-ਨੱਕ ਡੁੱਬੇ ਨੇਤਨਯਾਹੂ ਨੇ ਉੱਥੋਂ ਦੀ ਸੁਪਰੀਮ ਕੋਰਟ ਨਾਲ ਵੀ ਸਿੰਗ ਫਸਾਏ ਹੋਏ ਹਨ। ਮੋਦੀ ਵੱਲੋਂ ਇਜ਼ਰਾਈਲੀ ਪਾਰਲੀਮੈਂਟ ਨੂੰ ਸੰਬੋਧਨ ਕਰਨ ਵੇਲੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੂੰ ਸੱਦਾ ਪੱਤਰ ਨਹੀਂ ਦਿੱਤਾ ਗਿਆ ਅਤੇ ਜਿਸ ਦੇ ਰੋਸ ਵਜੋਂ ਵਿਰੋਧੀ ਧਿਰ ਨੇ ਉਸ ਸੈਸ਼ਨ ਦਾ ਬਾਈਕਾਟ ਕਰ ਦਿੱਤਾ। ਖਾਲੀ ਕੁਰਸੀਆਂ ਭਰਨ ਲਈ ਨੇਤਨਯਾਹੂ ਨੇ ਆਪਣੀ ਹੀ ਧਿਰ ਦੇ ਗੈਰ-ਮੈਂਬਰਾਂ ਨੂੰ ਕੁਰਸੀਆਂ 'ਤੇ ਬਿਠਾਇਆ। ਪਿਛਲੇ ਸਮੇਂ ਵਿੱਚ ਇਜ਼ਰਾਈਲੀ ਜਨਤਾ ਵੀ ਨੇਤਨਯਾਹੂ ਦੇ ਖਿਲਾਫ਼ ਵੱਡੀ ਪੱਧਰ 'ਤੇ ਸੜਕਾਂ 'ਤੇ ਨਿਕਲਦੀ ਰਹੀ ਹੈ।



ਸੱਤ ਅਕਤੂਬਰ 2023 ਦਾ ਹਮਾਸ ਦਾ ਹਮਲਾ ਬੈਂਜਾਮਿਨ ਨੇਤਨਯਾਹੂ ਲਈ ਸਿਆਸੀ ਤੌਰ 'ਤੇ ਇੱਕ ਸੰਜੀਵਨੀ ਬੂਟੀ ਲੈ ਕੇ ਆਇਆ, ਜਿਵੇਂ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੁਲਵਾਮਾ ਦਹਿਸ਼ਤੀ ਹਮਲਾ ਨਰਿੰਦਰ ਮੋਦੀ ਸਰਕਾਰ ਅਤੇ ਭਾਜਪਾ ਲਈ ਲਾਹੇਵੰਦ ਸਾਬਤ ਹੋਇਆ ਸੀ, ਜਦੋਂ ਨਰਿੰਦਰ ਮੋਦੀ ਸੀ ਆਰ ਪੀ ਦੇ ਸ਼ਹੀਦ ਹੋਏ ਨੌਜਵਾਨਾਂ ਦੀਆਂ ਤਸਵੀਰਾਂ ਆਪਣੀਆਂ ਚੋਣ ਰੈਲੀਆਂ ਵਿੱਚ ਵਰਤਦਾ ਰਿਹਾ ਸੀ। ਹਮਾਸ ਦੇ ਹਮਲੇ ਦੀ ਆੜ ਵਿੱਚ ਨੇਤਨਯਾਹੂ ਨੇ ਗਾਜ਼ਾ ਪੱਟੀ ਵਿੱਚ ਵੱਸਦੇ ਫਲਸਤੀਨੀ ਅਵਾਮ 'ਤੇ ਕਹਿਰ ਵਰਸਾ ਦਿੱਤਾ। ਸੱਤਰ ਹਜ਼ਾਰ ਤੋਂ ਉੱਪਰ ਫਲਸਤੀਨੀ ਮਾਰੇ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬੱਚੇ, ਔਰਤਾਂ ਅਤੇ ਬਜ਼ੁਰਗ ਸਨ। ਸਕੂਲਾਂ-ਹਸਪਤਾਲਾਂ ਸਮੇਤ ਸਮੁੱਚੇ ਗਾਜ਼ਾ ਨੂੰ ਇੱਕ ਖੰਡਰ ਵਿੱਚ ਬਦਲ ਦਿੱਤਾ ਗਿਆ। ਗਾਜ਼ਾ ਦੀ ਨਾਕਾਬੰਦੀ ਕਰ ਹਰ ਤਰ੍ਹਾਂ ਦੀ ਕੌਮਾਂਤਰੀ ਮਦਦ ਪਹੁੰਚਣ ਤੋਂ ਰੋਕ ਦਿੱਤੀ ਗਈ। ਸਿੱਟੇ ਵਜੋਂ ਜੰਗ ਦੇ ਨਾਲ-ਨਾਲ ਭੁੱਖਮਰੀ ਵੀ ਫਲਸਤੀਨੀਆਂ 'ਤੇ ਕਹਿਰ ਬਣ ਢੁਕੀ।

ਦੱਖਣੀ ਅਫ਼ਰੀਕਾ ਵੱਲੋਂ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਹੇਗ ਵਿੱਚ ਇਜ਼ਰਾਈਲ ਦੇ ਖਿਲਾਫ਼ ਜੰਗੀ ਅਪਰਾਧਾਂ, ਮਨੁੱਖਤਾ ਵਿਰੁੱਧ ਅਪਰਾਧ, ਨਸਲਕੁਸ਼ੀ ਅਤੇ ਭੁੱਖਮਰੀ ਨੂੰ ਜੰਗੀ ਹਥਿਆਰ ਦੇ ਤੌਰ 'ਤੇ ਵਰਤਣ ਲਈ ਸ਼ਿਕਾਇਤ ਦਰਜ ਕਰਵਾਈ ਗਈ। ਇਸ ਕੌਮਾਂਤਰੀ ਕੋਰਟ ਨੇ ਆਪਣੀ ਪੜਤਾਲ ਦੌਰਾਨ ਇਹਨਾਂ ਦੋਸ਼ਾਂ ਨੂੰ ਸਹੀ ਪਾਇਆ ਅਤੇ ਬੈਂਜਾਮਿਨ ਨੇਤਨਯਾਹੂ ਅਤੇ ਉਸ ਦੇ ਰੱਖਿਆ ਮੰਤਰੀ ਯੋਆਵ ਗਲਾਂਟ ਨੂੰ ਜੰਗੀ ਅਪਰਾਧੀ ਮੰਨਦੇ ਹੋਏ ਉਹਨਾਂ ਖਿਲਾਫ਼ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ। ਇਹਨਾਂ ਵਾਰੰਟਾਂ ਤਹਿਤ ਇਹਨਾਂ ਦੋਵਾਂ ਨੂੰ ਦੁਨੀਆ ਦੇ ਸਵਾ ਸੌ ਦੇਸ਼ਾਂ ਲਈ ਕਾਨੂੰਨੀ ਜ਼ਰੂਰੀ ਹੈ ਕਿ ਉਹ ਇਹਨਾਂ ਦੇਸ਼ਾਂ ਵਿੱਚ ਆਉਣ 'ਤੇ ਗ੍ਰਿਫ਼ਤਾਰ ਕਰਕੇ ਕੌਮਾਂਤਰੀ ਅਦਾਲਤ ਵਿੱਚ ਪੇਸ਼ ਕਰਨ। ਇਹਨਾਂ ਗ੍ਰਿਫ਼ਤਾਰੀ ਵਾਰੰਟਾਂ ਤੋਂ ਬਾਅਦ ਨੇਤਨਯਾਹੂ ਨੂੰ ਪੋਲੈਂਡ ਦਾ ਦੌਰਾ ਰੱਦ ਕਰਨਾ ਪਿਆ ਸੀ।

### ਹਿੰਦੁਸਤਾਨੀ ਪੱਖ

ਹਿੰਦੁਸਤਾਨ ਦੀ ਵਿਦੇਸ਼ ਨੀਤੀ ਦਾ ਇਹ ਪੱਖ ਹਮੇਸ਼ਾ ਰਿਹਾ ਹੈ ਕਿ ਇਜ਼ਰਾਈਲ ਅਤੇ ਫਲਸਤੀਨ ਦੋਵਾਂ ਦੇਸ਼ਾਂ ਨੂੰ ਆਪਣੀ ਹੋਂਦ ਰੱਖਣ ਦਾ ਹੱਕ ਹੈ। ਮਹਾਤਮਾ ਗਾਂਧੀ-ਜਵਾਹਰ ਲਾਲ ਨਹਿਰੂ ਤੋਂ ਲੈ ਕੇ ਵਾਜਪਾਈ-ਮਨਮੋਹਨ ਸਿੰਘ ਦੌਰ ਤੱਕ ਸਾਰੇ ਭਾਰਤੀ ਨੇਤਾਵਾਂ ਦਾ ਸਟੈਂਡ ਰਿਹਾ ਹੈ ਕਿ ਇਜ਼ਰਾਈਲ ਨੂੰ ਅਰਬ ਦੇਸ਼ਾਂ ਦੇ ਕਬਜ਼ੇ ਵਿੱਚ ਲਏ ਇਲਾਕੇ ਖਾਲੀ ਕਰਨੇ ਚਾਹੀਦੇ ਹਨ ਅਤੇ ਫਲਸਤੀਨ ਨੂੰ ਆਪਣੀ ਆਜ਼ਾਦ ਹਸਤੀ ਰੱਖਣ ਦਾ ਹੱਕ ਹੈ।

ਭਾਰਤ ਨੇ ਸਤਾਰਾਂ ਸਤੰਬਰ 1950 ਨੂੰ ਇਜ਼ਰਾਈਲ ਨੂੰ ਮਾਨਤਾ ਦਿੱਤੀ ਸੀ। ਇਸ ਸਬੱਬ ਨੂੰ ਨਰਿੰਦਰ ਮੋਦੀ ਨੇ ਇਜ਼ਰਾਇਲੀ ਪਾਰਲੀਮੈਂਟ ਵਿੱਚ ਆਪਣੇ ਭਾਸ਼ਣ ਵਿੱਚ ਇਹ ਕਹਿ ਕੇ ਭੁੰਨਾਇਆ ਕਿ ਭਾਰਤ ਨੇ ਇਜ਼ਰਾਈਲ ਨੂੰ ਮਾਨਤਾ ਉਸ ਦੇ ਜਨਮ ਦਿਨ 'ਤੇ ਹੀ ਦਿੱਤੀ ਸੀ! ਇਜ਼ਰਾਈਲੀ ਸਫਾਰਤਖਾਨਾ ਬੜੀ ਦੇਰ ਬਾਅਦ 29 ਜਨਵਰੀ 1992 ਨੂੰ ਖੁੱਲ੍ਹਿਆ।

ਭਾਰਤ-ਇਜ਼ਰਾਈਲ ਸੰਬੰਧਾਂ ਵਿੱਚ ਕੁੱਝ ਤੇਜ਼ੀ ਵਾਜਪਾਈ ਸਰਕਾਰ ਦੇ ਸਮੇਂ ਆਉਂਦੀ ਹੈ, ਜਦੋਂ ਕਾਰਗਿਲ ਯੁੱਧ ਦੌਰਾਨ ਇਜ਼ਰਾਈਲ ਤੋਂ ਫੌਜੀ ਇਮਦਾਦ ਲਈ ਗਈ। ਵਾਜਪਾਈ ਸਰਕਾਰ ਦੇ ਵਿਦੇਸ਼ ਮੰਤਰੀ ਜਸਵੰਤ ਸਿੰਘ ਅਤੇ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਇਜ਼ਰਾਈਲ ਦੀ ਯਾਤਰਾ ਕਰਨ ਵਾਲੇ ਪਹਿਲੇ ਭਾਰਤੀ ਵਜ਼ੀਰ ਬਣੇ। ਵਾਜਪਾਈ ਸਰਕਾਰ ਦੌਰਾਨ ਹੀ ਸਾਬਕਾ ਇਜ਼ਰਾਈਲੀ ਪ੍ਰਧਾਨ ਮੰਤਰੀ ਐਰਨ ਸੈਰੋਨ ਭਾਰਤ ਯਾਤਰਾ ਕਰਦੇ ਹਨ। ਮਨਮੋਹਨ ਸਿੰਘ ਸਰਕਾਰ ਦੇ ਵਿਦੇਸ਼ ਮੰਤਰੀ ਐੱਸ ਐੱਨ ਕ੍ਰਿਸ਼ਨਾ ਕਾਂਗਰਸ ਪਾਰਟੀ ਦੇ ਪਹਿਲੇ ਵਜ਼ੀਰ ਸਨ, ਜਿਹਨਾਂ ਇਜ਼ਰਾਈਲ ਦੀ ਯਾਤਰਾ ਕੀਤੀ। ਸਾਇੰਸ-ਟੈਕਨੋਲੋਜੀ, ਖੇਤੀ ਅਤੇ ਵਪਾਰ ਸੰਬੰਧੀ ਤਾਂ ਖੁੱਲ੍ਹ ਕੇ ਗੱਲਬਾਤ ਹੋਈ, ਪਰ ਰੱਖਿਆ ਸੰਬੰਧਾਂ ਨੂੰ ਪਰਦੇ ਪਿੱਛੇ ਰੱਖਿਆ ਗਿਆ। ਫਿਰ ਵੀ ਆਜ਼ਾਦ ਫਲਸਤੀਨ ਪ੍ਰਤੀ ਭਾਰਤ ਦਾ ਸਪੱਸ਼ਟ ਸਟੈਂਡ ਕਾਇਮ ਰਿਹਾ।

### 2014 ਤੋਂ ਬਾਅਦ

ਨਰਿੰਦਰ ਮੋਦੀ ਦੀ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਇਜ਼ਰਾਈਲ ਨਾਲ ਸੰਬੰਧਾਂ ਵਿੱਚ ਕਿਸੇ ਸ਼ਰਮ-ਹਯਾ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹੀ। ਸੱਤਾ ਸੰਭਾਲਣ ਦੇ ਛੇ ਮਹੀਨਿਆਂ ਵਿੱਚ ਹੀ ਸਤੰਬਰ 2014 ਨੂੰ ਯੂ ਐੱਨ ਓ ਦੇ ਸਮਾਗਮ ਵਿੱਚ ਸ਼ਮੂਲੀਅਤ ਦੌਰਾਨ ਨਰਿੰਦਰ ਮੋਦੀ ਅਤੇ ਬੈਂਜਾਮਿਨ ਨੇਤਨਯਾਹੂ ਦੀ ਪਹਿਲੀ ਜੱਫ਼ੀ ਪੈਂਦੀ ਹੈ। ਅਗਲੇ ਸਾਲ ਇਜ਼ਰਾਈਲ ਦਾ ਰੱਖਿਆ ਮੰਤਰੀ ਭਾਰਤ ਆਉਂਦਾ ਹੈ ਅਤੇ ਰੱਖਿਆ ਖੇਤਰ ਵਿੱਚ 'ਸਹਿਯੋਗ' ਦੀ ਗੱਲ ਨੰਗੇ ਚਿੱਟੇ ਰੂਪ ਵਿੱਚ ਕੀਤੀ ਜਾਂਦੀ ਹੈ। ਮੋਦੀ ਸਰਕਾਰ ਦੇ ਮੰਤਰੀਆਂ ਨੇ ਪਿਛਲੇ ਸਾਲਾਂ ਦੌਰਾਨ ਇਜ਼ਰਾਈਲੀ ਦੌਰਿਆਂ ਦੀ ਹਨੇਰੀ ਲਿਆ ਰੱਖੀ। ਇੱਥੋਂ ਤੱਕ ਕਿ ਆਰ ਐੱਸ ਐੱਸ ਦੇ ਨਾਗਪੁਰ ਹੈੱਡਕੁਆਰਟਰ 'ਤੇ ਹਾਜ਼ਰੀ ਭਰਨ ਵਾਲੇ ਸਾਬਕਾ ਕਾਂਗਰਸੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਵੀ ਇਜ਼ਰਾਇਲ ਭੇਜਿਆ ਗਿਆ। ਸਭ ਤੋਂ ਵੱਧ ਚਰਚਿਤ ਰਹੀ ਨਰਿੰਦਰ ਮੋਦੀ ਦੀ 2017 ਦੀ ਇਜ਼ਰਾਈਲ ਯਾਤਰਾ। ਐਪਸਟੀਨ ਫਾਈਲਾਂ ਵਿੱਚ ਹੋਏ ਖੁਲਾਸਿਆਂ ਨੇ ਦਰਸਾਇਆ ਹੈ ਕਿ ਕਥਿਤ ਰੂਪ ਵਿੱਚ ਨਰਿੰਦਰ ਮੋਦੀ ਨੇ ਆਪਣੇ ਕਾਰਪੋਰੇਟੀ ਯਾਰ ਅਨਿਲ ਅੰਬਾਨੀ, ਬਦਨਾਮ ਜਿਨਸੀ ਅਪਰਾਧੀ ਐਪਸਟੀਨ ਅਤੇ ਇਜ਼ਰਾਈਲੀ ਹਾਕਮਾਂ ਰਾਹੀਂ ਡੋਨਾਲਡ ਟਰੰਪ ਨਾਲ ਨਜ਼ਦੀਕੀਆਂ ਵਧਾਉਣ ਲਈ ਲੇਲ੍ਹੜੀਆਂ ਕੱਢੀਆਂ ਸਨ। ਅਗਲੇ ਸਾਲ ਹੀ ਚੌਦਾਂ ਜਨਵਰੀ ਤੋਂ ਉੱਨੀ ਜਨਵਰੀ ਤੱਕ ਬੈਂਜਾਮਿਨ ਨੇਤਨਯਾਹੂ ਭਾਰਤ ਵਿੱਚ ਸੀ। ਇਜ਼ਰਾਈਲੀ ਰੱਖਿਆ ਮੰਤਰੀ ਬੈਂਜਾਮਿਨ ਗਾਂਟਜ ਵੀ ਜੂਨ 2022 ਵਿੱਚ 'ਇੰਡੀਆ-ਇਜ਼ਰਾਈਲ ਵਿਜ਼ਨ ਆਪ ਡਿਫੈਂਸ ਕੋਆਪਰੇਸ਼ਨ' ਤਹਿਤ ਭਾਰਤ ਆਇਆ। ਅਪ੍ਰੇਸ਼ਨ ਸਿੰਧੂਰ ਦੌਰਾਨ ਕਿਸੇ ਵੀ ਮੁਲਕ ਨੇ ਭਾਰਤ ਦੇ ਹੱਕ ਵਿੱਚ ਸਟੈਂਡ ਨਹੀਂ ਲਿਆ ਅਤੇ ਮੋਦੀ ਸਰਕਾਰ ਕੌਮਾਂਤਰੀ ਜੰਗੀ ਅਪਰਾਧੀ ਬੈਂਜਾਮਿਨ ਨੇਤਨਯਾਹੂ ਦੀ ਸ਼ਰਨ ਵਿੱਚ ਸੀ। ਅਪ੍ਰੇਸ਼ਨ ਸਿੰਧੂਰ ਸੰਬੰਧੀ ਡੋਨਾਲਡ ਟਰੰਪ ਵੱਲੋਂ ਦਰਜਨਾਂ ਵਾਰ ਨਰਿੰਦਰ ਮੋਦੀ ਦੀ ਬੇਇੱਜ਼ਤੀ ਕੀਤੀ ਗਈ, ਪਰ ਇਸ ਦੇ ਮੂੰਹੋਂ ਇੱਕ ਵੀ ਸ਼ਬਦ ਨਹੀਂ ਨਿਕਲਿਆ। ਆਜ਼ਾਦ ਫਲਸਤੀਨ ਸੰਬੰਧੀ ਮੋਦੀ ਸਰਕਾਰ ਪੂਰੀ ਤਰ੍ਹਾਂ ਯੂ-ਟਰਨ ਲੈ ਚੁੱਕੀ ਹੈ ਅਤੇ ਹਜ਼ਾਰਾਂ ਫਲਸਤੀਨੀਆਂ ਦੇ ਕਤਲੇਆਮ ਤੇ ਮੋਦੀ ਸਰਕਾਰ ਦੇ ਕਿਸੇ ਵੀ ਅਹਿਲਕਾਰ ਵੱਲੋਂ ਇੱਕ ਵੀ ਸ਼ਬਦ ਮੂੰਹੋਂ ਨਹੀਂ ਨਿਕਲਿਆ, ਬਲਕਿ ਇਜ਼ਰਾਈਲੀ ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ ਨਰਿੰਦਰ ਮੋਦੀ ਨੇ ਸਿਰਫ਼ ਹਮਾਸ ਦੇ ਅਕਤੂਬਰ 2023 ਦੇ ਹਮਲੇ ਦਾ ਜ਼ਿਕਰ ਕੀਤਾ, ਪਰ ਬੇਸ਼ਰਮੀ ਦੀ ਹੱਦ ਵੇਖੋ-ਡੋਨਾਲਡ ਟਰੰਪ ਨੇ ਯੂ ਐੱਨ ਓ ਨੂੰ ਦਰਕਿਨਾਰ ਕਰਕੇ ਆਪਣੇ ਜਵਾਈ ਦੀ ਅਗਵਾਈ ਵਿੱਚ ਇੱਕ ਕਥਿਤ ਬੋਰਡ ਆਫ਼ ਪੀਸ ਦੀ ਰਚਨਾ ਕੀਤੀ। ਇਸ ਬੋਰਡ ਵਿੱਚ ਪਾਕਿਸਤਾਨ ਨੂੰ ਤਾਂ ਮੈਂਬਰ ਲਿਆ ਗਿਆ, ਪਰ ਭਾਰਤ ਨੂੰ ਨਹੀਂ। ਡੋਨਾਲਡ ਟਰੰਪ ਨੇ ਨਰਿੰਦਰ ਮੋਦੀ ਦੀ ਬਾਂਹ ਮਰੋੜ ਕੇ ਵਪਾਰ ਸਮਝੌਤਾ ਵੀ ਕਰ ਲਿਆ ਅਤੇ ਉਸ ਦਾ ਐਲਾਨ ਵੀ ਖੁਦ ਉਸ ਨੇ ਹੀ ਕੀਤਾ। ਐਪਸਟੀਨ ਫਾਈਲਾਂ ਅਤੇ ਵਪਾਰ ਸਮਝੌਤੇ 'ਤੇ ਨਰਿੰਦਰ ਮੋਦੀ ਭਾਰਤੀ ਪਾਰਲੀਮੈਂਟ ਦਾ ਸਾਹਮਣਾ ਕਰਨ ਦਾ ਵੀ ਹੀਆ ਨਹੀਂ ਕਰ ਰਿਹਾ, ਉਲਟਾ ਔਰਤ ਮੈਂਬਰਾਂ ਤੋਂ ਡਰ ਦਾ ਬਹਾਨਾ ਬਣਾ ਰਾਸ਼ਟਰਪਤੀ ਦੇ ਭਾਸ਼ਣ 'ਤੇ ਵੀ ਬੋਲ ਨਹੀਂ ਸਕਿਆ, ਜੋ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ। ਪਿਛਲੇ ਸਾਲ ਵੀ ਈਰਾਨ 'ਤੇ ਬਾਰਾਂ ਦਿਨ ਤੱਕ ਚੱਲੇ ਅਮਰੀਕੀ-ਇਜ਼ਰਾਈਲੀ ਹਮਲੇ ਸਮੇਂ ਵੀ ਮੋਦੀ ਸਰਕਾਰ ਮੁਜਰਮਾਨਾਂ ਤਰੀਕੇ ਨਾਲ ਖਾਮੋਸ਼ ਰਹੀ। ਹੁਣ ਵੀ ਸਮੁੱਚੀ ਉੱਚ ਈਰਾਨੀ ਲੀਡਰਸ਼ਿਪ ਨੂੰ ਖਤਮ ਕਰਨ ਦੇ ਸਮੇਂ ਇਹ ਖਾਮੋਸ਼ੀ ਬਰਕਰਾਰ ਹੈ, ਉਲਟਾ ਜਦੋਂ ਈਰਾਨ ਨੇ ਗੁਆਂਢ ਵਿੱਚ ਅਮਰੀਕੀ ਅੱਡਿਆਂ 'ਤੇ ਹਮਲੇ ਕੀਤੇ ਤਾਂ ਨਰਿੰਦਰ ਮੋਦੀ ਬਹਿਰੀਨ ਅਤੇ ਸਾਊਦੀ ਅਰਬ ਦੇ ਹਾਕਮਾਂ ਕੋਲ ਮਗਰਮੱਛ ਦੇ ਹੰਝੂ ਬਹਾ ਰਿਹਾ ਹੈ।

### ਵਧਦਾ ਇਜ਼ਰਾਈਲੀ ਵਪਾਰ

ਭਾਰਤ ਨੇ ਨਵੰਬਰ 2025 ਵਿੱਚ ਇਜ਼ਰਾਈਲ ਨਾਲ ਬਾਕਾਇਦਾ ਰੱਖਿਆ ਸਮਝੌਤਾ ਅਮਲ ਵਿੱਚ ਲਿਆਂਦਾ। ਵੈਸੇ ਵੀ ਪਿਛਲੇ ਇੱਕ ਦਹਾਕੇ ਦੌਰਾਨ ਭਾਰਤ ਇਜ਼ਰਾਈਲੀ ਰੱਖਿਆ ਸਾਜ਼ੋ-ਸਾਮਾਨ ਦਾ ਸਭ ਤੋਂ ਵੱਡਾ ਖਰੀਦਦਾਰ ਬਣ ਕੇ ਉੱਭਰਿਆ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੇ ਅੰਕੜਿਆਂ ਅਨੁਸਾਰ 2014-2024 ਦਰਮਿਆਨ ਇਜ਼ਰਾਈਲ ਵੱਲੋਂ ਬਰਾਮਦ ਕੀਤੇ ਰੱਖਿਆ ਸਾਜ਼ੋ-ਸਾਮਾਨ ਦਾ ਪੈਂਤੀ ਪ੍ਰਤੀਸ਼ਤ ਭਾਰਤ ਨੇ ਖਰੀਦਿਆ ਹੈ, ਜੋ ਕਿਸੇ ਵੀ ਮੁਲਕ ਵੱਲੋਂ ਸਭ ਤੋਂ ਵੱਧ ਖਰੀਦ ਹੈ। ਦੁਵੱਲਾ ਵਪਾਰ ਜਿਹੜਾ 1992 ਵਿੱਚ ਦੋ ਸੌ ਮਿਲੀਅਨ ਡਾਲਰ ਸੀ, ਉਹ 2022-23 ਵਿੱਚ ਵਧ ਕੇ 10.7 ਬਿਲੀਅਨ ਡਾਲਰ ਹੋ ਗਿਆ। ਵਿਦੇਸ਼ੀ ਸਿੱਧਾ ਨਿਵੇਸ਼ ( Foreign Direct Investment) ਵੀ ਸਤੰਬਰ 2025 ਤੱਕ 347 ਮਿਲੀਅਨ ਡਾਲਰ ਪਹੁੰਚ ਚੁੱਕਾ ਹੈ। ਟੈਕਨਾਲੋਜੀ ਦੇ ਖੇਤਰ ਵਿੱਚ ਵੀ ਤਿੰਨ ਸੌ ਤੋਂ ਉਪਰ ਇਜ਼ਰਾਈਲੀ ਕੰਪਨੀਆਂ ਨਿਵੇਸ਼ ਕਰ ਚੁੱਕੀਆਂ ਹਨ। ਪਿਛਲੇ ਸਮਿਆਂ ਵਿੱਚ ਪੈਗਾਸਸ ਦੀ ਕਾਫ਼ੀ ਚਰਚਾ ਰਹੀ ਸੀ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



ਸਾਡੇ ਐੱਮ ਐੱਲ ਏ

# ਸਾਦਾ, ਸਾਊ ਤੇ ਬੇਦਾਗ਼ ਰਾਜਨੀਤੀਵਾਨ ਮਾਸਟਰ ਬਾਬੂ ਸਿੰਘ

## ਡਾ. ਲਾਭ ਸਿੰਘ ਖੀਵਾ

ਮਾਸਟਰ ਬਾਬੂ ਸਿੰਘ ਹਲਕਾ ਫੂਲ (ਬਠਿੰਡਾ) ਪੰਜਾਬ ਵਿਧਾਨ ਸਭਾ ਦੇ ਹਰਮਨ ਪਿਆਰੇ ਸੀ ਪੀ ਆਈ ਨੇਤਾ ਤੇ ਐੱਮ ਐੱਲ ਏ ਸਨ। ਉਹਨਾਂ ਤਾਉਮਰ ਸੀ ਪੀ ਆਈ 'ਚ ਰਹਿ ਕੇ 8 ਵਾਰ ਫੂਲ ਹਲਕੇ ਤੋਂ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਅਤੇ ਚਾਰ ਵਾਰ ਜਿੱਤੇ ਤੇ ਚਾਰ ਵਾਰ ਹਾਰੇ।

ਉਹ ਹਲੀਮ, ਸਾਦੇ, ਸਾਊ, ਬੇਦਾਗ਼ ਤੇ ਪ੍ਰਤੀਬੱਧ ਕਮਿਊਨਿਸਟ ਰਾਜਨੀਤੀਵਾਨ ਸਨ। ਉਹ ਇੰਨੇ ਮਿੱਠੇ ਬੋਲਦੇ ਸਨ ਕਿ ਜਿਹੜਾ ਉਨ੍ਹਾਂ ਦੇ ਸੰਪਰਕ ਵਿੱਚ ਆ ਗਿਆ, ਉਨ੍ਹਾਂ ਦਾ ਮੁਰੀਦ ਬਣ ਗਿਆ। ਖ਼ੁਦ ਗੈਰ-ਜੱਟ ਹੋ ਕੇ ਵੀ ਉਹ ਹਰ ਸਮਾਜਿਕ ਵਰਗ ਦੇ ਸਵੀਕਾਰਤ ਤੇ ਸਤਿਕਾਰਤ ਸਿਆਸਤਦਾਨ ਸਨ। ਗਰੈਜੂਏਸ਼ਨ ਪੱਧਰ ਤੱਕ ਪੜ੍ਹੇ ਹੋਏ ਮਾਸਟਰ ਬਾਬੂ ਸਿੰਘ ਨੇ ਰਾਮਪੁਰਾ (ਬਠਿੰਡਾ) ਵਿਖੇ ਇੱਕ ਪ੍ਰਾਈਵੇਟ ਸਕੂਲ ਖੋਲ੍ਹਿਆ ਹੋਇਆ ਸੀ। ਉਥੇ ਇਲਾਕੇ ਦੇ ਲੋਕ ਪੜ੍ਹਾਈ ਪੱਖੋਂ ਕਮਜ਼ੋਰ ਆਪਣੇ ਬੱਚਿਆਂ ਨੂੰ ਦਾਖ਼ਲ ਕਰਾਉਂਦੇ ਤੇ ਉਹ ਸਫ਼ਲਤਾ ਪ੍ਰਾਪਤ ਕਰਦੇ। ਦਰਅਸਲ, ਮਾਸਟਰ ਜੀ ਪਹਿਲਾਂ ਰਾਮਪੁਰਾ ਫੂਲ ਦੀ ਨਗਰ ਕਮੇਟੀ ਦੀਆਂ ਚੋਣਾਂ ਵਿੱਚ ਸਿਆਸੀ ਤੌਰ 'ਤੇ ਸਰਗਰਮ ਹੋਏ। ਫੂਲ ਤੋਂ ਐੱਮ.ਸੀ. ਚੁਣੇ ਗਏ ਤੇ ਫਿਰ ਇਸ ਕਮੇਟੀ ਦੀ ਪ੍ਰਧਾਨਗੀ ਵਾਲੀ ਕੁਰਸੀ ਤੱਕ ਵਿਰੋਧੀ ਨੂੰ ਹਰਾ ਕੇ ਪੁੱਜੇ। ਇਲਾਕੇ ਵਿੱਚ ਉਨ੍ਹਾਂ ਦੀ ਲੋਕ-ਮਾਨਤਾ ਕਰਕੇ 1957 ਵਿੱਚ ਸੀ ਪੀ ਆਈ ਨੇ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਪਹਿਲੀ ਵਾਰ ਖੜਾ ਕੀਤਾ ਤੇ ਉਹ ਕਾਂਗਰਸ ਦੇ ਰਾਮ ਨਾਥ ਸੇਠ ਤੋਂ ਹਾਰ ਗਏ, ਪਰ ਉਹ ਨਾ ਘਰ ਬੈਠੇ ਤੇ ਨਾ ਸਕੂਲ ਕਰਕੇ ਲੋਕਾਂ ਤੋਂ ਦੂਰ ਹੋਏ। 1962 ਵਿੱਚ ਫਿਰ ਫੂਲ ਹਲਕੇ ਤੋਂ ਸੀ ਪੀ ਆਈ ਦੇ ਉਮੀਦਵਾਰ ਬਣੇ ਤੇ ਜਿੱਤੇ। ਬੱਸ ਫਿਰ ਆਪਣੀ ਵਫਾਤ ਤੱਕ ਉਨ੍ਹਾਂ ਮੁੜ ਕੇ ਨਹੀਂ ਵੇਖਿਆ। ਉਹੀ ਹਲਕਾ, ਉਹੀ ਪਾਰਟੀ ਤੇ ਉਹੀ ਲੋਕ ਸੇਵਾ ਨੂੰ ਸਮਰਪਿਤ ਹੋ ਗਏ।

ਫਿਰ 1967, 1969, 1972, 1977, 1980 ਤੇ 1985 ਦੀਆਂ ਚੋਣਾਂ ਲੜਦਿਆਂ ਉਹ ਕ੍ਰਮਵਾਰ 1969, 1977 ਤੇ 1980 ਵਿੱਚ ਤਿੰਨ ਵਾਰ ਜੇਤੂ ਰਹੇ ਸਨ ਅਤੇ 1967, 1972 ਤੇ 1985 ਵਿੱਚ ਹਾਰਾਂ ਦਾ ਮੂੰਹ ਵੀ ਵੇਖਦੇ ਰਹੇ ਸਨ ।ਇਸ ਤਰ੍ਹਾਂ ਕੁੱਲ ਚਾਰ ਜਿੱਤਾਂ ਤੇ ਚਾਰ ਹਾਰਾਂ ਨੇ ਉਹਨਾਂ ਦੇ ਸਿਆਸੀ ਅਨੁਭਵ ਨੂੰ ਅਮੀਰ ਬਣਾਇਆ। ਸੀ ਪੀ ਆਈ ਦਾ ਇਹ ਉਮੀਦਵਾਰ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨਾਲ 1985 ਤੱਕ ਭਿੜਦਾ ਰਿਹਾ। ਕਦੇ ਕਾਂਗਰਸ ਦੇ ਰਾਮ ਨਾਥ ਸੇਠ ਤੇ ਹਰਬੰਸ ਸਿੰਘ ਸਿੱਧੂ ਮੈਦਾਨ ਵਿੱਚ ਹੁੰਦੇ ਤੇ ਕਦੇ ਅਕਾਲੀ ਦਲ ਦੇ ਹਰਬੰਸ ਸਿੰਘ ਜਲਾਲ ਤੇ ਸੁਖਦੇਵ ਸੁੱਖੀ ਨਾਲ ਟੱਕਰ ਹੁੰਦੀ। 1957 ਤੇ 1967 ਵਿੱਚ ਉਹ ਕਾਂਗਰਸ ਦੇ ਉਪਰੋਕਤ ਉਮੀਦਵਾਰਾਂ ਤੋਂ ਹਾਰੇ ਅਤੇ 1972 ਤੇ 1985 ਵਿੱਚ ਅਕਾਲੀ ਦਲ ਦੇ ਉਪਰੋਕਤ ਉਮੀਦਵਾਰਾਂ ਤੋਂ ਰਹਿ ਗਏ।

1961 ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਦੂਹਰੇ ਹਲਕੇ ਵੀ ਹੁੰਦੇ ਸਨ, ਅਰਥਾਤ ਇੱਕ ਜਨਰਲ ਸ਼੍ਰੇਣੀ ਤੋਂ ਚੋਣ ਲੜ ਸਕਦਾ ਸੀ ਤੇ ਇੱਕ ਅਨੁਸੂਚਿਤ ਸ਼੍ਰੇਣੀ ਦਾ ਉਮੀਦਵਾਰ ਹੋ ਸਕਦਾ ਸੀ। ਦੂਹਰੇ ਹਲਕੇ ਦਾ ਇਹ ਸਿਸਟਮ ਉੱਥੇ ਹੀ ਹੁੰਦਾ ਸੀ, ਜਿੱਥੇ ਅਨੁਸੂਚਿਤ ਜਾਤੀ ਦੇ ਵੋਟਰ ਇੱਕ ਖਾਸ ਹੱਦ ਤੱਕ ਵੱਧ ਹੁੰਦੇ, ਪਰ ਫੂਲ ਹਲਕਾ ਸਿਰਫ਼ 1952 ਵਿੱਚ ਇਸ ਸਿਸਟਮ ਦੇ ਅਧੀਨ ਰਿਹਾ । ਇਸ ਤੋਂ ਬਾਅਦ ਕਦੇ ਨਹੀਂ ਰਿਹਾ ਤੇ ਨਾ ਕਦੇ ਅਨੁਸੂਚਿਤ ਸ਼੍ਰੇਣੀ ਲਈ ਰਾਖਵਾਂ ਬਣਿਆ। ਇਸੇ ਲਈ ਮਾਸਟਰ ਬਾਬੂ ਸਿੰਘ ਨੂੰ ਫੂਲ ਹਲਕਾ 8 ਵਾਰ ਆਵਾਜ਼ਾਂ ਮਾਰਦਾ ਰਿਹਾ ਤੇ ਬੁਲਾਉਂਦਾ ਰਿਹਾ। ਉਹ ਹਰ ਵਾਰ ਅੱਗੇ ਹੋ ਕੇ ਗੱਲ ਸੁਣਦੇ ਰਹੇ।

ਨੌਵੇਂ ਦਹਾਕੇ ਦੀ ਸੀ ਪੀ ਆਈ ਵਿੱਚ ਆਈ ਚੇਤੰਨ ਪੀੜ੍ਹੀ ਮਾਸਟਰ ਬਾਬੂ ਸਿੰਘ ਦੇ ਨਿਰੋਲ ਪਾਰਲੀਮੈਂਟਰੀ ਕੰਮ-ਕਾਜ 'ਤੇ ਖੁਸ਼ ਨਹੀਂ ਸੀ। ਹਲਕੇ ਵਿੱਚ ਪਾਰਟੀ ਦਾ ਕਮਜ਼ੋਰ ਜਥੇਬੰਦਕ ਢਾਂਚਾ ਨਵੀਂ ਪੀੜ੍ਹੀ ਨੂੰ ਰੜਕਦਾ ਸੀ। ਸਿੱਟੇ ਵਜੋਂ, ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਪ੍ਰਧਾਨ ਹਰਪਾਲ ਸਿੰਘ ਖੋਖਰ (ਭਾਈਰੂਪਾ) ਨੂੰ ਪਾਰਟੀ ਵੱਲੋਂ 1992 ਵਿੱਚ ਇਸ ਹਲਕੇ ਦੀ ਵਿਧਾਨ ਸਭਾ ਸੀਟ ਲਈ ਟਿਕਟ ਦਿੱਤੀ ਗਈ। ਹਲਕੇ ਦੇ ਪੁਰਾਣੇ ਟਕਸਾਲੀ ਪਾਰਟੀ ਲੀਡਰ ਕਾਮਰੇਡ ਗੁਰਦੇਵ ਸਿੰਘ ਸੰਧੂ, ਗਿਆਨੀ ਭਾਗ ਸਿੰਘ ਅਤੇ ਕਰਤਾਰ ਸਿੰਘ ਮੰਡੀ ਕਲਾਂ ਵਰਗੇ ਹੋਰ ਕਾਮਰੇਡ ਵੀ ਇਹ ਤਬਦੀਲੀ ਚਾਹੁੰਦੇ ਸਨ। ਹਰਪਾਲ ਖੋਖਰ ਨੇ ਆਪਣੀ ਚੋਣ ਮੁਹਿੰਮ ਭਖਾ ਲਈ ਸੀ, ਪਰ ਉਹ ਪੰਜਾਬ ਦੇ ਤਤਕਾਲੀ ਕਾਲੇ ਦੌਰ ਵਿੱਚ ਖਾਲਿਸਤਾਨੀਆਂ ਦਾ ਸ਼ਿਕਾਰ ਹੋ ਗਿਆ।



ਇਸ ਦੁਰਭਾਗੀ ਘਟਨਾ ਦੇ ਸਦਮੇ ਵਿੱਚੋਂ ਅਜੇ ਕਾਮਰੇਡ ਨਿਕਲੇ ਹੀ ਸਨ ਕਿ 16 ਦਸੰਬਰ, 1996 ਨੂੰ ਜ਼ਿਲ੍ਹਾ ਪਾਰਟੀ ਦਫਤਰ ਬਠਿੰਡਾ ਵਿੱਚ ਇੱਕ ਮੀਟਿੰਗ ਹੋ ਰਹੀ ਸੀ। ਇਸ ਦੌਰਾਨ ਮਾਸਟਰ ਬਾਬੂ ਸਿੰਘ ਨੂੰ ਅਜਿਹਾ ਦਿਲ ਦਾ ਦੌਰਾ ਪਿਆ ਕਿ ਉਨ੍ਹਾਂ ਦੀ ਮੌਤ ਹੋ ਗਈ ।ਕੁੱਝ ਪ੍ਰਤੱਖਦਰਸ਼ੀ ਕਾਮਰੇਡਾਂ ਦਾ ਅਨੁਮਾਨ ਹੈ ਕਿ ਇਸ ਦਿਨ ਇੱਥੇ ਉਨ੍ਹਾਂ ਨੇ ਜਦੋਂ ਜ਼ਿਲ੍ਹੇ ਦੇ ਹਰਮਨ ਪਿਆਰੇ ਲੀਡਰ ਕਾਮਰੇਡ ਮੱਖਣ ਸਿੰਘ ਦੇ ਅਕਾਲੀ ਦਲ ਵਿੱਚ ਚਲੇ ਜਾਣ ਦੀ ਖ਼ਬਰ ਸੁਣੀ, ਇਹ ਉਨ੍ਹਾਂ ਦੇ ਦੌਰੇ ਦਾ ਕਾਰਨ ਬਣੀ।

1997 ਵਿੱਚ ਮਾਸਟਰ ਜੀ ਦੇ ਸਭ ਤੋਂ ਛੋਟੇ ਬੇਟੇ ਅਮਰੀਕ ਸਿੰਘ ਨੂੰ ਪਾਰਟੀ ਨੇ ਫੂਲ ਹਲਕੇ ਤੋਂ ਵਿਧਾਨ ਸਭਾ ਦੀਆਂ ਚੋਣਾਂ ਦਾ ਉਮੀਦਵਾਰ ਬਣਾਇਆ ਪਰ ਉਹ ਕਾਮਯਾਬ ਨਾ ਹੋ ਸਕਿਆ। ਇਸ ਤੋਂ ਬਾਅਦ ਮਾਸਟਰ ਬਾਬੂ ਸਿੰਘ ਦੀ ਸਿਆਸੀ ਵਿਰਾਸਤ ਨੂੰ ਸੰਭਾਲਣ ਵਾਲਾ ਹਲਕੇ ਵਿੱਚ ਕੋਈ ਨਾ ਰਿਹਾ। ਇਸ ਵਿਰਾਸਤ ਅਤੇ ਹਲਕੇ ਵਿੱਚ ਪਾਰਟੀ ਵੱਲੋਂ ਮੁੜ ਆਪਣਾ ਉਮੀਦਵਾਰ ਖੜ੍ਹਾਉਣ ਤੇ ਜਤਾਉਣ ਦਾ ਭੋਗ ਪੈ ਗਿਆ ਹੈ।

ਮਾਸਟਰ ਬਾਬੂ ਸਿੰਘ ਵਿੱਤ ਅਨੁਸਾਰ ਉਂਝ ਪਾਰਟੀ ਦੇ ਸੰਗਠਨਾਤਮਕ ਢਾਂਚੇ ਵਿੱਚ ਵੀ ਕੰਮ ਕਰਦੇ ਰਹੇ ਸੀ। ਉਹ ਲੰਮਾ ਸਮਾਂ ਪਾਰਟੀ ਦੀ ਸੂਬਾ ਕੌਂਸਲ ਦੇ ਮੈਂਬਰ ਰਹੇ। 1968 ਵਿੱਚ ਭਾਈ ਰੂਪੇ ਹੋਏ ਜ਼ਿਲ੍ਹਾ ਇਜਲਾਸ ਵਿੱਚ ਉਹ ਜ਼ਿਲ੍ਹਾ ਸਕੱਤਰ ਚੁਣੇ ਗਏ। ਉਹ ਅਜਿਹੇ ਸੁਭਾਅ ਦੇ ਮਾਲਕ ਸਨ ਕਿ ਪਾਰਟੀ ਦੇ ਜਥੇਬੰਦਕ ਅਹੁਦਿਆਂ ਪ੍ਰਤੀ ਉਨ੍ਹਾਂ ਦੀ ਬਹੁਤੀ ਰੁਚੀ ਨਹੀਂ ਸੀ। ਸਿਰਫ ਲੋਕਾਂ ਵਿੱਚ ਵਿਚਰ ਕੇ ਪਾਰਟੀ ਸਫ਼ਾਂ ਅੰਦਰ ਉਨ੍ਹਾਂ ਨੂੰ ਸ਼ਾਮਲ ਕਰਨ ਲਈ ਯਤਨਸ਼ੀਲ ਰਹਿੰਦੇ ਸਨ। ਆਪਣੇ ਸਿਆਸੀ ਹਮਾਇਤੀਆਂ ਤੱਕ ਉਹ ਰਸਾਈ ਬਣਾਈ ਰੱਖਦੇ ਸਨ।

ਸਾਦਗੀ, ਸੁਹਿਰਦਤਾ ਤੇ ਹਰ ਲੋੜਵੰਦ ਦੀ ਪਹੁੰਚ ਵਿੱਚ ਰਹਿਣ ਦੀ ਭਾਵਨਾ ਉਨ੍ਹਾ ਵਿੱਚ ਸ਼ਾਇਦ ਕੁਦਰਤ ਨੇ ਬਖ਼ਸ਼ੀ ਸੀ। ਉਹ ਸਵੇਰੇ 4.30 ਵਜੇ ਤਿਆਰ ਹੋ ਕੇ ਰਾਮਪੁਰਾ-ਚੰਡੀਗੜ੍ਹ ਬੱਸ 'ਤੇ ਬੈਠ ਜਾਂਦੇ ਤੇ ਚੰਡੀਗੜ੍ਹ ਜਾ ਕੇ ਠਾਠਾ ਖੋਲ੍ਹਦੇ। ਰਸਤੇ ਵਿੱਚ ਆਪੋ-ਆਪਣੇ ਬੱਸ-ਅੱਡੇ 'ਤੇ ਆਪਣੀਆਂ ਅਰਜ਼ੀਆਂ ਲੈ ਕੇ ਪਿੰਡਾਂ ਦੇ ਲੋਕ ਆ ਜਾਂਦੇ। ਚੰਡੀਗੜ੍ਹ ਪਹੁੰਚਦਿਆਂ ਅਰਜ਼ੀਆਂ ਨਾਲ ਬੈਗ ਭਰ ਜਾਂਦਾ ਤੇ ਫਿਰ ਉਹ ਲੋਕਾਂ ਦੇ ਕੰਮਾਂ ਲਈ ਰਿਕਸ਼ੇ 'ਤੇ ਦਫ਼ਤਰ ਤੋਂ ਦਫ਼ਤਰ ਜਾਂਦੇ। ਅੱਜ ਵਾਂਗ ਮੋਬਾਈਲਾਂ ਦੀ ਸਹੂਲਤ ਨਹੀਂ ਸੀ। ਉਨ੍ਹਾਂ ਦਾ ਅਫ਼ਸਰਸ਼ਾਹੀ ਵਿੱਚ ਤਕੜਾ ਰਸੂਖ਼ ਸੀ । ਫਿਰ 5.30 ਵਜੇ ਸ਼ਾਮ ਉਸੇ ਬੱਸ 'ਤੇ ਬੈਠ ਕੇ ਘਰ ਆ ਜਾਂਦੇ।

ਉਦੋਂ ਬੱਸ ਦੀਆਂ ਮੂਹਰਲੀਆਂ ਸੀਟਾਂ ਵਿੱਚੋਂ ਇੱਕ ਸੀਟ ਐੱਮ.ਐੱਲ.ਏ ਲਈ ਰਾਖਵੀਂ ਹੁੰਦੀ ਸੀ। ਇਸ ਸੀਟ ਪਿੱਛੇ ਲਿਖਿਆ ਵੀ ਹੁੰਦਾ ਸੀ : ਸਿਰਫ਼ ਐੱਮ.ਐੱਲ.ਏ. ਸਾਹਿਬ ਵਾਸਤੇ । ਹੁਣ ਵਾਂਗ ਨਾ ਸਿਕਿਉਰਟੀ- ਕਰਮਚਾਰੀ, ਨਾ ਪੁਲਸ ਦੀ ਜਿਪਸੀ ਤੇ ਨਾ ਵੱਡੀ ਕਾਰ ਹੁੰਦੀ ਸੀ। ਘਰ ਸਵੇਰੇ-ਸਵੇਰੇ ਲੋਕਾਂ ਦਾ ਤਾਂਤਾਂ ਲੱਗਿਆ ਹੁੰਦਾ ਸੀ। ਅਰਜ਼ੀਆਂ ਵਾਲਿਆਂ ਦੇ ਹੋਏ ਕੰਮਾਂ ਅਤੇ ਅਗਲੀ ਵਾਰ ਹੋਣ ਵਾਲਿਆਂ ਕੰਮਾਂ ਦੀ ਰਿਪੋਰਟ ਦਿੰਦੇ। ਆਦਤਨ ਟੇਢੀ ਧੌਣ ਕਰਕੇ ਕਿਸੇ ਵੀ ਲੋੜਵੰਦ ਦੇ ਮੋਢੇ 'ਤੇ ਹੱਥ ਰੱਖਦੇ ਤੇ ਠਰ੍ਹੰਮੇ ਨਾਲ ਗੱਲ ਸੁਣਦੇ। ਅਜੋਕੇ ਲੀਡਰਾਂ ਵਾਂਗ ਨਾ ਮੁੱਛਾਂ ਖੜੀਆਂ ਕਰਦੇ ਤੇ ਨਾ ਹੀ ਵੱਟ ਦੇ ਕੇ ਵਿਖਾਉਂਦੇ/ਡਰਾਉਂਦੇ। ਅਕਸਰ ਢਿਲਕੀ ਜਿਹੀ ਪੈਂਟ ਪਹਿਨਦੇ ਤੇ ਉਸ ਤੋਂ ਬਾਹਰ ਕਮੀਜ਼ ਰੱਖਦੇ। ਉਨ੍ਹਾਂ ਵੇਲਿਆਂ ਵਿੱਚ ਮਹਿੰਗੇ ਚਿੱਟੇ ਕੁੜਤੇ-ਪਜਾਮਿਆਂ ਦਾ ਰਿਵਾਜ ਨਹੀਂ ਸੀ। ਉਹ ਸਰਦੀਆਂ ਵਿੱਚ ਆਮ ਤੌਰ 'ਤੇ ਸਾਧਾਰਨ ਸਵੈਟਰ ਹੀ ਪਾਉਂਦੇ, ਬਹੁਤੀ ਸਰਦੀ ਵਿੱਚ ਕੋਟ ਪਾ ਲੈਂਦੇ, ਕੋਈ ਟਾਈ-ਛਾਈ ਨਹੀਂ । ਬਹੁਤੇ ਕਾਮਰੇਡਾਂ ਵਾਂਗ ਉਨ੍ਹਾਂ ਆਪਣੇ ਬੱਚਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। ਵਧੀਆ ਪੜ੍ਹਾਏ-ਲਿਖਾਏ, ਚੰਗੀਆਂ ਨੌਕਰੀਆਂ 'ਤੇ ਲਵਾਏ ਤੇ ਉੱਚੇ ਖ਼ਾਨਦਾਨਾਂ 'ਚ ਵਿਆਹੇ। ਉਨ੍ਹਾਂ ਪਾਕਿ-ਪਵਿੱਤਰ ਸਿਆਸੀ ਜੀਵਨ ਬਸਰ ਕੀਤਾ। ਅਜਿਹੇ ਸਨ ਸਾਡੇ ਹਲਕੇ ਦੇ ਵਿਧਾਇਕ।

ਸੰਪਰਕ-94171-78487

# ਸੰਸਾਰ ਕੂਟਨੀਤੀ ਅਹਿਮ ਪੜਾਅ 'ਤੇ, ਪ੍ਰਧਾਨ ਮੰਤਰੀ ਮੋਦੀ ਚੁੱਪ ਨਹੀਂ ਤੋੜ ਰਹੇ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਇੱਕ ਹਫਤਾ ਪਹਿਲਾਂ ਅਸੀਂ ਲਿਖਿਆ ਸੀ ਕਿ ਜਿਸ ਮੁਲਕ ਦੇ ਮੁਖੀ ਦੇ ਸਿਰ ਨੂੰ ਵੱਡ-ਤਾਕਤੀ ਬਣਨ ਦੀ ਸਨਕ ਸਵਾਰ ਹੋ ਜਾਵੇ, ਉਹ ਫਿਰ ਆਪ ਚੈਨ ਨਾਲ ਬਹਿੰਦਾ ਨਹੀਂ ਤੇ ਹੋਰਨਾਂ ਨੂੰ ਸੁਖੀ ਰਹਿਣ ਨਹੀਂ ਦਿੰਦਾ। ਪਿਛਲੇ ਦਿਨਾਂ ਦੀਆਂ ਘਟਨਾਵਾਂ ਅਤੇ ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਬਿਆਨਬਾਜ਼ੀ ਨੇ ਇਸ ਸਮਝ ਦੀ ਪੁਸ਼ਟੀ ਕੀਤੀ ਅਤੇ ਉਹ ਸੰਸਾਰ ਨੂੰ ਆਪਣੀ ਮੁੱਠ ਵਿੱਚ ਕਰਨ ਦੀ ਨੈਪੋਲੀਅਨ ਤੇ ਸਿਕੰਦਰ ਵਾਲੀ ਧੁਨ ਮੁਤਾਬਕ ਚਲਦਾ ਸਾਬਤ ਹੁੰਦਾ ਗਿਆ। ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਧਮਕੀਆਂ ਦੇਣ ਵਿੱਚ ਉਹ ਹਰ ਹੱਦ ਪਾਰ ਕਰਦਾ ਦਿਖਾਈ ਦਿੱਤਾ ਤੇ ਦੁਨੀਆ ਦੇ ਵੱਡੇ ਪ੍ਰਭਾਵ ਵਾਲੇ ਗਿਣੇ ਜਾਂਦੇ ਦੇਸ਼ਾਂ ਦੇ ਮੁਖੀਏ ਵੀ ਉਸ ਮੂਹਰੇ ਸਿਰ ਚੁੱਕ ਕੇ ਇਹ ਕਹਿਣ ਨੂੰ ਤਿਆਰ ਨਹੀਂ ਕਿ ਉਹ ਆਪਣੀ ਹੱਦ ਵਿੱਚ ਰਹੇ ਅਤੇ ਦੂਜਿਆਂ ਦੇ ਸਵੈ-ਮਾਣ ਨੂੰ ਸਮਝਣ ਲਈ ਅਜੋਕੇ ਸਮਾਜ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਸਿੱਖੇ। ਈਰਾਨ ਉੱਤੇ ਜੰਗ ਠੋਸਣ ਮਗਰੋਂ ਉਸ ਨੇ ਇੱਕ ਨਵੇਂ ਸੰਸਾਰ ਪ੍ਰਬੰਧ ਦਾ ਪ੍ਰਭਾਵ ਦੇਣਾ ਸ਼ੁਰੂ ਕਰ ਦਿੱਤਾ ਹੈ, ਜਿਸ ਦੀ ਕਮਾਨ ਅਮਰੀਕਾ ਕੋਲ ਹੋਵੇਗੀ ਅਤੇ ਜਿਹੜਾ ਦੇਸ਼ ਵੀ ਉਸ ਦੀ ਮਰਜ਼ੀ ਦਾ ਮੁਥਾਜ਼ ਹੋਣ ਵਿੱਚ ਜ਼ਰਾ ਜਿੰਨੀ ਕੋਤਾਹੀ ਕਰੇਗਾ, ਉਸ ਵਿਰੁੱਧ ਕਾਰਵਾਈ ਹੋਵੇਗੀ। ਕਾਰਵਾਈ ਲਈ ਉਸ ਕੋਲ ਇਸ ਵਕਤ ਸਭ ਤੋਂ ਵੱਡਾ ਹਥਿਆਰ ਟੈਰਿਫ ਵਿੱਚ ਵਾਧਾ ਕਰਨ ਦਾ ਹੈ, ਜਿਸ ਨਾਲ ਉਹ ਕਈ ਦੇਸ਼ਾਂ ਦੇ ਮੁਖੀਆਂ ਨੂੰ ਆਪਣੀ ਮਰਜ਼ੀ ਅੱਗੇ ਝੁਕਣ ਨੂੰ ਮਜਬੂਰ ਕਰ ਚੁੱਕਾ ਮੰਨਿਆ ਜਾਂਦਾ ਹੈ। ਈਰਾਨ ਖਿਲਾਫ ਯੂ ਐੱਨ ਓ ਦੀ ਸਕਿਓਰਟੀ ਕੌਂਸਲ ਵਿੱਚ ਪਾਸ ਕੀਤੇ ਗਏ ਇੱਕ ਮਤੇ ਦੇ ਹੱਕ ਵਿੱਚ ਭਾਰਤ ਨੇ ਵੀ ਵੋਟ ਪਾਈ ਹੈ ਅਤੇ ਇਸ ਕਾਰਨ ਸਮਝਿਆ ਜਾਂਦਾ ਹੈ ਕਿ ਇਸ ਮਤੇ ਵਾਸਤੇ ਵੋਟ ਪਾਉਣ ਵਾਲੇ ਬਹੁਤੇ ਦੇਸ਼ ਭਾਰਤ ਵਾਂਗ ਅਮਰੀਕਾ ਦੇ ਟੈਰਿਫ ਤੋਂ ਤ੍ਰਹਿਕੇ ਹੋਏ ਹੋ ਸਕਦੇ ਹਨ।

ਸਾਡੇ ਭਾਰਤ ਖਿਲਾਫ ਅਮਰੀਕਾ ਨੇ ਪਿਛਲੇ ਇੱਕ ਸਾਲ ਤੋਂ ਵੱਡਾ ਡਿਪਲੋਮੈਟਿਕ ਹਮਲਾ ਸ਼ੁਰੂ ਕਰ ਰੱਖਿਆ ਹੈ ਕਿ ਪਾਕਿਸਤਾਨ ਵਿਰੁੱਧ 'ਅਪਰੇਸ਼ਨ ਸਿੰਧੂਰ' ਦੀ ਕਾਰਵਾਈ ਉਸ ਵੇਲੇ ਰੋਕੀ ਗਈ, ਜਦੋਂ ਡੋਨਾਲਡ ਟਰਫ ਨੇ ਟੈਰਿਫ ਵਧਾ ਦੇਣ ਦੀ ਉਹ ਧਮਕੀ ਦਿੱਤੀ ਸੀ, ਜਿਸ ਨਾਲ ਭਾਰਤ ਦੀਆਂ ਚੀਕਾਂ ਨਿਕਲ ਜਾਣੀਆਂ ਸਨ। ਭਾਰਤ ਦੇ ਕਿਸੇ ਪ੍ਰਤੀਨਿਧ ਨੇ ਇਸ ਦਾ ਸਖਤੀ ਨਾਲ ਖੰਡਨ ਨਹੀਂ ਕੀਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਂ ਇਸ ਬਾਰੇ ਅਜੇ ਤੱਕ ਚੁੱਪ ਤੋੜਨ ਦੀ ਲੋੜ ਨਹੀਂ ਸਮਝੀ। ਦੇਸ਼ ਦੇ ਲੋਕ ਇਸ ਖਾਮੋਸ਼ੀ ਦਾ ਕਾਰਨ ਸਮਝਣ ਤੋਂ ਅਸਮਰਥ ਹਨ ਤੇ ਅਮਰੀਕਾ ਦਾ ਰਾਸ਼ਟਰਪਤੀ ਇਹ ਗੱਲ ਇੱਕ ਸਾਲ ਵਿੱਚ ਚਾਲੀ ਤੋਂ ਵੱਧ ਵਾਰੀ ਆਖਣ ਦੇ ਬਾਵਜੂਦ ਹਰ ਹੋਰ ਦੇਸ਼ ਨਾਲ ਸੰਬੰਧਾਂ ਦੇ ਮਾਮਲੇ ਵਿੱਚ ਵੀ ਇਸ ਦੀ ਮਿਸਾਲ ਦੇਂਦੇ ਵਕਤ ਫਖਰ ਮਹਿਸੂਸ ਕਰਦਾ ਹੈ। ਉਸ ਨੂੰ ਬੇਸ਼ੱਕ ਆਪਣੇ ਪੈਂਤੜੇ ਉੱਤੇ ਮਾਣ ਹੈ, ਪਰ ਭਾਰਤ ਦੀ ਰਾਜਨੀਤਕ ਸੱਤਾ ਦੀ ਅਗਵਾਈ ਕਰਨ ਵਾਲੇ 'ਵਿਸ਼ਵ ਗੁਰੂ' ਬਣਨਾ ਚਾਹੁੰਦੇ ਨਰਿੰਦਰ ਮੋਦੀ ਖਾਮੋਸ਼ ਹਨ।

ਨਰਿੰਦਰ ਮੋਦੀ ਦੀ ਖਾਮੋਸ਼ੀ ਸੰਸਾਰ ਦੀ ਡਿਪਲੋਮੇਸੀ ਦੇ ਮੁੱਦੇ ਉੱਤੇ ਹੈ, ਪਰ ਭਾਰਤ ਅੰਦਰ ਹਰ ਵਿਰੋਧੀ ਪਾਰਟੀ ਦੀ ਸਰਕਾਰ ਦੇ ਖਿਲਾਫ ਐਨ ਓਸੇ ਕਿਸਮ ਦੀ ਹਮਲਾਵਰੀ ਵਿੱਚ ਰੁੱਝੇ ਹੋਏ ਹਨ, ਜਿਹੋ ਜਿਹੀ ਡੋਨਾਲਡ ਟਰੰਪ ਅੱਜਕੱਲ੍ਹ ਹਰ ਦੇਸ਼ ਵਿਰੁੱਧ ਕਰਦਾ ਦਿਖਾਈ ਦੇਂਦਾ ਹੈ। ਈਰਾਨ ਖਿਲਾਫ ਉਹ ਇਹ ਸਮਝ ਕੇ ਜੰਗ ਵਿੱਚ ਕੁੱਦ ਪਿਆ ਜਾਪਦਾ ਹੈ ਕਿ ਇਸ ਨੂੰ ਇਰਾਕ ਜਾਂ ਸੀਰੀਆ ਵਾਂਗ ਥੋੜ੍ਹੇ ਸਮੇਂ ਵਿੱਚ ਹਿੱਲਣ ਜੋਗਾ ਨਹੀਂ ਛੱਡਣਾ ਤੇ ਬਾਕੀ ਦੁਨੀਆ ਵਿੱਚ ਗਲਬਾ ਹੋਰ ਮਜ਼ਬੂਤ ਹੋ ਜਾਵੇਗਾ, ਪਰ ਜੰਗ ਫਸ ਗਈ ਜਾਪਦੀ ਹੈ। ਬਾਕੀ ਦੇਸ਼ਾਂ ਵਿਰੁੱਧ ਸਿੱਧੀ ਜੰਗ ਦੀ ਬਜਾਏ ਜੰਗ ਦਾ ਦਬਕਾ ਤੇ ਟੈਰਿਫ ਵਧਾਉਣ ਦੀ ਧਮਕੀ ਨਾਲ ਟਰੰਪ ਉਹ ਹੀ ਕੁਝ ਕਰਦਾ ਜਾਪਦਾ ਹੈ, ਜੋ ਕੁਝ ਜੰਗਾਂ ਲੜਨ ਵਿੱਚ ਹਾਸਲ ਹੋਣ ਦੀ ਆਸ ਕੀਤੀ ਜਾ ਸਕਦੀ ਹੈ, ਅਰਥਾਤ ਹਾਰਨ ਵਾਲੇ ਦੇਸ਼ ਫਿਰ ਜੇਤੂ ਦੀ ਇੱਛਾ ਅਨੁਸਾਰ ਚੱਲਣ ਲੱਗ ਪੈਣ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਚੁਕਵਾ ਲਿਆਉਣ ਅਤੇ ਆਪਣੇ ਆਪ ਨੂੰ ਖੁਦ-ਮੁਖਤਾਰ ਕਹਿੰਦੀ ਓਥੋਂ ਦੀ ਅਜੋਕੀ ਸਰਕਾਰ ਵੱਲੋਂ ਹਰ ਮਾਮਲੇ ਵਿੱਚ ਅਮਰੀਕਾ ਦੇ ਹੁਕਮਾਂ ਦੀ ਪਾਲਣਾ ਕਰਨਾ ਸ਼ੁਰੂ ਕਰ ਦੇਣ ਨਾਲ ਬਾਕੀ ਦੁਨੀਆ ਨੂੰ ਸੰਕੇਤ ਚਲਾ ਗਿਆ ਹੈ ਕਿ ਅਮਰੀਕਾ ਸਿਰਫ ਆਹ ਚਾਹੁੰਦਾ ਹੈ ਅਤੇ ਉਨ੍ਹਾਂ ਵਿੱਚੋਂ ਕਿਸੇ ਨੇ ਖਾਸ ਕਿੰਤੂ ਨਹੀਂ ਕੀਤਾ। ਦੂਸਰੀ ਸੰਸਾਰ ਜੰਗ ਤੋਂ ਬਾਅਦ ਅਮਰੀਕੀ ਚੌਧਰ ਦਾ ਮੁੱਢ ਬੱਝਾ ਸੀ, ਉਸ ਤੋਂ ਪਹਿਲਾਂ ਬਹੁਤਾ ਕਰ ਕੇ ਬ੍ਰਿਟੇਨ ਹਰ ਮੁੱਦੇ ਉੱਤੇ ਇੱਕ ਖਾਸ ਤਰ੍ਹਾਂ ਦੀ ਅਗੇਤ ਦੀ ਹੈਸੀਅਤ ਵਿੱਚ ਹੁੰਦਾ ਸੀ, ਪਰ ਸੰਸਾਰ ਜੰਗ ਵਿੱਚ ਬਹੁਤ ਵੱਡੇ ਆਰਥਕ ਨੁਕਸਾਨ ਤੇ ਕਈ ਦੇਸ਼ ਬ੍ਰਿਟੇਨ ਦੇ ਕਬਜ਼ੇ ਤੋਂ ਨਿਕਲ ਜਾਣ ਨੇ ਉਸ ਨੂੰ ਕਮਜ਼ੋਰ ਕੀਤਾ ਤਾਂ ਅਮਰੀਕਾ ਦਾ ਰਾਹ ਬਣਿਆ ਸੀ। ਬਾਅਦ ਦੇ ਅੱਠ ਦਹਾਕਿਆਂ ਵਿੱਚ ਜਰਮਨੀ ਤੇ ਜਾਪਾਨ ਵਰਗੇ ਦੇਸ਼ ਸੰਸਾਰ ਜੰਗ ਦੀ ਮਾਰ ਪਿੱਛੋਂ ਆਪੋ ਆਪਣੇ ਦੇਸ਼ ਦੇ ਮੰਦਵਾੜੇ ਸਾਂਭਣ ਵਿੱਚ ਰੁੱਝੇ ਰਹੇ ਅਤੇ ਬ੍ਰਿਟੇਨ ਅਤੇ ਫਰਾਂਸ ਵਰਗੇ ਦੇਸ਼ ਫਿਰ ਅਮਰੀਕਾ ਦੇ ਕਰਿੰਦੇ ਜਿਹੇ ਬਣ ਤੁਰੇ ਸਨ।

ਇਨ੍ਹਾਂ ਨਵੇਂ ਹਾਲਾਤ ਵਿੱਚ ਅਮਰੀਕਾ ਨੇ ਇੱਕ ਪਿੱਛੋਂ ਦੂਸਰੇ ਕਈ ਦੇਸ਼ਾਂ ਵਿੱਚ ਫੌਜੀ ਮੁਹਿੰਮਾਂ ਸ਼ੁਰੂ ਕੀਤੀਆਂ ਅਤੇ ਆਪਣੇ ਨਾਲ ਜੁੜ ਚੁੱਕੇ 'ਨਾਟੋ' (ਨਾਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ) ਦੇ ਦੇਸ਼ਾਂ ਤੇ ਗੈਰ-ਨਾਟੋ ਦਰਜੇ ਵਾਲੇ ਸਹਿਯੋਗੀ ਦੇਸ਼ਾਂ ਦੀਆਂ ਫੌਜਾਂ ਇੱਕ ਤਰ੍ਹਾਂ ਓਸੇ ਦੀ ਕਮਾਨ ਹੇਠ ਇਨ੍ਹਾਂ ਮੁਹਿੰਮਾਂ ਵਿੱਚ ਲੱਗੀਆਂ ਰਹੀਆਂ। ਕਈ ਵਾਰ ਇਹ ਗੱਲ ਉਨ੍ਹਾਂ ਦੇਸ਼ਾਂ ਵਿੱਚ ਚਲਦੀ ਰਹੀ ਕਿ ਇਨ੍ਹਾਂ ਜੰਗਾਂ ਵਿੱਚ ਜਿੱਤ ਹੋਵੇ ਜਾਂ ਹਾਰ, ਅਮਰੀਕੀ ਖੰਘੂਰੇ ਉੱਤੇ ਲੜਾਈ ਲਈ ਭੇਜੇ ਨੌਜਵਾਨ ਤਾਂ ਇਨ੍ਹਾਂ ਦੇਸ਼ਾਂ ਦੇ ਮਰਦੇ ਤੇ ਲਾਭ ਹਮੇਸ਼ਾ ਅਮਰੀਕਾ ਨੂੰ ਵੱਧ ਹੁੰਦਾ ਹੈ। ਇਸ ਦੇ ਬਾਵਜੂਦ ਕਿਸੇ ਦੇਸ਼ ਦੀ ਹਿੰਮਤ ਨਹੀਂ ਸੀ ਕਿ ਉਸ ਦੀ ਮੁਹਿੰਮ ਦਾ ਵਿਰੋਧ ਕਰਨਾ ਤਾਂ ਕੀ, ਉਸ ਨਾਲ ਤੁਰਨੋਂ ਵੀ ਨਾਂਹ ਕਰੇ। ਈਰਾਨ ਦੀ ਜੰਗ ਨੇ ਸ਼ਾਇਦ ਪਹਿਲੀ ਵਾਰ ਇਹ ਵਕਤ ਲਿਆਂਦਾ ਕਿ ਨਾਟੋ ਦੇ ਕਈ ਦੇਸ਼ਾਂ ਨੇ ਉਸ ਨਾਲ ਜੰਗ ਵਿੱਚ ਕੁੱਦਣ ਤੋਂ ਨਾਂਹ ਕੀਤੀ ਤੇ ਕੁਝ ਨੇ ਖੁੱਲ੍ਹ ਕੇ ਇਸ ਜੰਗ ਦਾ ਵਿਰੋਧ ਵੀ ਕੀਤਾ ਹੈ। ਏਥੇ ਆ ਕੇ ਟਰੰਪ ਦੀ ਟੈਰਿਫ ਮਾਨਸਿਕਤਾ ਨੇ ਉਬਾਲਾ ਖਾਧਾ ਤੇ ਜਿਹੜੇ ਦੇਸ਼ ਉਸ ਨਾਲ ਨਹੀਂ ਖੜੋਤੇ, ਉਨ੍ਹਾਂ ਦੇ ਵਿਰੁੱਧ ਉਸ ਨੇ ਟੈਰਿਫ ਵਧਾਉਣ ਦਾ ਪੈਂਤੜਾ ਵਰਤਣਾ ਆਰੰਭ ਕਰ ਦਿੱਤਾ ਹੈ। ਭਾਰਤ ਇਸ ਮਾਮਲੇ ਵਿੱਚ ਹੋਰਨਾਂ ਤੋਂ ਇੱਕ ਸਾਲ ਪਹਿਲਾਂ ਉਸ ਦੇ ਦਬਾਊ ਪੈਂਤੜੇ ਵਾਲਾ ਬੋਝ ਮਹਿਸੂਸ ਕਰਦਾ ਆ ਰਿਹਾ ਸੀ, ਫਿਰ ਬਾਕੀ ਦੇ ਦੇਸ਼ ਵੀ ਵਾਰੀ-ਵਾਰੀ ਲਗਭਗ ਏਸੇ ਸਥਿਤੀ ਵਿੱਚ ਆਉਂਦੇ ਜਾਪਣ ਲੱਗ ਪਏ ਹਨ ਅਤੇ ਸਿਰਫ ਫਰਾਂਸ ਵਰਗੇ ਕੁਝ ਦੇਸ਼ਾਂ ਨੇ ਧੌਂਸ ਨੂੰ ਮੰਨਣ ਤੋਂ ਨਾਂਹ ਕਰ ਕੇ ਹੋਰਨਾਂ ਨੂੰ ਰਾਹ ਵਿਖਾਇਆ ਹੈ।

ਭਾਰਤ ਲਈ ਪਿਛਲਾ ਹਫਤਾ ਇੱਕ ਵੱਖਰੀ ਕਿਸਮ ਦੀ ਰਾਜਨੀਤੀ ਦਾ ਗਵਾਹ ਬਣ ਗਿਆ ਹੈ, ਜਿਹੜੀ ਅੰਦਰੂਨੀ ਮਾਮਲਿਆਂ ਜਿੰਨੀ ਗੰਭੀਰਤਾ ਨਾਲ ਸੰਸਾਰ ਕੂਟਨੀਤੀ ਉੱਤੇ ਵੀ ਭੜਕੀ ਹੈ। ਪਾਰਲੀਮੈਂਟ ਅੰਦਰ ਜਾਂ ਇਸ ਦੇ ਬਾਹਰ ਇਹ ਮੁੱਦਾ ਬਹਿਸ ਹੇਠ ਆਇਆ ਹੈ ਕਿ ਜਦੋਂ ਅਮਰੀਕਾ ਕਹਿੰਦਾ ਹੈ ਕਿ ਉਸ ਨੇ ਭਾਰਤ ਨੂੰ ਰੂਸ ਤੋਂ ਹਾਲੇ ਇੱਕ ਮਹੀਨਾ ਹੋਰ ਗੈਸ ਅਤੇ ਤੇਲ ਲੈਂਦੇ ਰਹਿਣ ਦੀ ਆਗਿਆ ਦੇ ਦਿੱਤੀ ਹੈ ਤਾਂ ਪ੍ਰਧਾਨ ਮੰਤਰੀ ਇਸ ਬਾਰੇ ਚੁੱਪ ਕਿਉਂ ਬੈਠੇ ਹਨ? ਕੀ ਇਸ ਦਾ ਕਾਰਨ ਇਹ ਹੈ ਕਿ ਦੁਨੀਆ ਉੱਤੇ 'ਟਰੰਪ ਆਰਡਰ' ਦੀ ਨੀਤੀ ਨੂੰ ਕਈ ਹੋਰ ਦੇਸ਼ਾਂ ਵਾਂਗ ਭਾਰਤ ਨੇ ਚੁੱਪ ਮਾਨਤਾ ਦੇ ਦਿੱਤੀ ਤੇ ਅੱਗੇ ਤੋਂ ਸਾਡੀ ਵਿਦੇਸ਼ ਨੀਤੀ ਓਥੋਂ ਤੈਅ ਕੀਤੀ ਜਾਵੇਗੀ? ਇਸ ਦਾ ਖੰਡਨ ਭਾਰਤੀ ਜਨਤਾ ਪਾਰਟੀ ਵਾਲੇ ਕੁਝ ਹੋਰ ਨੇਤਾ ਅਤੇ ਕੇਂਦਰ ਦੇ ਕੁਝ ਮੰਤਰੀ ਜਾਂ ਅਧਿਕਾਰੀ ਤਾਂ ਕਰਦੇ ਰਹੇ, ਪਰ ਭਾਰਤ ਦੇ ਆਮ ਲੋਕਾਂ ਨੇ ਜਿਸ ਆਗੂ ਨੂੰ ਦੇਸ਼ ਦੀ ਅਗਵਾਈ ਸੌਂਪੀ ਹੋਈ ਹੈ, ਉਸ ਦੀ ਚੁੱਪ ਸਾਰਿਆਂ ਨੂੰ ਹੈਰਾਨ ਕਰਨ ਵਾਲੀ ਰਹੀ।

ਸਾਡੇ ਦੇਸ਼ ਦਾ ਕੋਈ ਵੀ ਹੋਸ਼ਮੰਦ ਵਿਅਕਤੀ ਇਹ ਨਹੀਂ ਚਾਹੇਗਾ ਕਿ ਭਾਰਤ ਕਿਸੇ ਵੀ ਦੇਸ਼ ਨਾਲ ਕਿਸੇ ਤਰ੍ਹਾਂ ਦਾ ਕੋਈ ਜੰਗ ਵਰਗਾ ਜਾਂ ਵੱਡੀ ਖਿੱਚੋਤਾਣ ਵਧਾਉਣ ਵਾਲਾ ਕਦਮ ਚੁੱਕੇ ਅਤੇ ਨਾ ਹੀ ਕੋਈ ਇਹ ਚਾਹੇਗਾ ਕਿ ਅਮਰੀਕਾ ਦਾ ਬੇਲੋੜਾ ਵਿਰੋਧ ਕੀਤਾ ਜਾਵੇ, ਜਿਸ ਨਾਲ ਆਰਥਿਕ ਪੱਖ ਤੋਂ ਮੁਸ਼ਕਲਾਂ ਵਿੱਚ ਵਾਧਾ ਹੁੰਦਾ ਹੋਵੇ। ਇਸ ਦੇ ਨਾਲ ਹਰ ਕੋਈ ਇਹ ਵੀ ਚਾਹੇਗਾ ਕਿ ਸੰਸਾਰ ਸੱਥ ਵਿੱਚ ਭਾਰਤ ਦੀ ਇੱਜ਼ਤ ਅਤੇ ਖੁਦ-ਮੁਖਤਾਰੀ ਜਾਂ ਗੁੱਟ-ਨਿਰਪੱਖਤਾ ਵਰਗੀ ਹੈਸੀਅਤ ਨੂੰ ਕੋਈ ਆਂਚ ਨਾ ਆਉਣ ਦਿੱਤੀ ਜਾਵੇ। ਪਿਛਲੇ ਦਿਨੀਂ ਇਨ੍ਹਾਂ ਮਾਮਲਿਆਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹਮਲਾਵਰ ਬਿਆਨਬਾਜ਼ੀ ਵੇਲੇ ਭਾਰਤ ਸਰਕਾਰ ਜਦੋਂ ਆਪਣਾ ਪੱਖ ਪੇਸ਼ ਕਰਨੋਂ ਝਿਜਕਦੀ ਰਹੀ ਤਾਂ ਉਸ ਦਾ ਪਿਛਲੇ ਸੱਤ ਦਹਾਕਿਆਂ ਦਾ ਬਣਿਆ ਹੋਇਆ ਅਕਸ ਪਹਿਲਾਂ ਵਾਂਗ ਨਹੀਂ ਸੀ ਰਿਹਾ ਜਾਪਦਾ। ਡਿਪਲੋਮੇਸੀ ਨਾਲ ਸੰਬੰਧਤ ਬਹੁਤ ਸਾਰੇ ਸਾਬਕਾ ਅਫਸਰਾਂ ਅਤੇ ਆਗੂਆਂ ਨੇ ਇਸ ਨੀਤੀ ਨੂੰ ਸਾਮਰਾਜੀ ਦਬਾਅ ਮੂਹਰੇ ਕਮਜ਼ੋਰੀ ਪ੍ਰਗਟ ਕਰਨ ਦੇ ਬਰਾਬਰ ਮੰਨਿਆ, ਜਦ ਕਿ ਵਿਰੋਧੀ ਧਿਰ ਨੇ ਦੋਸ਼ ਲਾਏ ਕਿ ਡੋਨਾਲਡ ਟਰੰਪ ਮੂਹਰੇ ਨਰਿੰਦਰ ਮੋਦੀ ਸਰਕਾਰ ਝੁਕ ਗਈ ਹੈ। ਏਦਾਂ ਦਾ ਪ੍ਰਭਾਵ ਜਦੋਂ ਦੇਸ਼ ਦੇ ਅੰਦਰ ਬਣਦਾ ਗਿਆ ਹੈ ਤਾਂ ਸੰਸਰ ਭਰ ਵਿੱਚ ਵੀ ਇਸ ਦਾ ਅਸਰ ਪੈਂਦਾ ਹੋਵੇਗਾ।

ਅਸਲ ਵਿੱਚ ਭਾਰਤ ਦੀ ਹੈਸੀਅਤ ਤੇ ਮਾਣ ਨੂੰ ਖੋਰਾ ਲੱਗਣ ਦਾ ਅਮਲ ਓਦੋਂ ਸ਼ੁਰੂ ਹੋਇਆ ਸੀ, ਜਦੋਂ ਮੋਰਾਰਜੀ ਡਿਸਾਈ ਸਰਕਾਰ ਦੇ ਵਿਦੇਸ਼ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਅਮਰੀਕਾ ਨਾਲ ਰਿਸ਼ਤੇ ਮਜ਼ਬੂਤ ਕਰਨ ਅਤੇ ਰੂਸ ਨਾਲ ਕੁਝ ਦੂਰੀ ਰੱਖਣ ਵਾਲੇ ਪਹਿਲੇ ਸੰਕੇਤ ਦਿੱਤੇ ਸਨ। ਜਦੋਂ ਫਿਰ ਵਾਜਪਾਈ ਖੁਦ ਪ੍ਰਧਾਨ ਮੰਤਰੀ ਬਣੇ ਤਾਂ ਇਸ ਦਿਸ਼ਾ ਵਿੱਚ ਹੋਰ ਅੱਗੇ ਵਧ ਗਏ ਤੇ ਉਸ ਵੱਲੋਂ ਬਣਾਏ ਹੋਏ ਵਿਦੇਸ਼ ਮੰਤਰੀ ਜਾਰਜ ਫਰਨਾਂਡੇਜ਼ ਦੀ ਰੂਸ ਅਤੇ ਚੀਨ ਨਾਲ ਕੌੜ ਰੱਖਣ ਦੀ ਰਾਜਨੀਤੀ ਨੇ ਨਵੀਂ ਕੂਟਨੀਤੀ ਅਮਲ ਵਿੱਚ ਸ਼ੁਰੂ ਕਰ ਦਿੱਤੀ। ਓਦੋਂ ਫੌਜੀ ਲੋੜਾਂ ਲਈ ਰੂਸ ਦੀ ਥਾਂ ਅਮਰੀਕੀ ਗਰੁੱਪ ਦੇ ਦੇਸ਼ਾਂ ਨਾਲ ਸੌਦੇਬਾਜ਼ੀ ਤੋਂ ਗੱਲ ਚੱਲੀ ਤੇ ਅੱਗੇ ਵਧਦੀ ਹੋਈ ਉਸ ਮੋੜ ਤੱਕ ਜਾ ਪਹੁੰਚੀ ਸੀ, ਜਿੱਥੇ ਭਾਰਤ ਦੇ ਪ੍ਰਧਾਨ ਮੰਤਰੀ ਨੇ ਅਮਰੀਕੀ ਰਾਸ਼ਟਰਪਤੀ ਦੀ ਇੱਕ ਚੋਣ ਤੋਂ ਪਹਿਲਾਂ ਓਥੇ ਜਲਸਾ ਕੀਤਾ ਅਤੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਦੇਣ ਦੀ ਗਲਤੀ ਕਰ ਦਿੱਤੀ। ਜਿਹੜੇ ਡੋਨਾਲਡ ਟਰੰਪ ਖਾਤਰ ਭਾਰਤੀ ਪ੍ਰਧਾਨ ਮੰਤਰੀ ਨੇ ਸੰਸਾਰ ਭਰ ਦੀ ਪ੍ਰਵਾਨਤ ਕੂਟਨੀਤੀ ਕਿ ਕੋਈ ਦੇਸ਼ ਦੂਸਰੇ ਦੇਸ਼ ਦੀ ਰਾਜਨੀਤੀ ਵਿੱਚ ਦਖਲ ਨਹੀਂ ਦੇਵੇਗਾ, ਨੂੰ ਉਲੰਘ ਕੇ ਏਦਾਂ ਦੀ ਭੁੱਲ ਕੀਤੀ ਸੀ, ਉਹ ਓਦੋਂ ਜਿੱਤ ਨਹੀਂ ਸਕਿਆ ਅਤੇ ਜਦੋਂ ਦੋਬਾਰਾ ਜਿੱਤਿਆ ਤਾਂ ਭਾਰਤ ਜਾਂ ਇਸ ਦੇ ਪ੍ਰਧਾਨ ਮੰਤਰੀ ਨਾਲ ਰਿਸ਼ਤਿਆਂ ਦੇ ਪੁਰਾਣੇ ਨਿੱਘ ਨੂੰ ਚੇਤੇ ਕਰਨ ਦੀ ਥਾਂ ਭੁਲਾ ਕੇ ਸਬਕ ਸਿਖਾਉਣ ਦੇ ਰਾਹ ਪੈ ਗਿਆ ਹੈ। ਨਤੀਜੇ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਸਾਰ ਨੀਤੀ ਬਾਰੇ ਸਵਾਲ ਪੁੱਛੇ ਜਾਂਦੇ ਹਨ ਅਤੇ ਉਹ ਜਵਾਬ ਨਹੀਂ ਦੇ ਰਹੇ।

ਜੰਗਾਂ ਬਾਰੇ ਸਾਡੀ ਸਾਫ ਰਾਏ ਹੈ ਕਿ ਇਹ ਇਨਸਾਨੀ ਭਲੇ ਵਾਲੀਆਂ ਕਦੇ ਨਹੀਂ ਰਹੀਆਂ ਤੇ ਮਜਬੂਰੀ ਨਾ ਬਣੇ ਤਾਂ ਇਨ੍ਹਾਂ ਤੋਂ ਬਚਿਆ ਜਾਣਾ ਚਾਹੀਦਾ ਹੈ। ਦੂਸਰੀ ਗੱਲ ਇਹ ਕਿ ਹੋ ਸਕੇ ਤਾਂ ਦੁਵੱਲੀ ਵਿਚੋਲਗੀ ਦੇ ਯਤਨ ਕਰਨ ਵਿੱਚ ਕੋਈ ਹਰਜ ਨਹੀਂ, ਤਾਂ ਕਿ ਕਿਸੇ ਪਾਸੇ ਲੱਗੀ ਹੋਈ ਜੰਗ ਵਿੱਚ ਮਰ ਰਹੀ ਮਨੁੱਖਤਾ ਨੂੰ ਬਚਾਉਣ ਲਈ ਹਿੱਸਾ ਪਾਇਆ ਜਾ ਸਕੇ, ਪਰ ਜੇ ਭਾਰਤ ਤੋਂ ਏਨਾ ਨਹੀਂ ਹੋ ਸਕਦਾ ਤਾਂ ਜੰਗ ਦੀ ਨਿਖੇਧੀ ਤੱਕ ਸੀਮਤ ਹੋਣਾ ਚਾਹੀਦਾ ਹੈ, ਕਿਸੇ ਵਿਰੁੱਧ ਕਿਸੇ ਹੋਰ ਧਿਰ ਨਾਲ ਜੁੜਨ ਤੋਂ ਬਚਣਾ ਚਾਹੀਦਾ ਹੈ। ਹਾਲਾਤ ਜੋ ਵੀ ਹੋਣ, ਕਿਸੇ ਵੀ ਹੋਰ ਗੱਲ ਤੋਂ ਪਹਿਲਾਂ ਦਿਮਾਗ ਵਿੱਚ ਇਹ ਸੋਚ ਰਹਿਣੀ ਚਾਹੀਦੀ ਹੈ ਕਿ ਭਾਰਤ ਦਾ ਸੰਸਾਰ ਵਿੱਚ ਕੋਈ ਅਕਸ ਹੈ, ਇਸ ਨੂੰ ਕੋਈ ਆਂਚ ਨਾ ਆਵੇ। ਬਦਕਿਸਮਤੀ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਇਸ ਅਕਸ ਦੀ ਪ੍ਰਵਾਹ ਨਾ ਕੀਤੇ ਜਾਣ ਦਾ ਉਹ ਪ੍ਰਭਾਵ ਬਣਦਾ ਜਾ ਰਿਹਾ ਹੈ, ਜਿਹੜਾ ਸਿਰਫ ਪ੍ਰਧਾਨ ਮੰਤਰੀ ਦੀ ਚੁੱਪ ਟੁੱਟਣ ਨਾਲ ਟੁੱਟ ਸਕਦਾ ਹੈ, ਪਰ ਉਹ ਅਜੇ ਤੱਕ ਵੀ ਚੁੱਪ ਨਹੀਂ ਤੋੜ ਰਹੇ।

# ਦਾਰੋ ਸਲਾਮ, ਜਿਹੜਾ ਕਦੇ, ਕਿਲ੍ਹਾ ਜਮਾਲਪੁਰ ਦੀ ਅਦਬੀ ਰੂਹ ਸੀ

**ਪਿੰਡ ਵਸਿਆ-68**

**ਵਿਜੇ ਬੰਬੇਲੀ**

ਦਰ-ਹਕੀਕਤ; ਵਸੇਬ ਦਾਰੋ ਸਲਾਮ 'ਦਾਰ-ਉਲ-ਇਸਲਾਮ', ਜਿਸ ਦਾ ਜ਼ਿਕਰ ਬਾਅਦ ਵਿੱਚ ਆਵੇਗਾ, ਦਾ ਵਿਗੜਿਆ ਜਾਂ ਲੋਕ ਜ਼ੁਬਾਂ ਚੜ੍ਹਿਆ ਨਿਕੜਾ ਨਾਂਅ ਹੈ। ਇਤਿਹਾਸਕਾਰ ਨਰੇਸ਼ ਦੀਨਾ ਨਗਰੀ ਮੁਤਾਬਿਕ, 'ਪਠਾਨਕੋਟ ਦੀ ਪੱਛਮੀ ਗੁੱਠ ਤੋਂ ਚਾਰ-ਪੰਜ ਮੀਲ ਦੀ ਵਿੱਥ 'ਤੇ ਜਮਾਲਪੁਰ ਨਾਮੀ ਇੱਕ ਪਿੰਡ ਵੱਸਦਾ ਹੈ। ਤਿੰਨ ਟੋਟਿਆਂ ਵਿੱਚ ਵੰਡਿਆ ਇਹ ਪਿੰਡ ਤਿੰਨ ਅੱਡੋ-ਅੱਡ ਨਾਵਾਂ: ਕਿਲ੍ਹਾ, ਜਮਾਲਪੁਰ ਤੇ ਦਾਰੋ ਸਲਾਮ ਨਾਲ ਜਾਣਿਆ ਜਾਂਦਾ ਹੈ। ਸੰਨ 1859 'ਚ ਚਾਲੂ ਹੋਈ ਅੱਪਰਬਾਰੀ ਦੋਆਬ ਨਹਿਰ ਵਸੇਬ ਦਾਰੋ ਸਲਾਮ ਨੂੰ ਦੂਜੀਆਂ ਦੋਹਾਂ ਵਸੇਬਾਂ ਨਾਲੋਂ ਅੱਡ ਕਰਦੀ ਹੈ। ਇੱਥੋਂ ਦੇ ਇੱਕ ਮੁਸਲਿਮ ਦਾਨਿਸ਼ਵਰ ਚੌਧਰੀ ਨਿਆਜ਼ ਅਲੀ ਖ਼ਾਂ ਵੱਲੋਂ ਸਥਾਪਤ ਕੀਤੀ ਵਿਸ਼ਵ ਵਖਿਆਤ, 'ਦਾਰ-ਉਲ-ਇਸਲਾਮ (ਇਸਲਾਮ ਦਾ ਘਰ) ਲਹਿਰ, ਜਿਸ ਦਾ ਮੁੱਖ ਉਦੇਸ਼ 'ਇਸਲਾਮ ਦੀ ਧਰਮ ਤੇ ਸੰਸਕ੍ਰਿਤੀ ਅਤੇ ਇਤਿਹਾਸ ਦੀ ਹਕੀਕੀ ਖੋਜ ਤੇ ਪ੍ਰਕਾਸ਼ਨਾ' ਸੀ, ਇਸੇ ਨਗਰ ਤੋਂ ਚੱਲੀ ਸੀ।' ਇਥੇ ਰਹਿੰਦਿਆਂ ਹੀ ਮੌਲਾਨਾ ਮੌਦੂਦੀ ਨੇ 'ਜਮਾਤ-ਏ-ਇਸਲਾਮੀ' ਦੀ ਸਥਾਪਨਾ ਕੀਤੀ ਸੀ। ਲੁਕਵੇਂ ਤੌਰ 'ਤੇ ਇਹਨਾਂ ਦੋਵਾਂ ਦਾ ਉਦੇਸ਼ ਦੱਖਣੀ ਏਸ਼ੀਆ 'ਚ ਮੁਸਲਮਾਨਾਂ ਦਾ ਇੱਕ ਗਿਆਨ ਲਬਰੇਜ਼ ਅਤੇ ਜਾਗਰੂਕਤਾ ਵਾਲਾ ਸੁਤੰਤਰ ਮੁਲਕ ਦੀ ਸਿਰਜਨਾ ਵੀ ਸੀ।

ਇਤਿਹਾਸ ਫਰੋਲਦਿਆਂ ਪਿੰਡ ਜਮਾਲਪੁਰ ਦਾ ਪਹਿਲਾ ਸਵੈ-ਸਪੱਸ਼ਟ ਜ਼ਿਕਰ ਐੱਚ.ਐੱਲ.ਓ. ਗੈਰਟ ਦੀ ਕ੍ਰਿਤ 'ਈਵੈਂਟਸ ਐਟ ਦੀ ਕੋਰਟ ਆਫ ਮਾ. ਰਣਜੀਤ ਸਿੰਘ, 1810-17' ਦੇ ਸਫ਼ੇ 103-05 'ਤੇ ਮਿਲਦਾ ਹੈ, ਜਦ ਮਹਾਰਾਜਾ ਨੇ ਇੱਥੇ ਆਪਣਾ ਬਹੁ-ਉਦੇਸ਼ੀ ਦਰਬਾਰ ਲਗਾਇਆ ਸੀ। ਇਸ ਦਰਬਾਰ ਦਾ ਉਦੇਸ਼ ਜਿੱਥੇ ਸਥਾਨਕ ਰਾਜਿਆਂ/ਜਾਗੀਰਦਾਰਾਂ ਦੀ ਮੁੜ ਸਫਬੰਦੀ ਕਰਨਾ ਸੀ, ਉਥੇ ਮੁੱਖ ਉਦੇਸ਼ ਕਸ਼ਮੀਰ ਨੂੰ ਹਥਿਆਉਣ ਦੀ ਗੋਂਦ ਗੁੰਦਣਾ ਅਤੇ ਸਥਾਨਕ ਮਦਦ ਲੈਣੀ ਵੀ ਸੀ। ਜਮਾਲਪੁਰ ਦਾ ਹੋਰ ਵਰਨਣ ਬੀ.ਐੱਨ. ਗੋਸਵਾਮੀ ਤੇ ਜੇ.ਐੱਸ. ਲਿਖ਼ਤ 'ਦਾ ਮੁਗਲ ਐਂਡ ਸਿੱਖ ਰੂਲਰਜ਼ ਐਂਡ ਦਾ ਵੈਸ਼ਨਵ'ਜ ਆਫ਼ ਪਿੰਡੋਰੀ' (1969) ਦੇ ਸਫ਼ਾ 328 'ਤੇ ਵੀ ਦਰਜ 'ਮਾ. ਰਣਜੀਤ ਸਿੰਘ ਦੇ ਪੁੱਤਰ ਸ਼ੇਰ ਸਿੰਘ ਦੇ ਦੀਵਾਨ ਈਸ਼ਰ ਦਾਸ ਵੱਲੋਂ ਬਿਕਰਮੀ ਸੰਮਤ 1902 (1845 ਈ.) ਵਿੱਚ ਜਾਰੀ ਪਰਵਾਨੇ ਅਨੁਸਾਰ, 'ਪਿੰਡ ਜਮਾਲਪੁਰ ਵਿੱਚ ਜੋ 5 ਘੁਮਾਂ ਭੋਇੰ ਧਰਮ-ਅਰਥ ਦੀ ਖ਼ਰੀਫ਼ ਫ਼ਸਲ ਦੀ ਸ਼ੁਰੂਆਤ ਤੋਂ ਸਿਰੀ ਪਿੰਡੋਰੀ ਧਾਮ ਦੇ ਪੂਜਨੀਕ ਮਹੰਤ ਗੰਗਾ ਦਾਸ ਜੀ ਨੂੰ ਦਾਨੀ ਸਿੰਘ ਸਾਹਿਬ (ਸਾਹਿਬਜ਼ਾਦਾ ਸ਼ੇਰ ਸਿੰਘ), ਉਸ ਦੀ ਉਮਰ ਲੰਬੀ ਹੋਵੇ, ਦੁਆਰਾ ਬਖ਼ਸ਼ੀ ਜਾਂਦੀ ਹੈ। ਕਿਸੇ ਨੂੰ ਵੀ ਕਾਰਨ ਕੋਈ ਵੀ ਹੋਵੇ, ਉਪਰ ਦੱਸੀ ਜ਼ਮੀਨ (ਦੇ ਮਾਮਲੇ) ਵਿੱਚ ਕੋਈ ਵਿਘਨ ਨਹੀਂ ਪਾਉਣਾ ਚਾਹੀਦਾ ਕਿਉਂ ਜੋ ਇਹ ਇੱਕ ਧਰਮ-ਅਰਥ ਭੇਟਾ ਹੈ। ਇਸ ਦੀ ਉੱਪਜ ਸ੍ਰੀ ਠਾਕੁਰ ਜੀਓ ਦੇ ਰੋਜ਼ਾਨਾ ਪਵਿੱਤਰ ਭੋਗ-ਪਰਸ਼ਾਦ ਦੇ ਇਸਤੇਮਾਲ ਅਤੇ ਦਾਨ ਕਰਤਾ ਸਿੰਘ ਸਾਹਿਬ 'ਤੇ ਦੈਵੀ ਆਸ਼ੀਰਵਾਦ ਦੀ ਪ੍ਰਾਪਤੀ ਲਈ ਹੈ। ਸ਼ਾਲਾ! ਉਹ ਲੰਬੀ ਉਮਰ ਦਰਾਜ਼ ਹੋਵੇ।' ਇਹ ਦਸਤਾਵੇਜ਼ ਸਿੱਧ ਕਰਦੇ ਹਨ ਕਿ ਇਹ ਬਾਅਦ 'ਚ ਇੱਕਜੁਟ, ਵਸੇਬਾਂ ਮਹੱਤਵਪੂਰਨ ਸਨ/ਹਨ।

ਬ੍ਰਿਟਿਸ਼ ਸਾਮਰਾਜ ਵੇਲੇ ਪੰਜਾਬ ਰਾਜ ਵਿੱਚ ਉਸਾਰੀ ਗਈ ਅਪਰ ਬਾਰੀ ਦੋਆਬ ਨਹਿਰ, ਜਿਸ ਵਿੱਚ 11 ਅਪ੍ਰੈਲ 1859 ਤੋਂ ਪਾਣੀ ਵਗਣਾ ਸ਼ੁਰੂ ਹੋਇਆ ਸੀ, ਕਾਰਨ ਜਮਾਲਪੁਰ ਪਿੰਡ ਦੋ ਹਿੱਸਿਆਂ, ਪੂਰਬੀ ਅਤੇ ਪੱਛਮੀ ਭਾਗ ਵਿੱਚ ਵੰਡਿਆ ਗਿਆ। ਇਹੋ ਪੱਛਮੀ ਹਿੱਸਾ, ਜਿੱਥੋਂ ਦਾਰ-ਉਲ-ਇਸਲਾਮ ਕਾਰਜਸ਼ੀਲ ਹੋਇਆ, ਮਗਰੋਂ 'ਦਾਰੋ ਸਲਾਮ' ਦੇ ਨਾਓਂ ਸੰਸਾਰ ਪ੍ਰਸਿੱਧ ਹੋ ਗਿਆ। ਫਿਰ ਬ੍ਰਿਟਿਸ਼ ਸਮੇਂ ਹੀ 1883 ਈ. 'ਚ ਚਾਲੂ ਹੋਏ ਅੰਮ੍ਰਿਤਸਰ-ਪਠਾਨਕੋਟ ਰੇਲ ਮਾਰਗ ਨੇ ਜਮਾਲਪੁਰ ਅਤੇ ਮਗਰੋਂ ਹੋਂਦ 'ਚ ਆਏ ਦਾਰੋ ਸਲਾਮ ਦੇ ਹੱਦਾਂ-ਬਸੀਮੇਂ ਵੀ ਪੱਕੇ ਨਿਰਧਾਰਤ ਕਰਨ ਵਿੱਚ ਸਿਫ਼ਤੀ ਹਿੱਸਾ ਪਾਇਆ। ਹਾਂ; ਮਾ. ਰਣਜੀਤ ਸਿੰਘ ਦੇ ਇੱਥੇ ਦਰਬਾਰ ਲਗਾਉਣ ਤੋਂ ਬਾਅਦ ਦੀ ਜੇ ਕੋਈ ਹੋਰ ਉੱਘੀ ਗੱਲ ਹੈ ਤਾਂ ਉਹ ਹੈ ਚੌਧਰੀ ਨਿਆਜ਼ ਅਲੀ ਖ਼ਾਂ ਦਾ ਇਸ ਪਿੰਡ ਨੂੰ ਆਪਣੀ ਰਿਹਾਇਸ਼ ਬਣਾਉਣਾ।

ਚੌ. ਨਿਆਜ਼ ਅਲੀ ਖ਼ਾਂ ਦੀ ਜੰਮਣ ਭੋਇੰ ਸੀ ਹੁਸ਼ਿਆਰਪੁਰ ਦਾ ਉੱਘਾ ਪਿੰਡ ਮਾਹਿਲਪੁਰ। ਜਿੱਥੇ ਉਸ ਦਾ ਜਨਮ 28 ਜੂਨ 1880 ਨੂੰ ਗੜ੍ਹਸ਼ੰਕਰ ਦੇ ਮੁਸਲਿਮ ਘੋੜੇਵਾਹ ਰਾਜਪੂਤ ਪਰਵਾਰ, ਜਿਹਨਾਂ ਦੇ ਪੁਰਖੇ ਹਿੰਦੂ ਰਾਜਪੂਤ ਸ਼ਾਸਕ ਰਾਏ ਰੂਪ ਚੰਦ ਨੇ ਚਾਰ/ਪੰਜ ਸਦੀਆਂ ਪਹਿਲਾਂ ਸਥਿਤੀਆਂ-ਪ੍ਰਸਥਿਤੀਆਂ ਜਾਂ ਲਾਲਚਵੱਸ ਇਸਲਾਮ ਗ੍ਰਹਿਣ ਕਰ ਲਿਆ ਸੀ, ਵਿੱਚ ਹੋਇਆ ਸੀ। ਚੌ. ਨਿਆਜ਼ ਨੇ ਥਾਮਸਨ ਕਾਲਜ-ਰੁੜਕੀ ਵਿੱਚੋਂ 1900 ਈ. ਨੂੰ ਇੰਜਨੀਅਰਿੰਗ, ਜਿਸ ਦੀ ਬਦੌਲਤ ਉਹ ਖਾਣਾਂ ਅਤੇ ਸਿੰਚਾਈ ਮਹਿਕਮਿਆਂ ਵਿੱਚ ਆਹਲਾ ਅਫ਼ਸਰ ਲੱਗਾ, ਦੀ ਉੱਚ ਡਿਗਰੀ ਪ੍ਰਾਪਤ ਕੀਤੀ। ਮਗਰੋਂ ਉਸ ਪਿੰਡ ਜਮਾਲਪੁਰ, ਜਿਧਰ ਉਹ ਕਾਇਰਤ ਰਿਹਾ ਵਿੱਚ ਕਾਫੀ, ਜ਼ਰਖੇਜ਼ ਅਤੇ ਸਬਜ਼, ਜ਼ਮੀਨ ਖ੍ਰੀਦ ਲਈ। ਉਸ ਨੇ ਵੇਲੇ ਦੀ ਬਹੁਤ ਵੱਡੀ ਰਕਮ, ਕਰੀਬ ਇੱਕ ਲੱਖ ਰੁਪਏ ਖਰਚ ਕੇ ਇੱਥੇ ਇੱਕ ਉੱਚ ਦਮਾਲੜੀ ਡਿਉੜੀ ਵਾਲਾ ਸ਼ਾਨਦਾਰ ਘਰ, ਤਹਿਖਾਨਾ ਯੁਕਤ ਇਬਾਦਤ ਖਾਨਾ, ਬਹੁ-ਪਰਤੀ ਵਿਸ਼ਾਲ ਖੂਹ ਉਸਾਰਿਆ। ਇਸੇ ਧੜਵੈਲ ਕੋਠੀ ਕਾਰਨ ਲੋਕ ਇਸ ਥਾਂ (ਜਾਣੀ ਪਿੰਡ) ਨੂੰ ਕਿਲ੍ਹਾ, ਮਗਰੋਂ ਕਿਲ੍ਹਾ ਨਾਮੀ ਵਸੇਬ ਵੀ ਕਹਿਣ ਲੱਗ ਪਏ ਸਨ। ਇੰਜ ਇਹ ਪਿੰਡ ਤਿੰਨ ਨਾਂਵਾਂ ਜਾਂ ਤਿੰਨ ਵਸੇਬਾਂ, ਪਰ ਇੱਕ ਹਦਬਸਤ ਨੰਬਰ 245, ਵਾਲਾ ਦੋਲਤਖਾਨਾ ਬਣ ਗਿਆ: ਜਮਾਲਪੁਰ, ਕਿਲ੍ਹਾ ਅਤੇ ਦਾਰੋ ਸਲਾਮ। ਹੁਣ ਜਮਾਲਪੁਰ, ਥੋੜ੍ਹਾ ਹਟਵਾਂ ਇਹ ਕਿਲ੍ਹਾ ਅਤੇ ਨਾਲ ਜੁੜਵੇਂ ਖੇਤਾਂ/ਬਾਗਾਂ ਵਿੱਚਲੀ ਉਸਾਰੀ ਜਿੱਥੇ ਦਾਰ-ਉਲ-ਇਸਲਾਮ ਸਰਗਰਮ ਰਿਹਾ, ਨੂੰ ਦਾਰੋ ਸਲਾਮ ਕਿਹਾ ਜਾਂਦਾ ਹੈ। ਸਮੇਂ ਦਾ ਕੁਲਹਿਣਾ ਗੇੜ ਵੇਖੋ; ਹੁਣ ਖੂਹ ਪੂਰ ਦਿੱਤਾ ਗਿਆ ਹੈ, ਮਸਜਿਦ ਤੋੜ ਦਿੱਤੀ ਗਈ ਹੈ। ਅਜਿਹੇ ਲੱਛਣਾਂ, ਜਲ ਸੰਕਟ ਦੇ ਜਲੌਅ ਅਤੇ ਫਿਰਕੂ ਜ਼ਹਿਨੀਅਤ ਨੇ ਹੀ ਤਾਂ ਚੌ. ਨਿਆਜ਼ ਵਰਗਿਆਂ ਦਾਨਿਸ਼ਵਰਤਾ ਨੂੰ ਮਿੱਟੀ-ਘੱਟੇ ਰੋਲ ਦਿੱਤਾ।

ਚੌਧਰੀ ਸਾਹਿਬ ਨੇ 30 ਸਾਲਾਂ ਦੀਆਂ ਸ਼ਾਨਦਾਰ ਸੇਵਾਵਾਂ ਅਤੇ ਕਈ ਤਮਗਿਆਂ ਅਤੇ ਟਾਈਟਲਜ਼ ਦੀਆਂ ਪ੍ਰਾਪਤੀਆਂ ਉਪਰੰਤ, 1935 ਵਿੱਚ ਜਮਾਲਪੁਰ ਪੱਕਾ ਡੇਰਾ ਲਾ ਲਿਆ ਅਤੇ ਇਸਲਾਮੀ ਦਾਨਿਸ਼ਵਰਤਾ, ਸਿੱਖਿਆ ਅਤੇ ਬਾਗਾਨ ਦੇ ਕਾਰਜ ਖੇਤਰ ਵਿੱਚ ਮਸਰੂਫ ਹੋ ਗਏ। ਜਿੱਥੇ ਉਹਨਾਂ ਸੰਨ 1936 ਵਿੱਚ ਸਿੱਖਿਆ ਖੇਤਰ ਵਿੱਚ ਕਈ ਕਾਰਨੀ ਪੱਛੜਦੇ ਜਾ ਰਹੇ ਮੁਸਲਮਾਨਾਂ ਖਾਸ ਕਰਕੇ ਗਰੀਬੜਿਆਂ ਲਈ ਵਿਸ਼ੇਸ਼ ਯਤਨ ਜੁਟਾਏ, ਉੱਥੇ ਇਲਾਕੇ ਦੀ ਬਿਹਤਰੀ ਲਈ ਵੀ ਇਸ ਫਲਾਂਹਾਰੀ ਖਿੱਤੇ 'ਚ ਵਿਦੇਸ਼ੀ ਅਤੇ ਦੇਸੀ ਫਲਾਂ ਦਾ ਖੋਜ ਅਤੇ ਉੱਪਜ ਕੇਂਦਰ 'ਜਮਾਲਪੁਰ ਫ਼ਰੂਟ ਫਾਰਮ' ਵੀ ਸਥਾਪਤ ਕੀਤਾ। ਦਰਿਆਦਿਲੀ ਅਤੇ ਇਸਲਾਮੀ ਲਿਆਕਤ ਨੇ ਜਿੱਥੇ ਚੌਧਰੀ ਨਿਆਜ਼ ਅਲੀ ਖ਼ਾਂ ਨੂੰ ਚੁਫੇਰੇ, ਖਾਸ ਕਰਕੇ ਪਾਕਿਸਤਾਨੀ ਉਸਰੱਈਆਂ ਵਿੱਚ ਪ੍ਰਸਿੱਧੀ ਦਿਵਾਈ, ਉੱਥੇ ਬਾਗਾਂ ਦੀ ਬਦੌਲਤ ਜਮਾਲਪੁਰ ਖਿੱਤਾ ਉੱਮਦਾ ਜ਼ਰਈ ਖੇਤਰਾਂ ਵਿੱਚ ਵੀ ਉੱਘਾ ਸਥਾਨ ਅਖਤਿਆਰ ਕਰ ਗਿਆ। ਸਮੇਂ ਦੇ ਗੇੜ 1947 'ਚ ਇਸ ਵਖਿਆਤ ਟੱਬਰ ਨੂੰ ਪਾਕਿਸਤਾਨ, ਜਿੱਥੇ ਉਸ ਨੇ ਜ਼ੋਹਰਾਬਾਦ ਵਿਖੇ ਆਬਾਦ ਹੋ ਕੇ ਪਾਕਿਸਤਾਨ ਦੇ ਉੱਚ ਵਿਦਿਅਕ ਅਤੇ ਰਾਜਨੀਤਕ ਹਲਕਿਆਂ ਵਿੱਚ ਵੱਡੀ ਭੱਲ ਖੱਟੀ ਅਤੇ ਰਿਸ਼ਤੇਦਾਰੀ ਪਾਈ, ਸਦੀਵੀ ਰੁਖਸਤ ਹੋਣਾ ਪਿਆ। ਸਿੱਟਾ; ਦਾਰੋ ਸਲਾਮ ਜਿੱਥੇ ਕਦੇ ਸ਼ਬਦੀ ਪ੍ਰੈੱਸ ਚੱਲਦੀ ਸੀ, ਕੁਰਾਨ ਛਪਦਾ ਸੀ, ਇਬਾਦਤ ਅਤੇ ਅਦਬੀ ਜੁਗਲਬੰਦੀ ਦੀਆਂ ਮਹਿਫਲਾਂ ਸਜਦੀਆਂ ਸਨ, ਮਾਹਵਾਰ ਰਸਾਲਾ ਨਿਕਲਦਾ ਸੀ, ਜਿੱਥੇ 1945 ਵਿੱਚ 'ਜਮਾਤ-ਏ-ਇਸਲਾਮੀ' ਦੀ ਦੇਸ਼ ਪੱਧਰੀ ਵਿਸ਼ਾਲ ਕਾਨਫਰੰਸ ਹੋਈ ਸੀ, ਜਿਸ ਨੇ ਵੀ ਮੁਸਲਮਾਨਾਂ ਵਿੱਚ ਵੱਖਰੇ ਮੁਲਕ ਦੀ ਲਲਕ ਪੈਦਾ ਕੀਤੀ ਸੀ, ਹੁਣ ਲੋਕਾਂ ਦੇ ਚੇਤਿਆਂ ਵਿੱਚੋਂ ਵਿਸਰਦਾ ਚਲਾ ਜਾ ਰਿਹਾ ਹੈ। ਹਾਂ; ਵੰਡ ਉਪਰੰਤ ਕੁੱਝ ਇਮਾਰਤਾਂ ਅਤੇ ਅੱਧ ਰਕਬਾ ਸਰਕਾਰੀ ਕਾਸ਼ਤਕਾਰੀ ਵਿਭਾਗ, ਮਗਰੋਂ ਮਹਿਕਮਾ ਬਾਗਬਾਨੀ ਕੋਲ ਚਲੀਆਂ ਗਈਆਂ ਅਤੇ ਬਾਕੀ ਰਿਹਾਇਸ਼ਾਂ ਤੇ ਖੇਤ ਪਾਕਿਸਤਾਨੋਂ ਉੱਜੜ ਕੇ ਆਏ ਹਿੰਦੂ-ਸਿੱਖ ਰਸੂਖਵਾਨਾਂ ਨੂੰ ਅਲਾਟ ਹੋ ਗਏ, ਪਰ ਉਹ ਸਾਰੇ ਆਹਲਾ ਟੱਬਰ ਮਿਲ-ਜੁਲ ਕੇ ਵੀ ਕਈ ਕਾਰਨੀਂ, ਇਹਨਾਂ ਵਸੇਬਾਂ ਦਾ ਅਦਬੀ ਅਤੇ ਸਿਆਸੀ ਰੁਤਬਾ ਬਹਾਲ ਨਾ ਰੱਖ ਸਕੇ। ਅਫਸੋਸ! ਸੰਤਾਲੀ ਦੀ ਤ੍ਰਾਸਦੀ ਦਾ ਸਿੱਟਾ ਇਹ ਵੀ ਨਿਕਲਿਆ ਕਿ ਕਿਲ੍ਹਾ ਜਮਾਲਪੁਰ ਦੀ ਦਾਨਿਸ਼ਵਰ ਰੂਹ ਦਾਰੋ ਸਲਾਮ ਵੀ ਇਤਿਹਾਸ ਦੇ ਵਰਕਿਆਂ ਵਿੱਚ ਦਫਨ ਹੋ ਗਈ।

**ਸੰਪਰਕ : 94634-39075**

# ਕੋਈ ਐਸਾ ਗੀਤ ਸੁਣਾ ਸਾਨੂੰ, ਕੋਈ ਆਵੇ ਸੁੱਖ ਦਾ ਸਾਹ ਸਾਨੂੰ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-57**

**ਸੁਰਜੀਤ ਸੁਮਨ**

ਇਹ ਕਿਹੋ ਜਿਹੇ ਮੌਸਮ ਹਨ, ਮਨਾਂ? ਮਾਰੋ-ਮਾਰੀ ਵਾਲ਼ੇ। ਗੋਲ਼ੀਆਂ ਦੀਆਂ ਬੌਛਾੜਾਂ ਵਾਲ਼ੇ। ਨਫ਼ਰਤ ਨਾਲ਼ ਲਬਰੇਜ਼ ਕੁਰੱਖਤ ਬੋਲਾਂ ਵਾਲ਼ੇ। ਆਪਣਿਆਂ ਵੱਲੋਂ ਪਿੱਠ ਵਿੱਚ ਮਾਰੀਆਂ ਜਾਂਦੀਆਂ ਛੁਰੀਆਂ ਨਾਲ਼ ਫੁੱਟ ਰਹੀਆਂ ਲਹੂ ਦੀਆਂ ਤਤੀਰੀਆਂ ਵਾਲ਼ੇ। ਚੋਰੀ, ਯਾਰੀ, ਠੱਗੀ, ਡਾਕਾ, ਧੱਕਾ ਇਹ ਸਭ ਕੁਝ ਅੱਖੀਂ ਦੇਖਦਿਆਂ, ਭਲਾਮਾਣਸ ਮਨੁੱਖ ਹੱਕਾ-ਬੱਕਾ ਰਹਿ ਜਾਂਦਾ ਹੈ। ਅਜਿਹੇ ਖੌਫਨਾਕ ਤੇ ਹੁੰਮਸ ਭਰੇ ਮੌਸਮਾਂ ਵਿੱਚ ਸੰਤੁਲਿਤ ਸਾਹ ਦਾ ਆਉਣਾ ਔਖਾ ਹੋਇਆ ਪਿਐ ਹੈ। ਵਿਸ਼ਵ ਪੱਧਰ 'ਤੇ ਜੋ ਕੁਝ ਹੋ ਰਿਹੈ, ਉਸ ਬਾਰੇ ਤਾਂ ਕਹਿਣਾ ਹੀ ਕੀ? ਅਪਣੱਤ ਦੀ ਬਜਾਇ ਅੱਜ ਹਰ ਪਲ ਚੁਫੇਰੇ ਬੇਭਰੋਸਗੀ ਦਾ ਆਲਮ ਛਾਇਆ ਦਿਖਾਈ ਦੇਣ ਲੱਗ ਪਿਆ ਹੈ। ਇਸ ਧੁੰਦੂਕਾਰੇ ਵਿੱਚ ਨਿੱਤਰੀ ਸੋਚ ਵਾਲ਼ੇ ਲੋਕਾਂ ਦੇ ਰਸਤੇ ਗੁਆਚ ਗਏ ਹਨ। ਤਲਾਸ਼ ਖੋਟੀ ਹੋ ਗਈ ਹੈ। ਮੇਰੇ ਮਨ ਮਸਤਕ ਵਿੱਚ ਅਚਾਨਕ ਨਸੀਬੋ ਲਾਲ ਦੀ ਦਰਦ ਭਰੀ ਮਖਮਲੀ ਆਵਾਜ਼ ਗੂੰਜਣ ਲਗਦੀ ਹੈ, 'ਇੱਕ ਦਿਨ ਛੱਡ ਜਾਣਾ ਇਹ ਜਹਾਨ ਸੱਜਣਾ/ ਆਪਣਾ ਹੋਵੇ ਤਾਂ ਦੁੱਖ-ਸੁੱਖ ਵੰਡਦਾ/ ਕਿਸੇ ਗ਼ੈਰ ਤੇ ਵੀ ਕਰੀਏ ਕੀ ਮਾਣ ਸੱਜਣਾ।' ਸੋਚਦਾ ਹਾਂ, ਜੇਕਰ ਬੰਦੇ ਨੂੰ ਇਹ ਭਲੀ-ਭਾਂਤ ਪਤੈ ਬਈ ਇੱਕ ਨਾ ਇੱਕ ਦਿਨ ਇਸ ਜਹਾਨ ਨੂੰ ਛੱਡ ਈ ਜਾਣੈਂ ਤਾਂ ਫਿਰ ਕਦੇ ਕਦੇ ਹੀ ਸਹੀ ਉਸਦੀ ਧੌਣ ਦੇ ਕਿੱਲੇ ਵਿੱਚ ਲਚਕ ਤਾਂ ਪੈਂਦਾ ਹੋਣੀ ਚਾਹੀਦੀ ਹੀ ਹੈ? ਦਨੀਆ ਦਾ ਐਸਾ ਕਿਹੜਾ ਰਾਜਾ-ਮਹਾਰਾਜਾ ਜਾਂ ਸ਼ਹਿਨਸ਼ਾਹ ਹੋਇਐ, ਜਿਸ ਨੇ ਲੱਖਾਂ ਲੋਕਾਂ ਦੇ ਖ਼ੂਨ ਨਾਲ਼ ਹੱਥ ਰੰਗ ਕੇ ਚੈਨ ਦਾ ਇੱਕ ਵੀ ਸਾਹ ਲਿਆ ਹੋਵੇ?

ਇਨ੍ਹਾਂ ਦਿਨੀਂ ਦੇਸ਼ ਦੀ ਸੰਸਦ ਤੇ ਪੰਜਾਬ ਦੀ ਵਿਧਾਨ ਸਭਾ ਵਿੱਚ ਐਸਾ ਕਿਹੜਾ ਗੀਤ ਗਾਇਆ ਜਾ ਰਿਹਾ ਹੈ, ਜਿਸ ਨਾਲ਼ ਲੋਕਾਂ ਨੂੰ ਸੁੱਖ ਦਾ ਸਾਹ ਆਉਣ ਦੀ ਆਸ ਬੱਝਦੀ ਹੋਵੇ? ਔਰਤਾਂ ਨੂੰ ਹਜ਼ਾਰ-ਪੰਦਰਾਂ ਸੌ ਰੁਪਏ ਦੀ ਮਹੀਨਾਵਾਰ ਸੌਗਾਤ ਦੇਣਾ ਸ਼ੁਭ ਸ਼ਗਨ ਹੈ। ਇਸ ਮੁੱਦੇ ਨੂੰ ਲੈ ਕੇ ਜਿਸ ਤਰ੍ਹਾਂ ਸਿਆਸੀ ਅਖਾੜੇ ਨੂੰ ਭਖਾਇਆ ਗਿਆ ਹੈ, ਉਹ ਸਿਆਸਤ ਦੀਆਂ ਰਹੁ-ਰੀਤਾਂ ਨੂੰ ਕਲੰਕਿਤ ਕਰਨ ਵਾਲ਼ਾ ਹੈ। ਯੂਟਿਊਬਰ ਵੱਲੋਂ ਮੁਲਾਕਾਤ ਦੌਰਾਨ ਕੁਝ ਵੀ ਕਿਹਾ ਗਿਆ ਹੋਵੇ, ਪਰੰਤੂ ਵਿਰੋਧੀ ਧਿਰ ਦੇ ਜ਼ਿੰਮੇਵਾਰ ਮੈਂਬਰ ਵੱਲੋਂ ਆਪਣੇ ਫੇਸਬੁੱਕ ਪੰਨੇ 'ਤੇ ਪਾਈ ਪੋਸਟ ਵਿੱਚ ਇਨ੍ਹਾਂ ਸ਼ਬਦਾਂ ਨੂੰ ਇੰਨ-ਬਿੰਨ ਲਿਖਣਾ, ਉਸ ਦੀ ਜ਼ਿੰਮੇਵਾਰੀ ਨਿਰਧਾਰਤ ਕਰ ਦਿੰਦਾ ਹੈ। ਇਸ ਦੇ ਨਾਲ਼ ਹੀ ਵਿਧਾਨ ਸਭਾ ਦੇ ਪਵਿੱਤਰ ਸਦਨ ਵਿੱਚ ਮੁੱਖ ਮੰਤਰੀ ਵੱਲੋਂ ਔਰਤ ਦਿਵਸ ਮੌਕੇ ਸੁਣਾਈ ਅਸਫਲ ਪ੍ਰੇਮ ਗਾਥਾ ਵਿਰੁੱਧ ਲਿਆਂਦੇ ਨਿੰਦਾ ਪ੍ਰਸਤਾਵ ਮਤੇ ਨਾਲ਼ ਲੋਕ ਹਿੱਤਾਂ ਦੀ ਰਾਖੀ ਲਈ ਜੁੜ ਬੈਠੀ ਇਸ ਸਭਾ ਵਿੱਚ ਉੱਠੇ ਘੜਮੱਸ ਨਾਲ਼ ਲੋਕ ਮਨਾਂ ਨੂੰ ਗਹਿਰੀ ਠੇਸ ਪਹੁੰਚੀ ਹੈ। ਇੰਝ ਜਾਪਦਾ ਹੈ ਜਿਵੇਂ ਸਮਾਜ ਨੂੰ ਸੇਧ ਦੇਣ ਲਈ ਚੁਣੇ ਹੋਏ ਸਾਡੇ ਇਹ ਸਿਆਸਦਾਨ ਬੇਮੁਹਾਰੇ ਹੋ ਕੇ ਆਪਣੇ ਹਾਉਮੈ ਨੂੰ ਹੀ ਮੂਹਰੇ ਰੱਖ ਰਹੇ ਹੋਣ। ਅਜਿਹਾ ਕਦਾਚਿਤ ਵੀ ਉਚਿਤ ਨਹੀਂ। ਇਸ ਪਵਿੱਤਰ ਸਦਨ ਵਿੱਚ ਪੁੱਜੇ ਮੈਂਬਰਾਨ ਵੱਲੋਂ ਲੋਕ ਭਲਾਈ ਲਈ ਦਿਖਾਏ ਰਾਹਾਂ ਅਤੇ ਕਾਰਜਾਂ ਰਾਹੀਂ ਪਾਈਆਂ ਸੱਚੀਆਂ-ਸੁੱਚੀਆਂ ਪੈੜਾਂ ਨੇ ਹੀ ਲੋਕਾਂ ਲਈ ਰੋਲ ਮਾਡਲ ਬਣਨਾ ਹੁੰਦਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਜਦੋਂ ਇਨ੍ਹਾਂ ਵੱਲੋਂ ਕੀਤੇ ਕਾਰਨਾਮਿਆਂ ਦੀਆਂ ਵੀਡੀਓਜ਼ ਦੇਖਦੀ ਤੇ ਵਾਚਦੀ ਹੈ, ਉਨ੍ਹਾਂ ਦੇ ਮਨਾਂ ਵਿੱਚ ਆਪਣੇ ਵਡੇਰਿਆਂ ਪ੍ਰਤੀ ਕਿਹੋ ਜਿਹੇ ਵਿਚਾਰ ਆਉਂਦੇ ਹੋਣਗੇ, ਆਪਾਂ ਭਲੀ-ਭਾਂਤ ਸਮਝ ਸਕਦੇ ਹਾਂ। ਪੰਜਾਬ ਦੀ ਸਰਜ਼ਮੀਨ 'ਤੇ ਬਹੁਤ ਸਾਰੇ ਅਜਿਹੇ ਆਗੂ ਹੋਏ ਹਨ, ਜਿਨ੍ਹਾਂ ਨੂੰ ਯਾਦ ਕਰਦਿਆਂ ਲੋਕ ਅੱਜ ਵੀ ਅਦਬ ਨਾਲ਼ ਸਿਰ ਝੁਕਾ ਲੈਂਦੇ ਹਨ।

ਵਿਧਾਨ ਸਭਾ ਸੈਸ਼ਨ ਦੇ ਇੱਕ ਇੱਕ ਪਲ ਦੇ ਖਰਚ ਨੂੰ ਜੇਕਰ ਜੋੜਿਆ ਜਾਵੇ ਤਾਂ ਆਮ ਬੰਦਾ ਮੂੰਹ ਵਿੱਚ ਉਂਗਲ਼ਾਂ ਪਾਉਂਦਿਆਂ ਸੋਚੇਗਾ, ਬਈ ਲੋਕਾਂ ਨੂੰ ਇਸ ਦਾ ਕੀ ਫਾਇਦਾ ਹੋਇਆ? ਕਰਜ਼ਾ ਚੁੱਕ ਚੁੱਕ ਕੇ ਲੋਕ ਭਲਾਈ ਸਕੀਮਾਂ ਕਦੋਂ ਕੁ ਤੱਕ ਚੱਲਦੀਆਂ ਰੱਖੀਆਂ ਜਾ ਸਕਦੀਆਂ ਹਨ? ਕੀ ਅਜਿਹੀਆਂ ਸਕੀਮਾਂ ਨਾਲ਼ ਸਾਡੇ ਸਮਾਜ ਦੇ ਬਿਲਕੁਲ ਨੀਵੇਂ ਪੱਧਰ ਦੀ ਜੂਨ ਹੰਢਾ ਰਹੇ ਲੋਕਾਂ ਦੇ ਜੀਵਨ ਪੱਧਰ ਨੂੰ ਅਪਲਿਫਟ ਕੀਤਾ ਜਾ ਸਕਦਾ ਹੈ? ਕਦੀ ਵੀ ਨਹੀਂ। ਲੋੜਵੰਦ ਲੋਕਾਂ ਦੇ ਨਾਲ਼ ਨਾਲ਼ ਬਿਨਾਂ ਸੋਚੇ ਸਮਝੇ ਅਜਿਹੇ ਲੋਕਾਂ ਨੂੰ ਵੀ ਜ਼ਬਰਦਸਤੀ ਗ਼ੈਰ-ਵਾਜਬ ਲਾਭ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਇਸ ਦੀ ਲੋੜ ਹੀ ਨਹੀਂ। ਬੇਸ਼ੱਕ ਸਰਕਾਰ ਅਤੇ ਸਿਆਸੀ ਲੋਕ ਇਸ ਨੂੰ ਭਲੀ-ਭਾਂਤ ਜਾਣਦੇ ਹਨ। ਫਿਰ ਵੋਟਤੰਤਰ ਵਿੱਚ ਬੁਰੀ ਤਰ੍ਹਾਂ ਫਸਿਆਂ ਨੂੰ ਫਟਕਣ ਕੀ? ਕੀ ਪੰਜਾਬ ਦੀਆਂ ਸਾਧਨ ਸੰਪਨ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੀ ਜ਼ਰੂਰਤ ਹੈ? ਕੀ ਸਾਧਨ ਸੰਪਨ ਔਰਤਾਂ ਨੂੰ ਬੱਸ ਵਿੱਚ ਮੁਫਤ ਸਫਰ ਕਰਨ ਦੀ ਲੋੜ ਹੈ? ਕੀ ਪੰਜਾਹ-ਪੰਜਾਹ, ਸੌ-ਸੌ ਕਿਲਿਆਂ ਦੇ ਮਾਲਕਾਂ ਨੂੰ ਮੁਫਤ ਬਿਜਲੀ ਦੀ ਕੋਈ ਜ਼ਰੂਰਤ ਹੈ? ਕੀ ਅਜਿਹਾ ਕਰਕੇ ਅਸੀਂ ਸਾਧਨਹੀਣ ਲੋਕਾਂ ਨੂੰ ਹੋਰ ਪਰੇ, ਹੋਰ ਗਰਕਣ ਲਈ ਮਜ਼ਬੂਰ ਤਾਂ ਨਹੀਂ ਕਰ ਰਹੇ? ਅਜਿਹੀ ਅਪਲਿਫਟਿੰਗ ਕਦੇ ਵੀ ਸਾਡੇ ਸਮਾਜ ਵਿੱਚਲੇ ਖੱਪਿਆਂ ਨੂੰ ਪੂਰ ਨਹੀਂ ਸਕੇਗੀ, ਸਗੋਂ ਇਹ ਖੱਪੇ ਹੋਰ ਗਹਿਰੇ ਹੁੰਦੇ ਚਲੇ ਜਾਣਗੇ। ਸੱਤਰ-ਅੱਸੀ ਸਾਲਾਂ ਬਾਅਦ ਵੀ ਆਮ ਮਨੁੱਖ ਆਜ਼ਾਦੀ ਦੇ ਲਟਕਦੇ ਉਠ ਦੇ ਬੁੱਲ੍ਹ ਨੂੰ ਇੱਕਟੱਕ ਵੇਖੀ ਜਾ ਰਿਹਾ ਹੈ, ਇਹ ਕਦੋਂ ਡਿੱਗੇਗਾ। ਛੋਟਾ ਕਿਸਾਨ, ਮਜ਼ਦੂਰ, ਦੁਕਾਨਦਾਰ ਕੋਈ ਵੀ ਹੋਵੇ ਉਸ ਦਾ ਜੀਵਨ ਦੁਸ਼ਵਾਰੀਆਂ ਨਾਲ਼ ਭਰਿਆ ਹੋਇਆ ਹੈ। ਰੋਟੀ ਦੇ ਗਧੀਗੇੜ ਵਿੱਚ ਫਸਿਆ ਅਜਿਹਾ ਮਨੁੱਖ ਹੋ ਰਹੀ ਹੋਛੀ ਸਿਆਸਤ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ਼ ਤੱਕਦਾ ਹੋਇਆ ਅੰਦਰੇ ਅੰਦਰ ਦੰਦ ਪੀਹ ਰਿਹਾ ਹੈ। ਕੋਝੀ ਸਿਆਸਤ ਨੇ ਸਮਾਜ ਵਿੱਚ ਅਜਿਹੀਆਂ ਵੰਡੀਆਂ ਤੇ ਵੱਟਾਂ ਸਿਰਜ ਦਿੱਤੀਆਂ ਹੋਈਆਂ ਹਨ, ਜਿਨ੍ਹਾਂ ਨੂੰ ਪਾਰ ਕਰਦਿਆਂ ਹੀ ਇਨ੍ਹਾਂ ਦੀ ਜ਼ਿੰਦਗੀ ਗੁਜ਼ਰ ਜਾਂਦੀ ਹੈ। ਲੋਕ ਆਪਣੀਆਂ ਹੱਕੀ ਮੰਗਾਂ ਲਈ ਨਿੱਤ ਦਿਹਾੜੇ ਧਰਨੇ-ਮੁਜ਼ਾਹਰੇ ਕਰ ਰਹੇ ਹਨ। ਮੁਲਾਜ਼ਮ ਧਿਰਾਂ ਜਲ ਤੋਪਾਂ ਦਾ ਸਾਹਮਣਾ ਕਰ ਰਹੀਆਂ ਹਨ, ਪੱਗਾਂ ਲੁਹਾ ਰਹੇ ਹਨ।

ਸਵੇਰੇ ਸਵੇਰੇ ਫੋਨ ਦੀ ਘੰਟੀ ਵੱਜੀ। ਮੈਂ ਪਾਰਕ ਵੱਲ ਨੂੰ ਤੁਰ ਪਿਆ। ਮਾਰਚ ਦੇ ਦੂਜੇ ਹਫ਼ਤੇ ਦੀ ਤਾਜ਼ਾ ਹਵਾ ਠੰਢਕ ਬਿਖੇਰ ਰਹੀ ਸੀ। ਇਨ੍ਹਾਂ-ਦਿਨੀਂ ਦੁਪਹਿਰ ਨੂੰ ਈ ਅੱਗ ਲੱਗਣ ਲੱਗੀ ਆ। ਲਾਹੌਲ-ਸਪਿਤੀ ਦੀਆਂ ਟੀਸੀਆਂ 'ਤੇ ਹੋਈ ਤਾਜ਼ਾ ਬਰਫਬਾਰੀ ਤੇ ਮੀਂਹ ਦੀ ਆਸ ਫਸਲਾਂ ਲਈ ਸ਼ੁਭ ਸ਼ਗਨ ਆ ਭਰਾਵਾ। ਪਾਰਕ ਦੇ ਨਾਲ਼ ਵਾਲ਼ੇ ਖੇਤਾਂ ਵਿੱਚ ਹਰੀ ਕਚੂਰ ਕਣਕ ਝੂਮ ਰਹੀ ਸੀ। ਦੂਰ ਤੱਕ ਨਜ਼ਰ ਗਈ, ਭਰੇ ਭਰੇ ਖੇਤ ਸੁੰਨੇ ਸੁੰਨੇ ਜਾਪੇ। 'ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਈਂਉਂ ਬਹਿੰਦੀ' ਗੀਤ ਮੇਰੇ ਮਨ ਦੇ ਅੰਬਰ 'ਤੇ ਤਾਰੀ ਹੋਣ ਲੱਗਾ। ਕਿਤੇ ਕਿਤੇ ਕੋਈ ਬਿਹਾਰੀਆ ਮੋਟਰ 'ਤੇ ਬਣੀ ਝੁੱਗੀ ਵਿੱਚੋਂ ਉੱਚੀ ਜਿਹੀ ਹੇਕ ਲਾਉਂਦਾ, 'ਬੋਲੋ ਭਈਆ ਬਮ ਬਮ ਬੋਲ।' ਸੋਚਣ ਲਗਦਾ ਹਾਂ, ਜਦੋਂ ਪੰਜਾਬਣ ਮੁਟਿਆਰ ਦੇ ਮਨ ਵਿੱਚੋਂ ਕਣਕ ਦੀ ਰਾਖੀ ਬਹਿਣ ਦੀ ਸੱਧਰ ਹੀ ਮਰ-ਮੁੱਕ ਗਈ ਹੋਵੇ, ਕੰਮ ਕਰਦਿਆਂ ਉਹਨੂੰ ਮਹਿੰਦੀ ਲੱਥ ਜਾਣ ਦਾ ਡਰ ਸਤਾਉਣ ਲੱਗੇ, ਫਿਰ ਭਾਈ ਕੀਹਦੀ ਮਾਂ ਨੂੰ ਮਾਸੀ ਕਿਹਾ ਜਾਵੇ?

ਦੂਰੋਂ ਪਿਆਰਾ ਸਿੰਘ ਸੈਣੀ ਦਿਖਾਈ ਦਿੱਤੇ। ਆਉਂਦਿਆਂ ਹੀ ਉਸ ਦੀਪਕ ਰਾਗ ਛੋਹ ਲਿਆ। 'ਮੈਨੂੰ ਤਾਂ ਮੇਰੇ ਜੱਭਲ਼ ਜਿਹੇ ਮੁੰਡੇ ਨੇ ਤੰਗ ਕੀਤਾ ਪਿਆ ਮੇਰੇ ਆਰ। ਦੁਪਹਿਰ ਦਾ ਉਜੜਿਆ ਅੱਧੀ ਰਾਤੀਂ ਦਾਰੂ ਨਾਲ਼ ਰੱਜਿਆ ਘਰ ਵੜਦਾ। ਫਿਰ ਹੁੜਦੰਗ ਮਚਾ ਦਿੰਦਾ। ਪਤਾ ਨਈਂ ਕਿੱਥੋਂ ਦੋ ਚਾਰ ਓਪਰਿਆਂ ਜਿਆਂ ਨੂੰ ਨਾਲ਼ ਹੱਕੀ ਫਿਰਦਾ ਰਹਿੰਦਾ। ਚੱਲ ਛੱਡ ਮੇਰਾ ਤਾਂ ਇਹੀ ਨਿੱਤ ਦਾ ਇਹੀ ਰੰਡੀ-ਰੋਣਾ। ਅਖ਼ਬਾਰ ਪੜ੍ਹਿਆ? ਕਹਿੰਦੇ ਇਰਾਨ ਦਾ ਨਵਾਂ ਆਗੂ ਅਮਰੀਕਾ-ਇਜ਼ਰਾਈਲ ਖਿਲਾਫ ਪੂਰਾ ਸਖ਼ਤ ਹੋਇਆ ਪਿਆ। ਇਹਨੇ ਵੀ ਖਾੜੀ ਮੁਲਕਾਂ ਵਿੱਚ ਅਮਰੀਕੀ ਟਿਕਾਣਿਆਂ 'ਤੇ ਹਮਲੇ ਜਾਰੀ ਰੱਖਣ ਦਾ ਅਹਿਦ ਲਿਐ। ਦੂਜੇ ਪਾਸੇ ਇਰਾਨੀ ਰਾਸ਼ਟਰਪਤੀ ਨੇ ਜੰਗ ਦੇ ਖਾਤਮੇ ਲਈ ਕਠੋਰ ਸ਼ਰਤਾਂ ਰੱਖੀਆਂ, ਜਦਕਿ ਟਰੰਪ ਇਰਾਨ ਨੂੰ ਪੂਰੀ ਤਰ੍ਹਾਂ ਤਬਾਹ ਹੋਇਆ ਸਮਝ ਰਿਹੈ। ਸਾਗਰਾਂ ਨੂੰ ਤਾਂ ਅੱਗ ਲੱਗੀ ਪਈ ਆ ਮੇਰੇ ਆਰ। ਇਹਦਾ ਸੇਕ ਆਪਾਂ ਤੱਕ ਵੀ ਪਹੁੰਚਣਾ ਸ਼ੁਰੂ ਹੋ ਗਿਆ। ਸਰਕਾਰਾਂ ਕੁਸ਼ ਵੀ ਕਹੀ ਜਾਣ। ਗੈਸ ਸਿਲੰਡਰਾਂ ਲਈ ਲੱਗੀਆਂ ਲੰਮੀਆਂ ਲੰਮੀਆਂ ਲਾਈਨਾਂ ਆਪਣੀ ਕਹਾਣੀ ਆਪ ਬਿਆਨ ਰਹੀਆਂ ਹਨ। ਚੁਫੇਰੇ ਅਫ਼ਰਾ-ਤਫ਼ਰੀ ਮਚੀ ਪਈ ਆ। ਜਮ੍ਹਾਂਖੋਰਾਂ ਨੇ ਅਜਿਹੇ ਮੌਸਮ ਵਿੱਚ ਈ ਹੱਥ ਰੰਗਣੇ ਹੁੰਦੇ ਨੇ। ਕਹਿੰਦੇ ਹਰਮੁਜ਼ ਮਾਰਗ ਰਾਹੀਂ ਕੱਚਾ ਤੇਲ ਭਾਰਤੀ ਬੰਦਰਗਾਹ 'ਤੇ ਪੁੱਜ ਰਿਹੈ। ਯਾਦ ਐ, ਬਾਬਾ ਨਾਨਕ ਤੀਜੀ ਉਦਾਸੀ ਵੇਲ਼ੇ ਇਰਾਨ ਦੇ ਬਸਰਾ ਤੇ ਬੁਸ਼ਹਿਰ ਵਰਗੇ ਸ਼ਹਿਰਾਂ ਵਿੱਚ ਵੀ ਗਏ ਸਨ, ਜਿੱਥੇ ਉਨ੍ਹਾਂ ਨੇ ਸੂਫੀ ਫ਼ਕੀਰਾਂ ਨਾਲ਼ ਮਜਲਿਸ ਕੀਤੀ।' ਪਿਆਰਾ ਸਿੰਘ ਲਗਾਤਾਰ ਬੋਲ ਰਿਹਾ ਸੀ। ਮੇਰੇ ਮਨ ਵਿੱਚ ਉੱਭਰ ਰਹੀਆਂ ਸੋਚਾਂ ਮੈਨੂੰ ਰਾਹ ਨਹੀਂ ਸਨ ਦੇ ਰਹੀਆਂ। ਹੈ ਕੋਈ ਐਸਾ ਮਰਦ ਅਗੰਮੜਾ ਜੋ ਬਾਬਾ ਨਾਨਕ ਵੱਲੋਂ ਲੋਕ ਹਿੱਤਾਂ ਵਿੱਚ ਗਾਏ ਗੀਤ ਛੋਹੇ। ਗੀਤ ਦੇ ਇਸ ਅੰਤਰੇ ਨਾਲ਼ ਮੇਰੇ ਬੁੱਲ੍ਹ ਫਰਕਣ ਲਗਦੇ ਹਨ, 'ਚੇਤੇ ਰੱਖ ਲਈਂ ਅਹਿਦ ਕਰੇ ਜੁ/ ਚੱਟ ਨਾ ਜਾਵੀਂ ਰੁੱਖ ਨੇ ਹਰੇ ਜੁ/ ਪੰਛੀ ਬੇਘਰ ਡਰੇ ਡਰੇ ਜੁ/ ਪੌਣਾਂ ਵਿੱਚ ਸ਼ਰਾਰਤ ਘੋਲ਼ੇ/ ਕਿਉਂ ਢੋਲੇ ਦੀਆਂ ਲਾ ਸਾਨੂੰ/ ਕੋਈ ਐਸਾ ਗੀਤ ਸੁਣਾ ਸਾਨੂੰ/ ਕੋਈ ਆਵੇ ਸੁੱਖ ਦਾ ਸਾਹ ਸਾਨੂੰ ।'

***ਸੰਪਰਕ : 98144 30874***

# ਪਾਠਕ੍ਰਮ ਦੀ ਅਦਲਾ-ਬਦਲੀ/ ਛਾਂਗ-ਛੰਗਾਈ

**ਸੁਪਰੀਮ ਕੋਰਟ ਬਨਾਮ NCERT**

**ਯਸ਼ ਪਾਲ**

24 ਫਰਵਰੀ, 26 ਦੇ ਅੰਗਰੇਜ਼ੀ ਅਖ਼ਬਾਰ 'ਇੰਡੀਅਨ ਐਕਸਪ੍ਰੈੱਸ' 'ਚ ਛਪੀ ਇਸ ਖ਼ਬਰ- NCERT ਦੀ 8ਵੀਂ ਸ਼੍ਰੇਣੀ ਦੀ ਸਮਾਜਿਕ ਸਿੱਖਿਆ ਦੀ ਨਵੀਂ ਕਿਤਾਬ 'ਚ 'ਨਿਆਂਪਾਲਿਕਾ ਅੰਦਰ ਰਿਸ਼ਵਤਖੋਰੀ ਦਰਜ' ਨੇ ਮੁਲਕ ਭਰ 'ਚ ਵੱਡਾ ਹੋ-ਹੱਲਾ ਮਚਾ ਦਿੱਤਾ ਹੈ।ਪੁਰਾਣੀ ਕਿਤਾਬ 'ਚ ਇਹ ਸ਼ਬਦ ਦਰਜ ਨਹੀਂ ਸਨ । ਕੇਵਲ 'ਨਿਆਂਪਾਲਿਕਾ ਦੀ ਭੂਮਿਕਾ' ਦੀ ਵਿਆਖਿਆ ਹੀ ਦਰਜ ਸੀ।ਇਸ ਖ਼ਬਰ ਦਾ 'ਸੁਪਰੀਮ ਕੋਰਟ' ਦੇ 'ਚੀਫ ਜਸਟਿਸ' ਸੂਰੀਆ ਕਾਂਤ ਨੇ ਫੌਰੀ ਨੋਟਿਸ ਲੈ ਕੇ ਬਿਆਨ ਜਾਰੀ ਕੀਤਾ ਕਿ '..ਉਹ ਇਸ ਧਰਤੀ 'ਤੇ ਕਿਸੇ ਨੂੰ ਵੀ ਸੰਸਥਾ ਬਦਨਾਮ ਕਰਨ ਨਹੀਂ ਦੇਣਗੇ..' ਅਤੇ ਨਾਲ ਹੀ 'ਸੂ-ਮੋਟੋ' ਕੇਸ ਦਰਜ ਕਰ ਲਿਆ ਗਿਆ, ਜਿਸ 'ਤੇ NCERT ਵੱਲੋਂ ਮੁਆਫ਼ੀ ਮੰਗਦਿਆਂ ਕਿਤਾਬ ਦੀ ਵਿੱਕਰੀ ਬੰਦ ਕਰਨ ਦਾ ਐਲਾਨ ਕਰ ਦਿੱਤਾ ਗਿਆ।

**ਪਾਠਕ੍ਰਮਾਂ ਦੀ ਸੋਧ**

NCERT ਵੱਲੋਂ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੇ ਪਾਠਕ੍ਰਮਾਂ ਦੀ ਅਦਲਾ-ਬਦਲੀ/ਛਾਂਗ-ਛੰਗਾਈ ਅੱਜ ਨਹੀਂ ਸ਼ੁਰੂ ਹੋਈ, ਇਹ ਤਾਂ ਕੌਮੀ ਸਿੱਖਿਆ ਨੀਤੀ-2020 (NEP- 20)ਦੇ ਜਾਰੀ ਹੋਣ ਤੋਂ ਬਾਅਦ ਕੋਰੋਨਾ ਸੰਕਟ ਮੌਕੇ ਤੋਂ ਹੀ ਚੱਲ ਰਹੀ ਹੈ।ਉਸ ਸਮੇਂ ਪਾਠਕ੍ਰਮ ਘੱਟ ਕਰਨ ਦੀ ਆੜ ਚ ਕੀਤੀ ਗਈ, ਪਰ NEP- 20 ਅੰਦਰ ਦਰਜ ਦਿਸ਼ਾ-ਸੇਧ ਅਤੇ ਮੋਦੀ ਸਰਕਾਰ ਦੇ ਲਾਗੂ ਕੀਤੇ ਜਾ ਰਹੇ 'ਕਾਰਪੋਰੇਟੀ-ਫਿਰਕੂ ਰਾਸ਼ਟਰਵਾਦ' ਦੇ ਨੀਤੀ-ਏਜੰਡੇ ਅਨੁਸਾਰ ਹੀ। ਉਸ ਤੋਂ ਬਾਅਦ ਬਾਕਾਇਦਾ 'ਕੌਮੀ ਪਾਠਕ੍ਰਮ ਚੌਖਟਾ' (NCF) ਬਣਾ ਕੇ ਕੀਤੀ ਗਈ/ਕੀਤੀ ਜਾ ਰਹੀ ਹੈ, ਜਿਸ ਦੀ ਵਿਸਥਾਰਤ ਪੜਤਾਲੀਆ ਰਿਪੋਰਟ ਵੀ 'ਇੰਡੀਅਨ ਐਕਸਪ੍ਰੈਸ' ਅਖ਼ਬਾਰ 'ਚ ਹੀ, 18 ਜੂਨ ਤੋਂ 22 ਜੂਨ 2022 (5 ਭਾਗਾਂ 'ਚ) ਤੱਕ ਛਪੀ ਸੀ।ਉਸ ਸਮੇਂ ਮੇਰੇ ਵੱਲੋਂ ਲਿਖੇ ਇੱਕ ਵਿਸਥਾਰਤ ਲੇਖ 'ਚ ਦੱਸਿਆ ਗਿਆ ਸੀ ਕਿ ਪਾਠਕ੍ਰਮ 'ਚ ਅਦਲਾ-ਬਦਲੀ/ਛਾਂਗ-ਛੰਗਾਈ ਕਿਹੜੀ ਕੀਤੀ ਗਈ ਹੈ ਤੇ ਕਿਉਂ ਕੀਤੀ ਗਈ ਹੈ, ਪਰੰਤੂ ਇਸ ਮੌਜੂਦਾ ਲਿਖਤ/ਟਿੱਪਣੀ ਦਾ ਸੰਦਰਭ, 'ਸੁਪਰੀਮ ਕੋਰਟ ਬਨਾਮ NCERT ਮੁੱਦੇ ਤੱਕ ਹੀ ਸੀਮਤ ਹੋਵੇਗਾ।

**ਸੁਪਰੀਮ ਕੋਰਟ ਦੀ ਅਹਿਮ ਭੂਮਿਕਾ?**

ਮਾਨਯੋਗ ਸੁਪਰੀਮ ਕੋਰਟ ਵੱਲੋਂ ਜਿੱਥੇ ਹੇਠਲੀਆਂ ਕੋਰਟਾਂ ਦੇ ਫੈਸਲਿਆਂ ਸੰਬੰਧੀ ਆਈਆਂ ਅਪੀਲਾਂ/ਪਟੀਸ਼ਨਾਂ ਦੀ ਸੁਣਵਾਈ ਕੀਤੀ ਜਾਂਦੀ ਹੈ, ਉੱਥੇ ਉਸ ਦੀ ਸਭ ਤੋਂ ਅਹਿਮ-ਵੱਡੀ ਭੂਮਿਕਾ ਹੈ-ਸੰਵਿਧਾਨ ਦੀ ਰਾਖੀ ਕਰਨਾ। ਵਿਧਾਇਕਾ ਵੱਲੋਂ ਗੈਰ ਸੰਵਿਧਾਨਕ ਕਾਨੂੰਨ ਬਣਾਉਣ ਨੂੰ ਰੋਕਣਾ-ਵਿਸ਼ੇਸ਼ ਕਰਕੇ ਸੰਵਿਧਾਨ ਦੇ ਮੂਲ-ਢਾਂਚੇ (Basic structure) ਦੇ ਵਿਰੁੱਧ ਜਾਣ ਵਾਲੇ। ਇਸ ਪਹਿਲੂ ਤੋਂ ਦੇਖਿਆਂ ਸੰਵਿਧਾਨ ਦੀ ਪ੍ਰਸਤਾਵਨਾ (Preamble) ਵਿੱਚ ਦਰਜ ਮੁਲਕ ਦਾ ਲੋਕਤੰਤਰੀ (Democratic), ਧਰਮ ਨਿਰਲੇਪ (Secular) ਤੇ ਸੰਘੀ (Federal) ਖਾਸਾ, ਇਸ ਦੇ ਮੂਲ-ਢਾਂਚੇ ਦੀ ਚੂਲ ਹੈ।

ਇਸ ਸੰਦਰਭ 'ਚ ਰੱਖਦਿਆਂ ਜਦ ਅਸੀਂ NEP-2020 'ਤੇ ਝਾਤ ਮਾਰਦੇ ਹਾਂ (ਜਿਸ ਦੀ ਦਿਸ਼ਾ-ਸੇਧ ਅਨੁਸਾਰ ਹੀ ਕੌਮੀ ਸਿੱਖਿਆ ਖੋਜ ਤੇ ਸਿਖਲਾਈ ਪਰੀਸ਼ਦ (NCERT) ਵੱਲੋਂ ਪਾਠਕ੍ਰਮਾਂ ਦੀ ਅਦਲਾ-ਬਦਲੀ/ ਛਾਂਗ-ਛੰਗਾਈ ਕੀਤੀ ਜਾ ਰਹੀ ਹੈ) ਤਾਂ ਇਸ ਨੀਤੀ ਨੂੰ ਲਾਗੂ ਕਰਨਾ ਹੀ ਗੈਰ-ਸੰਵਿਧਾਨਕ ਤੇ ਗੈਰ-ਲੋਕਤੰਤਰਿਕ ਹੈ, ਕਿਉਂਕਿ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਨਾ ਤਾਂ ਇਸ ਨੂੰ ਪਾਰਲੀਮੈਂਟ ਤੋਂ ਪਾਸ ਕਰਵਾਇਆ ਗਿਆ ਤੇ ਨਾ ਹੀ ਰਾਜਾਂ ਨਾਲ ਕੋਈ ਸਲਾਹ-ਮਸ਼ਵਰਾ ਕੀਤਾ ਗਿਆ, ਜਦਕਿ ਸਿੱਖਿਆ ਖੇਤਰ ਸੰਵਿਧਾਨ ਦੀ ਸਾਂਝੀ (Concurrent) ਸੂਚੀ 'ਚ ਸ਼ਾਮਲ ਹੈ। ਇੱਕ ਪਾਸੇ ਪਹਿਲਾਂ ਚੱਲ ਰਹੀ ਸਿੱਖਿਆ ਨੀਤੀ ਨੂੰ ਮੁੱਢੋਂ-ਸੁੱਢੋਂ ਬਦਲਣ ਦਾ ਟੀਚਾ ਰੱਖਣ ਵਾਲੀ, ਸਮੁੱਚੇ ਮੁਲਕ ਉੱਪਰ ਲਾਗੂ ਹੋਣ ਵਾਲੀ, NEP-2020 ਨੂੰ ਪਾਰਲੀਮੈਂਟ 'ਚ ਤਾਂ ਪੇਸ਼ ਹੀ ਨਹੀਂ ਕੀਤਾ ਗਿਆ। ਦੂਜੇ ਪਾਸੇ ਸਭਨਾਂ ਰਾਜਾਂ ਦੇ ਸਿੱਖਿਆ ਮੰਤਰੀਆਂ ਦੀ ਸ਼ਮੂਲੀਅਤ ਵਾਲੇ 'ਕੇਂਦਰੀ ਸਿੱਖਿਆ ਸਲਾਹਕਾਰ ਬੋਰਡ (3125) ਨੂੰ ਵੀ ਅੱਖੋਂ-ਪਰੋਖੇ ਕਰਕੇ, ਕੋਰੋਨਾ ਮਹਾਂਮਾਰੀ ਦਾ ਲਾਹਾ ਲੈਂਦਿਆਂ, ਸਿਰਫ਼ ਕੇਂਦਰੀ ਵਜ਼ਾਰਤ ਦੀ ਮਨਜ਼ੂਰੀ ਤੱਕ ਹੀ ਸੀਮਤ ਕਰ ਦਿੱਤਾ ਗਿਆ, ਜੋ ਕਿ ਗੈਰ-ਸੰਵਿਧਾਨਕ ਵੀ ਹੈ, ਗੈਰ-ਕਾਨੂੰਨੀ ਵੀ ਹੈ।

**NEP-2020 ਅੰਦਰ ਲੋਕਤੰਤਰ ਤੇ ਧਰਮ ਨਿਰਲੇਪ ਸ਼ਬਦ ਗਾਇਬ!**

ਲਾਗੂ ਕੀਤੀ ਜਾ ਰਹੀ NEP-2020 ਦੇ 60 ਪੰਨਿਆਂ ਵਾਲੇ ਸਾਰੇ ਦਸਤਾਵੇਜ਼ ਅੰਦਰ ਸੰਵਿਧਾਨ ਦੇ ਮੂਲ-ਢਾਂਚੇ ਦੇ ਦੋਵੇਂ ਸ਼ਬਦ 'ਲੋਕਤੰਤਰ' ਤੇ 'ਧਰਮ-ਨਿਰਲੇਪ' ਗਾਇਬ ਹਨ। ਵਿਦਿਆਰਥੀਆਂ ਨੂੰ ਸੰਵਿਧਾਨਕ ਕਦਰਾਂ-ਕੀਮਤਾਂ ਦੀ ਸਿੱਖਿਆ ਦੇਣ ਦੀ ਜਿੱਥੇ ਗੱਲ ਕੀਤੀ ਗਈ ਹੈ, ਉੱਥੇ ਵੀ ਇਹ ਸ਼ਬਦ ਗਾਇਬ ਹਨ, ਸਗੋਂ ਪੁਰਾਤਨ ਧਾਰਮਿਕ-ਅੰਧਵਿਸ਼ਵਾਸੀ, ਰੂੜੀਵਾਦੀ ਪ੍ਰੰਪਰਾਵਾਂ ਅਪਣਾਉਣ ਲਈ ਜ਼ੋਰ ਦਿੱਤਾ ਗਿਆ ਹੈ, ਜਦਕਿ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਾਲੀ ਧਾਰਾ 51 ਅੰਦਰ ਨਾਗਰਿਕਾਂ ਨੂੰ ਵਿਗਿਆਨਕ ਨਜ਼ਰੀਏ ਦਾ ਪਾਸਾਰ ਕਰਨ ਦੀ ਨਿਰਦੇਸ਼ਨਾ ਦਿੱਤੀ ਗਈ ਹੈ।

ਪਾਠਕ੍ਰਮ ਅਦਲਾ-ਬਦਲੀ ਦੀ ਆਧਾਰ-ਸ਼ਿਲਾ NEP-20 ਦੀ ਦਿਸ਼ਾ-ਸੇਧ

NEP-20 ਤਹਿਤ ਜਿੱਥੇ ਪ੍ਰਾਇਮਰੀ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੀ ਸਿੱਖਿਆ ਦਾ ਮੁਕੰਮਲ ਕੇਂਦਰੀਕਰਨ, ਕਾਰਪੋਰੇਟੀਕਰਨ ਕੀਤਾ ਜਾ ਰਿਹਾ ਹੈ, ਉੱਥੇ ਸਮੁੱਚੀ ਸਿੱਖਿਆ ਪ੍ਰਣਾਲੀ ਦੇ ਪਾਠਕ੍ਰਮਾਂ ਦੀ ਅਦਲਾ-ਬਦਲੀ/ਛਾਂਗ-ਛੰਗਾਈ ਰਾਹੀਂ, ਲੋਕਤੰਤਰਿਕ, ਧਰਮ- ਨਿਰਲੇਪ, ਵਿਗਿਆਨਕ ਕਦਰਾਂ-ਕੀਮਤਾਂ ਨਾਲ ਸੰਬੰਧਤ ਪਾਠ-ਸਮੱਗਰੀ ਹਟਾਈ ਜਾ ਰਹੀ ਹੈ।ਮੁਲਕ ਦੇ ਹਕੀਕੀ ਇਤਿਹਾਸ ਨੂੰ ਮਿਟਾ ਕੇ, ਮਿਥਹਾਸ ਨੂੰ ਇਤਿਹਾਸ ਬਣਾ ਕੇ ਥੋਪਿਆ ਜਾ ਰਿਹਾ ਹੈ।ਧਰਮ-ਨਿਰਲੇਪਤਾ ਨੂੰ ਛਿੱਕੇ ਟੰਗ ਕੇ, ਇੱਕ ਵਿਸ਼ੇਸ਼ ਧਰਮ ਨਾਲ ਜੁੜੀਆਂ ਰਹੁ-ਰੀਤਾਂ/ਲਿਖਤਾਂ ਦਾ ਪ੍ਰਚਾਰ-ਪਾਸਾਰ ਕੀਤਾ ਜਾ ਰਿਹਾ ਹੈ ਤੇ ਪਾਠਕ੍ਰਮ ਦਾ ਹਿੱਸਾ ਬਣਾਇਆ ਜਾ ਰਿਹਾ ਹੈ।

6ਵੀਂ ਤੋਂ 12ਵੀਂ ਸ਼੍ਰੇਣੀ ਤੱਕ ਦੀਆਂ ਕਿਤਾਬਾਂ ਵਿੱਚੋਂ ਲੋਕਤੰਤਰ, ਗਣਤੰਤਰ, ਧਰਮ ਨਿਰਲੇਪਤਾ ਨਾਲ ਸੰਬੰਧਤ, ਲੋਕਤੰਤਰ ਲਈ ਕੀਤੇ ਗਏ ਕਿਸਾਨਾਂ-ਮਜ਼ਦੂਰਾਂ-ਆਦਿਵਾਸੀਆਂ ਦੇ ਸੰਘਰਸ਼ਾਂ ਨਾਲ ਜੁੜੇ, ਇੱਥੋਂ ਤੱਕ ਕਿ ਭਾਰਤ ਦੇ ਸੁਤੰਤਰਤਾ-ਸੰਗਰਾਮ ਨਾਲ ਜੁੜੇ ਪਾਠ ਅਤੇ ਇਨ੍ਹਾਂ ਦੀ ਵਿਆਖਿਆ ਕਰਨ ਵਾਲੀ ਸਮੂਹ ਸਮੱਗਰੀ ਛਾਂਗਣੀ, ਮਹਾਨ ਵਿਗਿਆਨੀ ਚਾਰਲਸ ਡਾਰਵਿਨ ਦੇ ਵਿਕਾਸਵਾਦ ਦੇ ਸੰਸਾਰ-ਪ੍ਰਵਾਨਿਤ ਵਿਗਿਆਨਕ ਸਿਧਾਂਤ ਨੂੰ ਪਾਠਕ੍ਰਮਾਂ 'ਚੋਂ ਹਟਾਉਣਾ ਅਤੇ ਪੁਰਾਤਨ ਭਾਰਤ ਅੰਦਰ ਦਲਿਤਾਂ/ਸ਼ੂਦਰਾਂ/ਨੀਵੀਆਂ ਜਾਤੀਆਂ/ਔਰਤਾਂ ਨਾਲ ਵਿਤਕਰੇ ਭਰੇ ਅਪਮਾਨਿਤ ਵਿਵਹਾਰ ਦੇ ਬਿਰਤਾਂਤ ਦੀ ਛੰਗਾਈ ਕਰਨੀ, ਇਹ ਸਾਰੇ ਕਦਮ ਸੰਵਿਧਾਨ ਦੇ ਮੂਲ-ਢਾਂਚੇ ਦੀ ਉਲੰਘਣਾ ਹੀ ਬਣਦੇ ਹਨ।

ਇਨ੍ਹਾਂ ਦਾ 'ਸੂ-ਮੋਟੋ' ਨੋਟਿਸ ਕੌਣ ਲਵੇਗਾ? ਮੁਲਕ ਭਰ ਦੇ ਸੂਝਵਾਨ ਸੰਘਰਸ਼ਸ਼ੀਲ ਲੋਕਾਂ, ਅਧਿਆਪਕਾਂ, ਵਿਦਿਆਰਥੀਆਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅੱਗੇ ਗੰਭੀਰ ਚੁਣੌਤੀ ਭਰਿਆ ਸਵਾਲ ਦਰਪੇਸ਼ ਹੈ।

**ਸੰਪਰਕ-98145-35005**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਗਿਆਨ ਦੇ ਉਧਾਲੇ ਦਾ ਦਾਰਸ਼ਨਿਕ ਪਰਿਪੇਖ

ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਮਨਮੋਹਨ

## ਸੰਵੇਦਨਾ ਤੋਂ ਗੁੰਗੇ ਵਿਰਲਾਪ ਤੱਕ

**(ਗਿਆਨ ਦੇ ਉਧਾਲੇ ਦੀ ਇਤਿਹਾਸ ਰੇਖਾ)**
**ਡਾ. ਮਨਮੋਹਨ**
**ਪੰਨੇ-140, ਮੁੱਲ-350 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਸਤਨਾਮ ਚਾਨਾ ਲੇਖਕ, ਖੋਜੀ, ਫਿਲਮ ਮੇਕਰ, ਸਕਰਿਪਟ ਲੇਖਕ, ਸੰਪਾਦਕ ਅਤੇ ਪੱਤਰਕਾਰ ਵਜੋਂ ਪੰਜਾਬੀ ਸਾਹਿਤ ਜਗਤ ਦਾ ਜਾਣਿਆ-ਪਛਾਣਿਆ ਹਸਤਾਖਰ ਹੈ। ਉਸ ਦੀਆਂ ਕੁਝ ਮਹੱਤਵਪੂਰਨ ਕਿਤਾਬਾਂ ਹਨ; 'ਚਿੰਤਨ ਪ੍ਰਕਿਰਿਆ-ਦਲੀਲ-ਬਾ-ਦਲੀਲ', 'ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ', 'ਇਕ ਪ੍ਰਤਿਭਾ ਦਾ ਉਦੈ', 'ਸੰਗਰਾਮੀਆ ਇਤਿਹਾਸ', 'ਪਰਵਾਸ ਨਾਲ ਜੂਝਦੇ ਸਿਰੜੀ ਸੂਰਮੇ', 'ਹਾਲ ਮੁਰੀਦਾਂ ਦਾ' ਅਤੇ ਕਵਿਤਾ ਦੀ ਇਕ ਕਿਤਾਬ 'ਪ੍ਰੋਮੀਥੀਅਸ ਰੋ ਪਿਆ' ਆਦਿ।

ਸਤਨਾਮ ਚਾਨਾ ਦੀ ਨਵੀਂ ਕਿਤਾਬ 'ਸੰਵੇਦਨਾ ਤੋਂ ਗੁੰਗੇ ਵਿਰਲਾਪ ਤੱਕ' (ਗਿਆਨ ਦੇ ਉਧਾਲੇ ਦੀ ਇਤਿਹਾਸ ਰੇਖਾ) ਮਾਨਵੀ ਸੱਭਿਅਤਾ ਦੇ ਇਤਿਹਾਸ ਦੀ ਪਛਾਣ ਕਰਦਾ ਅਜਿਹਾ ਲੇਖਾ-ਜੋਖਾ ਹੈ, ਜਿਸ ਨਾਲ ਪੰਜਾਬੀ ਗਿਆਨਾਤਮਕ/ਵਿਗਿਆਨਾਤਮਕ ਵਾਰਤਕ/ਅ-ਗਲਪ ਸਾਹਿਤ ਵਿਚ ਇਕ ਨਵਾਂ ਪਾਸਾਰ ਉੱਭਰਦਾ ਦਿਖਾਈ ਦਿੰਦਾ ਹੈ। ਇਸ ਦਾ ਕਾਰਨ ਕਿ ਇਹ ਉੱਤਰ ਮਾਨਵਵਾਦ (Post Humanism) ਦੇ ਦ੍ਰਿਸ਼ਟੀਕੋਣ ਤੋਂ ਮਨੁੱਖਤਾ ਦੇ ਐਂਥਰੋਪੋਸੈਂਟਰੀਸਿਜ਼ਮ (ਮਨੁੱਖ ਦੀ ਦੂਜੀਆਂ ਪ੍ਰਜਾਤੀਆਂ ਅਤੇ ਪ੍ਰਕਿਰਤੀ ਉਪਰ ਉਸਾਰੀ) ਦੇ ਰੁਝਾਨ ਦੀਆਂ ਪਰਤਾਂ ਨੂੰ ਖੋਲ੍ਹਦੀ ਹੈ। ਇਸ ਕਿਤਾਬ 'ਚ ਮਨੁੱਖ ਪ੍ਰਕਿਰਤੀ 'ਚ ਰਹਿੰਦਿਆਂ ਕਿਵੇਂ ਆਪਣੀ ਮਾਨਵਤਾ ਅਤੇ ਮਾਨਵੀ ਕਦਰਾਂ-ਕੀਮਤਾਂ ਤੋਂ ਵਿਛੁੰਨਿਆ ਗਿਆ, ਉਸ ਦੇ ਇਤਿਹਾਸ ਦੀਆਂ ਪਰਤਾਂ 'ਚ ਪਏ ਸੱਚ ਨੂੰ ਤਾਰਕਿਕ ਭਾਸ਼ਾ 'ਚ ਲੱਭਣ ਦਾ ਯਤਨ ਕੀਤਾ ਗਿਆ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਮੈਨੂੰ ਬੈਂਜਾਮਿਨ ਲੇਬਾਤੂਤ ਦੀਆਂ ਦੋ ਕਿਤਾਬਾਂ 'When We Cease to Understand the World 'ਅਤੇ 'The Manic' ਯਾਦ ਆ ਰਹੀਆਂ ਸਨ, ਜੋ 'ਵਿਗਿਆਨ ਦੀਆਂ ਲੱਭਤਾਂ ਦਾ ਮਨੁੱਖੀ ਸੱਭਿਅਤਾ ਦੇ ਇਤਿਹਾਸ 'ਚ ਕੀ ਪ੍ਰਭਾਵ ਪਿਆ' ਨੂੰ ਸਮਝਣ ਦਾ ਯਤਨ ਕਰਦੀਆਂ ਹਨ।

'ਸੰਵੇਦਨਾ ਤੋਂ ਗੁੰਗੇ ਵਿਰਲਾਪ ਤੱਕ' ਪੜ੍ਹਦਿਆਂ ਪਤਾ ਲੱਗਦਾ ਹੈ ਕਿ ਇਸ ਦੇ ਲੇਖਕ ਨੂੰ ਦੋ ਮਨੁੱਖੀ ਬੱਚਿਆਂ ਦੇ ਜੰਗਲ 'ਚ ਜਾਨਵਰਾਂ ਨਾਲ ਵਿਚਰਣ 'ਤੇ ਇਕ ਫਿਲਮ ਬਣਾਉਣ ਦਾ ਪ੍ਰੋਜੈਕਟ ਮਿਲਿਆ। ਉਸ ਨੇ ਇਸ ਬਾਰੇ ਆਪਣੀ ਖੋਜ ਆਰੰਭ ਕੀਤੀ। ਭਾਵੇਂ ਉਹ ਕੋਈ ਵਿਗਿਆਨੀ ਨਹੀਂ, ਪਰ ਵਿਗਿਆਨ ਦੀਆਂ ਸੁਆਦਲੀਆਂ ਲੱਭਤਾਂ ਨੂੰ ਜਾਨਣ ਦਾ ਰਸੀਆ ਹੈ। ਉਹ ਵਿਗਿਆਨਕ ਖੋਜਾਂ ਦੇ ਸਹਾਰੇ ਸੰਸਾਰ ਨੂੰ ਉਸ ਦੀ ਸਮੁੱਚਤਾ ਵਿੱਚ ਸਮਝਣ ਦਾ ਯਤਨ ਕਰਦਾ ਹੈ। ਸ਼ੁਰੂ-ਸ਼ੁਰੂ 'ਚ ਇਸ ਅਧਿਐਨ ਦਾ ਘੇਰਾ ਭਾਵੇਂ ਸੀਮਤ ਸੀ, ਪਰ ਹੌਲੀ-ਹੌਲੀ ਇਸ ਦਾ ਕਲੇਵਰ ਵਿਸ਼ਾਲ ਹੁੰਦਾ ਗਿਆ। ਮੂਲ ਮਨੋਰਥ ਤਾਂ ਜਾਨਵਰਾਂ ਦੀ ਸੰਵੇਦਨਾ ਅਤੇ ਮਾਨਸਿਕਤਾ ਨੂੰ ਸਮਝਣਾ ਸੀ, ਪਰ ਇਹ ਫੈਲਦਾ-ਫੈਲਦਾ ਮਨੁੱਖਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਚਰਿੱਤਰ ਨਿਰਮਾਣ ਦੇ ਵਿਗਾਸ ਵੱਲ ਚਲਾ ਗਿਆ। ਇੰਝ ਇਹ ਅਧਿਐਨ ਸੰਵੇਦਨਾ ਅਤੇ ਮਾਨਸਿਕਤਾ 'ਤੇ ਕੇਂਦਰਤ ਨਾ ਰਹਿ ਕੇ ਜਾਨਵਰਾਂ ਦੇ ਜੰਗਲ 'ਚੋਂ ਹੁੰਦਾ ਹੋਇਆ ਗਿਆਨ ਦੇ ਚੱਕਰਵਿਊ ਵਿਚ ਪ੍ਰਵੇਸ਼ ਕਰ ਗਿਆ, ਜਿੱਥੇ 'ਉਦਾਸੇ ਹੋਏ ਮਨੁੱਖ ਗੁੰਗਾ ਵਿਰਲਾਪ ਕਰ ਰਹੇ ਸਨ'। ਇਸ ਕਿਤਾਬ ਦੀ ਉਸਾਰੀ 'ਚ ਦੂਸਰੀਆਂ ਕਿਤਾਬਾਂ ਦੀ ਭੂਮਿਕਾ ਦੇ ਨਾਲ-ਨਾਲ ਚਾਰਲਸ ਡਾਰਵਿਨ ਦੀਆਂ ਕਿਤਾਬਾਂ 'Origin Of Species ਅਤੇ Descent of Man' ਦਾ ਖ਼ਾਸਾ ਰੋਲ ਦਿਖਾਈ ਦਿੰਦਾ ਹੈ।





'ਸੰਵੇਦਨਾ ਤੋਂ ਗੁੰਗੇ ਵਿਰਲਾਪ ਤੱਕ' ਦੀ ਵਿਕਾਸ ਰੇਖਾ ਕੁਝ ਇਸ ਤਰ੍ਹਾਂ ਉਸਾਰੀ ਗਈ ਹੈ ਕਿ ਸਭ ਤੋਂ ਪਹਿਲਾਂ ਲੇਖਕ ਨੇ ਇਸ ਕਿਤਾਬ ਦੇ ਲਿਖਣ ਦਾ ਉਦੇਸ਼, ਖੋਜ ਲਈ ਉਤਸੁਕਤਾ, ਵਿਸ਼ੇਸ਼-ਵਿਧੀ ਵਿਧਾਨ ਦੇ ਅਪਣਾਉਣ ਅਤੇ ਇਸ ਦਾ ਕਾਰਨ ਦੱਸਣ ਤੋਂ ਬਾਅਦ ਇਸ ਖੋਜ ਕਾਰਜ ਦੇ ਦਾਰਸ਼ਨਿਕ ਪਰਿਪੇਖਾਂ ਤੇ ਨਿਚੋੜਾਂ ਨੂੰ ਪਹਿਲਾਂ ਅੰਕਿਤ ਕੀਤਾ ਹੈ ਅਤੇ ਫਿਰ ਜੀਵ-ਜਗਤ ਦੇ ਵਿਵਹਾਰਾਤਮਕ ਵਿਗਿਆਨ ਵਿੱਚੋਂ ਗੁਜ਼ਰਦੇ ਹੋਏ, ਆਪਣੇ ਅਧਿਐਨ ਨੂੰ ਲੇਖਕ ਨੇ ਆਪਣੇ ਜੀਵਨੀਮੂਲਕ ਅਨੁਭਵਾਂ 'ਚੋਂ ਕਸ਼ੀਦੇ ਇੱਕ ਛੋਟੇ ਜਿਹੇ ਦ੍ਰਿਸ਼ਟਾਂਤ ਰਾਹੀਂ ਇਸ ਗਿਆਨਾਤਮਕ ਦਾਰਸ਼ਨਿਕਤਾ ਦਾ ਦ੍ਰਿਸ਼ਟਾਂਤਨ ਕੀਤਾ ਹੈ। ਅੰਤ 'ਚ ਇਸ ਕਿਤਾਬ ਦਾ ਅੰਤਿਮ ਨਿਚੋੜ ਇਹ ਨਿਕਲਦਾ ਹੈ ਕਿ ਮਨੁੱਖੀ ਸਭਿਅਤਾ ਦੇ ਇਤਿਹਾਸ 'ਚ ਮਨੁੱਖਾਂ ਦੇ ਗਿਆਨ ਦਾ ਉਧਾਲਾ ਹੋ ਚੁੱਕਾ ਹੈ। ਇਹ ਉਧਾਲਾ ਕਰਨ ਵਾਲੇ ਸੱਤਾਵਾਨ 'ਗਰੋਹ' ਕੌਣ ਹਨ, ਦੇ ਵੇਰਵਿਆਂ ਨੂੰ ਲੇਖਕ ਨੇ ਦਵੰਦਾਤਮਕ ਇਤਿਹਾਸਵਾਦ ਤੋਂ ਪ੍ਰਭਾਵਿਤ ਆਪਣੇ ਦ੍ਰਿਸ਼ਟੀਕੋਣ 'ਚੋਂ ਸਮਝਿਆ ਹੈ। ਇਸ ਦ੍ਰਿਸ਼ਟੀਕੋਣ ਦਾ ਆਧਾਰ ਹੀਗਲ, ਕਾਰਲ ਮਾਰਕਸ ਦੀਆਂ ਲਿਖਤਾਂ ਅਤੇ ਫਰੈਡਰਿਕ ਏਂਗਲਜ਼ ਦੀ ਕਿਤਾਬ 'Introduction to Dialectics of Nature' ਹਨ, ਜੋ ਕਿਰਤ, ਕਦਰ ਅਤੇ ਬੇਗ਼ਾਨਗੀ/ਬਿਰਹਾ, ਖ਼ੁਦਗਰਜ਼ੀ ਅਤੇ ਨਿੱਜਪ੍ਰਸਤੀ ਦੇ ਸੰਕਲਪਾਂ ਤੋਂ ਇਲਾਵਾ ਮਾਨਵੀ ਸੱਭਿਅਤਾ ਦੇ ਇਤਿਹਾਸ ਨਾਲ ਜੁੜੇ ਹੋਏ ਸੰਕਲਪਾਂ ਨੂੰ ਖੋਲ੍ਹ ਕੇ ਸਮਝਾਉਂਦੀਆਂ ਹਨ।

ਇਸ ਕਿਤਾਬ ਦਾ ਦਾਰਸ਼ਨਿਕ ਪਰਿਪੇਖ ਉਸਾਰਨ ਲਈ ਜੋ ਸਰੋਤ ਸਮੱਗਰੀ ਲਈ ਗਈ ਹੈ, ਉਸ ਤੋਂ ਲੇਖਕ ਦੇ ਵਿਚਾਰਧਾਰਕ ਅਤੇ ਗਿਆਨਸ਼ਾਸਤਰੀ ਦ੍ਰਿਸ਼ਟੀਕੋਣ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਉਸ ਅਨੁਸਾਰ ਪੋਲਿਸ਼ ਜੀਵ ਵਿਗਿਆਨੀ ਜਾਨ ਦੇਬੋਵਸਕੀ ਦਾ ਕਥਨ ਹੈ ਕਿ ਮਨੁੱਖ ਦੀ ਮਾਨਸਿਕਤਾ ਅਚਾਨਕ ਪੈਦਾ ਨਹੀਂ ਹੋ ਗਈ, ਸਗੋਂ ਇਸ ਨੇ ਹੌਲੀ-ਹੌਲੀ ਵਿਕਾਸ ਕੀਤਾ ਹੈ। ਮਨੁੱਖੀ ਮਾਨਸਿਕਤਾ ਨੂੰ ਓਨੀ ਦੇਰ ਤੱਕ ਨਹੀਂ ਸਮਝਿਆ ਜਾ ਸਕਦਾ, ਜਿੰਨੀ ਦੇਰ ਤੱਕ ਜਾਨਵਰਾਂ ਦੀ ਮਾਨਸਿਕ ਸਰਗਰਮੀ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾਂਦਾ। ਇਸ ਕਥਨ ਨੂੰ ਰੂਸੀ ਜੀਵ ਵਿਗਿਆਨੀ ਈਗੋਰ ਆਕੀਮੁਸ਼ਕਿਨ ਨੇ ਆਪਣੀ ਕਿਤਾਬ 'Ethology : What Animals Do And Why' 'ਚ ਪੇਸ਼ ਕਰਦਿਆਂ ਕਿਹਾ ਕਿ ਹਰ ਪ੍ਰਜਾਤੀ ਦੇ ਜਾਨਵਰਾਂ ਦੀ ਮਾਨਸਿਕਤਾ ਭਾਵੇਂ ਆਪਣੀ ਪ੍ਰਜਾਤੀ ਦੇ ਜਾਨਵਰਾਂ ਦੇ ਅੰਦਰ ਵਿਗਸਦੀ ਹੈ ਅਤੇ ਕਿਸੇ ਵੀ ਦੂਜੀ ਪ੍ਰਜਾਤੀ ਨਾਲੋਂ ਭਿੰਨ ਹੁੰਦੀ ਹੈ, ਪਰ ਫਿਰ ਵੀ ਸਾਰੀਆਂ ਪ੍ਰਜਾਤੀਆਂ ਦੇ ਜਾਨਵਰਾਂ ਦੀ ਸਾਂਝੀ ਮਾਨਸਿਕਤਾ ਵੀ ਹੈ। ਜਾਨਵਰਾਂ ਦੀਆਂ ਪ੍ਰਜਾਤੀਆਂ ਭਾਵੇਂ ਲੱਖਾਂ ਹਨ, ਪਰ ਉਨ੍ਹਾਂ ਦੀਆਂ ਮਾਨਸਿਕਤਾਵਾਂ 'ਚ ਇਕ ਸਾਂਝ ਵੀ ਹੈ। ਉਹ ਸਾਂਝ ਸਾਰੇ ਜਾਨਵਰਾਂ ਦੀ ਸਾਂਝੀ ਮਾਨਸਿਕਤਾ ਹੈ। ਮਨੁੱਖ ਇਸ ਮਾਨਸਿਕਤਾ ਰਾਹੀਂ ਗਿਆਨ ਦੀ ਅਵਸਥਾ ਤੱਕ ਕਿਵੇਂ ਪਹੁੰਚਿਆ, ਬਾਰੇ ਇਹ ਦੱਸਿਆ ਗਿਆ ਹੈ ਕਿ ਮਨੁੱਖੀ ਮਾਨਸਿਕਤਾ ਮਨੁੱਖਾਂ ਦੀ ਨਿਵੇਕਲੀ ਉਤਪਤੀ ਨਹੀਂ, ਸਗੋਂ ਜੀਵ-ਜੰਤੂਆਂ ਦੇ ਮਾਧਿਅਮ ਰਾਹੀਂ ਵਿਕਾਸ ਕਰਦੀ ਹੋਈ ਮਨੁੱਖਾਂ ਤੱਕ ਪਹੁੰਚੀ ਹੈ। ਮਨੁੱਖ ਅੰਦਰ ਜਿੰਨੀਆਂ ਵੀ ਪ੍ਰਵਿਰਤੀਆਂ ਅੱਜ ਪਾਈਆਂ ਜਾਂਦੀਆਂ ਹਨ, ਉਹ ਮਨੁੱਖਾਂ ਦੇ ਹੋਂਦ 'ਚ ਆਉਣ ਤੋਂ ਪਹਿਲਾਂ ਹੀ ਜੀਵ-ਜਗਤ ਵਿੱਚ ਵਿਕਸਤ ਹੋ ਚੁੱਕੀਆਂ ਸਨ, ਜਿਵੇਂ ਗਾਉਣਾ, ਨੱਚਣਾ, ਖੇਡਣਾ, ਪਿਆਰ ਕਰਨਾ, ਭਰਮਾਉਣਾ, ਵਿਆਹ ਕਰਨਾ, ਸੰਗਠਿਤ ਹੋਣਾ, ਹਲਕੇ ਵੰਡਣਾ ਅਤੇ ਸਰਹੱਦਾਂ ਮਿੱਥਣਾ ਆਦਿ।

ਇਸ ਕਿਤਾਬ 'ਚ ਇਹ ਵੀ ਚਰਚਾ ਕੀਤਾ ਗਿਆ ਹੈ ਕਿ ਮਨੁੱਖੀ ਸੰਵੇਦਨਾ ਪੜਾਅਵਾਰ ਵਿਕਸਿਤ ਹੋ ਕੇ ਮਨੁੱਖਾਂ ਦੇ ਗਿਆਨ ਤੱਕ ਪਹੁੰਚੀ। ਸੰਵੇਦਨਾ ਜੇਕਰ ਉਮਰ ਵਿਚ ਮਨੁੱਖਾਂ ਨਾਲੋਂ ਕਰੋੜਾਂ ਵਰ੍ਹੇ ਵੱਡੀ ਹੈ ਤਾਂ ਫਿਰ ਉਹ ਇਕ ਆਜ਼ਾਦ ਹੋਂਦ ਵੀ ਹੈ, ਜੋ ਜੀਵਾਂ ਦੇ ਮਾਧਿਅਮ ਰਾਹੀਂ ਪ੍ਰਕਿਰਤੀ ਵਿੱਚ ਕਿਰਿਆਸ਼ੀਲ ਚਲੀ ਆ ਰਹੀ ਹੈ। ਮਨੁੱਖ ਪ੍ਰਜਾਤੀ ਉਸ ਦਾ ਹੁਣ ਤੱਕ ਦਾ ਆਖ਼ਰੀ ਪੜਾਅ ਹੈ।

ਸੰਵੇਦਨਾ 'ਚੋਂ ਜਦੋਂ ਅਨੁਭਵ ਨੇ ਜਨਮ ਲਿਆ ਤਾਂ ਸਭ ਕੁਝ ਆਮ ਵਾਂਗ ਪ੍ਰਕਿਰਤਕ ਸੀ, ਪਰ ਕਲਪਨਾ ਦੇ ਜਨਮ ਲੈਂਦਿਆਂ ਹੀ ਉਥਲ-ਪੁਥਲ ਸ਼ੁਰੂ ਹੋ ਗਈ। ਕਲਪਨਾ ਦੀ ਉਤਪਤੀ ਮਾਨਸਿਕ ਕ੍ਰਾਂਤੀ ਦਾ ਆਰੰਭ ਸੀ। ਕਲਪਨਾ ਆਪਣੇ ਨਾਲ ਸੰਦੇਹ, ਸਵਾਲ, ਸੁਝਾਅ, ਗੱਪਾਂ, ਮਿੱਥਾਂ ਅਤੇ ਗਲਪ/ਕਥਾ ਕਹਾਣੀਆਂ ਲੈ ਕੇ ਆਈ। ਇਸ ਨਾਲ ਮਨੁੱਖਾਂ ਦੇ ਸੱਭਿਆਚਾਰ 'ਚ ਯਾਦਾਸ਼ਤ, ਨਕਲ, ਸਿੱਖਿਆ, ਹੁਨਰ ਨਿਰਮਾਣ ਅਤੇ ਬੁਣਤੀ ਕਲਾ, ਸਮਾਜ ਸੰਗਠਨ ਅਤੇ ਰਹਿਨੁਮਾਈ, ਜੁੱਟਬੰਦੀ ਅਤੇ ਸਰਹੱਦਬੰਦੀ ਅਤੇ ਸਮਾਜਿਕ ਪਰਵਾਰਕ ਅਤੇ ਜਿਣਸੀ ਰਿਸ਼ਤੇ, ਸੁਨੇਹੇ ਅਤੇ ਸੰਚਾਰ ਸਾਧਨ, ਜੀਵਾਂ ਦਾ ਸਿੱਖਿਆ ਪ੍ਰਬੰਧ, ਦ੍ਰਿਸ਼ ਗ੍ਰਹਿਣ ਕਰਨ ਅਤੇ ਦੇਖਣ ਦੇ ਗੁਣ ਅਤੇ ਨਿੱਜੀ ਮਾਲਕੀ ਦੇ ਅਮਲਾਂ ਨੂੰ ਘੜਨ ਵਿਚ ਬੜੀ ਭੂਮਿਕਾ ਨਿਭਾਈ। ਯੁਆਲ ਨੋਹਾ ਹਰਾਰੀ ਇਸ ਨੂੰ ਸੰਗਿਆਨਕ ਕ੍ਰਾਂਤੀ Cognitive Revolution ਕਹਿੰਦਾ ਹੈ, ਜੋ ਕਿ ਮਨੁੱਖ ਦੀ ਭਾਸ਼ਾ ਸਮਰੱਥਾ 'ਤੇ ਟਿਕੀ ਹੁੰਦੀ ਹੈ। ਮਨੁੱਖ ਦੀ ਇਹ ਵਿਕਸਿਤ ਭਾਸ਼ਾ ਹੀ ਉਸ ਨੂੰ ਦੂਜੇ ਪ੍ਰਾਣੀਆਂ ਤੋਂ ਅਲੱਗ ਕਰਦੀ ਹੈ। ਹਰਾਰੀ ਦੀਆਂ ਚਾਰੋਂ ਕਿਤਾਬਾਂ 'Sepians', 'Homo Deus', 'Twenty One Lessons For Twenty First Century' ਅਤੇ 'Nexus' ਇਸੇ ਸੰਗਿਆਨਕ ਕ੍ਰਾਂਤੀ ਦੇ ਵਿਚਾਰ ਉਪਰ ਖੜ੍ਹੀਆਂ ਹਨ। ਇਹ ਲਿਖਤਾਂ ਇਸ ਕ੍ਰਾਂਤੀ ਰਾਹੀਂ ਮਨੁੱਖੀ ਸੱਭਿਅਤਾ ਦੇ ਵਿਕਾਸ 'ਚ ਗਿਆਨ, ਵਿਗਿਆਨ, ਕਲਪਨਾ, ਭਾਸ਼ਾ ਅਤੇ ਮਨੁੱਖਾਂ ਦੇ ਆਪਸੀ ਸਹਿਯੋਗ ਨੇ ਕੀ ਭੂਮਿਕਾ ਨਿਭਾਈ, ਉਸ ਦੇ ਇਤਿਹਾਸ ਦੀਆਂ ਪੈੜਾਂ ਨੂੰ ਤਲਾਸ਼ਦੀਆਂ ਹਨ।

ਏ. ਐੱਨ ਲਿਉਨਤੇਵ ਦੀ ਕਿਤਾਬ 'Problems Of Development Of Mind' ਅਤੇ ਯੁਆਲ ਨੋਹਾ ਹਰਾਰੀ ਦੀਆਂ ਲਿਖਤਾਂ 'ਚੋਂ ਪ੍ਰਾਪਤ ਅੰਤਰ ਦ੍ਰਿਸ਼ਟੀਆਂ ਨੂੰ ਵੀ 'ਸੰਵੇਦਨਾ ਤੋਂ ਗੁੰਗੇ ਵਿਰਲਾਪ ਤੱਕ' ਦੀ ਇਸ ਧਾਰਨਾ ਨੂੰ ਉਸਾਰਨ 'ਚ ਆਧਾਰ ਬਣਾਇਆ ਗਿਆ। ਇਹ ਕਿਤਾਬ ਦੱਸਦੀ ਹੈ ਕਿ ਕਿਵੇਂ ਕਲਪਨਾ ਦੇ ਕਲਪਿਤ ਪ੍ਰਯੋਗਾਂ ਨਾਲ ਪਏ ਵਿਗਾੜਾਂ ਨੂੰ ਸੋਧਣ ਲਈ, ਕੀਤੇ ਜਾਂਦੇ ਇੱਕ ਤੋਂ ਬਾਅਦ ਇਕ ਪ੍ਰਯੋਗ ਨੂੰ ਵਿਕਾਸ ਦਾ ਨਾਂਅ ਦੇ ਦਿੱਤਾ ਗਿਆ, ਜੋ ਅਸਲ ਵਿੱਚ ਕਲਪਨਾ ਦੇ ਪ੍ਰਯੋਗ ਦਾ ਹੀ ਵਿਕਾਸ ਹੈ, ਪ੍ਰਸਥਿਤੀਆਂ ਦੀ ਬਿਹਤਰੀ ਦਾ ਵਿਕਾਸ ਨਹੀਂ। ਇਹ ਭੌਤਿਕਤਾ ਨੂੰ ਫ਼ਰਜ਼ੀ ਸਿਧਾਂਤ ਅਨੁਸਾਰ ਢਾਲਣ ਦਾ ਸਿਧਾਂਤ ਹੈ ਜਾਂ ਆਪਣੇ ਹੀ ਪਾਏ ਹੋਏ ਵਿਗਾੜਾਂ ਨੂੰ ਸੋਧਣ ਦੇ ਅਮਲਾਂ ਦਾ ਵਿਕਾਸ ਹੈ। ਵਾਸਤਵਿਕਤਾ ਜਦੋਂ ਕਲਪਨਾ ਦੇ ਵਿਰੋਧ 'ਚ ਖੜ੍ਹਦੀ ਹੈ ਤਾਂ ਕਲਪਨਾ ਉਸ ਨੂੰ ਪ੍ਰਵਾਨ ਚੜ੍ਹਾਉਣ ਲਈ ਜ਼ੋਰ ਜ਼ਬਰਦਸਤੀ ਦਾ ਸਹਾਰਾ ਲੈਂਦੀ ਹੈ ਤਾਂ ਕਿ ਆਪਣੇ ਪ੍ਰਯੋਗਾਂ ਵੱਲੋਂ ਪਾਏ ਵਿਗਾੜਾਂ ਨੂੰ ਸਰਵਜਨਕ ਪ੍ਰਵਾਨਗੀ ਦਿਵਾਵੇ। ਕਲਪਨਾ ਦੇ ਇਸ ਗਿਆਨ ਦੇ ਦਾਬੇ ਨੂੰ ਬਣਾਈ ਰੱਖਣ ਲਈ ਸੱਤਾ ਹੋਂਦ 'ਚ ਆਉਂਦੀ ਹੈ। ਮਿਸ਼ੇਲ ਫੂਕੋ ਇਸ ਨੂੰ ਆਪਣੀ ਕਿਤਾਬ 'Discipline And Punish' 'ਚ ਕਹਿੰਦਾ ਹੈ ਕਿ 'ਗਿਆਨ ਹੀ ਸੱਤਾ' ਹੈ। ਇਸ ਨਾਲ ਸੱਤਾ ਦਾ ਗਰੋਹ ਪੈਦਾ ਹੁੰਦਾ ਹੈ, ਜਿਸ ਦਾ ਮਨੁੱਖਾਂ ਦੇ ਸੁੱਖਾਂ-ਦੁੱਖਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ, ਬਲਕਿ ਆਪਣੀਆਂ ਯੋਜਨਾਵਾਂ ਨੂੰ ਸੱਤਾ ਦੇ ਮਾਨਸਿਕ ਅਤੇ ਸਰੀਰਕ ਆਂਤਕ ਰਾਹੀਂ ਪ੍ਰਵਾਨ ਚੜ੍ਹਾਉਣਾ ਹੁੰਦਾ ਹੈ। ਅੱਜ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਨਵਾਂ ਆਭਾ ਮੰਡਲ 'ਚ ਇਸ ਗਿਆਨ ਗਰੋਹ ਵੱਲੋਂ ਮਸ਼ੀਨੀ ਸੰਵੇਦਨਾ (Machine Sensibility) ਦੇ ਨਿਰਮਾਣ ਦੀ ਜੋ ਗੱਲ ਕੀਤੀ ਜਾ ਰਹੀ ਹੈ, ਉਹ ਇਨ੍ਹਾਂ ਪ੍ਰਯੋਗਾਂ ਦੇ ਸਿਲਸਿਲੇ ਦੀ ਇਕ ਕੜੀ ਹੈ।

'ਸੰਵੇਦਨਾ ਤੋਂ ਗੁੰਗੇ ਵਿਰਲਾਪ ਤੱਕ' ਦੇ ਕੇਂਦਰ 'ਚੋਂ ਇਹ ਵਿਚਾਰ ਉੱਭਰਦਾ ਹੈ ਕਿ ਮਨੁੱਖ ਦਾ ਕਰੋੜਾਂ ਸਾਲਾਂ ਦੇ ਸੰਵੇਦਨਾ ਤੋਂ ਚਿੰਤਨ ਤੱਕ ਦੇ ਸਫ਼ਰ 'ਚ, ਜਿਸ 'ਚ ਸੰਵੇਦਨਾ ਤੋਂ ਅਨੁਭਵ, ਅਨੁਭਵ ਤੋਂ ਕਲਪਨਾ, ਕਲਪਨਾ ਤੋਂ ਚੇਤਨਾ, ਚੇਤਨਾ ਤੋਂ ਸੂਝ, ਸੂਝ ਤੋਂ ਗਿਆਨ ਅਤੇ ਗਿਆਨ ਤੋਂ ਚਿੰਤਨ ਦੇ ਵਿਗਾਸ 'ਚ ਦੋ ਸ਼੍ਰੇਣੀਆਂ ਉਤਪੰਨ ਹੋਈਆਂ, ਇਕ ਗਿਆਨੀਆਂ ਦੀ ਅਤੇ ਦੂਜੀ ਅਗਿਆਨੀਆਂ ਦੀ। ਗਿਆਨੀ ਉਹ ਹਨ ਜੋ ਆਪਣੇ ਗਿਆਨ ਅਤੇ ਗਿਆਨ ਸੰਦਾਂ (ਅਲਥਿਊਸਰ ਦੀ ਭਾਸ਼ਾ ਅਨੁਸਾਰ 'Apparatus') ਕਾਰਨ ਸੱਤਾ 'ਚ ਹਨ ਤੇ ਦੂਜੇ ਜੋ ਅਗਿਆਨੀ ਭਾਵ ਦੱਬੇ-ਕੁਚਲੇ ਹਨ। ਡੇਵਿਡ ਗਰੇਬਰ ਅਤੇ ਡੇਵਿਡ ਵੈਨਗਰੋ ਦੀ ਕਿਤਾਬ 'The Dawn Of Every Thing – A New History Of Humanity' ਅਤੇ ਆਈ ਲਾਪਤੇਵ ਦੀ ਕਿਤਾਬ 'ਕੁਦਰਤ ਦੇ ਪਸਾਰੇ 'ਚ ਮਨੁੱਖ ਦਾ ਪਾਸਾਰ' ਵੀ ਮਨੁੱਖੀ ਸੱਭਿਅਤਾ ਦੇ ਵਿਕਾਸ 'ਚ ਪਏ ਇਨ੍ਹਾਂ ਦੋ ਪਾੜਿਆਂ ਦੀ ਗੱਲ ਆਪਣੇ ਅੰਦਾਜ਼ 'ਚ ਕਰਦੀਆਂ ਹਨ। ਅਗਿਆਨੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਮਨੁੱਖੀ ਮਨ ਨੂੰ ਜਿੱਤਣ ਦਾ ਬਿਰਤਾਂਤ

ਸਾਹਿਤ ਚਿੰਤਨ

ਡਾ. ਤੇਜਿੰਦਰ ਵਿਰਲੀ

## ਜਿੱਤ ਦਾ ਭਰੋਸਾ

**ਨਰਿੰਦਰ ਸਿੰਘ ਕਪੂਰ**
**ਪੰਨੇ : 180, ਕੀਮਤ : 350 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਅੱਜ ਜਿਸ ਕਿਤਾਬ ਦੀ ਚਰਚਾ ਕਰ ਰਹੇ ਹਾਂ, ਉਹ ਡਾਕਟਰ ਨਰਿੰਦਰ ਸਿੰਘ ਕਪੂਰ ਹੁਰਾਂ ਦੀ ਲਿਖੀ ਹੋਈ 'ਜਿੱਤ ਦਾ ਭਰੋਸਾ'। ਇਸ ਕਿਤਾਬ ਨੂੰ ਨਰਿੰਦਰ ਸਿੰਘ ਕਪੂਰ ਪੰਜਾਬੀ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਵਾਰਤਕ ਲੇਖਕ ਹੈ। ਉਸ ਦੀਆਂ ਕਿਤਾਬਾਂ ਦੇ ਪੱਕੇ-ਠੱਕੇ ਪਾਠਕ ਹੁੰਦੇ ਹਨ। ਉਹਨਾਂ ਦੀ ਹਰ ਕਿਤਾਬ ਨੂੰ ਉਸੇ ਤਰ੍ਹਾਂ ਹੁੰਗਾਰਾ ਦਿੰਦੇ ਨੇ, ਜਿਵੇਂ ਬੀਤੇ ਸਮੇਂ ਵਿੱਚ ਉਹਨਾਂ ਦੀ ਕਿਸੇ ਖਾਸ ਕਿਤਾਬ ਨੂੰ ਮਿਲਿਆ ਸੀ ।

ਹੱਥਲੀ ਪੁਸਤਕ ਮਈ 2025 ਵਿੱਚ ਪਹਿਲੀ ਵਾਰੀ ਪ੍ਰਕਾਸ਼ਿਤ ਹੋਈ ਤੇ ਹੱਥੋਂ-ਹੱਥੀ ਵਿਕ ਜਾਣ ਦਾ ਰਿਕਾਰਡ ਕਾਇਮ ਕਰਨ ਤੋਂ ਬਾਅਦ ਜੂਨ 2025 ਵਿੱਚ ਯਾਨੀ ਕਿ ਅਗਲੇ ਹੀ ਮਹੀਨੇ ਇਸ ਦਾ ਦੂਸਰਾ ਐਡੀਸ਼ਨ ਛਪਦਾ ਹੈ। ਡਾ. ਨਰਿੰਦਰ ਸਿੰਘ ਕਪੂਰ ਨੇ ਪੰਜਾਬੀ ਪਾਠਕਾਂ ਵਿੱਚ ਜਿਹੜੀ ਥਾਂ ਬਣਾਈ ਹੈ, ਉਸ ਨੂੰ ਇੰਨਾ ਵੱਧ ਪਿਆਰ ਤੇ ਸਤਿਕਾਰ ਕਿਉਂ ਮਿਲਦਾ ? ਇਹ ਇੱਕ ਵੱਡਾ ਸਵਾਲ ਹੈ। ਇੱਕ ਪਾਸੇ ਪੰਜਾਬੀ ਦੇ ਲੇਖਕ ਤੇ ਪਬਲਿਸ਼ਰ ਇਸ ਗੱਲ ਦੀ ਦੁਹਾਈ ਦੇ ਰਹੇ ਹਨ ਕਿ ਲੋਕਾਂ ਦਾ ਪੁਸਤਕਾਂ ਤੋਂ ਮੋਹ ਭੰਗ ਹੋ ਰਿਹਾ ਹੈ ਤੇ ਦੂਸਰੇ ਬੰਨੇ ਵੱਡੀ ਗਿਣਤੀ ਵਿੱਚ ਪਾਠਕ ਨਰਿੰਦਰ ਸਿੰਘ ਕਪੂਰ ਨੂੰ ਪੜ੍ਹ ਰਹੇ ਹਨ। ਇਸ ਕਰਕੇ ਨਰਿੰਦਰ ਕਪੂਰ ਦੀ ਕਿਤਾਬ ਦਾ ਅਧਿਐਨ ਕਰਨਾ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ।

ਡਾ. ਨਰਿੰਦਰ ਕਪੂਰ ਦਾ ਇੱਕ ਸਟਾਈਲ ਹੈ। ਉਨ੍ਹਾਂ ਦਾ ਇਹ ਸਟਾਈਲ ਬਾਕੀ ਕਿਤਾਬਾਂ ਵਾਂਗ ਇਸ ਕਿਤਾਬ ਵਿੱਚੋਂ ਵੀ ਸਪੱਸ਼ਟ ਦਿਖਾਈ ਦਿੰਦਾ ਹੈ। ਉਨ੍ਹਾਂ ਦੀਆਂ ਟੂਕਾਂ ਪੜ੍ਹਨ ਵਾਲੇ ਨੂੰ ਖਿੱਚ ਪਾਉਂਦੀਆਂ ਹਨ, ਭਾਵੇਂ ਉਹ ਟੂਕਾਂ ਤਰਕ ਦੀ ਕਸੌਟੀ 'ਤੇ ਪੂਰੀਆਂ ਵੀ ਨਾ ਉਤਰਨ। ਉਹ ਲਿਖਦੇ ਹਨ, ਵਕਤ ਬਹੁਤ ਕੁਝ ਸਿਖਾਉਂਦਾ ਹੈ, ਪਰ ਵਕਤ-ਸਿਰ ਨਹੀਂ ਸਿਖਾਉਂਦਾ। ਅਸੀਂ ਆਪਣੇ ਫੈਸਲਿਆਂ ਰਾਹੀਂ ਵਿਕਾਸ ਕਰਦੇ ਅਤੇ ਨਿੱਖਰਦੇ ਹਾਂ । ਜਦੋਂ ਸੋਚ ਬਦਲ ਜਾਂਦੀ ਹੈ ਤਾਂ ਬੰਦਾ ਹੀ ਨਹੀਂ, ਉਸ ਦੀ ਦੁਨੀਆ ਵੀ ਬਦਲ ਜਾਂਦੀ ਹੈ।ਭਾਰਤ ਵਿਚ ਜਿਸ ਨੇ ਵੀ ਯੁੱਧ ਵਿਚ ਹਾਥੀ ਵਰਤੇ ਹਨ, ਉਹ ਹਾਰਿਆ ਹੈ। ਹੁਣ ਹਰ ਥਾਂ ਨਵੀਂ ਕਿਸਮ ਦੇ ਵਲੀ-ਕੰਧਾਰੀ ਅਤੇ ਸੱਜਣ-ਠੱਗ ਮਿਲਦੇ ਹਨ। ਜ਼ਿੰਦਗੀ ਵਿਚ ਸਾਰੇ ਮੌਸਮ ਬਰਦਾਸ਼ਤ ਕਰਨੇ ਪੈਂਦੇ ਹਨ, ਕਰਨੇ ਵੀ ਚਾਹੀਦੇ ਹਨ। ਘਰ-ਪਰਵਾਰ ਵਿਚ ਰੌਣਕ ਆਮਦਨ ਨਾਲ ਅਤੇ ਖੁਸ਼ੀ ਬੱਚਤ ਨਾਲ ਆਉਂਦੀ ਹੈ।ਪੱਛੜੇ ਸਮਾਜਾਂ ਵਿਚ ਸੋਚਣ ਤੋਂ ਬਚਣ ਲਈ ਪਰੰਪਰਾ ਪਾਲੀ ਜਾਂਦੀ ਹੈ ।ਜੇ ਗੱਲ-ਬਾਤ ਨਾਲ ਝਗੜਾ ਨਹੀਂ ਨਿਬੜਦਾ, ਤਾਂ ਮੁਕੱਦਮੇ ਨਾਲ ਵੀ ਨਹੀਂ ਨਿਬੜੇਗਾ ।ਪੈਰਿਸ ਵਿਚ ਰਾਤ ਨੂੰ ਤਾਰੇ ਕੋਈ ਨਹੀਂ ਵੇਖਦਾ, ਉੱਥੇ ਚੰਨ ਹੀ ਚੜ੍ਹਦੇ ਹਨ ! ਕਵੀ ਅਤੇ ਕਲਾਕਾਰ ਦੀ ਪ੍ਰੇਰਨਾ ਪਤਨੀ ਕਦੇ ਨਹੀਂ, ਹਮੇਸ਼ਾ ਪ੍ਰੇਮਿਕਾ ਹੀ ਬਣਦੀ ਹੈ। ਹੁਣ ਕਿਸੇ ਨੂੰ ਕਿਸੇ 'ਤੇ ਵਿਸ਼ਵਾਸ ਨਹੀਂ ਰਿਹਾ, ਹੁਣ ਹਰ ਕੋਈ ਇਕ ਅੱਖ ਖੋਲ੍ਹ ਕੇ ਸੌਂਦਾ ਹੈ । ਮਨੁੱਖ ਦੀ ਇਕਾਗਰ ਹੋਣ ਅਤੇ ਧਿਆਨ ਦੇਣ ਦੀ ਯੋਗਤਾ ਗੁਆਚਦੀ ਜਾ ਰਹੀ ਹੈ । ਅਜੋਕੇ ਯੁੱਗ ਵਿਚ ਜ਼ੋਰ ਨਾਲੋਂ ਤਕਨੀਕ ਵਧੇਰੇ ਮਹੱਤਵਪੂਰਨ ਹੋ ਗਈ ਹੈ । ਪੜ੍ਹੋਗੇ, ਸੋਚਣ ਲੱਗ ਜਾਓਗੇ; ਸੋਚੋਗੇ, ਬੋਲਣ ਅਤੇ ਲਿਖਣ ਲੱਗ ਜਾਓਗੇ । ਅਧੂਰਾ ਕੰਮ ਚਿੰਤਾ ਉਪਜਾਉਂਦਾ ਹੈ ਅਤੇ ਹੋਰ ਕੰਮਾਂ ਵਿਚ ਵਿਘਨ ਪਾਉਂਦਾ ਹੈ। ਸਾਊ ਬੰਦੇ ਹੁਣ ਪੱਛੜੀ ਜਾਤੀ ਬਣਦੇ ਜਾ ਰਹੇ ਹਨ, ਜਿਨ੍ਹਾਂ ਦੀ ਕਿਧਰੇ ਵਾਰੀ ਹੀ ਨਹੀਂ ਆਉਂਦੀ। ਨਰਿੰਦਰ ਕਪੂਰ ਹੁਰਾਂ ਨੇ ਹੁਣ ਤੱਕ ਢੇਰਾਂ ਕਿਤਾਬਾਂ ਲਿਖੀਆਂ ਹਨ। ਸੰਸਾਰ ਭਰ ਵਿੱਚ ਵਸਦੇ ਪੰਜਾਬੀ ਜਦੋਂ ਵੀ ਭਾਰਤ ਆਉਂਦੇ ਨੇ ਤਾਂ ਉਹ ਨਰਿੰਦਰ ਸਿੰਘ ਕਪੂਰ ਦੀ ਨਵੀਂ ਕਿਤਾਬ ਦੀ ਤਲਾਸ਼ ਵਿੱਚ ਜੁਟ ਜਾਂਦੇ ਹਨ। ਪਰਦੇਸਾਂ ਵਿੱਚ ਵਸਦੇ ਪੰਜਾਬੀ ਪਿਛੋਕੜ ਵਾਲੇ ਸਧਾਰਨ ਲੋਕ ਕਪੂਰ ਦੇ ਪਾਠਕ ਹਨ।



ਨਰਿੰਦਰ ਸਿੰਘ ਕਪੂਰ ਨੂੰ ਜਿੰਨੀ ਸ਼ਿੱਦਤ ਨਾਲ ਪੜ੍ਹਿਆ ਜਾ ਰਿਹਾ, ਉਸ ਤੋਂ ਵੱਧ ਸ਼ਿੱਦਤ ਨਾਲ ਉਸ ਨੂੰ ਸੁਣਿਆ ਵੀ ਜਾ ਰਿਹਾ ਹੈ। ਇਸ ਕਰਕੇ ਅਨੇਕਾਂ ਸਵਾਲ ਇਸ ਗੱਲ ਨਾਲ ਜੁੜਦੇ ਹਨ ਕਿ ਆਖਰ ਨਰਿੰਦਰ ਕਪੂਰ ਦੀ ਵਾਰਤਕ ਵਿੱਚ ਅਜਿਹਾ ਕੀ ਹੈ ? ਜਿਹੜਾ ਪਾਠਕਾਂ ਨੂੰ ਆਪਣੇ ਨਾਲ ਖਿੱਚੀ ਬੈਠਾ ਹੈ। ਕਪੂਰ ਹੁਰਾਂ ਦੀ ਸ਼ੈਲੀ ਵਿੱਚ ਇੰਨਾ ਦਮ ਹੈ ਕਿ ਉਹ ਪਾਠਕ ਨੂੰ ਆਪਣੇ ਨਾਲ ਰੋੜ੍ਹ ਕੇ ਲੈ ਜਾਣ ਦੇ ਸਮਰੱਥ ਹੈ, ਜਿਵੇਂ ਹੜ੍ਹ ਹਰ ਨਿੱਕੀ-ਮੋਟੀ ਵਸਤੂ ਨੂੰ ਆਪਣੇ ਨਾਲ ਰੋੜ੍ਹ ਕੇ ਲੈ ਜਾਂਦਾ ਹੈ। ਨਰਿੰਦਰ ਕਪੂਰ ਦੀ ਉਸ ਵਿਸ਼ੇਸ਼ ਸ਼ੈਲੀ ਉਸ ਦੇ ਅੰਦਾਜ਼ੇ ਬਿਆਨ ਵਿਚ ਹੈ। ਬਹੁਤੇ ਥਾਂ ਉਸ ਦਾ ਇਹ ਬਿਆਨ ਵਿਰੋਧਾਭਾਸੀ ਵੀ ਹੁੰਦਾ ਹੈ। ਜੀਵਨੀ ਮੂਲਕ ਲੇਖਾਂ ਵਿੱਚ ਜਿੱਥੇ ਨਰਿੰਦਰ ਸਿੰਘ ਕਪੂਰ ਦਾ ਵਿਸ਼ਾ-ਵਸਤੂ ਸਪੱਸ਼ਟ ਹੈ, ਉੱਥੇ ਉਸ ਦਾ ਉਸ ਦੇ ਬਿਰਤਾਂਤ ਵਿੱਚ ਰਵਾਨਗੀ ਆਉਂਦੀ ਹੈ, ਉਸ ਦੀ ਵਾਰਤਕ ਹਮੇਸ਼ਾ ਕਾਵਿਕ ਰਹਿੰਦੀ ਹੈ ਤੇ ਵਿਚਾਰਧਾਰਕ ਹੋਣ ਦਾ ਭਰਮ ਸਿਰਜਦੀ ਹੈ। ਉਹ ਸਹਿਜ ਰੂਪ ਵਿੱਚ ਹੋ ਕੇ ਲਿਖਦਾ, ਉਸ ਦੇ ਵੇਰਵੇ ਇੰਨੇ ਰੌਚਕ ਬਣਾ ਕੇ ਪੇਸ਼ ਕਰਦਾ ਕਿ ਇਹ ਉਸ ਦਾ ਵਿਲੱਖਣ ਅੰਦਾਜ਼ ਪਾਠਕਾਂ ਨੂੰ ਖਿੱਚ ਲੈਂਦਾ ਹੈ ।

ਨਰਿੰਦਰ ਕਪੂਰ ਦੇ ਪੁਰਖੇ ਪਾਕਿਸਤਾਨ 'ਚੋਂ ਉੱਜੜ ਕੇ ਆਏ, ਜਦੋਂ 1947 ਵਿੱਚ ਦੇਸ਼ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ। ਨਰਿੰਦਰ ਕਪੂਰ ਦੇ ਪਰਵਾਰ ਦੇ ਜੀ ਦੋ ਸਾਲਾਂ ਦੇ ਨਰਿੰਦਰ ਨੂੰ ਚੁੱਕ ਕੇ ਭਾਰਤ ਵੱਲ ਪਰਤ ਰਹੇ ਸਨ। ਇੱਕ ਬੱਚਾ ਜਿਹੜਾ ਉਹ ਸਫ਼ਰ 'ਤੇ ਸੀ, ਜਿਸ ਸਫਰ ਨੇ ਉਸ ਦੀ ਜ਼ਿੰਦਗੀ ਨੂੰ ਬਦਲ ਦੇਣਾ ਸੀ। ਉਸ ਦੁਖਾਂਤਕ ਵੰਡ ਦਾ ਉਸ ਨੂੰ ਕੁਝ ਵੀ ਯਾਦ ਨਹੀਂ। ਜਿਹੜੀਆਂ ਤਲਖ-ਹਕੀਕਤਾਂ ਉਸ ਦੇ ਪਰਵਾਰ ਨੇ ਉਹਨਾਂ ਸਮਿਆਂ ਵਿੱਚ ਹੰਢਾਈਆਂ ਤੇ ਜਿਨ੍ਹਾਂ ਬਾਰੇ ਉਸ ਨੂੰ ਦੱਸੀਆਂ, ਜਦੋਂ ਪਾਠਕ ਉਸ ਵਰਨਣ ਨੂੰ ਪੜ੍ਹਦਾ ਤੇ ਜਾਣਦਾ ਹੈ ਤਾਂ ਖੁਦ ਨੂੰ ਉਹਨਾਂ ਪਾਗਲ ਤੇ ਬੇਚੈਨ ਸਮਿਆਂ ਵਿੱਚੋਂ ਦੀ ਗੁਜ਼ਰਦਾ ਹੋਇਆ ਮਹਿਸੂਸ ਕਰਦਾ ਹੈ। ਡਾ. ਨਰਿੰਦਰ ਸਿੰਘ ਕਪੂਰ ਦੇ ਮਾਪੇ ਜਦੋਂ ਸ਼ਰਨਾਰਥੀਆਂ ਦੇ ਟੋਲੇ ਨਾਲ ਭਾਰਤੀ ਪੰਜਾਬ ਵੱਲ ਆ ਹੀ ਰਹੇ ਸਨ ਤੇ ਉਸ ਵੇਲੇ ਟਰੰਕ ਦੀ ਅੱਸੀ ਨਰਿੰਦਰ ਦੇ ਬਾਬੇ ਦੀ ਅੱਖ ਵਿੱਚ ਵੱਜ ਜਾਣ ਨਾਲ ਬਾਬੇ ਨੂੰ ਦਿਸਣੋਂ ਹਟ ਗਿਆ। ਬਜ਼ੁਰਗ ਬਾਬਾ ਚੱਲਣ ਦੇ ਸਮਰੱਥ ਨਹੀਂ ਰਿਹਾ। ਸਫਰ ਦੇ ਭੰਨੇ ਬੱਚਿਆਂ ਨੂੰ ਸੰਭਾਲਦੇ ਮਾਂ-ਬਾਪ ਲਈ ਬਾਪੂ ਵੀ ਸੰਭਾਲਣਾ ਹੋਰ ਮੁਸ਼ਕਿਲ ਹੋ ਰਿਹਾ ਸੀ। ਅੰਤ ਬਾਪੂ ਨੇ ਫੈਸਲਾ ਕੀਤਾ ਕਿ ਮੈਨੂੰ ਰਸਤੇ ਵਿੱਚ ਛੱਡ ਕੇ ਆਪ ਸੁਰੱਖਿਅਤ ਥਾਂ 'ਤੇ ਚਲੇ ਜਾਓ। ਕਿਹੋ ਜਿਹੀ ਮਜਬੂਰੀ ਰਹੀ ਹੋਏਗੀ ਕਿ ਆਪਣੇ ਚਾਰੇ ਬੱਚਿਆਂ ਨੂੰ ਲੈ ਕੇ ਨਰਿੰਦਰ ਕਪੂਰ ਦੇ ਮਾਂ-ਬਾਪ ਆਪਣੇ ਬਾਪੂ ਨੂੰ ਇੱਕ ਖੂਹ ਦੇ ਕਿਨਾਰੇ 'ਤੇ ਛੱਡ ਕੇ ਆ ਗਏ। ਇਸ ਸਦਮੇ ਨੇ ਨਰਿੰਦਰ ਕਪੂਰ ਦੇ ਬਾਪ ਨੂੰ ਮਾਨਸਿਕ ਤੌਰ 'ਤੇ ਤੋੜ ਦਿੱਤਾ। ਉਹ ਇਸ ਸਦਮੇ 'ਚੋਂ ਉੱਭਰ ਨਹੀਂ ਸਕਿਆ। ਇਸੇ ਕਰਕੇ ਉਹ ਮਾਨਸਿਕ ਤੌਰ 'ਤੇ ਬਿਮਾਰ ਹੋ ਗਿਆ। ਬਾਪੂ ਪ੍ਰਤੀ ਉਸ ਦੀ ਸ਼ਰਧਾ, ਜ਼ਿੰਮੇਵਾਰੀ ਤੇ ਗੈਰ ਜ਼ਿੰਮੇਵਾਰੀ ਦੇ ਦਵੰਦ ਵਿੱਚੋਂ ਉਪਜੇ ਅਹਿਸਾਸ ਨੇ ਜਿਸ ਤਰ੍ਹਾਂ ਉਸ ਨੂੰ ਉਮਰ ਭਰ ਲਈ ਨਥਾਣਾ ਕਰ ਦਿੱਤਾ, ਮਾਂ ਨੇ ਪਾਸਪੋਰਟ ਬਣਾ ਕੇ ਇੱਕ ਵਾਰੀ ਫਿਰ ਪਾਕਿਸਤਾਨ ਵਿੱਚ ਜਾ ਕੇ ਬਜ਼ੁਰਗ ਬਾਪੂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਅਸਫ਼ਲ ਰਹੀ। ਸ਼ਰਨਾਰਥੀ ਹੋਣਾ ਆਪਣੇ-ਆਪ ਵਿੱਚ ਇੱਕ ਦੁਖਾਂਤ ਹੈ, ਹੋਰ ਕਰੋੜਾਂ ਲੋਕਾਂ ਵਾਂਗ ਜਿਹੜਾ ਦੁਖਾਂਤ ਨਰਿੰਦਰ ਕਪੂਰ ਦੇ ਪਰਵਾਰ ਨੇ ਝੱਲਿਆ ਤੇ ਜਿਸ ਕਰਕੇ ਨਰਿੰਦਰ ਕਪੂਰ ਦੀ ਮਾਂ ਨੂੰ ਲੋਕਾਂ ਦੇ ਘਰ ਭਾਂਡੇ ਮਾਂਜਣੇ ਪਏ, ਨਰਿੰਦਰ ਕਪੂਰ ਨੂੰ ਬਚਪਨ ਵਿੱਚ ਡਾਕਟਰ ਦੇ ਕਲੀਨਿਕ ਦੀ ਸਫਾਈ ਕਰਨੀ ਪਈ। ਇਸ ਸਾਰੇ ਕੰਮ ਦੇ ਮਾਹੌਲ ਵਿੱਚੋਂ ਜਿਹੜੀ ਚੀਜ਼ ਨਰਿੰਦਰ ਕਪੂਰ ਨੂੰ ਸਭ ਤੋਂ ਸੌਖੀ ਲੱਗਦੀ ਸੀ, ਉਹ ਸੀ ਪੜ੍ਹਨਾ। ਇਸੇ ਵਿੱਚੋਂ ਉਸ ਨੂੰ ਪੜ੍ਹਨ ਦੀ ਚੇਟਕ ਲੱਗੀ।

ਹਾਦਸਿਆਂ ਦਾ ਦਰਦ ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ, ਪੈਰਸ ਕਦੋਂ ਜਾਓਗੇ, ਇਸ ਲੜੀ ਦੇ ਲੇਖ ਹਨ, ਜਿਹੜੇ ਕਿਸੇ ਫਿਲਮ ਦੀ ਕਹਾਣੀ ਵਾਂਗ ਤੁਹਾਡੀਆਂ ਅੱਖਾਂ ਸਾਹਮਣੇ ਚੱਲਦੇ। ਲੇਖਕ ਦੇ ਵਿਰੋਧਾਭਾਸ ਦਾ ਸਿਖਰ ਇਹ ਹੈ ਕਿ ਲੇਖਕ ਇੱਕ ਲੇਖ ਵਿੱਚ ਲਿਖਦਾ ਹੈ ਕਿ ਬੇਬੇ ਨੇ ਤਾਂ ਸਾਰੀ ਉਮਰ ਬਿਮਾਰ ਬਾਪ ਨੂੰ ਸਾਂਭਦੀ ਨੇ ਕੱਟ ਦਿੱਤੀ, ਇਸ ਕਿਸਮ ਦਾ ਜ਼ਿਕਰ ਉਹ ਦੋ ਲੇਖਾਂ ਵਿੱਚ ਕਰਦਾ ਹੈ। ਦੂਸਰੇ ਪਾਸੇ ਕਿਸੇ ਹੋਰ ਲੇਖ ਵਿੱਚ ਲੇਖਕ ਇਹ ਵੀ ਆਖ ਰਿਹਾ ਹੈ, ਸਾਡੇ ਘਰ ਬਿਮਾਰ ਹੋਣ ਦਾ ਕਿਸੇ ਕੋਲ ਵਿਹਲ ਹੀ ਨਹੀਂ ਸੀ। ਕੀ ਲੇਖਕ ਭੁੱਲ ਚੁੱਕਾ ਕਿ ਉਸ ਨੇ ਕਿਸੇ ਲੇਖ ਵਿੱਚ ਇਹ ਲਿਖਿਆ ਕਿ ਮੇਰੇ ਬਾਪ ਮਾਨਸਿਕ ਰੋਗੀ ਸਨ ਤੇ ਉਹ ਸਾਰੀ ਉਮਰ ਚੁੱਪ ਰਹੇ। ਡਿਪਰੈਸ਼ਨ ਦੇ ਮਰੀਜ਼ ਹੋਣ ਕਰਕੇ ਉਹਨਾਂ ਨੇ ਕੋਈ ਕੰਮ ਨਹੀਂ ਕੀਤਾ ਜਾਂ ਨਰਿੰਦਰ ਕਪੂਰ ਮਾਨਸਿਕ ਬਿਮਾਰੀ ਨੂੰ ਬਿਮਾਰੀ ਨਹੀਂ ਸਮਝਦੇ ? ਜਾਂ ਨਰਿੰਦਰ ਕਪੂਰ ਇਹ ਸਮਝਦੇ ਹਨ ਕਿ ਮੇਰੇ ਲੇਖ ਉਹਨਾਂ ਲੋਕਾਂ ਨੇ ਪੜ੍ਹਨੇ ਹਨ, ਜਿਨ੍ਹਾਂ ਕੋਲ ਤਰਕ ਦੀ ਕਸਵੱਟੀ ਨਹੀਂ। ਜਿਹੜੇ ਲੋਕ ਸਵਾਲ ਕਰਨਾ ਨਹੀਂ ਜਾਣਦੇ। ਜਿਹੜੇ ਲੋਕ ਕੇਵਲ ਸਵਾਦ ਲੈਣ ਲਈ ਪੜ੍ਹਦੇ ਨੇ। ਇਸ ਸਾਰੇ ਦੇ ਬਾਵਜੂਦ ਡਾ. ਨਰਿੰਦਰ ਸਿੰਘ ਕਪੂਰ ਪੜ੍ਹਿਆ ਜਾ ਰਿਹਾ ਹੈ। ਉਸ ਦੇ ਪਾਠਕਾਂ ਨੂੰ ਨਵੀਂ ਕਿਤਾਬ ਦੀਆਂ ਮੁਬਾਰਕਾਂ।

ਸੰਪਰਕ 94647-97400

## ਪਾਠਕਨਾਮਾ



**(ਪੰਜਾਬੀ ਨਾਵਲ ਦੇ ਰਾਹਾਂ 'ਤੇ)**
**ਸੰਪਾਦਕ: ਨੇਹਾ ਨਾਯਾਬ, ਰਾਜੇਸ਼ ਬਰਾਜ**
**ਨਿਗਰਾਨ : ਜੰਗ ਬਹਾਦਰ ਗੋਇਲ**
**ਪੰਨੇ: 227 ਮੁੱਲ : 399 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਨੇਹਾ ਨਾਯਾਬ ਅਤੇ ਰਾਜੇਸ਼ ਬਰਾਜ ਦੁਆਰਾ ਜੰਗ ਬਹਾਦਰ ਗੋਇਲ ਦੀ ਨਿਗਰਾਨੀ ਹੇਠ ਸੰਪਾਦਤ ਕੀਤੀ ਪੁਸਤਕ 'ਪਾਠਕਨਾਮਾ' ਵਿੱਚ 16 ਨਾਮਵਰ ਨਾਵਲਕਾਰਾਂ ਦੀਆਂ ਰਚਨਾਵਾਂ ਬਾਰੇ ਖੋਜ-ਲੇਖ ਸ਼ਾਮਲ ਕੀਤੇ ਗਏ ਹਨ। ਇਸ ਤੋਂ ਪਹਿਲਾਂ ਨਿਗਰਾਨ ਜੰਗ ਬਹਾਦਰ ਗੋਇਲ ਦੀ ਪੁਸਤਕ ਸਾਹਿਤ ਸੰਜੀਵਨੀ ਤੋਂ ਪ੍ਰਭਾਵਤ ਇਸੇ ਨਾਮ ਵਾਲਾ ਇੱਕ ਵਟਸਐਪ ਗਰੁੱਪ ਬਣਿਆ ਸੀ, ਜਿਸ ਵਿੱਚ ਨਾ ਸਿਰਫ ਚੰਗੀਆਂ ਕਿਤਾਬਾਂ ਬਾਰੇ ਚਰਚਾ ਕੀਤੀ ਜਾਂਦੀ ਸੀ, ਸਗੋਂ ਮਹੀਨੇ ਵਿੱਚ ਇੱਕ ਵਾਰ ਜ਼ੂਮ ਮੀਟਿੰਗ ਕਰਕੇ ਪੁਸਤਕ ਵਿਚਾਰ ਵੀ ਕੀਤੀ ਜਾਂਦੀ ਸੀ। ਇਸੇ ਕਾਰਜ ਦੇ ਅਗਲੇ ਚਰਨ ਵਿੱਚ ਪੰਜਾਬੀ ਦੇ ਸ਼ਾਹਕਾਰ ਨਾਵਲ ਲਿਖਣ ਦਾ ਤਹੱਈਆ ਕਰਕੇ ਇਹ ਖੋਜ ਕਾਰਜ ਸ਼ੁਰੂ ਕੀਤਾ ਗਿਆ, ਜਿਸ ਦੇ ਫਲਸਰੂਪ ਹੱਥਲੀ ਪੁਸਤਕ ਪਾਠਕਨਾਮਾ ਹੋਂਦ ਵਿੱਚ ਆਈ। ਇਸ ਪੁਸਤਕ ਦਾ ਪਹਿਲਾ ਖੋਜ-ਲੇਖ ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਭਾਈ ਵੀਰ ਸਿੰਘ ਦੀ ਨਾਵਲ ਕਲਾ ਬਾਰੇ ਹੈ, ਜੋ ਪਰਵਿੰਦਰ ਕੌਰ ਦੁਆਰਾ ਲਿਖਿਆ ਗਿਆ ਹੈ। ਇਸ ਲੇਖ ਵਿੱਚ ਭਾਈ ਵੀਰ ਸਿੰਘ ਦੇ ਸਾਹਿਤਕ ਸਫ਼ਰ ਅਤੇ ਉਸ ਦੀਆਂ ਰਚਨਾਵਾਂ ਦੀ ਜਾਣਕਾਰੀ ਤੋਂ ਬਾਅਦ 'ਸੁੰਦਰੀ' ਨਾਵਲ ਦੇ ਕਥਾਨਕ ਬਾਰੇ ਕੀਤੀ ਚਰਚਾ ਸੁਰਤੀ ਤੋਂ ਸੁੰਦਰ ਕੌਰ ਅਤੇ ਫਿਰ ਸੁੰਦਰੀ ਬਣਨ ਦੀ ਕਥਾ ਤੱਕ ਪੁੱਜਦੀ ਹੈ। ਇਸ ਦੇ ਨਾਲ਼ ਹੀ ਇਸ ਨਾਵਲ ਨੂੰ ਇਤਿਹਾਸਕ ਪ੍ਰਸੰਗ ਵਿੱਚ ਵੀ ਵਿਚਾਰਿਆ ਗਿਆ ਹੈ ਅਤੇ ਇਸ ਨਾਵਲ ਨੂੰ ਕਲਗੀਧਰ ਦਸਮ ਪਿਤਾ ਅਨੁਸਾਰ ਆਦਰਸ਼ਵਾਦੀ ਪੰਥਕ ਜੀਵਨ ਦੇ ਅਨੁਸਾਰੀ ਸਥਾਪਤ ਕਰਕੇ ਪੰਥ ਦੀ ਜਾਗ੍ਰਤੀ ਦਾ ਮਾਧਿਅਮ ਮੰਨਿਆ ਗਿਆ ਹੈ। ਅਗਲਾ ਲੇਖ ਰਮਨ ਸਿੱਧੂ ਦੁਆਰਾ ਲਿਖਿਆ ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਬਾਰੇ ਹੈ। ਪਹਿਲੇ ਖੋਜ-ਲੇਖ ਵਾਂਗ ਹੀ ਨਾਨਕ ਸਿੰਘ ਦੇ ਜਨਮ, ਬਚਪਨ ਅਤੇ ਜੀਵਨ ਦੇ ਸੰਘਰਸ਼ਾਂ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਉਸ ਜੇਲ੍ਹ ਯਾਤਰਾ ਦਾ ਬਿਊਰਾ ਦਿੰਦਾ ਹੈ, ਜਿਸ ਵਿੱਚੋਂ ਨਾਨਕ ਸਿੰਘ ਨੂੰ ਮੁਨਸ਼ੀ ਪ੍ਰੇਮ ਚੰਦ ਦਾ ਸਾਹਿਤ ਪੜ੍ਹ ਕੇ ਨਾਵਲ ਲਿਖਣ ਦੀ ਚਿਣਗ ਲੱਗੀ। ਇਸ ਜਾਣਕਾਰੀ ਤੋਂ ਬਾਅਦ ਨਾਨਕ ਸਿੰਘ ਦੁਆਰਾ ਰਚੇ ਮਨੋਵਿਗਿਆਨਿਕ ਨਾਵਲ 'ਪਵਿੱਤਰ ਪਾਪੀ' ਦੇ ਮੁੱਖ ਪਾਤਰ ਕੇਦਾਰ ਉਰਫ ਕਮਾਲ ਦੀ ਗੱਲ ਕੀਤੀ ਗਈ ਹੈ, ਜੋ ਅਣਜਾਣਪੁਣੇ ਵਿੱਚ ਪੰਨਾ ਲਾਲ ਦੀ ਨੌਕਰੀ 'ਤੇ ਕਾਬਜ਼ ਹੋਣ ਕਾਰਨ ਉਸ ਦੁਆਰਾ ਕੀਤੀ ਖ਼ੁਦਕੁਸ਼ੀ ਦਾ ਮੁਜਰਮ ਖ਼ੁਦ ਨੂੰ ਸਮਝਣ ਲੱਗਦਾ ਹੈ। ਜਸਵੰਤ ਸਿੰਘ ਕੰਵਲ ਦੇ ਨਾਵਲ 'ਪੂਰਨਮਾਸ਼ੀ' ਬਾਰੇ ਖੋਜ-ਲੇਖ ਡਾ. ਮਨਦੀਪ ਕੌਰ ਰਾਏ ਨੇ ਲਿਖਿਆ ਹੈ, ਜਿਸ ਵਿੱਚ ਨਾਵਲਕਾਰ ਦੇ ਜੀਵਨ ਬਿਊਰੇ ਤੋਂ ਬਾਅਦ ਨਾਵਲ ਦਾ ਵਿਸ਼ੇਗਤ ਅਧਿਐਨ ਕੀਤਾ ਗਿਆ ਹੈ। ਡਾ. ਮਨਦੀਪ ਕੌਰ ਰਾਏ ਦਾ ਦੂਸਰਾ ਖੋਜ-ਲੇਖ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਬਾਰੇ ਹੈ। ਗੁਰਦਿਆਲ ਸਿੰਘ ਦੀ ਜ਼ਿੰਦਗੀ ਬਾਰੇ ਸੰਖੇਪ ਜਾਣਕਾਰੀ ਦੇਣ ਤੋਂ ਬਾਅਦ ਇਸ ਵਿੱਚ ਨਾਵਲ ਦੇ ਕਥਾਨਕ ਬਾਰੇ ਗੱਲ ਕੀਤੀ ਗਈ ਹੈ। ਇਸ ਦੇ ਨਾਲ਼ ਹੀ ਇਸ ਨਾਵਲ ਦੇ ਹੋਰਨਾਂ ਭਾਸ਼ਾਵਾਂ ਵਿੱਚ ਹੋਏ ਅਨੁਵਾਦਾਂ ਦਾ ਵੀ ਜਾਇਜ਼ਾ ਲਿਆ ਗਿਆ ਹੈ। ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਨੂੰ ਵਿਸ਼ਾ ਬਣਾ ਕੇ ਖੋਜ-ਲੇਖ ਆਪ ਨੇਹਾ ਨਾਯਾਬ ਦੁਆਰਾ ਲਿਖਿਆ ਹੈ। ਪੁਸਤਕ ਦੇ ਬਾਕੀ ਲੇਖਾ ਵਾਂਗ ਇਸ ਵਿੱਚ ਵੀ ਪਹਿਲਾਂ ਅੰਮ੍ਰਿਤਾ ਪ੍ਰੀਤਮ ਦੇ ਜ਼ਿੰਦਗੀ ਬਾਰੇ ਵਿਸਤ੍ਰਿਤ ਜਾਣਕਾਰੀ ਦੇਣ ਤੋਂ ਬਾਅਦ ਉਸ ਦੇ ਨਾਵਲ 'ਪਿੰਜਰ' ਦੇ ਵਿਸ਼ੇ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਪੁਸਤਕ ਦੇ ਸੰਪਾਦਕ ਰਾਜੇਸ਼ ਬਰਾਜ ਦੁਆਰਾ ਤਿੰਨ ਨਾਵਲਾਂ ਨੂੰ ਵਿਸ਼ਾ ਬਣਾ ਕੇ ਲੇਖ ਲਿਖੇ ਗਏ ਹਨ। ਪਹਿਲਾ ਲੇਖ ਗਿਆਨੀ ਕੇਸਰ ਸਿੰਘ ਦੇ ਨਾਵਲ 'ਜੰਗੀ ਕੈਦੀ' ਬਾਰੇ ਹੈ। ਗਿਆਨੀ ਕੇਸਰ ਸਿੰਘ ਦੇ ਦੂਸਰੇ ਵਿਸ਼ਵ ਯੁੱਧ ਸਮੇਂ ਅਰਜਿਤ ਕੀਤੇ ਅਨੁਭਵਾਂ ਅਤੇ ਇਸ ਨਾਵਲ ਦੇ ਬਿਰਤਾਂਤਕ ਪਾਸਾਰਾਂ ਦੀ ਤੁਲਨਾ ਇਸ ਲੇਖ ਵਿੱਚ ਕੀਤੀ ਗਈ ਹੈ। ਨਾਲ ਹੀ ਦੂਸਰੇ ਵਿਸ਼ਵ ਯੁੱਧ ਨੂੰ ਕੇਂਦਰ ਵਿੱਚ ਰੱਖ ਕੇ ਲਿਖੇ ਗਏ ਬਾਕੀ ਨਾਵਲਾਂ ਦੀ ਗੱਲ ਵੀ ਇਸ ਲੇਖ ਵਿੱਚ ਕੀਤੀ ਗਈ ਹੈ। ਰਾਜੇਸ਼ ਦੁਆਰਾ ਲਿਖਿਆ ਦੂਸਰਾ ਲੇਖ ਡਾ. ਜੋਗਿੰਦਰ ਕੈਰੋਂ ਦੇ ਨਾਵਲ 'ਨਾਦ ਬਿੰਦ' ਬਾਰੇ ਹੈ। ਨਾਵਲਕਾਰ ਦੀ ਵਿਚਾਰਧਾਰਕ ਪ੍ਰਤੀਬੱਧਤਾ, ਸਾਧਾਰਨ ਮਨੁੱਖ ਅਤੇ ਉਸ ਦੇ ਜੀਵਨ ਯਥਾਰਥ ਨਾਲ ਜੁੜੇ ਅਨੇਕਾਂ ਪੱਖ ਅਤੇ ਪਾਸਾਰ ਜੋ ਨਾਵਲ ਦੇ ਕੇਂਦਰ ਵਿੱਚ ਕੰਮ ਕਰਦੇ ਹਨ, ਉਹਨਾਂ ਨੂੰ ਵਿਸ਼ਾ ਬਣਾ ਲਿਖਿਆ ਇਹ ਲੇਖ ਇਸ ਪੁਸਤਕ ਦੇ ਬਿਹਤਰੀਨ ਲੇਖਾਂ ਵਿੱਚ ਥਾਂ ਬਣਾਉਂਦਾ ਹੈ। ਉਸ ਦਾ ਤੀਸਰਾ ਲੇਖ ਮਨਮੋਹਨ ਬਾਵਾ ਦੇ ਨਾਵਲ 'ਯੁੱਧ ਨਾਦ' ਬਾਰੇ ਹੈ, ਜਿਸ ਵਿੱਚ ਉਹ ਨਾਵਲ ਦੀ ਇਤਿਹਾਸਕ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਮਨਮੋਹਨ ਬਾਵਾ ਦੀਆਂ ਵਿਲੱਖਣ ਨਾਵਲੀ ਜੁਗਤਾਂ ਦੀ ਗੱਲ ਵੀ ਕਰਦਾ ਹੈ।

ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੁ ਹਮਾਰਾ ਜੀਵਣਾ' ਬਾਰੇ ਖੋਜ-ਲੇਖ ਜਸ਼ਨ ਦੁਆਰਾ ਲਿਖਿਆ ਗਿਆ ਹੈ। ਇਸ ਖੋਜ-ਲੇਖ ਵਿੱਚ ਉਸ ਨੇ ਨਾਵਲ ਦੀਆਂ ਤਕਨੀਕੀ ਜੁਗਤਾਂ ਬਾਰੇ ਗੱਲ ਕਰਦਿਆਂ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਨਾਵਲ ਦੇ ਮੁੱਖ ਪਾਤਰ ਭਾਨੋ ਅਤੇ ਹੋਰ ਇਸਤਰੀ ਪਾਤਰਾਂ ਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਡਾ. ਮਨਜੀਤ ਸਿੰਘ ਦੁਆਰਾ ਵੀ ਦੋ ਖੋਜ-ਲੇਖ ਲਿਖੇ ਗਏ ਹਨ। ਪਹਿਲਾ ਲੇਖ ਕਰਨਲ ਨਰਿੰਦਰ ਪਾਲ ਸਿੰਘ ਦੇ ਨਾਵਲ 'ਬਾ ਮੁਲਾਹਜ਼ਾ ਹੋਸ਼ਿਆਰ' ਬਾਰੇ ਹੈ, ਜਿਸ ਵਿੱਚ ਨਾਵਲਕਾਰ ਦੇ ਜੀਵਨ ਦੇ ਸੰਖੇਪ ਬਿਊਰੇ ਤੋਂ ਬਾਅਦ ਨਾਵਲ ਦੇ ਵਿਲੱਖਣ ਵਿਸ਼ੇ ਬਾਰੇ ਗੱਲ ਕੀਤੀ ਗਈ ਹੈ ਅਤੇ ਮਨੁੱਖੀ ਰਿਸ਼ਤਿਆਂ ਅਤੇ ਸਮਾਜਿਕ ਬੰਧਨ ਦੇ ਬਦਲਾਅ ਦੀ ਪੇਸ਼ਕਾਰੀ ਕੀਤੀ ਗਈ ਹੈ। ਦੂਸਰਾ ਲੇਖ ਡਾ. ਮਨਜੀਤ ਸਿੰਘ ਅਤੇ ਨਿਤੇਸ਼ ਗਿੱਲ ਨੇ ਰਲ ਕੇ ਲਿਖਿਆ ਹੈ, ਜਿਸ ਵਿੱਚ ਹਰਕੀਰਤ ਕੌਰ ਚਹਿਲ ਦੇ ਨਾਵਲ 'ਆਦਮ ਗ੍ਰਹਿਣ' ਦੀ ਗੱਲ ਕੀਤੀ ਗਈ ਹੈ। ਇਹ ਨਾਵਲ ਤੀਸਰੇ ਲਿੰਗ ਅਰਥਾਤ ਕਿੰਨਰ ਭਾਈਚਾਰੇ ਦੀ ਜ਼ਿੰਦਗੀ ਨੂੰ ਵਿਸਥਾਰਪੂਰਵਕ ਬਿਆਨ ਕਰਦਾ ਹੈ। ਨਿਤੇਸ਼ ਗਿੱਲ ਦਾ ਇੱਕ ਹੋਰ ਲੇਖ ਬਲਦੇਵ ਸਿੰਘ ਦੇ ਨਾਵਲ 'ਲਾਲ ਬੱਤੀ' ਬਾਰੇ ਹੈ, ਜਿਸ ਵਿੱਚ ਵੱਡੇ ਸ਼ਹਿਰਾਂ ਦੇ ਲਾਲ ਬੱਤੀ ਇਲਾਕੇ ਦੀ ਜ਼ਿੰਦਗੀ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਲੇਖ ਵਿੱਚ ਨਿਤੇਸ਼ ਗਿੱਲ ਨੇ ਦੇਹ-ਧੰਦੇ ਵਿੱਚ ਲੱਗੀਆਂ ਔਰਤਾਂ ਦੀ ਜ਼ਹਿਨੀਅਤ ਦੇ ਪੱਖ ਤੋਂ ਇਸ ਨਾਵਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਦੇ ਅੰਤਮ ਦੋ ਖੋਜ-ਲੇਖ ਮਨਮੋਹਣ ਦੇ ਨਾਵਲ 'ਨਿਰਵਾਣ' ਬਾਰੇ ਹੈ, ਜੋ ਰਵਨੀਤ ਕੌਰ ਦਾ ਲਿਖਿਆ ਹੈ ਅਤੇ ਜਸਬੀਰ ਮੰਡ ਦੇ ਨਾਵਲ 'ਬੋਲ ਮਰਦਾਨਿਆ' ਬਾਰੇ ਹੈ, ਜੋ ਰਜਨੀਸ਼ ਜੱਸ ਦਾ ਲਿਖਿਆ ਹੈ। ਇਹਨਾਂ ਦੋਵਾਂ ਖੋਜ-ਲੇਖਾਂ ਵਿੱਚ ਵੀ ਆਲੋਚਕਾਂ ਨੇ ਇਹਨਾਂ ਨਾਵਲਾਂ ਦੀ ਵਿਲੱਖਣਤਾ ਨੂੰ ਵੱਖਰੇ-ਵੱਖਰੇ ਮਾਪਦੰਡਾਂ ਨਾਲ ਸਿੱਧ ਕੀਤਾ ਹੈ। ਇਸ ਢੰਗ ਨਾਲ ਇਹ ਪੁਸਤਕ ਪੰਜਾਬੀ ਨਾਵਲ ਦੀ ਆਲੋਚਨਾ ਦੇ ਖੇਤਰ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੁੰਦੀ ਹੈ, ਜਿਸ ਵਿੱਚ ਪੰਜਾਬੀ ਸਾਹਿਤ ਦੇ 16 ਬਿਹਤਰੀਨ ਨਾਵਲ ਅਤੇ ਨਾਮਵਰ ਨਾਵਲਕਾਰਾਂ ਦੀ ਗੱਲ ਕੀਤੀ ਗਈ ਹੈ। ਨਾਵਲ ਦੇ ਪਾਠਕਾਂ ਲਈ ਇਹ ਪੁਸਤਕ ਇੱਕ ਮਾਰਗ-ਦਰਸ਼ਕ ਸਿੱਧ ਹੋਵੇਗੀ।

— ਡਾ. ਸੰਦੀਪ ਰਾਣਾ

# ਪੁਸਤਕ ਰੀਵਿਊ

## ਮੋਟਾਪੇ ਤੋਂ ਛੁਟਕਾਰਾ

**(ਵਾਰਤਕ )**
**ਡਾ. ਸ਼ਿਆਮ ਸੁੰਦਰ ਦੀਪਤੀ**
**ਪੰਨੇ-112, ਮੁੱਲ-160 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਡਾ. ਸ਼ਿਆਮ ਸੁੰਦਰ ਦੀਪਤੀ ਦਾ ਸ਼ੁਮਾਰ ਪੰਜਾਬੀ ਭਾਸ਼ਾ ਦੇ ਉਨ੍ਹਾਂ ਲੇਖਕਾਂ ਵਿਚ ਹੈ, ਜੋ ਸਿਹਤ ਵਿਗਿਆਨ ਤੇ ਸਮਾਜ ਵਿਗਿਆਨ ਦੋਵਾਂ ਖੇਤਰਾਂ ਵਿਚ ਲੰਮੇ ਸਮੇਂ ਤੋਂ ਆਪਣਾ ਯੋਗਦਾਨ ਸਮਰਪਿਤ ਭਾਵ ਨਾਲ ਪਾ ਰਹੇ ਹਨ। ਉਸ ਨੇ ਲੰਮਾ ਸਮਾਂ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਕਮਿਊਨਿਟੀ ਮੈਡੀਸਨ ਵਿਭਾਗ ਦੇ ਪ੍ਰੋਫੈਸਰ ਵਜੋਂ ਜ਼ਿੰਮੇਵਾਰੀ ਨਿਭਾਈ ਹੈ ਤੇ ਇਹ ਜ਼ਿੰਮੇਵਾਰੀ ਨਿਭਾਉਂਦਿਆਂ ਉਸ ਦੀ ਕੋਸ਼ਿਸ਼ ਰਹੀ ਹੈ ਕਿ ਸਰੀਰ ਨੂੰ ਰੋਗ ਮੁਕਤ ਰੱਖਣ ਵਿੱਚ ਸਹਾਇਕ ਬਣ ਸਕਦੀਆਂ ਉਸ ਦੀਆਂ ਜਾਣਕਾਰੀਆਂ ਦਾ ਲਾਭ ਉਸ ਦੇ ਵਿਦਿਆਰਥੀਆਂ ਦੇ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਮਿਲੇ ।ਉਸ ਦੀ ਹਥਲੀ ਪੁਸਤਕ 'ਮੋਟਾਪਾ ਤੋਂ ਛੁਟਕਾਰਾ' ਦੇਸ਼ ਵਿਚ ਤੇਜ਼ੀ ਨਾਲ ਪੈਰ ਪਸਾਰ ਰਹੀ ਮੋਟਾਪੇ ਦੀ ਬਿਮਾਰੀ ਦੇ ਸਰੀਰਕ ਤੇ ਮਨੋ-ਸਮਾਜਿਕ ਕਾਰਨਾਂ ਦੀ ਨਿਸ਼ਾਨਦੇਹੀ ਵੀ ਕਰਦੀ ਹੈ ਤੇ ਇਸ ਤੋਂ ਛੁਟਕਾਰਾ ਪਾਉਣ ਲਈ ਵਿਵਹਾਰਕ ਤੇ ਵਿਗਿਆਨਕ ਉਪਾਅ ਵੀ ਦੱਸਦੀ ਹੈ। ਲੇਖਕ ਵੱਖ-ਵੱਖ ਬਿਮਾਰੀਆਂ ਦੇ ਪੈਦਾ ਹੋਣ ਦੇ ਕਾਰਨਾਂ ਬਾਰੇ ਚਰਚਾ ਕਰਦਾ ਹੈ ਤਾਂ ਮੁੱਖ ਤੌਰ 'ਤੇ ਇਹ ਸਿੱਟਾ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਮੋਟਾਪੇ ਵਰਗੀਆਂ ਬਿਮਾਰੀਆਂ ਕੁਦਰਤ ਨਾਲ ਸਾਡੇ ਵਿਗੜੇ ਸੰਬੰਧਾਂ ਅਤੇ ਕਿਰਤ ਸੱਭਿਆਚਾਰ ਨਾਲੋਂ ਟੁੱਟਣ ਦਾ ਨਤੀਜਾ ਹਨ।ਇਹ ਪੁਸਤਕ ਮੋਟਾਪਾ, ਕੈਸਟਰੋਲ ਤੇ ਸ਼ੂਗਰ ਵਰਗੀਆਂ ਬਿਮਾਰੀਆਂ 'ਤੇ ਕਾਬੂ ਪਾਉਣ ਲਈ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਲੋੜ ਨੂੰ ਵੀ ਉਭਾਰਦੀ ਹੈ। ਇਸ ਪ੍ਰਣਾਲੀ ਨੂੰ ਮਜ਼ਬੂਤ ਕਰਨ ਸੰਬੰਧੀ ਜਿਹੜੇ ਸੁਝਾਅ ਦਿੱਤੇ ਗਏ ਹਨ, ਉਹਨਾਂ ਵਿਚ ਸੰਤੁਲਿਤ ਖੁਰਾਕ ਦੀ ਵਰਤੋਂ, ਨਿਯਮਿਤ ਰੂਪ ਵਿਚ ਕਸਰਤ, ਸੈਰ ਦੀ ਆਦਤ, ਸਵੱਛ ਵਾਤਾਵਰਣ, ਤਣਾਓ ਮੁਕਤ ਜੀਵਨ ਸ਼ੈਲੀ ਤੇ ਚੰਗੇ ਤੇ ਸਾਰਥਿਕ, ਸਮਾਜਿਕ ਸੰਬੰਧਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ। ਪੁਸਤਕ ਇਲਾਜ ਨਾਲੋਂ ਪਰਹੇਜ਼ ਜ਼ਰੂਰੀ ਦੀ ਕਹਾਵਤ ਅਨੁਸਾਰ ਅਜਿਹੇ ਸੁਝਾਅ ਵੀ ਦਿੰਦੀ ਹੈ, ਜੋ ਸਰੀਰ ਦਾ ਸੁਰੱਖਿਆ ਕਵਚ ਬਣ ਕੇ ਉਸ ਦਾ ਰੋਗਾਂ ਤੋਂ ਬਚਾਅ ਕਰ ਸਕਦੇ ਹਨ। ਲੇਖਕ ਇਹ ਸੁਝਾਅ ਬਹੁਤ ਗੰਭੀਰਤਾ ਨਾਲ ਦਿੰਦਾ ਹੈ ਕਿ ਜੇ ਪੇਟ ਤੇ ਮੋਟਾਪੇ ਵਿਚਕਾਰ ਦੂਰੀ ਬਣਾ ਕੇ ਰੱਖਣੀ ਹੈ ਤਾਂ ਹੋਟਲਾਂ ਤੇ ਰੈਸਟੋਰੈਂਟਾਂ ਦੇ ਮਸਾਲੇਦਾਰ ਖਾਣਿਆਂ ਤੋਂ ਵੀ ਦੂਰੀ ਬਣਾ ਕੇ ਰੱਖਣੀ ਪਵੇਗੀ ਤੇ ਜੰਕ ਫੂਡ ਤੇ ਸ਼ਰਾਬ ਵਰਗੇ ਨਸ਼ੀਲੇ ਪਦਾਰਥਾਂ ਨਾਲੋਂ ਵੀ ਆਪਣਾ ਨਾਤਾ ਤੋੜਨਾ ਪਵੇਗਾ। ਲੇਖਕ ਵੱਲੋਂ ਤਿਆਰ ਕੀਤਾ ਇਹ ਮਾਟੋ ਪਾਠਕਾਂ ਦਾ ਧਿਆਨ ਵਿਸ਼ੇਸ਼ ਤੌਰ 'ਤੇ ਆਪਣੇ ਵੱਲ ਖਿੱਚਦਾ ਹੈ ਕਿ ਹੱਥੀਂ ਕੰਮ ਕਰਨ ਵਾਲਾ ਤੇ ਜੀਭ ਦੇ ਸੁਆਦ 'ਤੇ ਕੰਟਰੋਲ ਰੱਖਣ ਵਾਲਾ ਵਿਅਕਤੀ ਕਦੇ ਮੋਟਾ ਨਹੀਂ ਹੁੰਦਾ। ਭਾਵੇਂ ਲੇਖਕ ਪਾਠਕਾਂ ਦੀ ਇਸ ਮੁਸ਼ਕਲ ਨੂੰ ਸਮਝਦਾ ਹੈ ਕਿ ਪੁਸਤਕ ਵਿਚ ਸ਼ਾਮਲ ਕੀਤੇ ਗਏ ਸੰਤੁਲਿਤ ਖੁਰਾਕ ਬਾਰੇ ਚਾਰਟ ਤੇ ਟੇਬਲ ਪਾਠਕਾਂ ਨੂੰ ਯਾਦ ਰੱਖਣੇ ਔਖੇ ਹਨ, ਫਿਰ ਵੀ ਉਸ ਦੀ ਸਲਾਹ ਕਿ ਆਪਣੇ ਫਾਇਦੇ ਲਈ ਸਾਨੂੰ ਕੁਝ ਔਖੇ ਕੰਮ ਵੀ ਕਰ ਲੈਣੇ ਚਾਹੀਦੇ ਹਨ। ਉਸ ਦਾ ਮੰਨਣਾ ਹੈ ਕਿ ਨਿਰੰਤਰ ਅਭਿਆਸ ਕਰਦੇ ਰਹਿਣ ਨਾਲ ਹਰ ਔਖਾ ਕੰਮ ਸੌਖਾ ਹੋ ਜਾਂਦਾ ਹੈ । ਚਾਹੇ ਇਸ ਪੁਸਤਕ ਵਿਚ ਮੁੱਖ ਰੂਪ ਵਿਚ ਚਰਚਾ ਮੋਟਾਪੇ ਤੋਂ ਛੁਟਕਾਰਾ ਪਾਉਣ ਦੀ ਹੀ ਕੀਤੀ ਗਈ ਹੈ, ਪਰ ਇਸ ਵਿਚਲੀਆਂ ਜਾਣਕਾਰੀਆਂ ਹੋਰ ਵੀ ਬਹੁਤ ਸਾਰੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿਚ ਸਾਡੀ ਮਦਦ ਕਰ ਸਕਦੀਆਂ ਹਨ। ਆਮ ਤੌਰ 'ਤੇ ਸਿਹਤ ਵਿਗਿਆਨ ਦੀ ਤਕਨੀਕੀ ਭਾਸ਼ਾ ਪਾਠਕਾਂ ਨੂੰ ਘੱਟ ਸਮਝ ਆਉਂਦੀ ਹੈ, ਪਰ ਡਾਕਟਰ ਦੀਪਤੀ ਨੇ ਸਰੀਰਕ ਵਿਗਿਆਨ ਨਾਲ ਸੰਬੰਧਤ ਆਪਣੇ ਗਿਆਨ ਨੂੰ ਏਨੇ ਸਹਿਜ ਤੇ ਸੁਖਾਲੀ ਭਾਸ਼ਾ ਵਿਚ ਪਾਠਕਾਂ ਤੱਕ ਪੁੱਜਦਾ ਕੀਤਾ ਹੈ ਕਿ ਉਹ ਅਸਾਨੀ ਨਾਲ ਇਸ ਨੂੰ ਪੜ੍ਹ ਸਕਣ। ਪੁਸਤਕ ਦਾ ਪਾਠ ਹਰ ਉਮਰ ਵਰਗ ਦੇ ਪਾਠਕ ਲਈ ਲਾਹੇਵੰਦ ਹੈ।



— ਨਿਰੰਜਣ ਬੋਹਾ

## ਭਲਕ ਤੱਕ ਤਾਂ ਬੜੀ ਦੇਰ ਹੋ ਜਾਵੇਗੀ

**ਵਿਜੈ ਬੰਬੇਲੀ**
**ਸਫ਼ੇ-148, ਮੁੱਲ-ਭੇਟਾ ਰਹਿਤ**
**ਆਲ ਇੰਡੀਆ ਪਿੰਗਲਵਾੜਾ ਸੁਸਾਇਟੀ, ਅੰਮ੍ਰਿਤਸਰ**

ਦਰਜਨ ਤੋਂ ਵੱਧ ਪੁਸਤਕਾਂ ਦੇ ਖੋਜੀ ਲੇਖਕ ਹੁਸ਼ਿਆਰਪੁਰ ਜ਼ਿਲ੍ਹੇ ਦੇ ਜੰਮਪਲ ਨਿਰੰਤਰ ਲੋਕ ਮਸਲਿਆਂ, ਜਨਤਕ ਮਸਲਿਆਂ ਦੇ ਲਿਖਣ ਵਾਲੇ ਵਿਜੈ ਬੰਬੇਲੀ ਦੀ ਇਹ ਨਵੀਂ ਪੁਸਤਕ ਹੈ। ਪੂਰੇ 29 ਖੋਜ ਭਰੇ ਸਮਾਜ ਤੇ ਇਨਸਾਨ ਦੇ ਭਲੇ ਲਈ ਲਿਖੇ ਨਿਬੰਧ ਸਾਡੀ ਅਜੋਕੀ ਤਰਸਯੋਗ ਹਾਲਤ ਤੇ ਇਸ ਤੋਂ ਬਚਣ ਲਈ ਕੀਤੇ ਜਾ ਸਕਣ ਵਾਲੇ ਉਪਾਵਾਂ ਦੀ ਨਿਸ਼ਾਨਦੇਹੀ ਕਰਦੇ ਹਨ।

ਪੁਸਤਕ 'ਭਲਕ ਤੱਕ ਤਾਂ ਬੜੀ ਦੇਰ ਹੋ ਜਾਵੇਗੀ' ਅਤੀ ਜ਼ਰੂਰੀ ਲੋਕ ਕੁਦਰਤ, ਧਰਤੀ, ਵਾਤਾਵਰਣ, ਪਾਣੀ, ਹਵਾ, ਜੰਗਲ, ਰੁੱਖ, ਬਨਸਪਤੀ, ਪਸ਼ੂ-ਪੰਛੀ ਤੇ ਜੈਵਿਕ ਵਿਭਿੰਨਤਾ ਬਣਾਏ ਤੇ ਬਚਾਏ ਰੱਖਣ ਬਾਰੇ ਹੈ। ਆਧੁਨਿਕ ਮਨੁੱਖ ਪਦਾਰਥਵਾਦੀ ਰੁਚੀ ਅਧੀਨ ਕੁਦਰਤ ਦੀ ਸੰਭਾਲ ਤੋਂ ਮੂੰਹ ਲੁਕੋਈ ਬੈਠਾ ਹੈ। ਮਨੁੱਖ ਦੀ ਇਹ ਅਣਗਹਿਲੀ ਇਸ ਨੂੰ ਲੈ ਬੈਠੇਗੀ, ਪਰ ਫਿਰ ਵੀ ਕੁੱਝ ਪੇਂਡੂ, ਭੋਲੇ-ਭਾਲੇ ਗਰੀਬ ਲੋਕ ਇਕੱਠੇ ਹੋ ਕੇ ਪਾਣੀ ਦੀ ਸੰਭਾਲ ਲਈ ਤਲਾਬ ਪੁੱਟਦੇ ਹਨ। ਜੰਗਲ ਲਾਉਂਦੇ ਹਨ, ਧਰਤੀ ਨੂੰ ਕਚਰੇ ਤੋਂ ਬਚਾਉਂਦੇ ਹਨ, ਕੈਮੀਕਲਾਂ, ਰਸਾਇਣ ਖਾਦਾਂ ਤੋਂ ਰਹਿਤ ਹਨ। ਅਜਿਹੀਆਂ ਉਦਾਹਰਣਾਂ ਪੱਛਮੀ ਬੰਗਾਲ ਦੇ ਨੰਦੀਗ੍ਰਾਮ ਚੀਨ ਦਾ ਕੁੱਝ ਇਲਾਕਾ, ਜੰਗਲਾਂ ਤੇ ਜੀਵਾਂ ਲਈ ਰਾਖਵੇਂ ਰੱਖਦ ਤੇ ਪਹਾੜਾਂ ਦੇ ਮੁਹਾਣਿਆਂ ਤੇ ਕੱਚੇ-ਪੱਕੇ ਬੰਨ੍ਹ ਉਸਾਰਨ ਦਾ ਕਾਨੂੰਨ ਲਾਤੀਨੀ ਅਮਰੀਕੀ ਦੇਸ਼ਾਂ ਦਾ ਸਾਲਾਂ ਜੰਗਲ-ਐਮਾਜੋਨ, ਛੱਤੀਸਗੜ੍ਹ ਦੇ ਬਸਤਬ ਜ਼ਿਲ੍ਹੇ ਦਾ ਬਾਸਾਗੜ੍ਹ, ਕਸਬਾ ਰਾਜਸਥਾਨ ਦਾ ਮੇਘਾ ਡਾਂਗਰੀ ਤੇ ਮੇਵਾੜ ਖਿੱਤੇ ਦਾ ਪਿੰਡ ਅੜਗਾਵਾਂ, ਉਪਰੋਕਤ ਉਦਾਹਰਣਾਂ ਪ੍ਰਮਾਣ ਹਨ ਕਿ ਰਲ ਕੇ ਇਹ ਧਰਤੀ ਸੁਰਗ ਬਣਾਈ ਜਾ ਸਕਦੀ ਹੈ। ਲੇਖਕ ਨੇ ਧਰਤੀ, ਪਾਣੀ, ਜੰਗਲ, ਜਲਗਾਹਾਂ ਦੇ ਵਿਸ਼ੇ ਤੇ ਮਨੁੱਖ ਨੂੰ ਭਰਪੂਰ ਚਿਤਾਵਨੀ ਦਿੰਦਿਆਂ ਤੁਰੰਤ ਗੌਰ ਕਰਨ ਦੀ ਚੁਣੌਤੀ ਦਿੱਤੀ ਹੈ। ਉਸ ਨੇ ਇਸ ਦੇ ਅੰਤ 'ਤੇ 'ਤਾਂ ਕਿ ਸਨਦ ਰਹੇ' ਵਿੱਚ ਸੰਖੇਪ ਵਿੱਚ ਸਾਵਧਾਨ ਕੀਤਾ ਹੈ। ਹਰ ਲੇਖ ਦੇ ਅੰਤ 'ਤੇ ਸਿੱਟਾ ਕੱਢਿਆ ਹੈ।



ਵਿਜੈ ਬੰਬੇਲੀ ਦੀ ਇਸ ਪੁਸਤਕ ਨੂੰ ਭੇਟਾਂ ਰਹਿਤ ਛਾਪ ਕੇ ਘਰ-ਘਰ ਪਹੁੰਚਾਉਣ ਦਾ ਨੇਕ ਕਾਰਜ ਭਗਤ ਪੂਰਨ ਸਿੰਘ ਦੁਆਰਾ ਲਾਏ ਬੂਟੇ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਅੰਮ੍ਰਿਤਸਰ ਵੱਲੋਂ ਡਾ. ਇੰਦਰਜੀਤ ਕੌਰ ਪ੍ਰਧਾਨ ਨੇ ਕੀਤਾ ਹੈ। ਸੋ ਲੇਖਕ ਤੇ ਛਾਪਕ ਦਾ ਧੰਨਵਾਦ ਕਰਨ ਦੇ ਨਾਲ ਹਰ ਇੱਕ ਨੂੰ ਇਸ ਬੇਹੱਦ ਲੋੜੀਂਦੇ ਮਾਨਵਵਾਦੀ ਵਿਸ਼ੇ ਵੱਲ ਧਿਆਨ ਦੇ ਕੇ ਯਤਨ ਕਰਨੇ ਚਾਹੀਦੇ ਹਨ।

- ਤੇਜਾ ਸਿੰਘ ਤਿਲਕ, ਬਰਨਾਲਾ

# ਪੰਜਾਬ ਕਲਾ ਪ੍ਰੀਸ਼ਦ ਵੱਲੋਂ ਨਾਵਲਕਾਰ ਬਲਬੀਰ ਪਰਵਾਨਾ ਤੇ ਕੁਲਦੀਪ ਸਿੰਘ ਬੇਦੀ ਨਾਲ ਸੰਵਾਦ ਸਮਾਰੋਹ



**ਜਲੰਧਰ** : ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਲੋਂ ਪੰਜਾਬ ਦੀ ਨਵ ਸਿਰਜਣਾ ਤਹਿਤ ਆਰੰਭ ਕੀਤੀ ਪ੍ਰੋਗਰਾਮ ਲੜੀ 'ਸਿਰਜਣਾ ਅਤੇ ਸੰਵਾਦ' ਅਧੀਨ ਪਿਛਲੇ ਦਿਨੀਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਪ੍ਰਸਿੱਧ ਨਾਵਲਕਾਰ ਬਲਬੀਰ ਪਰਵਾਨਾ ਅਤੇ ਕੁਲਦੀਪ ਸਿੰਘ ਬੇਦੀ ਨਾਲ ਸੰਵਾਦ ਸਮਾਰੋਹ ਦਾ ਆਯੋਜਨ ਕਰਵਾਇਆ ਗਿਆ। ਸਮਾਰੋਹ ਦੇ ਆਰੰਭ ਮੌਕੇ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ ਜੇ ਬੀ ਸੇਖੋਂ ਨੇ ਕਿਹਾ ਕਿ ਕਲਾ ਪਰਿਸ਼ਦ ਵਲੋਂ ਉਲੀਕੀ ਇਹ ਸੰਵਾਦ ਲੜੀ ਲੇਖਕ, ਆਲੋਚਕ ਅਤੇ ਪਾਠਕ ਨੂੰ ਇਕ ਸਾਂਝਾ ਮੰਚ ਪ੍ਰਦਾਨ ਕਰਦੀ ਹੈ ਜਿਸ ਨਾਲ ਗਲਪ ਖੇਤਰ ਵਿੱਚ ਸੰਵਾਦ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਇਸ ਮੌਕੇ ਬਲਬੀਰ ਪਰਵਾਨਾ ਨੇ ਆਪਣੇ ਨਾਵਲਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਹ ਹਰ ਨਾਵਲ ਨੂੰ ਇਕ ਪ੍ਰਾਜੈਕਟ ਵਜੋਂ ਲੈਂਦੇ ਹਨ ਅਤੇ ਇਕ ਨਾਵਲ ਲਿਖਣ ਲਈ ਵੱਖ ਵੱਖ ਵਿਸ਼ਿਆਂ ਦੀ ਜਾਣਕਾਰੀ ਹੋਣੀ ਬਹੁਤ ਜਰੂਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਨਾਵਲਾਂ ਵਿੱਚ ਕਾਰਪੋਰੇਟ ਵਿਕਾਸ ਮਾਡਲ ਤੋਂ ਪੈਦਾ ਮਾਨਸਿਕ ਸਮਾਜਿਕ ਉਲਝਣਾਂ ਦਾ ਉਚੇਚਾ ਜਿਕਰ ਹੁੰਦਾ ਹੈ ਅਤੇ ਇਕ ਨਾਵਲਕਾਰ ਨੂੰ ਹਮੇਸ਼ਾਂ ਸਮੇਂ ਨਾਲ ਅੱਪਡੇਟ ਰਹਿ ਕੇ ਹੀ ਸਿਰਜਣਾ ਦੇ ਖੇਤਰ ਵਿੱਚ ਦਾਖਿਲ ਹੋਣਾ ਚਾਹੀਦਾ ਹੈ। ਉਨ੍ਹਾਂ ਆਪਣੇ ਨਾਵਲਾਂ ਦੇ ਵਿਸ਼ੇ,ਭਾਸ਼ਾ ਅਤੇ ਕਲਾਤਮਿਕ ਪੱਖਾਂ ਸਬੰਧੀ ਹਾਜ਼ਰ ਵਿਦਵਾਨਾਂ ਤਸਕੀਨ, ਡਾ ਕੁਲਵੰਤ ਸਿੰਘ ਸੰਧੂ , ਕਹਾਣੀਕਾਰ ਅਜਮੇਰ ਸਿੱਧੂ ਅਤੇ ਭਗਵੰਤ ਰਸੂਲਪੁਰੀ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ। ਇਸ ਵਿਚਾਰ ਚਰਚਾ ਵਿੱਚ ਸਮਕਾਲੀ ਪੰਜਾਬੀ ਨਾਵਲ ਦੀ ਸਥਿਤੀ ਤੇ ਨਵੀਆਂ ਸੰਭਾਵਨਾਵਾਂ ਬਾਰੇ ਵੀ ਭਖਵਾਂ ਸੰਵਾਦ ਰਚਾਇਆ ਗਿਆ। ਤਸਕੀਨ ਨੇ ਕਮਿਊਨਿਸਟ ਚਿੰਤਨ ਦੇ ਪ੍ਰਸੰਗ ਵਿੱਚ ਅਤੇ ਭਗਵੰਤ ਰਸੂਲਪੁਰੀ ਨੇ ਪਰਵਾਨਾ ਦੇ ਨਾਵਲਾਂ ਦੇ ਪਾਤਰ , ਔਰਤ ਮਰਦ ਸਬੰਧ ਅਤੇ ਭਾਸ਼ਾ ਦੇ ਪ੍ਰਸੰਗ ਵਿੱਚ ਮੁਲਵਾਨ ਗੱਲਾਂ ਕੀਤੀਆਂ। ਸਮਾਰੋਹ ਦੇ ਦੂਜੇ ਪੜਾਅ ਵਿੱਚ ਨਾਵਲਕਾਰ ਕੁਲਦੀਪ ਸਿੰਘ ਬੇਦੀ ਨੇ ਆਪਣੇ ਨਾਵਲਾਂ ਦੀ ਰਚਨਾ ਪ੍ਰਕਿਰਿਆ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਆਪਣੇ ਨਾਵਲ ਸੰਗਲ ਨਾ ਫੜ, ਧੰਨਪਿਰ ਅਤੇ ਪਰਜੀਵੀ ਦੇ ਪ੍ਰਸੰਗ ਵਿੱਚ ਇਨ੍ਹਾਂ ਰਚਨਾਵਾਂ ਅੰਦਰ ਪੇਸ਼ ਵਿਚਾਰਾਂ ਅਤੇ ਇਨ੍ਹਾਂ ਨੂੰ ਪ੍ਰਗਟਾਉਣ ਦੀਆਂ ਵਿਧੀਆਂ ਬਾਰੇ ਚਰਚਾ ਛੇੜੀ। ਆਲੋਚਕ ਡਾ ਰਾਮ ਮੂਰਤੀ ਅਤੇ ਪ੍ਰੋ ਅਸ਼ੋਕ ਕੁਮਾਰ ਨੇ ਕੁਲਦੀਪ ਸਿੰਘ ਬੇਦੀ ਨਾਲ ਸੰਵਾਦ ਰਚਾਉਂਦਿਆਂ ਉਨ੍ਹਾਂ ਦੇ ਨਾਵਲਾਂ ਦੇ ਕਥਾਨਕ, ਵਾਤਾਵਰਨ ਅਤੇ ਪਾਤਰ ਪ੍ਰਬੰਧ ਬਾਰੇ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਵਿੱਚ ਸ੍ਰੀ ਬੇਦੀ ਨੇ ਕਿਹਾ ਕਿ ਨਾਵਲਾਂ ਵਿੱਚ ਪਾਤਰ ਕਲਪਨਿਕ ਹੁੰਦੇ ਹੋਏ ਵੀ ਵਾਸਤਵਿਕਤਾ ਦੇ ਨੇੜੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਫਿਲਮੀ ਦੁਨੀਆ ਦੇ ਗਲੈਮਰ ਪਿਛਲੇ ਕੁਹਜ ਨੂੰ ਉਨ੍ਹਾਂ ਨੇ ਬੜੀ ਮਿਹਨਤ ਨਾਲ ਨਾਵਲਾਂ ਵਿੱਚ ਪੇਸ਼ ਕੀਤਾ ਹੈ। ਉਨ੍ਹਾਂ ਨਾਵਲਕਾਰ, ਸਮਾਜ, ਵਿਚਾਰਧਾਰਾ ਅਤੇ ਇਤਿਹਾਸ ਦੇ ਸਬੰਧਾਂ ਬਾਰੇ ਪੁੱਛੇ ਸਵਾਲਾਂ ਦੇ ਵੀ ਗੰਭੀਰ ਜਵਾਬ ਦਿੱਤੇ। ਇਸ ਮੌਕੇ ਕਹਾਣੀਕਾਰ ਮੱਖਣ ਮਾਨ, ਕੁਲਵੰਤ ਸਿੰਘ ਸੰਧੂ ਅਤੇ ਡਾ ਗੋਪਾਲ ਸਿੰਘ ਬੁੱਟਰ ਨੇ ਪੰਜਾਬੀ ਨਾਵਲ ਪਰੰਪਰਾ , ਸਮਕਾਲ ਅਤੇ ਆਲੋਚਨਾ ਦੀ ਵਰਤਮਾਨ ਸਥਿਤੀ ਬਾਰੇ ਵੀ ਵਿਚਾਰ ਰੱਖੇ। ਇਸ ਮੌਕੇ ਗੁਰਮੀਤ ਸਿੰਘ, ਜੋਗਿੰਦਰ ਸਿੰਘ, ਕਹਾਣੀਕਾਰ ਬਿੰਦਰ ਬਸਰਾ, ਪ੍ਰੋ ਮਨਦੀਪ ਕੁਮਾਰ ਸਮੇਤ ਹਾਜ਼ਰ ਸਰੋਤਿਆਂ ਨੇ ਸੰਵਾਦ ਵਿੱਚ ਹਿੱਸਾ ਲਿਆ।

# ਡਾ. ਸਾਧੂ ਰਾਮ ਲੰਗੇਆਣਾ ਦਾ ਸਨਮਾਨ



**ਜ਼ੀਰਾ** : ਡਾ. ਸਾਧੂ ਰਾਮ ਲੰਗੇਆਣਾ ਦਾ ਲਿਖਾਰੀ ਸਾਹਿਤ ਸਭਾ ਝੱਤਰੇ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਭਾ ਦੇ ਪ੍ਰਧਾਨ ਜਗਜੀਤ ਸਿੰਘ ਝੱਤਰਾ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਵਿੱਚ ਕਵੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮੌਕੇ ਕੰਵਲਜੀਤ ਭੋਲਾ ਲੰਡੇ ਵੱਲੋਂ ਡਾ. ਸਾਧੂ ਰਾਮ ਲੰਗੇਆਣਾ ਦੇ ਸਾਹਿਤਕ ਸਫ਼ਰ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਲੇਖਕ ਹੁਣ ਤੱਕ 10 ਕਿਤਾਬਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾ ਚੁੱਕਿਆ ਹੈ।

ਇਸ ਦੌਰਾਨ ਸਭਾ ਦੇ ਮੈਂਬਰਾਂ ਵੱਲੋਂ ਉਹਨਾਂ ਨੂੰ ਲੋਈ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਾਹਿਤਕਾਰ ਡਾ. ਸਾਧੂ ਰਾਮ ਲੰਗੇਆਣਾ ਨੇ ਕਿਹਾ ਕਿ ਲੇਖਕਾਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਵਾਸਤੇ ਲਿਖਿਆ ਸਾਹਿਤ ਕਦੇ ਵੀ ਪੁਰਾਣਾ ਨਹੀਂ ਹੁੰਦਾ। ਇਸ ਦੌਰਾਨ ਕਵੀ ਦਰਬਾਰ ਵਿੱਚ ਹਰੀਦਾਸ ਚੌਹਾਨ, ਸੁਖਰਾਜ ਜ਼ੀਰਾ, ਜਗਦੀਸ਼ ਪ੍ਰੀਤਮ, ਗੁਰਸੇਵਕ ਸਿੰਘ ਖਜ਼ਾਨਚੀ, ਜਸਵੰਤ ਜੱਸੀ, ਆਤਮਾ ਸਿੰਘ ਆਲਮਗੀਰ, ਸੁਖਜਿੰਦਰ ਸਿੰਘ ਜਨਰਲ ਸਕੱਤਰ, ਦਲਜੀਤ ਸਿੰਘ ਪੱਧਰੀ, ਧਰਮਜੀਤ ਸਿੰਘ ਘੱਲ ਕਲਾਂ, ਪ੍ਰਿਤਪਾਲ ਸਿੰਘ ਸੰਧੂ, ਇਕਬਾਲ ਸਿੰਘ ਮਨਾਵਾ, ਸਰਬਜੀਤ ਸਿੰਘ ਢਿੱਲੋਂ ਪੱਧਰੀ, ਸੁਖਜਿੰਦਰ ਸਿੰਘ ਝੱਤਰਾ, ਕੈਪਟਨ ਜਸਵੰਤ ਸਿੰਘ ਪੰਡੋਰੀ, ਨੇਕ ਸਿੰਘ, ਸੁਖਚੈਨ ਸਿੰਘ ਠੱਠੀ ਭਾਈ, ਜਸਵੰਤ ਸਿੰਘ ਸਿੱਧੂ ਬਾਘਾ ਪੁਰਾਣਾ, ਅਰਸ਼ਦੀਪ ਸ਼ਰਮਾ ਲੰਗੇਆਣਾ, ਕੰਵਲਜੀਤ ਭੋਲਾ ਲੰਡੇ, ਜਸਵਿੰਦਰ ਸਿੰਘ, ਸੋਨੀ ਮੋਗਾ, ਪ੍ਰਦੀਪ ਸਿੱਧੂ ਅਲੀਪੁਰ, ਬਲਵਿੰਦਰ ਸਿੰਘ ਬਿੱਲਾ, ਜੱਗਾ ਸਿੰਘ ਆਦਿ ਹਾਜ਼ਰ ਸਨ। ਇਸ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਜਸਵੀਰ ਸ਼ਰਮਾ ਦੱਦਾਹੂਰ ਵੱਲੋਂ ਬਾਖੂਬੀ ਨਿਭਾਈ ਗਈ।

# ਨਾਵਲਕਾਰ ਹਰਵਿੰਦਰ ਭੰਡਾਲ ਨਾਲ ਸੰਵਾਦ ਸਮਾਰੋਹ ਕਰਵਾਇਆ

**ਜਲੰਧਰ** : ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਅਤੇ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਵਲੋਂ ਪੰਜਾਬ ਦੀ ਨਵ ਸਿਰਜਣਾ ਤਹਿਤ ਉਲੀਕੇ 'ਸਿਰਜਣਾ ਅਤੇ ਸੰਵਾਦ' ਪ੍ਰੋਗਰਾਮ ਤਹਿਤ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਪੰਜਾਬੀ ਦੇ ਨੌਜਵਾਨ ਨਾਵਲਕਾਰ ਡਾ ਹਰਵਿੰਦਰ ਭੰਡਾਲ ਨਾਲ ਗੋਸ਼ਟੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਨਾਵਲਕਾਰ ਹਰਵਿੰਦਰ ਭੰਡਾਲ ਦੇ ਨਾਵਲਾਂ ਦੀ ਰਚਨਾ ਪ੍ਰਕਿਰਿਆ ਦੇ ਪ੍ਰਸੰਗ ਵਿੱਚ ਨਾਵਲਾਂ ਦੇ ਬਿਰਤਾਂਤਕ ਸੰਗਠਨ, ਭਾਸ਼ਾ, ਪਾਤਰ ਪ੍ਰਣਾਲੀ ਅਤੇ ਹੋਰ ਪਹਿਲੂਆਂ ਬਾਰੇ ਹਾਜ਼ਰ ਵਿਦਵਾਨਾਂ ਨੇ ਗੰਭੀਰ ਵਿਚਾਰ ਚਰਚਾ ਕੀਤੀ। ਪ੍ਰੋਗਰਾਮ ਦੇ ਕੋ-ਆਰਡੀਨੇਟਰ ਡਾ ਜੇ ਬੀ ਸੇਖੋਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨਾਵਲਕਾਰ, ਆਲੋਚਕ ਅਤੇ ਪਾਠਕ ਨੂੰ ਵਾਰਤਾਲਪ ਦਾ ਇਕ ਮੰਚ ਮੁਹੱਈਆ ਕਰਵਾਉਣਾ ਹੈ ਜਿਸ ਨਾਲ ਗਲਪ ਸਮੀਖਿਆ ਦੇ ਖੇਤਰ ਵਿੱਚ ਸਿੱਧੇ ਸੰਵਾਦ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਇਸ ਮੌਕੇ ਨਾਵਲਕਾਰ ਹਰਵਿੰਦਰ ਭੰਡਾਲ ਨੇ ਆਪਣੇ ਚਰਚਿਤ ਨਾਵਲਾਂ 'ਮੈਲੀ ਮਿੱਟੀ', 'ਧੁੱਪ ਛਾਂ ਦੇ ਖ਼ਤ' ਦੀ ਰਚਨਾ ਪ੍ਰਕਿਰਿਆ ਬਾਰੇ ਵਿਚਾਰ ਪੇਸ਼ ਕੀਤੇ। ਵਿਚਾਰ ਚਰਚਾ ਦਾ ਆਰੰਭ ਕਰਦਿਆਂ ਡਾ ਗੋਪਾਲ ਸਿੰਘ ਬੁੱਟਰ ਨੇ ਭੰਡਾਲ ਦੇ ਨਾਵਲਾਂ ਵਿੱਚ ਸਮਾਜਿਕ ਯਥਾਰਥ ਪ੍ਰਤੀ ਚਿੰਤਨੀ ਨੀਝ ਅਤੇ ਬਿਰਤਾਂਤ ਵਿੱਚ ਕਾਵਿਕਤਾ ਦੇ ਅੰਸ਼ਾਂ ਬਾਰੇ ਗੰਭੀਰ ਨੁਕਤੇ ਉਠਾਏ ਜਿਸਦੇ ਜਵਾਬ ਵਿੱਚ ਸ੍ਰੀ ਭੰਡਾਲ ਨੇ ਕਿਹਾ ਕਿ ਉਸਨੇ ਕਵੀ ਮਨ ਨਾਲ ਨਾਵਲ ਲਿਖਣ ਦੀ ਯਤਨ ਕੀਤਾ ਹੈ। ਵਿਦਿਆਰਥਣ ਆਰਤੀ ਕੌਰ, ਚਾਰੂ, ਮੋਨਿਕਾ ਰਾਣੀ ਨੇ ਨਾਵਲਕਾਰ ਵਲੋਂ ਨਾਵਲਾਂ ਅੰਦਰ ਪੇਸ਼ ਸਮਾਜਿਕ ਯਥਾਰਥ, ਭਾਸ਼ਾ, ਪਾਤਰ ਵਿਧਾਨ ਬਾਰੇ ਗੰਭੀਰ ਨੁਕਤੇ ਉਠਾਏ ਗਏ ਜਿਸ ਬਾਰੇ ਨਾਵਲਕਾਰ ਸਮੇਤ ਹਾਜ਼ਰ ਵਿਦਵਾਨਾਂ ਨੇ ਜਵਾਬ ਦਿੱਤੇ। ਇਸ ਮੌਕੇ ਬੀਬੀ ਸੁਰਿੰਦਰ ਕੌਰ ਕੋਛੜ ਨੇ ਨਾਵਲ ਅੰਦਰ ਪੇਸ਼ ਰਾਜਨੀਤੀ ਬਾਰੇ ਵਿਚਾਰ ਚਰਚਾ ਛੇੜੀ। ਸਮਾਰੋਹ ਮੌਕੇ ਗੁਰਮੀਤ ਸਿੰਘ, ਅਮੋਲਕ ਸਿੰਘ, ਚਰੰਜੀ ਲਾਲ ਕੰਗਨੀਵਾਲ, ਕਮਲਜੀਤ ਥਾਬਲਕੇ ਆਦਿ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ।




# ਪ੍ਰਵਾਸੀ ਪੰਜਾਬੀ ਸਾਹਿਤਕਾਰ ਜਗਜੀਤ ਸਿੰਘ ਬਾਵਰਾ ਦਾ ਵਿਸ਼ੇਸ਼ ਸਨਮਾਨ

**ਬਾਘਾਪੁਰਾਣਾ** : ਸਾਹਿਤ ਸਭਾ ਰਜਿ. ਬਾਘਾਪੁਰਾਣਾ ਦੀ ਮੀਟਿੰਗ ਦੌਰਾਨ ਸਭਾ ਦੇ ਸਰਪ੍ਰਸਤ ਅਤੇ ਪੰਜਾਬੀ ਮਾਂ ਡਾਟ ਕਾਮ ਯੂ ਐੱਸ ਏ ਡਾਇਰੈਕਟਰ ਸਾਹਿਤਕਾਰ ਜਗਜੀਤ ਸਿੰਘ ਬਾਵਰਾ ਅਤੇ ਉਨ੍ਹਾਂ ਦੀ ਪਤਨੀ ਮਲਕੀਤ ਕੌਰ ਬਾਵਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਇਸ ਮੌਕੇ ਜਗਜੀਤ ਸਿੰਘ ਬਾਵਰਾ ਵੱਲੋਂ ਪੰਜਾਬੀ ਮਾਂ ਬੋਲੀ ਨੂੰ ਵਿਦੇਸ਼ਾਂ ਵਿੱਚ ਜ਼ਿੰਦਾ ਰੱਖਣ ਲਈ ਲੇਖਕਾਂ ਵੱਲੋਂ ਰਚੇ ਸਾਹਿਤ ਬਾਰੇ ਵਿਚਾਰ ਸਾਂਝੇ ਕੀਤੇ ਗਏ । ਉਨ੍ਹਾਂ ਸਭਾ ਦੀ ਆਰਥਿਕ ਸਹਾਇਤਾ ਵਾਸਤੇ ਤਿੰਨ ਹਜ਼ਾਰ ਰੁਪਏ ਦੀ ਰਾਸ਼ੀ ਸਭਾ ਨੂੰ ਭੇਟ ਕੀਤੀ। ਉਪਰੰਤ ਸਭਾ ਦੇ ਪ੍ਰਧਾਨ ਡਾ. ਸਾਧੂ ਰਾਮ ਲੰਗੇਆਣਾ ਵੱਲੋਂ ਬਾਵਰਾ ਪਰਵਾਰ ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਭਾ ਪ੍ਰਤੀ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਰੋਸ਼ਨੀ ਪਾਈ ਗਈ। ਇਸ ਦੇ ਨਾਲ ਹੀ ਪ੍ਰਬੰਧਕਾਂ ਵੱਲੋਂ ਜਗਜੀਤ ਸਿੰਘ ਬਾਵਰਾ ਨੂੰ ਲੋਈ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਭਾ ਦੇ ਮੈਂਬਰ ਮੁਕੰਦ ਕਮਲ, ਸੁਖਚੈਨ ਸਿੰਘ ਠੱਠੀ ਭਾਈ, ਅਮਰ ਘੋਲੀਆ, ਜਗਦੀਸ਼ ਪ੍ਰੀਤਮ, ਅਰਸ਼ਦੀਪ ਸ਼ਰਮਾ, ਕੁਲਦੀਪ ਕੌਰ ਮਾਹਲਾ, ਜਸਪ੍ਰੀਤ ਕੌਰ, ਮਲਕੀਤ ਕੌਰ ਬਾਵਰਾ, ਪਰਮਜੀਤ ਸਿੰਘ ਬਾਘਾਪੁਰਾਣਾ, ਜਸਵੀਰ ਸ਼ਰਮਾ ਦੱਦਾਹੂਰ, ਜਸਵੰਤ ਜੱਸੀ, ਚਰਨਜੀਤ ਗਿੱਲ ਸਮਾਲਸਰ, ਕਰਮ ਸਿੰਘ ਕਰਮ, ਹਰਚਰਨ ਸਿੰਘ ਰਾਜੇਆਣਾ ਵੀ ਹਾਜ਼ਰ ਸਨ।



# ਪੁਸਤਕ ਚਰਚਾ ਅਤੇ ਕਵੀ ਦਰਬਾਰ



**ਅੰਬਾਲਾ ਕੈਂਟ** : ਹਰਿਆਣਾ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸਿੱਖ ਸੀਨੀਅਰ ਸੈਕੰਡਰੀ ਸਕੂਲ, ਅੰਬਾਲਾ ਕੈਂਟ ਵਿਖੇ ਪੁਸਤਕ ਚਰਚਾ ਅਤੇ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਡਾ. ਨਰਿੰਦਰ ਸਿੰਘ ਵਿਰਕ, ਪ੍ਰੋ. ਹਰਸਿਮਰਨ ਸਿੰਘ ਰੰਧਾਵਾ ਵਿਸ਼ੇਸ਼ ਰੂਪ ਵਿਚ ਪੁੱਜੇ। ਡਾ. ਸੁਦਰਸ਼ਨ ਗਾਸੋ ਵੱਲੋਂ ਆਪਣੇ ਮੁੱਲਵਾਨ ਸ਼ਬਦਾਂ ਨਾਲ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ । ਡਾ. ਕੁਲਦੀਪ ਸਿੰਘ ਨੇ ਹਰਿਆਣਾ ਵਿੱਚ ਪੰਜਾਬੀ ਦੀ ਸਮਕਾਲੀ ਸਥਿਤੀ ਉੱਤੇ ਗੰਭੀਰ ਚਰਚਾ ਕੀਤੀ। ਨਾਵਲਕਾਰ ਜਸਬੀਰ ਸਿੰਘ ਸਾਹਨੀ ਦੇ ਨਾਵਲ 'ਮੌਤਾਂ ਦੇ ਵਪਾਰੀ' ਬਾਰੇ ਗੱਲ ਕਰਦਿਆਂ ਡਾ. ਬੀਰਬਲ ਸਿੰਘ ਰਤੀਆ ਨੇ ਕਿਹਾ ਕਿ ਇਹ ਨਾਵਲ ਅਜੋਕੇ ਸਮਾਜ ਦੀ ਇਕ ਗੰਭੀਰ ਸਮੱਸਿਆ ਨਸ਼ਿਆਂ ਦੇ ਵਧਦੇ ਪ੍ਰਭਾਵ ਨੂੰ ਗਹਿਰਾਈ ਨਾਲ ਉਜਾਗਰ ਕਰਦਾ ਹੈ। ਯੁਵਾ ਕਵੀ ਡਾ. ਬਲਵਾਨ ਔਜਲਾ ਦੀ ਕਾਵਿ ਪੁਸਤਕ 'ਅੰਤਰ ਯੁੱਧ' ਬਾਰੇ ਬੋਲਦਿਆਂ ਡਾ. ਸੁਰਿੰਦਰ ਪਾਲ ਨੇ ਕਿਹਾ ਕਿ ਔਜਲਾ ਆਪਣੇ ਨਿਵੇਕਲੇ ਵਿਚਾਰਾਂ ਅਤੇ ਬਿੰਬਾਂ ਦੀ ਨਵੀਂ ਘਾੜਤ ਰਾਹੀਂ ਆਧੁਨਿਕ ਕਾਵਿ-ਚੇਤਨਾ ਨੂੰ ਇਕ ਨਵਾਂ ਆਕਾਰ ਦਿੰਦਾ ਹੈ। ਨਿਸ਼ਾਨ ਸਿੰਘ ਰਾਠੌਰ ਦੀ ਕਿਤਾਬ 'ਭਗਤ ਸਿੰਘ ਹੁਣ ਸੰਧੂ ਹੋਇਆ' ਬਾਰੇ ਚਰਚਾ ਕਰਦਿਆਂ ਡਾ. ਸੁਖਜੀਤ ਕੌਰ ਨੇ ਕਿਹਾ ਕਿ ਰਾਠੌਰ ਦੀ ਕਵਿਤਾ ਲੋਕ-ਚੇਤਨਾ ਨਾਲ ਗਹਿਰਾ ਨਾਤਾ ਜੋੜਦੀ ਹੈ। ਮਨਜੀਤ ਕੌਰ ਅੰਬਾਲਵੀ ਦੀ ਕਹਾਣੀ ਪੁਸਤਕ 'ਸਿੱਲ੍ਹੀਆਂ ਅੱਖਾਂ' ਬਾਰੇ ਡਾ. ਸਰਵਜੀਤ ਸਿੰਘ ਰਤੀਆ ਨੇ ਕਿਹਾ ਕਿ ਇਹ ਕਹਾਣੀ ਸੰਗ੍ਰਹਿ ਮਨੁੱਖੀ ਸੰਵੇਦਨਾਵਾਂ ਦਾ ਜੀਵੰਤ ਦਸਤਾਵੇਜ਼ ਹੈ। ਡਾ. ਸੁਦਰਸ਼ਨ ਗਾਸੋ ਦੀ ਕਿਤਾਬ 'ਕੌਣ ਲਿਖੂ ਸਿਰਨਾਵਾਂ ?' ਬਾਰੇ ਡਾ. ਗੁਰਪ੍ਰੀਤ ਸਿੰਘ ਸਾਹੂਵਾਲਾ ਨੇ ਕਿਹਾ ਕਿ ਗਾਸੋ ਇੱਕ ਸਰਵਾਂਗੀ ਲੇਖਕ ਵਜੋਂ ਸਾਹਮਣੇ ਆਉਂਦਾ ਹੈ ਜੋ ਮਨੁੱਖੀ ਸੰਵੇਦਨਾਵਾਂ ਨੂੰ ਡੂੰਘਾਈ ਨਾਲ ਪੇਸ਼ ਕਰਦਿਆਂ ਮਨੁੱਖੀ ਹੋਂਦ ਦੀ ਤਲਾਸ਼ ਕਰਦਾ ਹੈ। ਇਸ ਮੌਕੇ ਮਨਜੀਤ ਕੌਰ ਅੰਬਾਲਵੀ ਦੀ ਅਗਲੀ ਰਚਨਾ 'ਮਿੱਟੀ ਬੋਲ ਪਈ' ਨਾਟਕ ਬਾਰੇ ਡਾ. ਬਲਵਾਨ ਔਜਲਾ ਨੇ ਕਿਹਾ ਕਿ ਇਸ ਨਾਟਕ ਦੀ ਮੁੱਖ ਥੀਮ ਵਾਤਾਵਰਨ ਦੀ ਸੰਭਾਲ ਅਤੇ ਸੁਰੱਖਿਆ ਹੈ। ਡਾ. ਸੁਦਰਸ਼ਨ ਗਾਸੋ ਦੀ ਪੁਸਤਕ 'ਪੰਜਾਬੀ ਭਾਸ਼ਾ : ਸਥਿਤੀ ਅਤੇ ਸੰਭਾਵਨਾਵਾਂ' ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰੋ. ਗੁਰਸਾਹਿਬ ਸਿੰਘ ਸਿਰਸਾ ਨੇ ਕਿਹਾ ਕਿ ਹਰਿਆਣਾ ਵਿਚ ਪੰਜਾਬੀ ਭਾਸ਼ਾ ਨਾਲ ਹੋ ਰਿਹਾ ਵਿਤਕਰਾ ਅਚਾਨਕ ਨਹੀਂ, ਸਗੋਂ 1966 ਈ. ਵਿੱਚ ਪੰਜਾਬ ਹਰਿਆਣਾ ਦੀ ਵੰਡ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ। ਇਸ ਵੰਡ ਨਾਲ ਸਿਰਫ਼ ਭੂਗੋਲਿਕ ਸਰਹੱਦਾਂ ਹੀ ਨਹੀਂ ਬਦਲੀਆਂ, ਸਗੋਂ ਭਾਸ਼ਾਈ ਅਤੇ ਸੱਭਿਆਚਾਰਕ ਸਥਿਤੀਆਂ ਵੀ ਪ੍ਰਭਾਵਿਤ ਹੋਈਆਂ। ਗਾਸੋ ਦੇ ਵਿਚਾਰਾਂ ਵਿੱਚ ਇਹ ਚਿੰਤਾ ਸਪੱਸ਼ਟ ਹੈ ਕਿ ਜੇ ਭਾਸ਼ਾ ਨਾਲ ਜੁੜੇ ਸੱਭਿਆਚਾਰਕ ਮੂਲਾਂ ਦੀ ਰੱਖਿਆ ਨਾ ਕੀਤੀ ਗਈ ਤਾਂ ਇਹ ਸਿਰਫ਼ ਭਾਸ਼ਾਈ ਹਾਨੀ ਹੀ ਨਹੀਂ, ਸਗੋਂ ਇੱਕ ਪੂਰੀ ਸੱਭਿਆਚਾਰਕ ਪਛਾਣ ਦੇ ਕਮਜ਼ੋਰ ਹੋਣ ਦਾ ਸੰਕੇਤ ਹੋਵੇਗਾ।ਅਗਲੇ ਸੈਸ਼ਨ 'ਚ ਕਵਿਤਾਵਾਂ ਪੜ੍ਹੀਆਂ ਗਈਆਂ। ਬਲਵਾਨ ਔਜਲਾ, ਬਲਜੀਤ ਸਿੰਘ, ਗੁਰਨਾਮ ਬਾਵਾ, ਦਰਸ਼ਨ ਸਿੰਘ ਸ਼ਾਹਬਾਦ, ਮਨਜੀਤ ਕੌਰ ਅੰਬਾਲਵੀ, ਹਰਸਿਮਰਨ ਸਿੰਘ ਰੰਧਾਵਾ, ਡਾ. ਕੁਲਦੀਪ ਸਿੰਘ, ਗੁਰਚਰਨ ਸਿੰਘ ਜੋਗੀ, ਸੁਦਰਸ਼ਨ ਗਾਸੋ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਸਮਾਗਮ ਦੇ ਅੰਤ ਵਿਚ ਸਾਬਕਾ ਡਿਪਟੀ ਚੇਅਰਮੈਨ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਡਾ. ਨਰਿੰਦਰ ਸਿੰਘ ਵਿਰਕ ਨੇ ਧੰਨਵਾਦੀ ਸ਼ਬਦ ਪ੍ਰਗਟ ਕਰਦਿਆਂ ਇਸ ਸਾਹਿਤਕ ਸਮਾਗਮ ਨੂੰ ਸਫਲ ਬਣਾਉਣ ਲਈ ਸਾਰੇ ਵਿਦਵਾਨਾਂ, ਦਰਸ਼ਕਾਂ ਦਾ ਦਿਲੋਂ ਆਭਾਰ ਪ੍ਰਗਟਾਇਆ।ਸੰਮੇਲਨ ਦੇ ਅੰਤ ਵਿਚ ਹਰਿਆਣਾ ਦੇ ਪੰਜਾਬੀ ਲੇਖਕਾਂ ਜਸਬੀਰ ਸਿੰਘ ਸਾਹਨੀ ਦੀ ਪੁਸਤਕ 'ਮੌਤਾਂ ਦੇ ਵਪਾਰੀ', ਡਾ. ਬਲਵਾਨ ਔਜਲਾ ਦੀ ਪੁਸਤਕ 'ਅੰਤਰ ਯੁੱਧ', ਨਿਸ਼ਾਨ ਸਿੰਘ ਰਾਠੌਰ ਦੀ ਪੁਸਤਕ 'ਭਗਤ ਸਿੰਘ ਹੁਣ ਸੰਧੂ ਹੋਇਆ', ਮਨਜੀਤ ਕੌਰ ਅੰਬਾਲਵੀ ਦੀਆਂ ਪੁਸਤਕਾਂ 'ਸਿੱਲ੍ਹੀਆਂ ਅੱਖਾਂ' ਅਤੇ 'ਮਿੱਟੀ ਬੋਲ ਪਈ', ਡਾ. ਸੁਦਰਸ਼ਨ ਸਿੰਘ ਗਾਸੋ ਦੀਆਂ ਪੁਸਤਕਾਂ 'ਪੰਜਾਬੀ ਭਾਸ਼ਾ : ਸਥਿਤੀ ਅਤੇ ਸੰਭਾਵਨਾਵਾਂ' ਅਤੇ 'ਕੌਣ ਲਿਖੂ ਸਿਰਨਾਵਾਂ ?' ਪੁਸਤਕਾਂ ਦੀ ਘੁੰਡ ਚੁਕਾਈ ਕੀਤੀ ਗਈ। ਇਸ ਸੰਮੇਲਨ ਵਿਚ ਹਰਿਆਣਾ ਦੇ ਪੰਜਾਬੀ ਸਾਹਿਤਕਾਰਾਂ ਦੇ ਨਾਲ-ਨਾਲ ਪ੍ਰਸਿੱਧ ਵਿਦਵਾਨ ਚਿੰਤਕ, ਕਵੀ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਖੋਜਾਰਥੀ ਵੀ ਮੌਜੂਦ ਰਹੇ।

# ਸਾਹਿਤਕ ਸੱਥ ਤੇ ਲੇਖਕ ਵਿਚਾਰ ਮੰਚ ਵੱਲੋਂ ਚਾਰ ਸ਼ਖ਼ਸੀਅਤਾਂ ਦਾ ਸਨਮਾਨ

**ਨਿਹਾਲ ਸਿੰਘ ਵਾਲਾ** : ਸਾਹਿਤਕ ਸੱਥ ਪੱਤੋ ਹੀਰਾ ਸਿੰਘ ਤੇ ਲੇਖਕ ਵਿਚਾਰ ਮੰਚ ਨਿਹਾਲ ਸਿੰਘ ਵਾਲਾ ਵੱਲੋਂ ਕਾਮਰੇਡ ਦਫ਼ਤਰ ਨਿਹਾਲ ਸਿੰਘ ਵਾਲਾ ਵਿਖੇ ਚਾਰ ਸਾਹਿਤਕ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਡਾ. ਸਰਬਜੀਤ ਕੌਰ ਬਰਾੜ ਮੋਗਾ, ਪ੍ਰਗਟ ਢਿੱਲੋਂ ਸਮਾਧ ਭਾਈ, ਜਸਵੀਰ ਕਲਸੀ ਧਰਮਕੋਟ, ਚਰਨਜੀਤ ਸਮਾਲਸਰ, ਜਸਵੰਤ ਰਾਊਕੇ, ਡਾ. ਰਮਨਦੀਪ ਕੌਰ ਪੱਤੋ ਬਿਰਾਜਮਾਨ ਸਨ। ਸਮਾਗਮ ਦੀ ਸ਼ੁਰੂਆਤ ਮੌਕੇ ਲੇਖਕ ਮੰਗਲ ਮੀਤ ਪੱਤੋ ਨੇ ਸਮਾਗਮ ਵਿੱਚ ਆਏ ਲੇਖਕ ਭੈਣ-ਭਰਾਵਾਂ ਨੂੰ ਜੀ ਆਇਆਂ ਆਖਿਆ। ਸਮਾਗਮ ਦੀ ਸ਼ੁਰੂਆਤ ਕੁਲਵਿੰਦਰ ਕੌਰ ਢਿੱਲੋਂ ਰਾਮਪੁਰਾ ਨੇ ਆਪਣੀ ਸੁਰੀਲੀ ਆਵਾਜ਼ ਰਾਹੀਂ ਗੀਤ ਪੇਸ਼ ਕੀਤਾ। ਇਸ ਮੌਕੇ ਨਾਵਲਕਾਰ ਹਰੀ ਸਿੰਘ ਢੁੱਡੀਕੇ ਨੂੰ ਕਹਾਣੀਕਾਰ ਅਜੀਤ ਸਿੰਘ ਪੱਤੋ ਯਾਦਗਾਰੀ ਪੁਰਸਕਾਰ, ਏਕਤਾ ਸਿੰਘ ਭੂਪਾਲ ਨੂੰ ਸੁਰਿੰਦਰ ਸ਼ਰਮਾ ਯਾਦਗਾਰੀ ਪੁਰਸਕਾਰ, ਅਮਰ ਘੋਲੀਆਂ ਨੂੰ ਹਰਨਵਦੀਪ ਸਿੰਘ ਨਿੱਕੂ ਯਾਦਗਾਰੀ ਪੁਰਸਕਾਰ, ਪ੍ਰੋ: ਜੱਗੀ ਹਮੀਰਗੜ੍ਹ ਨੂੰ ਮਾਸਟਰ ਲਛਮਣ ਦਾਸ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ।ਕਵੀ ਦਰਬਾਰ ਵਿੱਚ ਗੁਰਬਿੰਦਰ ਕੌਰ ਗਿੱਲ, ਡਾ. ਨਿਰਮਲ ਪੱਤੋ, ਗੁਰਚਰਨ ਢੁੱਡੀਕੇ, ਮਾਸਟਰ ਲਾਭ ਸਿੰਘ ਡੋਡ, ਕਵੀ ਹਰਪ੍ਰੀਤ ਪੱਤੋ, ਸੋਨੂੰ ਪੱਤੋ, ਗੁਰਬਚਨ ਕਲਮ, ਤਰਸੇਮ ਗੋਪੀਕਾ, ਅਮਰੀਕ ਸੈਦੋਕੇ, ਗੁਰਮੇਲ ਬੌਡੇ, ਜਗਦੀਸ਼ ਕਮਲ, ਗੁਰਮੀਤ ਹਮੀਰਗੜ੍ਹ, ਨਾਟਕਕਾਰ ਸੁਖਦੇਵ ਲੱਧੜ, ਨਿਰਮਤ ਸੁੱਖ, ਸ਼ਮਸ਼ੇਰ ਮੱਲੀ, ਪ੍ਰਿੰਸੀਪਲ ਜਗਤਾਰ ਸੈਦੋਕੇ, ਗਗਨ ਪੱਤੋ, ਸਟੇਜ ਦੀ ਕਾਰਵਾਈ ਪ੍ਰਸ਼ੋਤਮ ਪੱਤੋ ਨੇ ਬਾਖੂਬੀ ਨਾਲ ਨਿਭਾਈ ਅਤੇ ਸਮਾਗਮ ਵਿੱਚ ਆਏ ਲੇਖਕ ਭੈਣ-ਭਰਾਵਾਂ ਦਾ ਧੰਨਵਾਦ ਕੀਤਾ।



# ਪੰਜਾਬ ਕਲਾ ਪ੍ਰੀਸ਼ਦ ਵੱਲੋਂ ਬਿੰਦਰ ਬਸਰਾ ਤੇ ਭਗਵੰਤ ਰਸੂਲਪੁਰੀ ਨਾਲ 'ਸਿਰਜਣਾ ਅਤੇ ਸੰਵਾਦ'

**ਜਲੰਧਰ** : ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਅਤੇ ਪੰਜਾਬ ਸਾਹਿਤ ਅਕਾਦਮੀ ਵੱਲੋਂ ਪੰਜਾਬ ਦੀ ਨਵ-ਸਿਰਜਣਾ ਲਈ ਹਫ਼ਤਾਵਾਰੀ ਗੋਸ਼ਟੀ ਵਿੱਚ ਅੱਜ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਪ੍ਰਸਿੱਧ ਕਥਾਕਾਰ ਬਿੰਦਰ ਬਸਰਾ ਅਤੇ ਭਗਵੰਤ ਰਸੂਲਪੁਰੀ ਨਾਲ 'ਸਿਰਜਣਾ ਅਤੇ ਸੰਵਾਦ' ਤਹਿਤ ਇਕ ਵਿਚਾਰ ਉਤੇਜਿਤ ਸੰਵਾਦ ਰਚਾਇਆ ਗਿਆ। ਗੋਸ਼ਟੀ ਦੇ ਕੋਆਰਡੀਨੇਟਰ ਬਲਵਿੰਦਰ ਸਿੰਘ ਗਰੇਵਾਲ ਵੱਲੋਂ 'ਸਿਰਜਣਾ ਅਤੇ ਸੰਵਾਦ' ਬਾਰੇ ਹਾਜ਼ਰ ਲੇਖਕਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕਿਸਮ ਦੀਆਂ ਗੋਸ਼ਟੀਆਂ ਪੰਜਾਬ ਦੇ ਵੱਖ ਵੱਖ ਸ਼ਹਿਰਾ ਵਿੱਚ ਕੀਤੀਆਂ ਜਾ ਰਹੀਆਂ ਹਨ ਉਸ ਲੜੀ ਤਹਿਤ ਅੱਜ ਏਥੇ ਜਲੰਧਰ ਦੇ ਦੋ ਪ੍ਰਸਿੱਧ ਕਥਾਕਾਰ ਬਸਰਾ ਤੇ ਰਸੂਲਪੁਰੀ ਕੋਲੋਂ ਉਨ੍ਹਾਂ ਦੀਆਂ ਕਹਾਣੀਆਂ ਦੀ ਸਿਰਜਣਾ ਪਿੱਛੇ ਪਏ ਸਰੋਤਾਂ ਤੇ ਕਹਾਣੀ ਸਿਰਜਣਾ ਦੇ ਪਲਾ ਬਾਰੇ ਵਿਚਾਰ ਸੁਣਾਗੇ ਅਤੇ ਦੋ ਪ੍ਰਮੁੱਖ ਆਲੋਚਕ ਡਾ. ਹਰਪ੍ਰੀਤ ਸਿੰਘ ਤੇ ਡਾ. ਅਨੁਰਾਗ ਸ਼ਰਮਾ ਕਹਾਣੀਕਾਰਾਂ ਨੂੰ ਮੁੱਖ ਸਵਾਲ ਕਰਨਗੇ। ਆਪਣੀ ਸਿਰਜਣਾ ਬਾਰੇ ਬੋਲਦਿਆਂ ਬਿੰਦਰ ਬਸਰਾ ਨੇ ਕਿਹਾ ਕਿ ਕਈ ਕਹਾਣੀਆਂ ਦੇ ਮੈਨੂੰ ਨਿੱਕੇ-ਨਿੱਕੇ ਟੁਕੜਿਆਂ ਦੇ ਸੂਤਰ ਮਿਲਦੇ ਹਨ ਤੇ ਮੈਂ ਆਪਣੀ ਕਲਪਨਾ ਨਾਲ ਉਸ ਦੁਆਲੇ ਕਹਾਣੀ ਉਸਾਰ ਲੈਂਦਾ। ਪਾਤਰ ਵੀ ਅੱਧੇ ਅਧੂਰੇ ਮਿਲਦੇ ਹਨ । ਬਹੁਤੀਆਂ ਕਹਾਣੀਆਂ ਮੈਂ ਇਕ-ਦੋ ਸਟਿੰਗ ਵਿੱਚ ਲਿਖੀਆਂ ਹਨ। ਕਹਾਣੀ ਦੇ ਅੰਤ ਬਾਰੇ ਮੈਂ ਕਾਫੀ ਸੋਚਦਾ ਹਾਂ। ਕਹਾਣੀ ਦਾ ਨਾਂ ਵੀ ਕਹਾਣੀ ਲਿਖਣ ਉਪਰੰਤ ਰੱਖਦਾ ਹਾਂ । ਉਨ੍ਹਾਂ ਆਪਣੀਆਂ ਕਹਾਣੀਆਂ ਤਣਾਓ ਮੁਕਤ, ਕੱਲ੍ਹ ਵੀ ਆਉਣੈ, ਕਤਲ, ਮੁਸ਼ਕਲ ਏ ਗੁਰਲਾਭ ਨੂੰ ਭੁੱਲਣਾ ਕਹਾਣੀਆਂ ਦੇ ਹਵਾਲੇ ਨਾਲ ਗੱਲ ਕੀਤੀ। ਭਗਵੰਤ ਰਸੂਲਪੁਰੀ ਨੇ ਆਪਣੀਆਂ ਚਰਚਿਤ ਤੇ ਚੋਣਵੀਆਂ ਕਹਾਣੀਆਂ ਕਸੂਰਵਾਰ, ਕੀੜਾ, ਜੜ੍ਹਾਂ, ਠੇਡਾ, ਸੁੱਕੀਆਂ ਕੁੰਨਾਂ, ਡਲਿਵਰੀ ਮੈਨ ਤੇ ਰੰਗਾਂ ਦੀ ਸਾਂਝ ਦੇ ਪ੍ਰਸੰਗ ਵਿੱਚ ਗੱਲ ਕਰਦਿਆਂ ਕਿਹਾ ਕਿ ਸਮਾਜ ਵਿੱਚ ਜਦੋਂ ਕਦੇ ਮੇਰੇ ਸਾਹਮਣੇ ਕੋਈ ਅਚੰਭੇ ਭਰੀ ਘਟਨਾ ਵਾਪਰਦੀ ਹੈ ਜਿਸ ਦੇ ਦੁਆਲੇ ਕਹਾਣੀ ਉਸਰਨ ਲੱਗ ਪੈਂਦੀ ਹੈ । ਜਿਹੜਾ ਪਾਤਰ ਮੈਨੂੰ ਵਿਲੱਖਣ ਲੱਗੇ ਤਾਂ ਮੈਂ ਉਹਦੇ ਨਾਲ ਲੰਮਾ ਸਫ਼ਰ ਬਤੀਤ ਕਰਕੇ ਉਹਨੂੰ ਸੁਣਦਾ ਤੇ ਸਮਝਦਾ ਹਾਂ ਤਾਂ ਫਿਰ ਕਿਤੇ ਜਾ ਕਹਾਣੀ ਬਣਦੀ ਹੈ । ਔਰਤ ਪਾਤਰਾਂ ਨਾਲ ਲੰਮਾ ਸਮਾਂ ਵਿਚਰ ਕੇ ਉਹਦੇ ਵਿੱਚੋਂ ਕਹਾਣੀ ਦੀ ਔਰਤ ਪਾਤਰ ਉਸਾਰਦਾ ਹਾਂ । ਕਹਾਣੀ ਲਿਖਦਿਆਂ ਬਹੁਤੀਆਂ ਘਟਨਾਵਾਂ ਤੇ ਪਾਤਰਾਂ ਨੂੰ ਮੈਂ ਕਲਪਨਾ ਦਾ ਪਲੇਥਣ ਲਾ ਲੈਂਦਾ ਹਾਂ । ਅਸਲ ਪਾਤਰ ਦੀ ਸ਼ਕਲ ਹੋਰ ਹੁੰਦਾ ਹੈ, ਕਹਾਣੀ ਦੇ ਪਾਤਰ ਨੂੰ ਮੈਂ ਆਪਣੀ ਸਮਝ ਅਨੁਸਾਰ ਉਸਾਰਦਾ ਹਾਂ । ਕਹਾਣੀ ਦੇ ਪਾਤਰ ਨੂੰ ਉਸਾਰਨ ਲਈ ਇਤਿਹਾਸ, ਮਨੋਵਿਗਿਆਨ, ਸਮਾਜਿਕ ਸੱਭਿਆਚਾਰ ਦੀਆਂ ਤੰਦਾਂ ਤੇ ਮਿੱਥ ਆਦਿ ਨੂੰ ਧਿਆਨ ਵਿੱਚ ਰੱਖਦਾ ਹਾਂ । ਕਹਾਣੀ ਲਿਖਣ ਤੋਂ ਪਹਿਲਾਂ ਮੇਰੇ ਦਿਮਾਗ ਵਿੱਚ ਇਹ ਗੱਲ ਹੁੰਦੀ ਹੈ ਕਿ ਮੈਂ ਕਹਾਣੀ ਰਾਹੀਂ ਕੇਹੜੀ ਗੱਲ ਕਹਿਣੀ ਹੈ। ਉਪਰੰਤ ਬਸਰਾ ਨੂੰ ਡਾ. ਹਰਪ੍ਰੀਤ ਸਿੰਘ ਨੇ ਸੱਤ-ਅੱਠ ਸਵਾਲ ਪੁੱਛ ਕੇ ਸੰਵਾਦ ਦਾ ਪਿੜ ਬੰਨ੍ਹ ਦਿੱਤਾ। ਇਸੇ ਤਰ੍ਹਾਂ ਡਾ. ਅਨੁਰਾਗ ਸ਼ਰਮਾ ਨੇ ਰਸੂਲਪੁਰੀ ਨੂੰ ਭਰਵੇਂ ਰੂਪ ਵਿੱਚ ਉਹਦੀ ਕਹਾਣੀ, ਸਿਰਜਣਾ, ਵਿਚਾਰਧਾਰਾ, ਦਲਿਤ ਮੁੱਦੇ ਆਦਿ ਨੂੰ ਲੈ ਕੇ ਤਿੱਖੇ ਸਵਾਲ ਪੁੱਛੇ । ਦੋਹਾਂ ਕਹਾਣੀਕਾਰ ਨੇ ਸਵਾਲਾਂ ਦੇ ਜਵਾਬ ਦੇ ਕੇ ਆਪਣਾ ਪੱਖ ਠੋਸ ਤਰੀਕੇ ਨਾਲ ਪੇਸ਼ ਕੀਤਾ । ਉਪਰੰਤ ਗੋਸ਼ਟੀ ਵਿੱਚ ਪੁੱਜੇ ਹੋਰ ਲੇਖਕਾਂ ਮੱਖਣ ਮਾਨ, ਕੁਲਦੀਪ ਸਿੰਘ ਬੇਦੀ, ਜਗਦੀਸ਼ ਰਾਣਾ, ਹਰਵਿੰਦਰ ਸਿੰਘ ਰੋਡੇ, ਰਾਕੇਸ਼ ਆਨੰਦ, ਡਾ. ਸ਼ੈਲੇਸ਼, ਸਰਬਜੀਤ ਸਿੰਘ ਆਦਿ ਨੇ ਵੀ ਸਵਾਲ ਪੁੱਛ ਕੇ ਸੰਵਾਦ ਨੂੰ ਅੱਗੇ ਤੋਰਿਆ। ਗੋਸ਼ਟੀ ਵਿੱਚ ਬਲਬੀਰ ਪਰਵਾਨਾ, ਜਤਿੰਦਰ ਹਾਂਸ, ਅਮਰਜੀਤ ਚਾਹਲ, ਸਤਨਾਮ ਚਾਨਾ, ਪ੍ਰੋ. ਲਾਲ ਬਹਾਦਰ, ਰਜਿੰਦਰ ਬਿਮਲ, ਨਰਿੰਦਰ ਸੱਤੀ, ਕਮਲਜੀਤ ਥਾਬਲਕੇ, ਕੇਸਰ, ਕਾ. ਗੁਰਮੀਤ, ਡਾ. ਰਾਮ ਮੂਰਤੀ, ਮਦਨ ਲਾਲ ਤੇ ਹੋਰਨਾਂ ਨੇ ਹਾਜ਼ਰੀ ਭਰੀ। ਤਰਨ ਬੱਲ ਨੇ ਸਮੁੱਚੀ ਗੋਸ਼ਟੀ ਦੀ ਰਿਕਾਡਿੰਗ ਸੁੱਚਜੇ ਢੰਗ ਨਾਲ ਕੀਤੀ । ਤਕਰੀਬਨ ਦੋ ਘੰਟੇ ਚੱਲੀ ਇਸ ਗੋਸ਼ਟੀ ਵਿੱਚ ਦੋਵੇਂ ਕਹਾਣੀਕਾਰਾਂ ਨੇ ਖੁੱਲ੍ਹ ਕੇ ਕਹਾਣੀ ਲਿਖਣ ਤੋਂ ਪਹਿਲਾਂ ਦੇ ਪਲਾਂ ਬਾਰੇ ਅਨੇਕਾਂ ਲੁਕਵੀਆਂ ਗੱਲਾਂ ਕੀਤੀਆਂ ਜਿਨ੍ਹਾਂ ਰਾਹੀਂ ਉਨ੍ਹਾਂ ਦੀਆਂ ਕਹਾਣੀਆਂ ਨੂੰ ਸਮਝਿਆ ਜਾ ਸਕਦਾ ਹੈ।





# ਪਾਠਕਾਂ ਦੇ ਝਰੋਖੇ 'ਚੋਂ

## ਭਗਤ ਪੂਰਨ ਸਿੰਘ ਦੀ ਸ਼ਖ਼ਸੀਅਤ

8 ਮਾਰਚ ਦੇ 'ਐਤਵਾਰਤਾ' ਵਿਚ ਨਾਵਲਕਾਰ ਤੇ ਪੱਤਰਕਾਰ ਢਾਹਾਂ ਪੁਰਸਕਾਰ ਜੇਤੂ ਬਲਬੀਰ ਪਰਵਾਨਾ ਨੇ ਭਗਤ ਪੂਰਨ ਸਿੰਘ ਦੀ ਸ਼ਖਸੀਅਤ ਦਾ ਜ਼ਿਕਰ ਕਰਦੇ ਹੋਏ ਕਾਗਜ਼ ਦੀ ਬੱਚਤ ਕਰਨ ਦਾ ਲਿਖਿਆ ਹੈ ।ਇਹ ਆਦਤ ਬਹੁਤ ਵਧੀਆ ਹੈ ।ਕਿਸੇ ਕਾਗਜ਼ ਉਪਰ ਖਾਲੀ ਥਾਂ ਛੱਡਣ ਦਾ ਭਾਵ ਹੈ ਕਿ ਕਾਗਜ਼ ਦੀ ਫਜ਼ੂਲ ਖਰਚੀ ਜਾਂ ਕਾਗਜ਼ ਦੀ ਬੇਕਦਰੀ ।ਰੁੱਖਾਂ ਦੀ ਕਟਾਈ ਨਾਲ ਬਨਣ ਵਾਲੇ ਕਾਗਜ਼ 'ਤੇ ਕਿੰਨੀ ਮਿਹਨਤ ਲੱਗਦੀ ਹੈ, ਕਿੰਨੇ ਲੋਕ ਇਹ ਕੰਮ ਕਰਦੇ ਹਨ, ਉਸ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ ।ਭਗਤ ਪੂਰਨ ਸਿੰਘ ਜੀ ਤੋਂ ਮਿਲੀ ਇਹ ਸਿੱਖਿਆ ਆਪਣੇ 'ਤੇ ਲਾਗੂ ਕਰਨ ਦੀ ਲੋੜ ਹੈ ।ਬਲਬੀਰ ਪਰਵਾਨਾ ਨੇ ਇਸ ਆਦਤ ਨੂੰ ਅਪਨਾਇਆ ।ਮੁਬਾਰਕ! ਇਸ ਲਿਖਤ ਵਿਚ ਨਾਵਲ 'ਗੌਲਿਆਂ ਵੇਲੇ' ਦਾ ਪੂਰਾ ਪਿਛੋਕੜ ਪੜ੍ਹਿਆ ।ਰੂਹ ਖੁਸ਼ ਹੋ ਗਈ। ਸੰਨ ਸੰਤਾਲੀ ਦੀ ਦੇਸ਼ ਵੰਡ ਨੇ ਇਸ ਖਿੱਤੇ ਦਾ ਅਤੇ ਖਾਸ ਕਰਕੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਸੀ ।ਇਹ ਖੂਨੀ ਦੇਸ਼ ਵੰਡ ਦਾ ਜ਼ਿਕਰ ਹਮੇਸ਼ਾ ਹੁੰਦਾ ਰਹੇਗਾ ।ਇਹ ਨਾਵਲ ਇਸ ਪੱਖ ਤੋਂ ਇਤਿਹਾਸਕ ਹੈ। ਨਾਵਲ ਦੇ ਕੁਝ ਪਾਤਰਾਂ ਦੀ ਵੀ ਜਾਣਕਾਰੀ ਮਿਲੀ ।ਲੇਖਕ ਨੇ ਨਾਵਲ ਦੀ ਸਿਰਜਨ ਪ੍ਰਕਿਰਿਆ ਦਾ ਬਿਰਤਾਂਤ ਪੇਸ਼ ਕੀਤਾ ਹੈ। ਲੇਖ ਨਾਲ ਲੱਗੀਆਂ ਤਸਵੀਰਾਂ ਆਕਰਸ਼ਕ ਹਨ। ਅੰਕ ਵਿਚ ਰਣਜੀਤ ਆਜ਼ਾਦ ਕਾਂਝਲਾ ਦੀਆਂ ਮਿੰਨੀ ਕਹਾਣੀਆਂ ਬਹੁਤ ਵਧੀਆ ਹਨ ।ਦਿਲ 'ਚ ਵਾਸਾ ਤਰਕ ਅਧਾਰਤ ਰਚਨਾ ਹੈ। ਸੀਰ ਸਾਂਝ ਵਿਚ ਦੁਨੀਆ ਦੀ ਨਾਸ਼ਮਾਨਤਾ ਦਾ ਵਿਸ਼ਾ ਹੈ। 'ਸਵੈ ਪੜਚੋਲ' ਤੇ 'ਵਿਸ਼ਵਾਸ' ਵੀ ਚੰਗੀਆਂ ਮਿੰਨੀ ਰਚਨਾਵਾਂ ਹਨ। ਨਰਿੰਦਰ ਕੌਰ ਸੋਹਲ ਨੇ ਨਾਰੀ ਦਿਵਸ 'ਤੇ ਭਾਰਤੀ ਨਾਰੀ ਦੀ ਸਥਿਤੀ ਦਾ ਠੀਕ ਪੱਖ ਲਿਖਿਆ ਹੈ। ਸਾਡੇ ਦੇਸ਼ ਦੀ ਨਾਰੀ ਪੜ੍ਹ-ਲਿਖ ਗਈ ਹੈ। ਨੌਕਰੀਆਂ ਵੀ ਕਰਦੀ ਹੈ, ਪਰ ਸੁਰੱਖਿਆ ਦੇ ਪੱਖ ਤੋਂ ਉਹ ਅੱਜ ਵੀ ਮਜਬੂਰ ਹੈ। ਵਿਚਾਰੀ ਜਿਹੀ ਹੈ ਮਿਹਨਤਕਸ਼ ਨਾਰੀ ਨੂੰ ਘੱਟ ਉਜਰਤ ਮਿਲਦੀ ਹੈ। ਸੁਰਜੀਤ ਸੁਮਨ ਦੇ ਕਾਲਮ ਵਿਚ ਈਰਾਨ ਵਿਚ ਕੁੜੀਆਂ ਦੀਆਂ ਮੌਤਾਂ ਬਾਰੇ ਲਿਖਿਆ ਹੈ, ਇਹ ਜੰਗ ਦਾ ਮਾਰੂ ਪੱਖ ਹੈ ।ਈਰਾਨੀ ਬੱਚੀਆਂ ਦਾ ਜੰਗ ਵਿਚ ਇਸ ਤਰ੍ਹਾਂ ਮਾਰੇ ਜਾਣਾ ਬੇਹੱਦ ਦੁਖਦਾਈ ਹੈ। ਸਾਰੇ ਵਿਸ਼ਵ ਨੇ ਇਸ ਕਤਲੇਆਮ ਦੀ ਨਿਖੇਧੀ ਕੀਤੀ ਹੈ। 'ਦ੍ਰਿਸ਼ਟੀਕੋਣ' ਵਿਚ ਲੇਖਕ ਜਤਿੰਦਰ ਪੰਨੂੰ ਨੇ ਦੇਸ਼ਾਂ ਦੇ ਲੋਕਤੰਤਰ ਵਿਚ ਵਖਰੇਵਾਂ ਹੋਣ ਦੀ ਚਰਚਾ ਕੀਤੀ ਹੈ। ਭਾਰਤੀ ਲੋਕਤੰਤਰ ਕਮਜ਼ੋਰ ਹੈ। ਲੇਖਕ ਨੇ ਇਸ ਵਿਚ ਹੋਰ ਵੀ ਕਮੀਆਂ ਦਾ ਜ਼ਿਕਰ ਕੀਤਾ ਹੈ । ਕਿਤਾਬਾਂ ਸਿਦਕ ਹਾਰਦਾ ਨਹੀਂ, ਬਾਬਾ ਮੰਗੂ ਰਾਮ, ਲਹਿੰਦੇ ਸੂਰਜ ਦੀ ਸੁਰਖੀ ਦੇ ਵਿਸ਼ਲੇਸ਼ਣ ਪੜ੍ਹ ਕੇ ਜਾਣਕਾਰੀ ਮਿਲੀ। ਅਦਾਰਾ ਕਹਾਣੀ ਧਾਰਾ ਨੇ ਦੋ ਪਾਠਕਾਂ ਨੂੰ ਪੁਰਸਕਾਰ ਦਿੱਤੇ ਹਨ। ਚੰਗਾ ਲੱਗਾ। ਕਹਾਣੀਕਾਰ ਬਲੀਜੀਤ ਨੂੰ ਪ੍ਰੇਮ ਪ੍ਰਕਾਸ਼ ਯਾਦਗਾਰੀ ਪੁਰਸਕਾਰ ਮਿਲਣ ਦੀ ਵਧਾਈ ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਅੰਧ-ਵਿਸ਼ਵਾਸ : ਡਾ. ਹਰੀਸ਼ ਮਲਹੋਤਰਾ

ਬਲਰਾਜ ਸਾਹਨੀ : ਲੋਕ ਕਲਾਕਾਰ ਤੇ ਇੱਕ ਕਮਿਊਨਿਸਟ ਨੇਤਾ : ਅਨਿਲ ਰਾਜੀਮਵਾਲੇ

'ਜਾਦੂਨਗਰੀ ਦੇ ਜਾਦੂਗਰ' : ਅਜੈ ਤਨਵੀਰ (ਫੋਕਸ) ਡਾ. ਜਸਵਿੰਦਰ ਕੌਰ ਬਿੰਦਰਾ

ਗੁਰਨਾਮ ਢਿੱਲੋਂ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਵਿਗਿਆਨ ਦੇ ਨਕਸ਼ : ਨਵੀਆਂ ਖੋਜਾਂ ਤੇ ਗਿਆਨ-ਵਿਗਿਆਨ ਦੀ ਪੱਤ੍ਰਿਕਾ

'ਵਿਗਿਆਨ ਦੇ ਨਕਸ਼', ਸਾਲ 2026, ਪਤ੍ਰਿਕਾ ਪੰਜਾਬੀ ਯੂਨੀ. ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਪ੍ਰਕਾਸ਼ਤ ਕੀਤੀ ਜਾਂਦੀ ਅਜਿਹੀ ਪਤ੍ਰਿਕਾ ਹੈ ਜਿਸ ਵਿੱਚ ਵਿਗਿਆਨ ਨਾਲ ਸਬੰਧਤ ਲੇਖਾਂ ਨੂੰ ਪ੍ਰਮੁੱਖਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ। 'ਦੋ ਸ਼ਬਦ' ਉਪਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਲਿਖੇ ਗਏ ਹਨ। ਵਿਭਾਗ ਦੇ ਮੁੱਖੀ ਡਾ. ਗੁਰਸੇਵਕ ਸਿੰਘ ਲੰਬੀ ਨੇ ਸੰਪਾਦਕੀ ਵਿੱਚ ਲਿਖਿਆ ਹੈ, 'ਵਿਭਾਗ ਗਿਆਨ-ਵਿਗਿਆਨ ਦੇ ਖੇਤਰ ਵਿੱਚ ਹੋ ਰਹੀਆਂ ਨਵੀਆਂ ਖੋਜਾਂ, ਨਵੀਆਂ ਅੰਤਰ-ਦ੍ਰਿਸ਼ਟੀਆਂ ਨੂੰ ਖੋਜਾਰਥੀਆਂ ਅਤੇ ਪਾਠਕਾਂ ਤੱਕ ਪਹੁੰਚਾਉਣ ਲਈ ਖੋਜ ਪਤ੍ਰਿਕਾ ਪ੍ਰਕਾਸ਼ਿਤ ਕਰਵਾਉਂਦਾ ਹੈ। ਇਹ 50 ਵਾਂ ਅੰਕ ਜਨਰਲ ਅੰਕ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਅੰਕ ਵਿੱਚ ਵਿਗਿਆਨ ਦੀਆਂ ਨਵੀਨ ਖੋਜਾਂ ਦੇ ਨਾਲ ਨਾਲ ਬ੍ਰਹਿਮੰਡ ਖੋਜਾਂ, ਮਨੁੱਖੀ ਸਿਹਤ ਸਬੰਧੀ, ਡੀ. ਐਨ ਏ ਅਤੇ ਫੌਰੈਂਸਿਕ ਵਿਗਿਆਨ, ਅਜੋਕੇ ਯੁੱਗ ਵਿੱਚ ਦਰਪੇਸ਼ ਖ਼ਤਰਨਾਕ ਬਿਮਾਰੀਆਂ ਨਾਲ ਸੰਬੰਧਿਤ ਜਾਗਰੂਕਤਾ, ਸਰੀਰਕ ਤੰਦਰੁਸਤੀ ਲਈ ਕਸਰਤ, ਯੋਗਾ ਅਤੇ ਹੋਰ ਬਹੁਤ ਸਾਰੇ ਵਿਗਿਆਨਿਕ ਮਸਲਿਆਂ ਨੂੰ ਵੱਖ ਵੱਖ ਪਰਚਿਆਂ ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ ਹੈ।" ਹੱਥਲੇ ਅੰਕ ਵਿੱਚ 21 ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਅੰਕ ਵਿੱਚ 'ਵਿਸ਼ਵ, ਸੂਰਜ-ਮੰਡਲ ਅਤੇ ਇਸ ਵਿਖੇ ਜੀਵਨ (ਡਾ. ਸੁਰਜੀਤ ਸਿੰਘ ਢਿੱਲੋਂ), ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ (ਡਾ. ਵਿਦਵਾਨ ਸਿੰਘ ਸੋਨੀ), ਕਿਵੇਂ ਹੋਈ ਰਮਨ ਦੀ ਬੱਲੇ ਬੱਲੇ (ਡਾ. ਕੁਲਦੀਪ ਸਿੰਘ ਧੀਰ), ਇਟਲੀ ਦਾ ਮਲਾਹ, ਪੁਰਾਣੇ ਮਿੱਤਰ (ਡਾ. ਕੁਲਦੀਪ ਸਿੰਘ ਧੀਰ), ਔਟਿਜ਼ਮ ਵਿਕਾਰ (ਡਾ. ਆਗਿਆਜੀਤ ਸਿੰਘ), ਆਦਿ ਮਨੁੱਖ ਦਾ ਅੱਗ ਨਾਲ ਰਿਸ਼ਤਾ (ਡਾ. ਐੱਸ ਪੀ ਸਿੰਘ), ਸੁੰਦਰ ਵਾਲ (ਡਾ. ਦਰਸ਼ਨਜੋਤ ਕੌਰ), ਮਸਾਲੇ ਬਨਾਮ ਸਿਹਤ (ਡਾ. ਤੇਜਿੰਦਰ ਕੌਰ, ਪ੍ਰਵੀਨ ਪਾਲ), ਮਨੁੱਖੀ ਸਰੀਰ ਵਿੱਚ ਆਉਂਦੀਆਂ ਤਬਦੀਲੀਆਂ ਦੇ ਕਾਰਨ (ਡਾ. ਹਰਸ਼ਿੰਦਰ ਕੌਰ), ਮੁਲਾਂਕਣ ਵਿਗਿਆਨ ਖੋਜ ਦੀ ਵਿਧੀ (ਡਾ. ਰਣਜੀਤ ਸਿੰਘ), ਡੀ. ਐਨ. ਏ. ਅਤੇ ਫੋਰੈਂਸਿਕ ਵਿਗਿਆਨ (ਡਾ. ਮੁਕੇਸ਼ ਕੁਮਾਰ ਠੱਕਰ, ਅਮਨਦੀਪ ਭੰਮਰਾ), ਡੀ. ਐਨ. ਏ ਬਾਰਕੋਡਿੰਗ ਜੰਗਲੀ ਜੀਵ ਅਪਰਾਧ (ਡਾ. ਟੀਨਾ ਸ਼ਰਮਾ, ਡਾ. ਮੁਕੇਸ਼ ਠੱਕਰ), ਅਜੋਕੇ ਯੁੱਗ ਵਿੱਚ ਸੀਸੀਟੀ ਵੀ ਦੀ ਮਹੱਤਤਾ (ਲਵਪ੍ਰੀਤ ਕੌਰ, ਡਾ. ਮੁਕੇਸ਼ ਠੱਕਰ), ਥਾਇਰਾਇਡ ਗ੍ਰੰਥੀ ਦੀਆਂ ਸਮੱਸਿਆਵਾਂ (ਡਾ. ਮਨਜੀਤ ਸਿੰਘ ਬੱਲ), ਪੇਟ ਵਿੱਚ ਪਾਣੀ ਜਮਾਂ ਹੋਣਾ (ਡਾ. ਮਨਜੀਤ ਬੱਲ), ਪੰਜਾਬ ਵਿੱਚ ਕੈਂਸਰ ਦੀ ਵਧਦੀ ਮੌਤ ਦਰ (ਡਾ. ਰਾਜਿੰਦਰ ਕੌਰ), ਦਸ ਕਦਮ ਜੀਵਨ ਲਈ (ਡਾ. ਅਸ਼ੋਕ ਕੁਮਾਰ, ਡਾ. ਰਿਪੁਦਮਨ ਸਿੰਘ), ਜ਼ਰੂਰਤ ਤੋਂ ਜ਼ਿਆਦਾ ਕਸਰਤ ਦੇ ਪ੍ਰਭਾਵ (ਡਾ. ਅਸ਼ੋਕ ਕੁਮਾਰ), ਯੋਗ ਅਰੋਗ ਜੀਵਨ ਦਾ ਆਧਾਰ (ਡਾ. ਅਮਨਦੀਪ ਸਿੰਘ), ਭਾਰਤ ਵਿੱਚ 2019 ਦੇ ਮੌਸਮ ਦਾ ਲੇਖਾ ਜੋਖਾ (ਡਾ. ਗੁਰਿੰਦਰ ਕੌਰ), ਕੋਸ਼ਿਕਾਵਾਂ ਦੀ ਯੋਜਨਾਬੱਧ ਮੌਤ ਮਨੁੱਖੀ ਜ਼ਿੰਦਗੀ ਦਾ ਆਧਾਰ (ਡਾ. ਪ੍ਰਵੀਨ ਪਾਲ ਬਲਗੀਰ , ਡਾ. ਸੁਮਨ ਰਾਣੀ)




ਵਿਗਿਆਨ ਦੇ ਨਕਸ਼: ਸੰਪਾਦਕ ਡਾ. ਗੁਰਸੇਵਕ ਸਿੰਘ ਲੰਬੀ (99141-50353), ਮੁੱਖੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੁੱਲ : 100 ਰੁਪਏ, ਪੰਨੇ : 103, ਅੰਕ: 50, 2018.

## ਰਚਨਾ : ਮਾਸਿਕ ਪੰਜਾਬੀ ਰਸਾਲਾ




'ਰਚਨਾ' ਲਹਿੰਦੇ ਚੜ੍ਹਦੇ ਪੰਜਾਬ ਦੇ ਬਾਹਰਲੇ ਪੰਜਾਬੀ ਲਿਖਾਰੀਆਂ ਦੇ ਸੋਚ ਵਿਚਾਰ ਦੀ ਨੁਮਾਇੰਦਗੀ ਕਰਨ ਵਾਲਾ ਮਾਸਕ ਪੇਪਰ ਹੈ ਜਿਹੜੀ ਕਿ ਆਨ ਲਾਇਨ ਪਾਠਕਾਂ ਤੱਕ ਪੁੱਜਦਾ ਹੈ। ਸੰਪਾਦਕ ਮਨਜੀਤ ਸਿੰਘ ਨੇ ਸ਼ਿਵ ਕੁਮਾਰ ਬਟਾਲਵੀ ਤੇ ਸੰਪਾਦਕੀ ਲਿਖੀ ਹੈ। ਕਹਾਣੀ ਭਾਗ ਵਿੱਚ ਜਬਲ ਪੁਰ ਖੁਸਰੋ ਵਾਲਾ (ਆਮਿਰ ਰਜ਼ਾ), ਗ਼ੈਰਤ (ਅਕਮਲ ਸ਼ਹਿਜ਼ਾਦ ਘੁੰਮਣ), ਛੇਕੜੀ ਵਾਰ (ਮਕਸੂਦ ਸਾਕਿਬ), ਸੰਗਲਾਂ ਵਿੱਚ ਬੰਨ੍ਹਿਆ ਸੱਚ (ਰਵੀ ਸ਼ੇਰਗਿੱਲ), ਬੁਲਬੁਲ (ਸ਼ਈਦ ਅੰਜੁਮ ਖੋਖਰ), ਸ਼ਾਹ ਦੀ ਕੰਜਰੀ (ਅੰਮ੍ਰਿਤਾ ਪ੍ਰੀਤਮ), ਸ਼ਾਹਕਾਰ (ਟੀਪੂ ਸਲਮਾਨ ਮਖ਼ਦੂਮ), ਬੰਨੇ ਚੰਨੇ ਦੇ ਭਰਾ (ਅਫ਼ਜ਼ਲ ਅਹਸਨ ਰੰਧਾਵਾ), ਘਰ (ਖ਼ਾਲਿਦ ਫ਼ਰਹਾਦ ਧਾਰੀਵਾਲ), ਓਪਰਾ ਘਰ (ਗੁਰਦਿਆਲ ਸਿੰਘ) ਤੇ ਜੰਨਤ ਦੀ ਤਲਾਸ਼ (ਜਿਲਾਨੀ ਬਾਨੋ) ਆਦਿ ਕਹਾਣੀਆਂ ਛਪੀਆਂ ਹਨ। ਚੰਗੇਜ਼ ਆਇਤਮਾਤੋਵ ਦਾ ਨਾਵਲ 'ਪਹਿਲਾ ਅਧਿਆਪਕ' ਪੜ੍ਹਨ ਨੂੰ ਮਿਲ ਜਾਂਦਾ ਹੈ। ਸੁਖਿੰਦਰ, ਡਾ. ਜਗਤਾਰ, ਰਾਜਾ ਰਾਮ ਹੰਡਿਆਇਆ, ਡਾ. ਅਮਰਜੀਤ ਕੌਂਕੇ, ਡਾ. ਪ੍ਰੈਟੀ ਸੋਢੀ, ਸੁਰਜੀਤ ਗੱਗ ਤੇ ਬਲਜੀਤ ਮੈਰੜੇ ਦੀ ਸ਼ਾਇਰੀ ਛਪੀ ਹੈ। ਅਮਰਜੀਤ ਭੋਗਲ, ਮਕਸੂਦ ਸਾਕਿਬ, ਬਲੀਜੀਤ ਤੇ ਤਬਲਾ ਵਾਦਕ ਉਸਤਾਦ ਲਛਮਣ ਸਿੰਘ ਸੀਨ ਦੀਆਂ ਮੁਲਾਕਾਤ ਹਨ। ਸ਼ਹਿਰ ਸ਼ਹਿਰ, ਕਲਾ ਕਿਰਤਾਂ, ਵਿਅੰਗ, ਸ਼ਖ਼ਸੀਅਤ, ਸਾਂਝਾ ਪੰਜਾਬ, ਆਲੋਚਨਾ, ਲੇਖ, ਕਥਾ ਪਰਿਕਰਮਾ, ਸਵੈ ਕਥਨ, ਜਾਣਕਾਰੀ ਤੇ ਪੁਸਤਕ ਸੱਭਿਆਚਾਰ ਕਾਲਮ ਵਿੱਚ ਕਾਫੀ ਮੈਟਰ ਪੜ੍ਹਨ ਨੂੰ ਮਿਲ ਜਾਂਦਾ ਹੈ। ਰਸਾਲੇ ਦਾ ਬਹੁਤਾ ਮੈਟਰ ਪਹਿਲਾਂ ਕਿਤੇ ਨਾ ਕਿਤੇ ਪ੍ਰਕਾਸ਼ਤ ਹੋਇਆ ਹੈ। 'ਰਚਨਾ' ਸੰਪਾਦਕ: ਮਨਜੀਤ ਸਿੰਘ ((+1 888-475-4328) , ਮੁੱਲ :100, ਪੰਨੇ :100, ਰਚਨਾਵਾਂ ਭੇਜਣ ਲਈ : e-mail: rachnapunjab@gmail.com

## ਅਰਮਾਨ : ਤਿਮਾਹੀ ਰਿਸਰਚ ਜਰਨਲ

'ਅਰਮਾਨ' ਦਾ 13 ਵਾਂ ਅੰਕ (ਜਨਵਰੀ-ਮਾਰਚ,2026) ਪਾਠਕਾਂ ਤੱਕ ਪੁੱਜ ਗਿਆ ਹੈ। ਜਰਨਲ ਆਨ ਲਾਇਨ ਪਾਠਕਾਂ ਤੱਕ ਪੁੱਜਦਾ ਹੈ। ਸੰਪਾਦਕੀ ਵਿੱਚ ਡਾ. ਸੰਦੀਪ ਸਿੰਘ ਮੁੰਡੇ ਨੇ ਸਾਹਿਤ ਅਤੇ ਪੁਸਤਕਾਂ ਦੇ ਆਪਸੀ ਰਿਸ਼ਤੇ ਦੀ ਗੱਲ ਕੀਤੀ ਹੈ, "ਕਵਿਤਾ, ਕਹਾਣੀ, ਨਾਵਲ, ਨਾਟਕ ਅਤੇ ਨਿਬੰਧ ਵਰਗੀਆਂ ਸਾਹਿਤਕ ਵੰਨਗੀਆਂ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਰੁਸ਼ਨਾਉਂਦੀਆਂ ਹੋਈਆਂ ਪਾਠਕ ਨੂੰ ਡੂੰਘੇ ਚਿੰਤਨ ਲਈ ਪ੍ਰੇਰਿਤ ਕਰਦੀਆਂ ਹਨ।...ਇਹਨਾਂ ਵਿੱਚ ਕੇਂਦਰ ਰਾਜ ਸੰਬੰਧਾਂ ਦੀ ਪੜਤਾਲ, ਮਨੋਵਿਗਿਆਨਕ ਦਵੰਦ, ਗੁਰਮਤਿ ਚਿੰਤਨ, ਨਾਰੀ ਚੇਤਨਾ, ਪ੍ਰਵਾਸੀ ਅਨੁਭਵ, ਅਤੇ ਪੰਜਾਬੀ ਵਿਰਾਸਤ ਵਰਗੇ ਅਹਿਮ ਵਿਸ਼ਿਆਂ ਦਾ ਵਿਗਿਆਨਕ ਤੇ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ।"




ਹੱਥਲੇ ਅੰਕ ਵਿੱਚ ਕਲੈਕਟਰ ਸਾਹਿਬ ਨਾਵਲ (ਡਾ. ਹਰਦੇਵ ਸਿੰਘ), ਗੁਰਮਤਿ ਵਿੱਚ ਧਰਮ (ਡਾ. ਨਵਨੀਤ ਕੌਰ), ਬੋਲ ਮਰਦਾਨਿਆ (ਡਾ. ਮਨਪ੍ਰੀਤ ਕੌਰ), ਮੁਹੱਬਤ ਨੇ ਕਿਹਾ (ਡਾ. ਮਨਿੰਦਰਜੀਤ ਕੌਰ), ਪ੍ਰਭਾਤੀ ਤਾਰਾ (ਡਾ. ਸੁਖਵਿੰਦਰ ਕੌਰ), ਮਨਜੀਤ ਟਿਵਾਣਾ ਕਾਵਿ (ਡਾ. ਬੇਅੰਤ ਸਿੰਘ ਸਰਾਂ), ਚਹਿਲ ਦੇ ਨਾਵਲ 'ਭੰਵਰ' (ਕਰਮਜੀਤ ਕੌਰ), ਸਵਰਾਜਬੀਰ ਦੇ ਨਾਟਕ ਵਨਧਾਰਾ (ਡਾ. ਚੰਦਰ ਪ੍ਰਕਾਸ਼), ਕਾਨ੍ਹੂੰ ਸਾਨਿਆਲ ਦੀ ਜੀਵਨੀ (ਜਗਤਾਰ ਸਿੰਘ), ਪਾਨਿਨੀ ਵਿਆਕਰਨ (ਡਾ. ਲਖਵਿੰਦਰ ਸਿੰਘ), ਗੁੜ ਗੰਡੋ ਅਤੇ ਕਪਾਹ ਪੰਡੋਂ (ਡਾ. ਨਿਰਭੈ ਸਿੰਘ), ਪਛਾਣ ਦਾ ਸੰਕਟ (ਡਾ. ਗੁਰਪ੍ਰੀਤ ਸਿੰਘ ਬੋੜਾਵਾਲ ), ਗੁਰੂ ਗ੍ਰੰਥ ਸਾਹਿਬ ਵਿੱਚ ਜਾਤੀ ਪ੍ਰਥਾ ਦਾ ਖੰਡਨ (ਗੁਰਪ੍ਰੀਤ ਸਿੰਘ), ਪੰਜਾਬੀ ਸਾਹਿਤ ਦੀ ਉਤਪਤੀ (ਡਾ. ਕੰਵਲਜੀਤ ਸਿੰਘ), ਪੀਂਘ ਦੇ ਸੰਦਰਭ ਵਿੱਚ (ਰਾਣੀ ਦੇਵੀ), ਘਰ (ਡਾ. ਰੁਪਿੰਦਰ ਕੌਰ), ਬਲਜੀਤ ਬੱਲੀ ਦੀ ਸਵੈ-ਜੀਵਨੀ ਢਾਈ ਸਤਰਾਂ (ਅਮਨਦੀਪ ਕੌਰ), ਅਫਲਾਤੂ (ਡਾ. ਸਰਵਦੀਪ ਕੌਰ), ਮੀਡੀਆ ਤੇ ਟੈਕਨੋਲੋਜੀ (ਆਕਾਸ਼ਦੀਪ ਸਿੰਘ, ਸੁਮਨਦੀਪ ਕੌਰ), ਹੁਸੈਨ ਫ਼ਕੀਰ (ਡਾ. ਲਖਵੀਰ ਲੈਜ਼ੀਆ), ਪ੍ਰਵਾਸੀ ਪੰਜਾਬੀ ਬਿਰਤਾਂਤ (ਡਾ. ਰਾਜਿੰਦਰ ਕੌਰ), 'ਜੰਡ' ਲੋਕਧਾਰਾਈ ਮਹੱਤਵ (ਡਾ. ਪਰਮਜੀਤ ਕੌਰ ਸਿੱਧੂ), ਹਰਿਭਜਨ ਸਿੰਘ ਦੀ ਰੂਪਕੀ (ਜਗਜੀਤ ਸਿੰਘ), ਅਜੀਤ ਰਾਹੀ ਦੀ ਵਾਰਤਕ (ਡਾ. ਮਲਕੀਅਤ ਸਿੰਘ) ਆਦਿ ਵੱਖ ਵੱਖ ਵਿਸ਼ਿਆ ਉੱਤੇ ਖੋਜ ਪੇਪਰ ਪ੍ਰਕਾਸ਼ਤ ਕੀਤੇ ਗਏ ਹਨ। ਸਾਰੇ ਪੇਪਰ ਅਕੈਡਮਿਕ ਵਿਧੀ ਵਿਧਾਨ ਨਾਲ ਪ੍ਰਕਾਸ਼ਤ ਕੀਤੇ ਗਏ ਹਨ। ਪਰਚਾ ਨਵੇਂ ਆਲੋਚਕਾ ਨੂੰ ਵਿਧੀ ਵਿਧਾਨ ਨਾਲ ਆਲੋਚਨਾ ਕਰਨ ਦੇ ਢੰਗ ਤਰੀਕੇ ਦੱਸਦਾ ਹੈ।

ਅਰਮਾਨ : ਮੁੱਖ ਸੰਪਾਦਕ ਡਾ. ਸੰਦੀਪ ਸਿੰਘ ਮੁੰਡੇ (94136-52646), ਪੰਨੇ :156, ਪ੍ਰਕਾਸ਼ਕ : ਗੁਰੂ ਹਰਗੋਬਿੰਦ ਸਾਹਿਬ ਪੀ. ਜੀ. ਕਾਲਜ, ਸੀ ਸੀ ਹੈਡ, ਸ੍ਰੀ ਗੰਗਾਨਗਰ (ਰਾਜ.), ਰਚਨਾਵਾਂ ਭੇਜਣ ਲਈ : e-mail: principal@ghscollege.ac.in

# ਡਾ. ਸਰਬਜੀਤ ਸਿੰਘ ਨੂੰ ਹੂੰਝਾ-ਫੇਰ ਜਿੱਤ ਦਿਵਾਉਣ ਲਈ ਖੁੱਲ੍ਹ ਕੇ ਨਿੱਤਰੇ ਲੇਖਕ



*ਅੱਜ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਣ ਜਾ ਰਹੀ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਚੋਣਾਂ ਵਿੱਚ ਪ੍ਰਧਾਨਗੀ ਦੇ ਉਮੀਦਵਾਰ ਡਾ. ਸਰਬਜੀਤ ਸਿੰਘ ਦੇ ਹੱਕ ਵਿੱਚ ਅਤੇ ਉਸ ਨੂੰ ਇਕ ਤਰਫ਼ਾ ਹੂੰਝਾ ਫੇਰ ਜਿੱਤ ਦਿਵਾਉਣ ਲਈ ਪੰਜਾਬੀ ਦੇ ਪ੍ਰਸਿੱਧ ਤੇ ਪ੍ਰਬੁੱਧ ਲੇਖਕ, ਵਿਦਵਾਨ ਖੁੱਲ੍ਹ ਕੇ ਨਿੱਤਰ ਆਏ ਹਨ। ਉਨ੍ਹਾਂ ਨੇ ਆਪਣੀ ਅਪੀਲ ਵਿੱਚ ਡਾ. ਸਰਬਜੀਤ ਸਿੰਘ ਨੂੰ ਪ੍ਰਧਾਨ ਬਣਾਉਣ ਲਈ ਸਮੂਹ ਪੰਜਾਬੀ ਲੇਖਕ ਭਾਈਚਾਰੇ ਨੂੰ ਖੁੱਲ੍ਹ ਕੇ ਵੋਟਾਂ ਪਾਉਣ ਦੀ ਜੋਰਦਾਰ ਅਪੀਲ ਕੀਤੀ ਹੈ। ਆਪਣੀ ਆਪਣੀ ਅਪੀਲ ਵਿੱਚ ਉਨ੍ਹਾਂ ਠੋਸ ਦਲੀਲਾ ਦੇ ਕੇ ਦੱਸਿਆ ਕਿ ਡਾ. ਸਰਬਜੀਤ ਸਿੰਘ ਨੂੰ ਅਕਾਡਮੀ ਦਾ ਪ੍ਰਧਾਨ ਬਣਾਉਣਾ ਕਿਉਂ ਜ਼ਰੂਰੀ ਹੈ। ਡਾ. ਸਰਬਜੀਤ ਅਕਾਦਮਿਕ ਖੇਤਰ ਵਿੱਚ ਵੱਡਾ ਨਾਂ ਤਾਂ ਹੈ ਹੀ ਬਲਕਿ ਉਸ ਨੇ ਅਕਾਡਮੀ 'ਚ ਪਿਛਲੇ ਦੋ ਸਾਲਾਂ 'ਚ ਮੁੱਲਵਾਨ ਕਾਰਜ ਕਰਕੇ ਅਕਾਡਮੀ 'ਚ ਅਕਾਦਮਿਕ ਕਲਚਰ ਪੈਦਾ ਵੀ ਕੀਤਾ। ਕਈ ਸਾਲਾਂ ਤੋਂ ਸਾਹਿਤਕ ਜੱਥੇਬੰਦਕ ਕਾਰਜਾਂ ਵਿੱਚ ਕੰਮ ਕਰਨ ਦਾ ਵੀ ਉਹਦੇ ਕੋਲ ਲੰਮਾਂ ਤਜ਼ਰਬਾ ਹੈ। ਡਾ. ਸਰਬਜੀਤ ਸਿੰਘ ਨੇ ਪ੍ਰਧਾਨ ਹੁੰਦਿਆਂ ਪ੍ਰੋ. ਕਿਸ਼ਨ ਸਿੰਘ ਰਚਨਾਵਲੀ 17 ਜਿਲਦਾਂ ਸਮੇਤ 22 ਪੁਸਤਕਾਂ ਪ੍ਰਕਾਸ਼ਤ ਕੀਤੀਆਂ, ਆਲੋਚਨਾ ਮੈਗਜ਼ੀਨ ਨੂੰ ਨਿਰੰਤਰ ਪ੍ਰਕਾਸ਼ਤ ਕੀਤਾ। 40 ਦੇ ਕਰੀਬ ਰਾਸ਼ਟਰੀ ਸੈਮੀਨਾਰ, ਇੱਕ ਪੁਸਤਕ-ਇੱਕ ਸੰਵਾਦ, ਚਾਰ ਰੋਜ਼ਾ ਪੁਸਤਕ ਮੇਲਾ ਤੇ ਸਾਹਿਤ ਉਤਸਵ, ਨਾਟਕ ਮੇਲੇ, ਅਕਾਡਮੀ ਲਈ 20 ਲੱਖ ਰੁਪਏ ਦੀ ਗ੍ਰਾਂਟ ਲਿਆਉਣ ਦੇ ਵੱਡੇ ਕਾਰਜ ਕੀਤੇ ਹਨ। ਡਾ. ਸਰਬਜੀਤ ਦੇ ਮੁੱਲਵਾਨ ਕਾਰਜ ਨੂੰ ਦੇਖ ਕੇ ਅਕਾਡਮੀ ਨਾਲ ਜੁੜੇ ਲੇਖਕ-ਵੋਟਰ ਡਾ. ਸਰਬਜੀਤ ਸਿੰਘ ਨੂੰ ਮੁੜ ਪ੍ਰਧਾਨ ਬਣਾਉਣ, ਇਕ ਤਰਫ਼ਾ ਫੱਤਵਾ ਅਤੇ ਹੂੰਝਾ ਫੇਰੂ ਜਿੱਤ ਦਿਵਾਉਣ ਲਈ ਪੱਬਾ ਭਾਰ ਹੋ ਗਏ ਹਨ। ਪੰਜਾਬ, ਹਰਿਆਣਾ, ਚੰਡੀਗੜ੍ਹ, ਮੁਹਾਲੀ, ਦਿੱਲੀ, ਰਾਜਸਥਾਨ, ਜੰਮੂ ਦੇ ਵੱਡੀ ਗਿਣਤੀ ਵਿੱਚ ਲੇਖਕ ਡਾ. ਸਰਬਜੀਤ ਸਿੰਘ ਨੂੰ ਪ੍ਰਧਾਨ ਬਣਾਉਣ ਲਈ ਲੁਧਿਆਣੇ ਵੋਟ ਪਾਉਣ ਆ ਰਹੇ ਹਨ। ਚੇਤੇ ਰਹੇ ਕੇਵਲ ਪ੍ਰਧਾਨ ਦੇ ਅਹੁਦੇ ਲਈ ਵੋਟਾਂ ਅੱਜ ਜਾਣੀ ਕਿ 15 ਮਾਰਚ, ਨੂੰ (8 ਵਜੇ ਤੋਂ ਦੁਪਹਿਰ 3 ਵਜੇ ਤੱਕ ) ਅਕਾਡਮੀ ਦੇ ਦਫ਼ਤਰ ਪੰਜਾਬੀ ਭਵਨ, ਲੁਧਿਆਣਾ ਵਿਖੇ ਪੈ ਰਹੀਆਂ ਹਨ।*

## ਆਓ ਡਾ. ਸਰਬਜੀਤ ਸਿੰਘ ਨੂੰ ਸਮਰਥਨ ਦੇ ਕੇ ਜੇਤੂ ਬਣਾਈਏ

ਡਾ. ਸਰਬਜੀਤ ਸਿੰਘ ਨੂੰ ਮੈਂ ਕਈ ਦਹਾਕਿਆਂ ਤੋਂ ਜਾਣਦਾ ਹਾਂ। ਉਹ ਸਾਊ-ਸਿਆਣਾ ਤੇ ਸਨਿਮਰ ਇਨਸਾਨ ਹੈ। ਪੰਜਾਬੀ ਅਕਾਡਮੀ ਲੁਧਿਆਣਾ ਦੇ ਪਿਛਲੇ ਦੋ ਸਾਲਾਂ ਵਿਚ ਉਸ ਦੀ ਟੋਲੀ ਨੇ ਬਹੁਤ ਹਾਂ ਮੁਖ ਕਾਰਜ ਕੀਤਾ ਹੈ ਅਤੇ ਅਕਾਡਮੀ ਨੂੰ ਚੰਗੀ ਸੇਧ ਵਿਚ ਤੋਰਿਆ ਹੈ। ਉਹ ਕਿਸੇ ਵੀ ਸੰਸਥਾ ਵਿਚ ਰਿਹਾ, ਉਹਨੇ ਹਮੇਸ਼ਾ ਨਿੱਜੀ ਹਿਤ ਤੋਂ ਉੱਚਾ ਉੱਠ ਕੇ ਸਾਹਿਤ ਦੇ ਵਡੇਰੇ ਹਿਤ ਵਿਚ ਹੀ ਕੰਮ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਥੋਂ ਦੇ ਕਾਰਜਾਂ ਨੂੰ ਵੀ ਅੱਗੇ ਤੋਰਨ ਲਈ ਇਹਨਾਂ ਦੀ ਲਗਾਤਾਰਤਾ ਬਣੀ ਰਹਿਣੀ ਚਾਹੀਦੀ ਹੈ। ਇਸ ਲਈ ਇਸ ਵਾਰ ਦੀਆਂ ਚੋਣਾਂ ਵਿਚ ਪੰਜਾਬੀ ਲੇਖਕਾਂ ਤੇ ਵਿਦਵਾਨਾਂ ਨੂੰ ਮੇਰੀ ਬੇਨਤੀ ਹੈ ਕਿ ਡਾ. ਸਰਬਜੀਤ ਸਿੰਘ ਨੂੰ ਸਮਰਥਨ ਦੇ ਕੇ ਜੇਤੂ ਬਣਾਈਏ ਤੇ ਉਹਦੀ ਟੋਲੀ ਨੂੰ ਪਹਿਲਾਂ ਨਾਲੋਂ ਵੀ ਵੱਧ ਸਮਰਪਨ ਨਾਲ ਕੰਮ ਕਰਨ ਦਾ ਮੌਕਾ ਤੇ ਉਤਸਾਹ ਦੇਈਏ!

**- ਗੁਰਬਚਨ ਸਿੰਘ ਭੁੱਲਰ (ਦਿੱਲੀ)**

## ਡਾ. ਸਰਬਜੀਤ ਸਿੰਘ ਪ੍ਰਬੁੱਧ, ਪ੍ਰਸਿੱਧ ਤੇ ਸੰਜੀਦਾ ਵਿਦਵਾਨ

ਦੋਸਤੋ! ਪੰਜਾਬੀ ਸਾਹਿਤ ਦੀ ਵਕਾਰੀ ਸੰਸਥਾ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀਆਂ ਚੋਣਾਂ ਸਿਰ 'ਤੇ ਹਨ। ਇਹਨਾਂ ਚੋਣਾਂ ਵਿਚ ਪ੍ਰਧਾਨ ਦੇ ਅਹੁਦੇ ਦੀ ਚੋਣ ਲੜ ਰਹੇ ਡਾ. ਸਰਬਜੀਤ ਸਿੰਘ ਬਹੁਤ ਪ੍ਰਬੁੱਧ, ਪ੍ਰਸਿੱਧ ਅਤੇ ਸੰਜੀਦਾ ਵਿਦਵਾਨ ਹਨ। ਪਿਛਲੇ ਸਮੇਂ ਜਿਹੜੀ ਉਹਨਾਂ ਦੀ ਮੌਜੂਦਾ ਟੀਮ ਸੀ, ਉਸ ਨੇ ਬਹੁਤ ਮਹੱਤਵਪੂਰਨ ਕਾਰਜ ਕੀਤੇ ਹਨ, ਬਹੁਤ ਮੁੱਲਵਾਨ ਕਾਰਜ ਕੀਤੇ ਹਨ। ਇਸ ਕਰਕੇ ਮੈਂ ਇਸ ਵਾਰ ਦੀਆਂ ਸਾਹਿਤ ਅਕਾਡਮੀ ਦੀਆਂ ਚੋਣਾਂ ਵਿੱਚ ਉਹਨਾਂ ਦੀ ਦਿਲੋਂ ਹਮਾਇਤ ਕਰਦਾ ਹਾਂ, ਕਿਉਂਕਿ ਇਹੋ ਜਿਹੇ ਅਦਾਰਿਆਂ ਵਿੱਚ ਜੇਕਰ ਪ੍ਰਬੁੱਧ ਵਿਅਕਤੀ ਅਤੇ ਵਿਦਵਾਨ ਸ਼ਾਮਿਲ ਹੋਣਗੇ ਫੇਰ ਹੀ ਸਾਡਾ ਸਾਰਿਆਂ ਦਾ ਭਲਾ ਹੋਏਗਾ।

**- ਕਿਰਪਾਲ ਕਜ਼ਾਕ (ਪਟਿਆਲਾ)**

## ਮੈਂ ਡਾ ਸਰਬਜੀਤ ਸਿੰਘ ਦੀ ਖੁੱਲ੍ਹ ਕੇ ਹਮਾਇਤ ਕਰਦਾ ਹਾਂ

ਇਸ ਵਾਰ ਪੰਜਾਬੀ ਸਾਹਿਤ ਅਕਾਡਮੀ ਦੀਆਂ ਚੋਣਾਂ ਵਿੱਚ ਮੈਂ ਖ਼ਾਮੋਸ਼ ਰਹਿਣ ਦਾ ਇਰਾਦਾ ਕੀਤਾ ਹੋਇਆ ਸੀ, ਪਰ ਸਾਡੇ ਦੌਰ ਦੇ ਨਾਮਵਰ ਲੇਖਕ ਤੇ ਚਿੰਤਕ ਡਾ ਸੁਖਦੇਵ ਸਿੰਘ ਸਿਰਸਾ ਨੇ ਮੁਹੱਬਤੀ ਮਾਣ ਨਾਲ ਕਿਹਾ ਕਿ ਮੈਨੂੰ ਖ਼ਾਮੋਸ਼ ਰਹਿਣ ਦੀ ਥਾਂ ਡਾ ਸਰਬਜੀਤ ਸਿੰਘ ਦੀ ਖੁੱਲ੍ਹ ਕੇ ਹਮਾਇਤ ਕਰਨੀ ਚਾਹੀਦੀ ਹੈ ਕਿਉਂਕਿ ਇਸ ਵੇਲੇ ਦੇਸ਼ ਵਿੱਚ ਜੋ ਵਿਚਾਰਧਾਰਕ ਗੰਧਲ-ਚੌਂਦੇਂ ਵਾਲਾ ਭਗਵਾਂ ਮਾਹੌਲ ਬਣਿਆ ਹੋਇਆ ਹੈ, ਉਸ ਵਿਚ ਵਿਚਾਰਧਾਰਕ ਸਪੱਸ਼ਟਤਾ ਤੇ ਪ੍ਰਪੱਕਤਾ ਵਾਲੇ ਲੋਕਾਂ ਦੀ ਹੀ ਸਾਹਿਤਕ ਤੇ ਸਭਿਆਚਾਰਕ ਅਦਾਰਿਆਂ ਨੂੰ ਸਭ ਤੋਂ ਵੱਧ ਜ਼ਰੂਰਤ ਹੈ ਤੇ ਡਾ. ਸਰਬਜੀਤ ਸਿੰਘ ਇਸ ਅਹੁਦੇ ਲਈ ਸਭ ਤੋਂ ਢੁੱਕਵਾਂ ਉਮੀਦਵਾਰ ਹੈ। ਡਾ. ਸੁਖਦੇਵ ਸਿੰਘ ਸਿਰਸਾ ਦਾ ਸਾਹਿਤਕ ਤੇ ਸਭਿਆਚਾਰਕ ਅਦਾਰਿਆਂ ਨੂੰ ਚਲਾਉਣ ਦਾ ਪ੍ਰਮਾਣਿਕ ਅਨੁਭਵ ਹੈ। ਮੈਂ ਡਾ ਸਿਰਸਾ ਦੇ ਅਨੁਭਵ ਦੀ ਕਦਰ ਕਰਦਾ ਹਾਂ ਤੇ ਡਾ ਸਰਬਜੀਤ ਸਿੰਘ ਦੀ ਖੁੱਲ੍ਹ ਕੇ ਹਮਾਇਤ ਕਰਦਾ ਹਾਂ।

**- ਵਰਿਆਮ ਸਿੰਘ ਸੰਧੂ (ਜਲੰਧਰ)**

## ਆਓ! ਡਾ. ਸਰਬਜੀਤ ਸਿੰਘ ਨੂੰ ਇੱਕ ਮੌਕਾ ਹੋਰ ਦੇਈਏ...

ਜਦ ਜ਼ਿੰਮੇਵਾਰ, ਸੁਹਿਰਦ ਅਤੇ ਸਮਰਪਿਤ ਬੰਦੇ ਕਿਸੇ ਅਹੁਦੇ ਉੱਤੇ ਬੈਠਦੇ ਹਨ ਤਾਂ ਅਹੁਦਿਆਂ ਦਾ ਰੁਤਬਾ ਵੀ ਵੱਡਾ ਹੁੰਦਾ ਹੈ ਅਤੇ ਸੰਸਥਾ ਦੀ ਪੈਂਠ ਵੀ ਬਣ ਜਾਂਦੀ ਹੈ। ਡਾ. ਸਰਬਜੀਤ ਸਿੰਘ ਨੇ ਜਿਸ ਤਰ੍ਹਾਂ ਆਪਣੀ ਸਮੁੱਚੀ ਟੀਮ ਨੂੰ ਨਾਲ ਲੈ ਕੇ ਅਕਾਡਮੀ ਦੇ ਖੋਜ, ਚਿੰਤਨ ਅਤੇ ਦਾਰਸ਼ਨਿਕ ਕਾਰਜਾਂ ਦੀ ਲਗਾਤਾਰਤਾ ਬਣਾਈ ਹੈ, ਉਸਦੇ ਸਰੋਤਾਂ ਨੂੰ ਨਵਿਆਇਆ ਹੈ ਅਤੇ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਕ ਮਾਹੌਲ ਵਿੱਚ ਨਵੀਆਂ ਪਹਿਲ ਕਦਮੀਆਂ ਕੀਤੀਆਂ ਹਨ, ਉਸ ਨਾਲ ਪੰਜਾਬੀ ਅਕਾਡਮੀ ਲੁਧਿਆਣਾ ਦਾ ਕਦ-ਬੁੱਤ ਹੋਰ ਵੱਡਾ ਹੋਇਆ ਹੈ। ਉਪਰੋਕਤ ਕਾਰਜਾਂ ਦੇ ਸਿਰ 'ਤੇ ਇਹ ਭਰੋਸਾ ਕਰਨਾ ਬਣਦਾ ਹੈ ਕਿ ਉਹਨਾਂ ਦੀ ਟੀਮ ਇਸ ਵਾਰ ਵੀ ਇਸ ਮੁਹਿੰਮ ਨੂੰ ਨਵੇਂ ਮੁਕਾਮ ਤੀਕ ਲੈ ਕੇ ਜਾਵੇਗੀ। ਆਓ! ਉਹਨਾਂ ਨੂੰ ਇੱਕ ਮੌਕਾ ਹੋਰ ਦੇਈਏ...

**- ਡਾ. ਕੁਲਦੀਪ ਸਿੰਘ ਦੀਪ (ਪਟਿਆਲਾ)**

## ਸਾਰਿਆਂ ਨੂੰ ਡਾ. ਸਰਬਜੀਤ ਦੇ ਸਮਰਥਨ ਦੀ ਅਪੀਲ ਕਰਦਾ ਹਾਂ

ਬਹੁਤ ਸਤਿਕਾਰਤ ਪੰਜਾਬੀ ਪਾਠਕੋ ਅਤੇ ਲੇਖਕੋ! ਬੇਸ਼ਕ ਮੈਂ ਸਾਹਿਤ ਅਕਾਡਮੀ ਦੀਆਂ ਪਿਛਲੀਆਂ ਚੋਣਾਂ ਵਿੱਚ ਡਾ. ਸਰਬਜੀਤ ਸਿੰਘ ਨਾਲੋਂ ਵੱਖਰੇ ਰਾਹ 'ਤੇ ਸੀ ਪਰ ਮੈਨੂੰ ਮਾਣ ਹੈ ਕਿ ਡਾ. ਸਰਬਜੀਤ ਸਿੰਘ ਦੀ ਅਗਵਾਈ ਵਿੱਚ ਅਕਾਡਮੀ ਦੇ ਪਿਛਲੇ ਦੋ ਸਾਲਾਂ ਦੀ ਮਿਆਦ ਅੰਦਰ ਮਿਸਾਲੀ ਕਾਰਜ ਹੋਏ ਹਨ। ਇਸ ਟੀਮ ਨੇ ਬਹੁਤ ਮਿਹਨਤ ਨਾਲ ਆਪਣੇ ਫਰਜ਼ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ ਮੈਂ ਇਹ ਸਮਝਦਾ ਹਾਂ ਕਿ ਆ ਰਹੇ ਦੋ ਸਾਲ ਡਾਕਟਰ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਕੰਮ ਕਰ ਰਹੀ ਟੀਮ ਦੀ ਇਹਨਾਂ ਦੋ ਸਾਲਾਂ ਦੀ ਕਮਾਈ ਹੈ ਅਤੇ ਇਹਨਾਂ ਨੂੰ ਇਹ ਕਮਾਈ ਮਿਲਣੀ ਚਾਹੀਦੀ ਹੈ। ਕਿਉਂਕਿ ਜੇਕਰ ਇਹਨਾਂ ਦੀ ਅਗਵਾਈ ਵਿੱਚ ਅਕਾਡਮੀ ਨੇ ਕੁਝ ਚੰਗੇ ਤੇ ਨਵੇਂ ਪ੍ਰੋਜੈਕਟਾਂ ਤੇ ਕੰਮ ਕਰਨਾ ਸ਼ੁਰੂ ਕੀਤਾ ਹੈ ਤਾਂ ਇਸ ਟੀਮ ਨੂੰ ਘੱਟ ਤੋਂ ਘੱਟ ਦੋ ਸਾਲ ਹੋਰ ਇਹਨਾਂ ਪ੍ਰੋਜੈਕਟਾਂ ਤੇ ਕੰਮ ਕਰਨ ਦੇਣਾ ਚਾਹੀਦਾ ਹੈ ਤਾਂ ਜੋ ਨਿਰਧਾਰਤ ਸਿੱਟਿਆਂ ਤੀਕ ਪਹੁੰਚਿਆ ਜਾ ਸਕੇ। ਇਸ ਲਈ ਮੈਂ ਸਾਹਿਤ ਅਕਾਡਮੀ ਲੁਧਿਆਣਾ ਦੀਆਂ ਇਹਨਾਂ ਚੋਣਾਂ ਵਿੱਚ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਡਾ. ਸਰਬਜੀਤ ਸਿੰਘ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਤੇ ਤੁਹਾਨੂੰ ਸਾਰਿਆਂ ਨੂੰ ਉਹਨਾਂ ਦੇ ਸਮਰਥਨ ਦੀ ਅਪੀਲ ਕਰਦਾ ਹਾਂ...

**- ਗੁਰਭਜਨ ਸਿੰਘ ਗਿੱਲ (ਲੁਧਿਆਣਾ)**

## ਡਾ. ਸਰਬਜੀਤ ਸਿੰਘ ਦਾ ਜਿੱਤਣਾ ਅਗਾਂਹਵਧੂ ਸਾਹਿਤਕਾਰਾਂ ਲਈ ਇੱਕ ਸ਼ਲਾਘਾਯੋਗ ਪ੍ਰਾਪਤੀ

ਪ੍ਰੋਫੈਸਰ ਸਰਬਜੀਤ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਦੇ ਹੋਣਹਾਰ ਅਧਿਆਪਕ ਹਨ। ਉਹਨਾਂ ਦਾ ਅਧਿਐਨ, ਅਧਿਆਪਨ, ਖੋਜ ਅਤੇ ਸਾਹਿਤਕ ਕਾਮੇ ਦੇ ਤੌਰ ਤੇ ਕੰਮ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਸਭ ਤੋਂ ਵੱਡੀ ਤੇ ਸਲਾਘਾਯੋਗ ਪ੍ਰਾਪਤੀ ਇਹ ਹੈ ਕਿ ਉਹਨਾਂ ਨੇ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਲਈ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ। ਉਨਾਂ ਦੀ ਦੇਣ ਵਿਦਿਆਰਥੀਆਂ, ਸਾਹਿਤ ਅਕਾਡਮੀ ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬ ਦੀਆਂ ਹੋਰ ਸਾਹਿਤਿਕ ਜਥੇਬੰਦੀਆਂ ਵਿੱਚ ਬੜੀ ਵੱਡੀ ਹੈ। ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੁਦਈ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਧਾਰਮਿਕ-ਫਿਰਕੂ ਜਹਿਰ ਦੇ ਹਮੇਸ਼ਾ ਖਿਲਾਫ਼ ਰਹੇ ਹਨ। ਮੈਂ ਸਮਝਦਾ ਹਾਂ ਕਿ ਸਰਬਜੀਤ ਸਿੰਘ ਦਾ ਜਿੱਤਣਾ ਪੰਜਾਬ ਦੇ ਮਿਹਨਤਕਸ਼ ਅਤੇ ਅਗਾਂਹ ਵਧੂ ਲੋਕਾਂ, ਸਾਹਿਤਕਾਰਾਂ ਸਾਹਿਤਕ ਚਿੰਤਕਾਂ ਅਤੇ ਆਮ ਆਦਮੀ ਲਈ ਇੱਕ ਸ਼ਲਾਘਾਯੋਗ ਪ੍ਰਾਪਤੀ ਹੋਵੇਗੀ। ਉਹ ਖਰਾ ਸੋਨਾ ਹੈ ਅਤੇ ਉਸ ਨੂੰ ਪਰਖਣ ਲਈ ਕਿਸੇ ਵੀ ਕਸਵੱਟੀ ਦੀ ਲੋੜ ਨਹੀਂ।

**- ਡਾ. ਸੁਰਜੀਤ ਸਿੰਘ ਭੱਟੀ (ਪਟਿਆਲਾ)**

## ਡਾ. ਸਰਬਜੀਤ ਸਿੰਘ ਜੀ ਨੂੰ ਵੋਟ ਦੇ ਕੇ ਆਪਣਾ ਵੋਟ ਸਾਰਥਕ ਕਰੋ

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਨਵੀਂ ਕਮੇਟੀ ਦੇ ਪ੍ਰਧਾਨ ਦੀ ਚੋਣ 15 ਤਰੀਕ ਨੂੰ ਹੈ। ਪਿਛਲੇ ਦੋ ਵਰਿਆਂ ਵਿੱਚ ਡਾ. ਸਰਬਜੀਤ ਸਿੰਘ ਅਤੇ ਉਹਨਾਂ ਦੀ ਟੀਮ ਨੇ ਬਹੁਤ ਉਮਦਾ ਕੰਮ ਕੀਤੇ ਹਨ। ਕਿਉਂਕਿ ਡਾ. ਸਰਬਜੀਤ ਸਿੰਘ ਇਕ ਪ੍ਰਤਿਬੱਧ ਲੇਖਕ ਹਨ ਅਤੇ ਉਹਨਾਂ ਦਾ ਦ੍ਰਿਸ਼ਟੀਕੋਣ ਬਹੁਤ ਦੂਰਦਰਸ਼ੀ ਹੈ। ਉਹਨਾਂ ਨੇ ਸਾਹਿਤ ਅਕਾਡਮੀ ਲੁਧਿਆਣਾ ਨੂੰ ਪੱਕੇ ਪੈਰੀਂ ਖੜਾ ਕੀਤਾ ਹੈ। ਸੋ ਮੈਂ ਡਾ. ਵਨੀਤਾ ਅਪੀਲ ਕਰਦੀ ਹਾਂ ਕਿ ਇਸ ਵਾਰ ਫਿਰ ਡਾ. ਸਰਬਜੀਤ ਸਿੰਘ ਜੀ ਨੂੰ ਵੋਟ ਦੇ ਕੇ ਤੇ ਤੁਸੀਂ ਆਪਣਾ ਵੋਟ ਸਾਰਥਕ ਕਰੋ ਅਤੇ ਪੰਜਾਬੀ ਸਾਹਿਤ ਨੂੰ ਉੱਚੇ ਮਿਆਰਾਂ ਤੇ ਲੈ ਜਾਣ ਲਈ ਹੁਮ ਹੁਮਾ ਕੇ ਵੋਟ ਪਾਉਣ ਵਿੱਚ ਹਿੱਸਾ ਲਵੋ।

**- ਡਾ. ਵਨੀਤਾ (ਨਵੀਂ ਦਿੱਲੀ)**

## ਸਾਬਤ ਸਿਦਕ ਤੇ ਕਦਮ ਅਗਾਹਾਂ ..

ਚੋਣਾਂ ਜ਼ਮਹੂਰੀ ਅਮਲ ਨੇ, ਸਾਡੀ ਅੱਜ ਕੱਲ੍ਹ ਦੀ ਜ਼ਿੰਦਗੀ ਦਾ ਹਿੱਸਾ। ਪਰ ਕਈ ਮੌਕੇ ਇਹੋ ਜਿਹੇ ਵੀ ਹੁੰਦੇ ਨੇ ਜਦੋਂ ਚੋਣਾਂ ਤੋਂ ਬਿਨਾਂ ਵੀ ਸਰ ਸਕਦੈ। ਸਾਰਿਆਂ ਦੀ ਸਹਿਮਤੀ ਬਣ ਸਕਦੀ ਹੈ। ਇਸ ਵਾਰ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀਆਂ ਚੋਣਾਂ ਵਿੱਚ ਇਹੋ ਮਾਹੌਲ ਹੀ ਬਣਿਆ। ਸਾਰੇ ਅਹੁਦਿਆਂ ਲਈ ਸਹਿਮਤੀ ਹੋ ਗਈ, ਸਿਵਾਏ ਪ੍ਰਧਾਨ ਦੇ। ਮੈਨੂੰ ਉਸ ਵੀਰ ਨਾਲ ਕੋਈ ਰੋਸਾ ਨਹੀਂ ਜਿਹੜਾ ਡਾ. ਸਰਬਜੀਤ ਸਿੰਘ ਦੇ ਮੁਕਾਬਲੇ ਪ੍ਰਧਾਨਗੀ ਦੀ ਚੋਣ ਲੜ ਰਿਹਾ। ਇਹ ਉਸ ਦਾ ਹੱਕ ਹੈ, ਜ਼ਮਹੂਰੀ ਹੱਕ। ਪਰ ਜਦੋਂ ਚੋਣਾਂ ਹੋਣ ਤਾਂ ਤੁਹਾਨੂੰ ਇੱਕ ਪਾਸੇ ਹੋਣਾ ਪੈਂਦਾ ਹੈ। ਅਸੀਂ ਡਾ. ਸਰਬਜੀਤ ਸਿੰਘ ਦੇ ਨਾਲ ਹਾਂ ਕਿਉਂਕਿ ਅਸੀਂ ਉਸਦੇ ਵਿਚਾਰਾਂ ਅਤੇ ਅਮਲ ਦੋਹਾਂ ਨੂੰ ਜਾਣਦੇ ਹਾਂ। ਡਾ. ਸਰਬਜੀਤ ਪੰਜਾਬ ਅਤੇ ਪੰਜਾਬੀਅਤ ਬਾਰੇ ਡੂੰਘੀ ਸਮਝ ਰੱਖਣ ਵਾਲਾ ਦਾਨਿਸ਼ਵਰ ਹੈ। ਉਹ ਸਮਾਜਿਕ ਕਾਰਕੁਨ ਵੀ ਹੈ, ਲੋਕਾਂ ਦੇ ਹੱਕ ਵਿੱਚ ਖਲੋਣ ਵਾਲਾ। ਅਸੀਂ ਡਾ. ਸਰਬਜੀਤ ਦੇ ਪੰਜਾਬੀ ਸਾਹਿਤ ਅਕਾਡਮੀ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਵਿੱਚ ਕੀਤੇ ਕੰਮਾਂ ਤੋਂ ਵੀ ਜਾਣੂ ਹਾਂ। ਇਸ ਲਈ ਮੈਂ ਪੰਜਾਬੀ ਸਾਹਿਤ ਅਕਾਡਮੀ ਦੇ ਮੈਂਬਰਾਂ ਨੂੰ ਡਾ. ਸਰਬਜੀਤ ਦੇ ਹੱਕ ਵਿੱਚ ਵੋਟ ਪਾਉਣ ਦੀ ਪੁਰਜ਼ੋਰ ਅਪੀਲ ਕਰਦਾ ਹਾਂ। ਸੁਲਤਾਨ ਬਾਹੂ ਹੋਰਾਂ ਕਿਹਾ ਹੈ:

ਸਾਬਤ ਸਿਦਕ ਤੇ ਕਦਮ ਅਗਾਹਾਂ
ਬਾਹੂ ਇਹ ਗੱਲ ਦਸਤ ਮਿਲਾਵੇ ਹੂ।
ਸਾਰੇ ਦੋਸਤਾਂ ਦੇ ਸਹਿਯੋਗ ਨਾਲ ਅਸੀਂ ਨਿਸ਼ਚੇ ਹੀ ਕਾਮਯਾਬ ਹੋਵਾਂਗੇ।

**- ਡਾ. ਸਵਰਾਜਬੀਰ (ਚੰਡੀਗੜ੍ਹ)**

## ਡਾ. ਸਰਬਜੀਤ ਸਿੰਘ ਦਾ ਅਕਾਡਮੀ ਵਰਗੀ ਸੰਸਥਾ ਦੇ ਮੁਖੀ ਦੇ ਤੌਰ 'ਤੇ ਕਾਰਜ ਕਰਨਾ ਅਹਿਮ

ਡਾ ਸਰਬਜੀਤ ਸਿੰਘ ਦੇ ਜੀਵਨ ਫਲਸਫ਼ੇ ਤੇ ਸਾਹਿਤ ਸਭਿਆਚਾਰ ਚਿੰਤਨ ਦੇ ਆਧਾਰੀ ਸ੍ਰੋਤ ਦਵੰਦਵਾਦੀ ਪਦਾਰਥਵਾਦੀ ਹਨ। ਉਸਦੀ ਮੌਲਿਕ ਚਿੰਤਨ ਦ੍ਰਿਸ਼ਟੀ ਵਰਤਾਰਿਆਂ, ਰਚਨਾਵਾਂ ਨੂੰ ਸਤਹੀ, ਸਰਲੀਕ੍ਰਿਤ ਜਾਂ ਅਟਕਲਪੱਚੂ ਢੰਗ ਨਾਲ ਸਮਝਣ ਤੇ ਪੇਸ਼ ਕਰਨ ਦੀ ਬਜਾਏ ਨਿੱਗਰ ਗਤੀਸ਼ੀਲ ਸਮਾਜਕ ਸੰਦਰਭਾਂ, ਮਾਨਵੀ ਅਮਾਨਵੀ ਰੂਪਾਂ ਤੇ ਅੰਤਰ ਵੇਗ ਦੀਆਂ ਦਿੱਖ-ਅਦਿੱਖ ਪਰਤਾਂ-ਪਾਸਾਰਾਂ 'ਚੋਂ ਮੌਲਿਕ ਵਿਵੇਕਸ਼ੀਲ ਸੁਹਜ ਦ੍ਰਿਸ਼ਟੀ ਰਾਹੀਂ ਪਕੜਦੀ ਹੈ। ਏਸੇ ਸਦਕਾ ਨਾ ਉਸਨੂੰ ਆਪਣੀ ਵਿਚਾਰਧਾਰਾ ਨੂੰ ਛੁਪਾਉਣ ਦੀ ਲੋੜ ਭਾਸਦੀ ਹੈ, ਨਾ ਆਪਣੀਆਂ ਸਟੀਕ ਸਥਾਪਨਾਵਾਂ ਨੂੰ ਕੋਈ ਗਲੇਫ਼ ਚੜਾਉਣ ਦੀ। ਉਸ ਦੀ ਇਸੇ ਪ੍ਰਤੀਬੱਧਤਾ ਕਾਰਨ ਹੀ ਉਸ ਦਾ ਪੰਜਾਬੀ ਸਾਹਿਤ ਅਕਾਡਮੀ ਵਰਗੀ ਸੰਸਥਾ ਦੇ ਪ੍ਰਧਾਨ ਦੇ ਤੌਰ ਤੇ ਕਾਰਜ ਕਰਨਾ ਸਾਡੇ ਲਈ ਅਹਿਮ ਹੈ।

**- ਡਾ ਜਸਵਿੰਦਰ ਸਿੰਘ (ਪਟਿਆਲਾ)**

## ਡਾ. ਸਰਬਜੀਤ ਸਿੰਘ ਦੀ ਜਿੱਤ ਯਕੀਨੀ ਬਣਾਉਣ

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਚੋਣ ਹੋ ਰਹੀ ਹੈ। ਮੌਜੂਦਾ ਟੀਮ ਵਿੱਚ ਸਾਡੇ ਪ੍ਰਧਾਨ ਡਾ. ਸਰਬਜੀਤ ਸਿੰਘ ਬਹੁਤ ਹੀ ਮਿਹਨਤੀ ਤੇ ਵਿਦਵਾਨ ਇਨਸਾਨ ਹਨ। ਉਹਨਾਂ ਨੇ ਪਿਛਲੀ ਟਰਮ ਦੇ ਵਿੱਚ ਬਹੁਤ ਵਧੀਆ ਕੰਮ ਕੀਤਾ ਹੈ। ਟੀਮ ਨੇ ਬਹੁਤ ਸਾਰੀਆਂ ਉਹਨਾਂ ਕਿਤਾਬਾਂ ਦੀ ਪਬਲੀਕੇਸ਼ਨ ਕਰਵਾਈ ਜਿਹੜੀਆਂ ਸਟਾਕ ਵਿੱਚੋਂ ਖ਼ਤਮ ਹੋ ਚੁੱਕੀਆਂ ਸਨ, ਆਲੋਚਨਾ ਮੈਗਜ਼ੀਨ ਦੀ ਨਿਰੰਤਰਤਾ ਕਾਇਮ ਕੀਤੀ, ਬਹੁਤ ਸਾਰੇ ਸੈਮੀਨਾਰ ਕਰਵਾਏ ਅਤੇ ਪੁਸਤਕ ਮੇਲੇ ਲਗਵਾਏ। ਇਹਨਾਂ ਕਾਰਜਾਂ ਦੇ ਮੱਦੇਨਜ਼ਰ ਮੇਰੀ ਸਾਰੇ ਦੋਸਤਾਂ-ਮਿੱਤਰਾਂ ਨੂੰ ਗੁਜ਼ਾਰਿਸ਼ ਹੈ ਕਿ ਉਹ 15 ਮਾਰਚ ਨੂੰ ਪੰਜਾਬੀ ਸਾਹਿਤ ਅਕੈਡਮੀ ਦੇ ਵਿਹੜੇ ਪੁੱਜਣ ਅਤੇ ਡਾ. ਸਰਬਜੀਤ ਸਿੰਘ ਹੋਰਾਂ ਦੀ ਜਿੱਤ ਯਕੀਨੀ ਬਣਾਉਣ।

**- ਡਾ. ਬਿਕਰਮ ਸਿੰਘ ਘੁੰਮਣ (ਅੰਮ੍ਰਿਤਸਰ)**

## ਮੈਂ ਸਮੂਹ ਲੇਖਕਾਂ, ਚਿੰਤਕਾਂ ਤੇ ਬੁੱਧੀਜੀਵੀਆਂ ਨੂੰ ਡਾ. ਸਰਬਜੀਤ ਨੂੰ ਪ੍ਰਧਾਨ ਬਣਾਉਣ ਦੀ ਅਪੀਲ ਕਰਦਾ

ਡਾ. ਸਰਬਜੀਤ ਸਿੰਘ ਪੰਜਾਬੀ ਦੇ ਪ੍ਰਗਤੀਵਾਦੀ ਆਲੋਚਕ, ਮਿਹਨਤੀ ਅਧਿਆਪਕ ਅਤੇ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਲੇਖਕ ਹਨ। ਉਹਨਾਂ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਪੰਜਾਬ ਦੇ ਇਤਿਹਾਸ ਦੇ ਕਈ ਅਣਗੌਲੇ ਪੱਖਾਂ ਉੱਪਰ ਗੌਲਣਯੋਗ ਕੰਮ ਕੀਤਾ ਹੈ। ਖਾਸ ਤੌਰ ਤੇ ਪੰਜਾਬੀ ਸਾਹਿਤ ਦੀਆਂ ਅਗਾਂਹਵਧੂ ਤੇ ਸਮਾਜਿਕ ਇਨਸਾਫ਼ ਲਈ ਲੜੀਆਂ ਗਈਆਂ ਲਹਿਰਾਂ ਦੇ ਇਤਿਹਾਸ ਨੂੰ ਤੱਥ ਭਰਪੂਰ ਤਰੀਕੇ ਨਾਲ ਰੇਖਾਂਕਿਤ ਕੀਤਾ ਹੈ। ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਮੁੱਖਧਾਰਾ ਵਿਚ ਲੈ ਕੇ ਆਉਣ ਦਾ ਇਹ ਕਾਰਜ ਬਹੁਤ ਵਿਲੱਖਣ ਅਤੇ ਮਹੱਤਵਪੂਰਨ ਹੈ। ਮੈਂ ਪੰਜਾਬ ਦੇ ਸਮੂਹ ਲੇਖਕਾਂ, ਚਿੰਤਕਾਂ ਤੇ ਬੁੱਧੀਜੀਵੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ 15 ਮਾਰਚ ਨੂੰ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਡਾ. ਸਰਬਜੀਤ ਸਿੰਘ ਨੂੰ ਵੋਟ ਪਾ ਕੇ ਇਸ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਨਿਭਾਉਣ ਦਾ ਇੱਕ ਮੌਕਾ ਹੋਰ ਦੇਣ।

**- ਡਾ. ਸੁਖਦੇਵ ਸਿੰਘ ਸਿਰਸਾ (ਚੰਡੀਗੜ੍ਹ)**

## ਜੁਝਾਰੂ ਸ਼ਖ਼ਸੀਅਤ ਡਾ. ਸਰਬਜੀਤ ਸਿੰਘ ਦੀ ਅਕਾਦਮੀ ਨੂੰ ਬਹੁਤ ਲੋੜ

ਪੰਜਾਬੀ ਸਾਹਿਤ ਜਗਤ ਵਿੱਚ ਹਰ ਕੋਈ ਜਾਣਦਾ ਹੈ ਕਿ ਡਾ. ਸਰਬਜੀਤ ਸਿੰਘ ਵੱਡੇ ਲੇਖਕ, ਇੱਕ ਪ੍ਰਬੁੱਧ ਵਿਦਵਾਨ ਅਤੇ ਸਾਹਿਤ ਆਲੋਚਕ ਹਨ ਪਰ ਮੈਂ ਪਿਛਲੇ ਦੋ ਸਾਲ ਤੋਂ ਉਹਨਾਂ ਦੀ ਸੁਯੋਗ ਅਗਵਾਈ ਅਤੇ ਪ੍ਰਬੰਧਕੀ ਯੋਗਤਾ ਤੋਂ ਬਹੁਤ ਪ੍ਰਭਾਵਿਤ ਹੋਈ ਹਾਂ। ਉਹ ਚੁਣੌਤੀਆਂ ਲੈ ਕੇ ਆਏ ਸੀ ਅਤੇ ਉਹਨਾਂ ਚੁਣੌਤੀਆਂ ਦਾ ਸਾਹਮਣਾ ਵੀ ਕੀਤਾ ਅਤੇ ਸਭ ਨੂੰ ਨਾਲ ਲੈ ਕੇ ਚੱਲਦੇ ਹੋਏ ਅਕਾਡਮੀ ਦੀਆਂ ਗਤੀਵਿਧੀਆਂ ਬਹੁਤ ਸੁਚਾਰੂ ਢੰਗ ਨਾਲ ਚਲਾਈਆਂ ਅਤੇ ਨਾਲ ਹੀ ਅਕਾਡਮੀ ਦੇ ਸਾਹਿਤਕ ਕਾਰਜਾਂ ਵਿੱਚ ਵੀ ਨਵੀਆਂ ਪਿਰਤਾਂ ਪਾਈਆਂ। ਮੈਂ ਸਾਰੇ ਪੰਜਾਬੀ ਲੇਖਕਾਂ ਨੂੰ ਬੇਨਤੀ ਕਰਦੀ ਹਾਂ ਕਿ ਉਹਨਾਂ ਨੂੰ ਆਉਣ ਵਾਲੇ ਹੋਰ ਦੋ ਸਾਲ ਲਈ ਪ੍ਰਧਾਨ ਬਣੇ ਰਹਿਣ ਲਈ 15 ਮਾਰਚ ਨੂੰ ਲੁਧਿਆਣੇ ਆ ਕੇ ਜ਼ਰੂਰ ਵੋਟ ਪਾਓ। ਅਕਾਡਮੀ ਨੂੰ ਇਸ ਜੁਝਾਰੂ ਸ਼ਖ਼ਸੀਅਤ ਦੀ ਬਹੁਤ ਲੋੜ ਹੈ।

**- ਡਾ. ਪਾਲ ਕੌਰ (ਮੋਹਾਲੀ)**

## ਮੈਂ ਇਸ ਵਾਰ ਪ੍ਰਧਾਨਗੀ ਲਈ ਡਾ. ਸਰਬਜੀਤ ਸਿੰਘ ਨੂੰ ਜਿਤਾਉਣ ਦੀ ਅਪੀਲ ਕਰਦਾ ਹਾਂ

ਪਿਛਲੇ ਸਮੇਂ ਵਿੱਚ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਆ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵੱਡੇ ਪੱਧਰ ਤੇ ਸੰਘਰਸ਼ ਕਰਨਾ ਪਿਆ। ਇਸ ਵਿਚ ਮੇਰੇ ਸਮੇਤ ਪੰਜਾਬੀ ਭਾਸ਼ਾ ਲਈ ਕਾਰਜ ਕਰਨ ਵਾਲੀਆਂ ਬਹੁਤ ਸਾਰੀਆਂ ਧਿਰਾਂ ਸ਼ਾਮਿਲ ਰਹੀਆਂ ਹਨ। ਇਸ ਪ੍ਰਸੰਗ ਵਿੱਚ ਜਦ ਵੀ ਡਾ. ਸਰਬਜੀਤ ਸਿੰਘ ਨੂੰ ਹਾਕ ਮਾਰੀ ਗਈ, ਉਹ ਪਹਿਲੇ ਬੋਲ ਹਾਜ਼ਿਰ ਹੋਇਆ। ਉਸ ਨੇ ਇਸ ਮੁਹਿੰਮ ਲਈ ਬਣਾਈ ਗਈ ਤਾਲਮੇਲ ਕਮੇਟੀ ਦੇ ਕਨਵੀਨਰ ਦੇ ਤੌਰ ਵੀ ਜ਼ਿੰਮੇਵਾਰੀ ਨਾਲ ਕਾਰਜ ਕੀਤਾ। ਡਾ. ਸਰਬਜੀਤ ਸਿੰਘ ਦੁਆਰਾ ਪੰਜਾਬੀ ਮਾਂ ਬੋਲੀ ਦੀ ਇਸ ਲੜਾਈ ਵਿੱਚ ਸਾਡੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣ ਕਰਕੇ ਮੈਂ ਇਸ ਵਾਰ ਪ੍ਰਧਾਨਗੀ ਲਈ ਉਹਨਾਂ ਨੂੰ ਜਿਤਾਉਣ ਦੀ ਅਪੀਲ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਡਾ. ਸਰਬਜੀਤ ਸਿੰਘ ਇਸੇ ਤਰ੍ਹਾਂ ਮਾਂ ਬੋਲੀ ਪੰਜਾਬੀ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਕਾਇਮ ਰੱਖਣਗੇ।

**- ਡਾ. ਲਖਵਿੰਦਰ ਸਿੰਘ ਜੌਹਲ (ਜਲੰਧਰ)**

## ਮੈਂ ਚਾਹੁੰਦਾ ਹਾਂ ਕਿ ਸਮੂਹ ਪੰਜਾਬੀ ਡਾ. ਸਰਬਜੀਤ ਸਿੰਘ ਦਾ ਸਾਥ ਦੇਣ

ਸਮਕਾਲੀ ਵਿਦਵਾਨਾਂ ਵਿਚੋਂ ਜਿਹਨਾਂ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਉੱਪਰ ਸ਼ਲਾਘਾਯੋਗ ਕਾਰਜ ਤਾਂ ਕੀਤਾ ਹੀ ਹੈ ਪ੍ਰਬੰਧਕੀ ਜ਼ਿਮੇਵਾਰੀਆਂ ਵੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਈਆਂ ਹਨ, ਉਹਨਾਂ ਵਿਚੋਂ ਡਾ ਸਰਬਜੀਤ ਸਿੰਘ ਦਾ ਨਾਮ ਪ੍ਰਮੁੱਖ ਹੈ। ਉਸ ਵਿੱਚ ਬੜੀ ਸਾਦਗੀ, ਸਰਲਤਾ ਅਤੇ ਸੰਜਮੀ ਵਿਚਾਰਾਂ ਨਾਲ ਦੂਸਰੇ ਨੂੰ ਪ੍ਰਭਾਵਿਤ ਕਰਨ ਦਾ ਗੁਣ ਹੈ। ਪੰਜਾਬੀ ਸਾਹਿਤ ਅਕਾਡਮੀ ਲਈ ਲੁਧਿਆਣਾ ਦੇ ਪ੍ਰਧਾਨ ਦੇ ਅਹੁਦੇ ਦੀ ਚੋਣ ਲਈ ਉਹ ਸਭ ਤੋਂ ਯੋਗ ਉਮੀਦਵਾਰ ਹਨ ਜਿਸਦੀ ਅਗਵਾਈ ਵਿੱਚ ਅਕਾਡਮੀ ਦੀਆਂ ਸਰਗਰਮੀਆਂ ਹੋਰ ਬੁਲੰਦੀਆਂ ਛੂਹਣਗੀਆਂ। ਇਹ ਮੇਰਾ ਮੰਨਣਾ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸਮੂਹ ਪੰਜਾਬੀ ਪਿਆਰੇ ਉਸ ਦਾ ਸਾਥ ਦੇਣ।

**- ਬਲਦੇਵ ਸਿੰਘ ਸੜਕਨਾਮਾ (ਮੋਗਾ)**

## ਆਓ, ਡਾ. ਸਰਬਜੀਤ ਸਿੰਘ ਦੇ ਹੱਕ 'ਚ 'ਸਹੀ' ਪਾਉਣ ਅਕਾਦਮੀ ਦੇ ਵਿਹੜੇ ਪਹੁੰਚੀਏ

ਪਰਪੱਕ ਸਿਧਾਂਤਕ ਪਹੁੰਚ, ਵਿਲੱਖਣ ਵਿਉਂਤਬੰਦੀ, ਕੰਮ ਕਰਨ/ਕਰਾਉਣ ਦੀ ਸਸ਼ੱਕਤ ਸਮਰੱਥਾ ਦਾ ਧਾਰਨੀ ਡਾ. ਸਰਬਜੀਤ ਸਿੰਘ ਆਪਣੇ ਉਦੇਸ਼ ਤੇ ਅਮਲ ਪ੍ਰਤੀ ਜਿਸ ਪ੍ਰਤਿਬੱਧਤਾ ਨਾਲ ਕਾਰਜਸ਼ੀਲ ਰਹਿੰਦਾ ਹੈ ਉਹਦੀ ਮਿਸਾਲ ਆਮ ਨਹੀਂ ਮਿਲਦੀ। ਸਾਹਿਤਕ ਖੇਤਰ ਵਿੱਚ ਲੰਮੇ ਸਮੇਂ ਤੋਂ ਉਹਦੇ ਸੰਗ-ਸਾਥ ਵਿਚਰਦਿਆਂ ਰਹਿਣ ਦੇ ਆਧਾਰ 'ਤੇ ਮੈਂ ਨਿਸ਼ਚੇ ਨਾਲ ਸ਼ਾਹਦੀ ਭਰ ਸਕਦਾ ਹਾਂ ਕਿ ਉਹ ਜਿਸ ਵੀ ਸੰਸਥਾ ਨਾਲ ਜੁੜਿਆ ਉਹਦੀ ਸਰਵ-ਪੱਖੀ ਗਤੀਸ਼ੀਲਤਾ ਲਈ ਉਹ ਖ਼ੁਦ ਵੀ ਉਮੀਦੋਂ ਵੱਧ ਕਾਰਜਸ਼ੀਲ ਰਿਹਾ ਤੇ ਸਾਥੀਆਂ ਨੂੰ ਵੀ ਰੱਤੀ ਭਰ ਅਵੇਸਲੇ ਨਹੀਂ ਹੋਣ ਦਿੱਤਾ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਕੰਮਕਾਜ ਦੀ ਪਿਛਲੇ ਦੋ ਸਾਲਾਂ ਦੀ ਤਵਾਰੀਖੀ ਤੇਜ਼ੀ ਇਸ ਵਰਤਾਰੇ ਦਾ ਅਕੱਟ ਪ੍ਰਮਾਣ ਹੈ । ਇਸ ਗਤੀਸ਼ੀਲਤਾ ਨੂੰ ਬਣਾਈ ਰੱਖਣ ਲਈ ਅਗਲੇ ਦੋ ਸਾਲਾਂ ਵਾਸਤੇ ਅਕਾਡਮੀ ਦੇ ਪ੍ਰਧਾਨ ਵਜੋਂ ਉਨ੍ਹਾਂ ਦੀਆਂ ਸੇਵਾਵਾਂ ਦੇ ਹੱਕ ਵਿੱਚ ਸਹੀ ਪਾਉਣ ਲਈ, ਆਓ, ਅਕਾਡਮੀ ਦੇ ਵਿਹੜੇ ਪਹੁੰਚੀਏ ।

**- ਸੁਰਜੀਤ ਜੱਜ (ਫਗਵਾੜਾ)**

## ਆਨੰਦ ਜੋੜੀ ਸਿਮਰਤੀ ਪੁਰਸਕਾਰ-2026

# ਬੇਹਤਰੀਨ ਕਹਾਣੀ ਦਾ ਐਵਾਰਡ ਅਜਮੇਰ ਰੋਡੇ ਦੀ ਕਹਾਣੀ 'ਹਜ਼ਾਰ ਮੀਲ ਲੰਮੀ ਬਾਂਹ' ਨੂੰ







**ਗਿਆਨ ਸੈਦਪੁਰੀ**

ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਗਮ, ਜੋ ਗੁਰਬਖ਼ਸ਼ ਸਿੰਘ ਨਾਨਕ ਸਿੰਘ ਭਵਨ, ਪ੍ਰੀਤ ਨਗਰ ਵਿੱਚ ਪਿਛਲੇ ਕਈ ਸਾਲਾਂ ਤੋਂ ਕੀਤਾ ਜਾ ਰਿਹਾ ਹੈ, ਵਿੱਚ ਹਾਜ਼ਰੀ ਭਰਨੀ ਇੱਕ 'ਹੱਜ' ਵਾਂਗ ਹੋ ਗਿਆ ਹੈ। ਇਹ ਸਿਲਸਿਲਾ 2018 ਤੋਂ ਨਿਰੰਤਰ ਜਾਰੀ ਹੈ। ਇਸ ਵਾਰ ਸਾਡੀ 'ਹੱਜ ਟੋਲੀ' ਵਿੱਚ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਵੀ ਸ਼ਾਮਲ ਹੋਏ। ਸਾਡੀ ਟੋਲੀ ਵਿੱਚ ਛੇ ਜਣੇ ਸਨ। ਫਾਊਂਡੇਸ਼ਨ ਦੇ ਵਿਹੜੇ ਵਿੱਚ ਵੜਦਿਆਂ ਹੀ ਬਲਬੀਰ ਪਰਵਾਨਾ, ਬਿੰਦਰ ਬਸਰਾ, ਖੁਸ਼ਵੰਤ ਬਰਗਾੜੀ, ਕੁਲਵੰਤ ਸਿੰਘ ਔਜਲਾ ਤੇ ਅਮਰਜੀਤ ਕੋਮਲ ਵਰਗੇ ਅਦੀਬ ਦੋਸਤਾਂ ਨਾਲ ਦੁਆ ਸਲਾਮ ਹੋ ਗਈ। ਪੂਰੀ ਤਰ੍ਹਾਂ ਰੁੱਝੇ ਹੋਏ ਸੁਕੀਰਤ ਹੁਰਾਂ ਨਾਲ ਅੱਖ ਮਿਲੀ ਤਾਂ ਉਹਨਾਂ ਸ਼ਮਿਆਨੇ ਵੱਲ ਇਸ਼ਾਰਾ ਕਰਦਿਆਂ ਚਾਹ ਪਾਣੀ ਪੀ ਕੇ ਗੁਰਬਖ਼ਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ ਦੇ ਆਡੀਟੋਰੀਅਮ ਵਿੱਚ ਜਾ ਕੇ ਕੁਰਸੀਆਂ ਮੱਲਣ ਲਈ ਆਖਿਆ। ਅਸੀਂ ਇੰਜ ਹੀ ਕੀਤਾ।

ਸਾਡੇ ਕੁਰਸੀਆਂ ਮੱਲਦਿਆਂ ਹੀ ਡਾ. ਜਸ ਮੰਡ ਹੁਰੀਂ ਮੰਚ ਵੱਲ ਆਹੁਲੇ। ਮਾਈਕ ਫੜ ਕੇ ਉਹਨਾਂ ਕੁਝ ਪਲ ਹਾਜ਼ਰੀਨ ਨੂੰ ਨਿਹਾਰਿਆ। ਉਹਨਾਂ ਨੇ ਇੱਥੇ ਪਹੁੰਚਣ ਲਈ ਸਭ ਦਾ ਸਵਾਗਤ ਕੀਤਾ।

ਸਬੱਬ ਨਾਲ ਸਨਮਾਨ ਸਮਾਰੋਹ ਵਾਲਾ ਦਿਨ ਅੰਤਰਰਾਸ਼ਟਰੀ ਔਰਤ ਦਿਵਸ ਵੀ ਸੀ। ਮੰਡ ਹੁਰਾਂ ਇਸ ਦਿਨ ਦੀਆਂ ਸਭ ਨੂੰ ਵਧਾਈਆਂ ਦਿੰਦਿਆਂ ਸਮਾਗਮ ਦਾ ਹਿੱਸਾ ਬਣੇ ਡਾ. ਰਘਬੀਰ ਸਿੰਘ ਸਿਰਜਣਾ ਤੇ ਉਨ੍ਹਾਂ ਦੀ ਜੀਵਨ ਸਾਥਣ ਸ੍ਰੀਮਤੀ ਸੁਲੇਖਾ ਨੂੰ ਡਬਲ ਵਧਾਈਆਂ ਦਿੱਤੀਆਂ। ਇੱਥੇ ਇਹ ਦੱਸਣਾ ਵੀ ਸ਼ਾਇਦ ਕੁਥਾਂ ਨਹੀਂ ਹੋਵੇਗਾ ਕਿ ਡਾ. ਸਿਰਜਣਾ ਦੀ ਜੀਵਨ ਸਾਥਣ ਸੁਲੇਖਾ ਸੱਭਿਆਚਾਰਕ ਖੇਤਰ ਦੀ ਨਾਮਵਰ ਸ਼ਖ਼ਸੀਅਤ ਉਲੱਥਾਕਾਰ ਤੇ ਕਮਿਊਨਿਸਟ ਆਗੂ ਤੇਰਾ ਸਿੰਘ ਚੰਨ ਦੀ ਸਭ ਤੋਂ ਵੱਡੀ ਧੀ ਹੈ।

ਜਸ ਮੰਡ ਹੁਰਾਂ ਆਨੰਦ ਜੋੜੀ ਸਿਮਰਤੀ ਸਮਾਰੋਹ ਪ੍ਰੀਤ ਨਗਰ ਵਿਖੇ ਹੀ ਕਰਨ ਦੇ ਵਿਚਾਰ ਨਾਲ ਗੱਲ ਅੱਗੇ ਤੋਰੀ। ਉਹਨਾਂ ਦੱਸਿਆ ਕਿ ਪ੍ਰੀਤ ਨਗਰ ਇੱਕ ਸੁਪਨਾ ਸੀ ਕਿ ਲੋਕ ਇੱਥੇ ਮਿਲ-ਜੁਲ ਕੇ ਇੱਕ ਕਮਿਊਨ ਬਣਾ ਕੇ ਸਲੀਕੇ ਨਾਲ ਰਹਿਣ। ਪ੍ਰੀਤ ਮਿਲਣੀਆਂ ਹੋਣ, ਮੁਹੱਬਤਾਂ ਦੀ ਬਾਤ ਪਵੇ। ਇੱਥੇ ਜ਼ਿੰਦਗੀ ਜਿਉਣ ਦੇ ਤੰਦਰੁਸਤ ਤੇ ਤਾਜ਼ੇ ਵਿਚਾਰ ਉਗਮਣ। ਇਹ ਸਭ ਕੁਝ ਇੱਥੇ ਹੋਇਆ ਵੀ। ਇਸ ਸ਼ਾਨਦਾਰ ਵਿਰਸੇ ਦੀ ਯਾਦ ਨੂੰ ਚੇਤਿਆਂ 'ਚ ਤਾਜ਼ਾ ਰੱਖਣ ਲਈ ਮੁੜ ਜੁੜ ਕੇ ਬੈਠਣ ਦਾ ਸੁਕੀਰਤ ਨੇ ਉਪਰਾਲਾ ਕੀਤਾ ਹੈ। ਅਦਬੀ ਦੁਨੀਆ ਵੱਲੋਂ ਇਸ ਉਪਰਾਲੇ ਨੂੰ ਸਾਰਥਿਕ ਬਣਾਉਣ ਲਈ ਹੁੰਗਾਰਾ ਵੀ ਮਿਲ ਰਿਹਾ ਹੈ। ਪ੍ਰਧਾਨਗੀ ਮੰਡਲ ਦੀ ਰਿਵਾਇਤ ਤੋਂ ਪਾਸੇ ਹਟ ਕੇ ਆਨੰਦ ਜੋੜੀ ਸਿਮਰਤੀ ਸਮਾਰੋਹ ਵਿੱਚ ਕਾਮਰੇਡ ਜਗਜੀਤ ਸਿੰਘ ਆਨੰਦ ਤੇ ਉਰਮਿਲਾ ਆਨੰਦ ਦੀ ਗੱਲ ਕਰਦਿਆਂ ਮੰਡ ਨੇ ਕਿਹਾ ਕਿ ਇਹ ਜੋੜੀ ਸਾਹਿਤ ਅਤੇ ਪੱਤਰਕਾਰੀ ਦਾ ਉੱਚਾ ਬੁਰਜ ਸੀ। ਇਹਨਾਂ ਨੇ ਨਵਾਂ ਜ਼ਮਾਨਾ ਨੂੰ ਉੱਚੇ ਮੁਰਾਤਬੇ 'ਤੇ ਪਹੁੰਚਾਇਆ। ਨਵਾਂ ਜ਼ਮਾਨਾ ਪੱਤਰਕਾਰੀ ਦੇ ਸਕੂਲ ਵਜੋਂ ਜਾਣਿਆ ਗਿਆ। ਮੰਡ ਨੇ ਕਿਹਾ ਕਿ ਆਨੰਦ ਸਾਹਿਬ ਸਭ ਤੋਂ ਵੱਧ ਸਮਾਜਿਕ ਕਮਿਊਨਿਸਟ ਆਗੂ ਸਨ। ਆਨੰਦ ਦੇ ਅਸੀਮ ਗਿਆਨ ਬਾਰੇ ਇੱਕ ਪੁਰਾਣੀ ਯਾਦ ਦੇ ਹਵਾਲੇ ਨਾਲ ਉਹਨਾਂ ਦੱਸਿਆ ਕਿ ਜੇਕਰ ਉਹ ਆਂਡਿਆਂ ਦੀ ਭੁਰਜੀ ਦੀ ਪਕਾਉਣ ਪ੍ਰਕਿਰਿਆ ਬਾਰੇ ਜਾਣਦੇ ਸਨ ਤਾਂ ਉਹ ਵੀਅਤਨਾਮ ਬਾਰੇ ਵੀ ਚੰਗੀ ਤਰ੍ਹਾਂ ਜਾਣਕਾਰੀ ਰੱਖਦੇ ਸਨ। ਜਿੱਥੇ ਉਹ ਵੱਡੇ ਵਕਤਾ ਸਨ, ਉੱਥੇ ਕਮਾਲ ਦੇ ਤਰਜ਼ਮਾਕਾਰ ਵੀ ਸਨ।

ਸਮਾਰੋਹ ਦੀ ਭੂਮਿਕਾ ਉਪਰੰਤ ਪਹਿਲਾ ਸੈਸ਼ਨ ਪੱਤਰਕਾਰਤਾ ਬਾਰੇ ਹੋਇਆ। ਦੱਸਿਆ ਗਿਆ ਕਿ ਆਨੰਦ ਹੁਰਾਂ ਦੇ ਨਾਂਅ 'ਤੇ ਸਨਮਾਨ ਉਸ ਪੱਤਰਕਾਰ ਨੂੰ ਦਿੱਤਾ ਜਾਂਦਾ ਹੈ, ਜੋ ਖੋਜੀ ਬਿਰਤੀ ਵਾਲਾ ਹੋਵੇ ਤੇ ਇਸ ਖੇਤਰ ਨਾਲ ਉਹ ਜ਼ਮੀਨੀ ਪੱਧਰ 'ਤੇ ਜੁੜਿਆ ਹੋਵੇ। ਇਸ ਵਾਰ ਇਹ ਸਨਮਾਨ ਮਨਦੀਪ ਤੇ ਸਾਹਿਲਦੀਪ ਦੀ ਪੱਤਰਕਾਰ ਜੋੜੀ ਦੇ ਹਿੱਸੇ ਆਇਆ ਹੈ।

ਸਨਮਾਨ ਪ੍ਰਾਪਤ ਕਰਤਾ ਇਸ ਜੋੜੀ ਬਾਰੇ ਕਾਲਮ ਨਵੀਸ ਅਰੁਨਦੀਪ ਨੇ ਕੁਝ ਗੱਲਾਂ ਕੀਤੀਆਂ। ਇਸ ਤੋਂ ਪਹਿਲਾਂ ਅਰੁਨਦੀਪ ਨੇ ਜਗਜੀਤ ਸਿੰਘ ਆਨੰਦ ਪ੍ਰਤੀ ਸਤਿਕਾਰ ਪ੍ਰਗਟ ਕਰਦਿਆਂ ਕਿਹਾ ਕਿ ਉਹਨਾਂ ਵੱਲ ਦੇਖ-ਦੇਖ ਅਸੀਂ ਪੱਤਰਕਾਰੀ ਦੇ ਖੇਤਰ ਵਿੱਚ ਆਏ। ਅਰੁਨਦੀਪ ਨੇ ਆਨੰਦ ਹੁਰਾਂ ਨਾਲ ਜੁੜੀਆਂ ਕਈ ਦਿਲਚਸਪ ਯਾਦਾਂ ਤਾਜ਼ੀਆਂ ਕੀਤੀਆਂ। ਮਨਦੀਪ ਤੇ ਸਾਹਿਲਦੀਪ ਦੀ ਪੱਤਰਕਾਰੀ ਬਾਰੇ ਗੱਲ ਕਰਦਿਆਂ ਅਰੁਨਦੀਪ ਨੇ ਦੱਸਿਆ ਕਿ ਦਿੱਲੀ ਦੀਆਂ ਬਰੂਹਾਂ 'ਤੇ ਕੀਤੇ ਕਿਸਾਨੀ ਅੰਦੋਲਨ ਵੇਲੇ ਇਸ ਜੋੜੀ ਨੇ 'ਦੁਨੀਆ' ਚੈਨਲ ਬਣਾਇਆ। ਇਨ੍ਹਾਂ ਦਾ ਕੰਮ ਗੁਣਵੱਤਾ ਦੇ ਤੌਰ 'ਤੇ ਚੰਗਾ ਮੰਨਿਆ ਗਿਆ। ਬੁਰਿਆਂ ਸਮਿਆਂ ਵਿੱਚ ਵੀ ਇਹ ਚੰਗਾ ਤੇ ਉਤਸ਼ਾਹਜਨਕ ਕੰਮ ਕਰ ਰਹੇ ਹਨ। ਉਹਨਾ ਕਿਹਾ ਕਿ ਆਨੰਦ ਜੋੜੀ ਦੇ ਨਾਂਅ 'ਤੇ ਦਿੱਤੇ ਜਾ ਰਹੇ ਸਨਮਾਨ ਦਾ ਮਹੱਤਵ ਇਹ ਵੀ ਹੈ ਕਿ ਨੌਜਵਾਨ ਪੱਤਰਕਾਰਾਂ ਨੂੰ ਉਤਸ਼ਾਹ ਤੇ ਸ਼ਾਬਾਸ਼ ਦਿੱਤੀ ਗਈ ਹੈ।

ਮਨਦੀਪ ਤੇ ਸਾਹਿਲਦੀਪ ਨੇ ਸਨਮਾਨ ਲਈ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਮਾਪਿਆਂ ਵੱਲੋਂ ਵੀ ਭਰਪੂਰ ਉਤਸ਼ਾਹ ਮਿਲਦਾ ਰਿਹਾ ਹੈ। ਆਨੰਦ ਹੁਰਾਂ ਦੇ ਨਾਂਅ 'ਤੇ ਮਿਲਿਆ ਸਨਮਾਨ ਸਾਡੇ ਲਈ ਪੱਤਰਕਾਰੀ ਦੇ ਸਰਟੀਫਿਕੇਟ ਦੇ ਤੁਲ ਹੈ। ਸਾਨੂੰ ਨਵੀਂ ਤੇ ਵਧੇਰੇ ਜ਼ਿੰਮੇਵਾਰੀ ਦਾ ਵੀ ਅਹਿਸਾਸ ਹੋਇਆ ਹੈ।

ਇਸ ਉਪਰੰਤ ਸੁਕੀਰਤ ਹੁਰੀਂ ਮੁੜ ਮੰਚ 'ਤੇ ਆਏ। ਉਨ੍ਹਾਂ ਨੇ ਪੱਤਰਕਾਰੀ ਦੇ ਸਨਮਾਨ ਬਾਰੇ ਦਿਲਚਸਪ ਪ੍ਰਗਟਾਵਾ ਕੀਤਾ। ਉਹਨਾਂ ਕਿਹਾ ਕਿ ਇਸ ਸਨਮਾਨ ਲਈ ਚੋਣ ਬੜੀ ਸੌਖੀ ਹੈ, ਕਿਉਂਕਿ ਇਹ ਚੰਗੇ ਪੱਤਰਕਾਰ ਨੂੰ ਦਿੱਤਾ ਜਾਣਾ ਹੁੰਦਾ ਹੈ ਤੇ ਉਹ ਬਹੁਤ ਘੱਟ ਹਨ। ਉਹਨਾਂ ਕਿਹਾ ਕਿ ਸਨਮਾਨ ਦੇਣਾ ਮੇਰੇ ਇਕੱਲੇ ਦਾ ਕੰਮ ਨਹੀਂ, ਇਸ ਵਿੱਚ ਬੜੇ ਮਿੱਤਰ ਸਹਿਯੋਗੀ ਹਨ।

ਕਹਾਣੀ ਦੇ ਸਨਮਾਨ ਦੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਪੁਣ-ਛਿਣ ਕੇ ਆਉਂਦਿਆਂ ਸਾਰੀਆਂ (10) ਕਹਾਣੀਆਂ ਮੇਰੇ ਲਈ ਬਰਾਬਰ ਹੁੰਦੀਆਂ ਹਨ। ਚੋਣ ਪ੍ਰਕਿਰਿਆ ਦੇ ਅਨੁਸਾਰ ਕਿਸੇ ਇੱਕ ਨੂੰ ਪਹਿਲਾ ਇਨਾਮ ਤਾਂ ਦੇਣਾ ਹੀ ਪੈਂਦਾ ਹੈ। ਸੁਕੀਰਤ ਨੇ ਦਸ ਕਹਾਣੀਆਂ ਵਿੱਚ ਸ਼ਾਮਲ 'ਫੋਮੋ' ਕਹਾਣੀ ਬਾਰੇ ਵੀ ਕੁਝ ਗੱਲਾਂ ਕੀਤੀਆਂ। ਇਸ ਦੌਰਾਨ ਉਹਨਾ ਕਿਹਾ ਕਿ ਸਾਡੇ ਅਦਬੀ ਵਿਹੜੇ ਵਿੱਚ ਵੀ 'ਫੋਮੋ' ਆਣ ਵੜਿਆ ਹੈ।

ਸਮਾਗਮ ਦੇ ਅਗਲੇ ਪੜਾਅ ਵਿੱਚ ਚੁਣੀਆਂ ਗਈਆਂ ਕਹਾਣੀਆਂ ਦੇ ਲੇਖਕਾਂ ਨੇ ਆਪੋ ਆਪਣੀਆਂ ਕਹਾਣੀਆਂ ਦੀ ਸਿਰਜਣ ਪ੍ਰਕਿਰਿਆ ਬਾਰੇ ਗੱਲਾਂ ਕੀਤੀਆਂ। ਦਸਾਂ ਵਿੱਚੋਂ ਚਾਰ ਕਹਾਣੀਕਾਰ ਸਮਾਗਮ ਵਿੱਚ ਮੌਜੂਦ ਸਨ। ਬਾਕੀਆਂ ਦੇ ਰਿਕਾਰਡਡ ਜਾਂ ਲਿਖਤੀ ਸੰਦੇਸ਼ ਸੁਣਾਏ ਗਏ।

ਸਭ ਤੋਂ ਪਹਿਲਾਂ ਕਹਾਣੀਕਾਰ ਅਜਮੇਰ ਰੋਡੇ ਦਾ ਸੰਦੇਸ਼ ਸੁਣਾਇਆ ਗਿਆ। ਰੋਡੇ ਨੇ ਸਿਰਜਣ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਦੱਸਿਆ। ਇਸ ਉਪਰੰਤ ਅੰਬਰ ਹੁਸੈਨੀ, ਅਲੀ ਉਸਮਾਨ ਬਾਜਵਾ ਦਾ ਰਿਕਾਰਡ ਕੀਤਾ ਸੰਦੇਸ਼ ਸੁਣਾਇਆ ਗਿਆ। ਹਾਜ਼ਰ ਕਹਾਣੀਕਾਰ ਹਰਮੇਸ਼ ਮਾਲੜੀ ਨੇ 'ਮ੍ਰਿਗਸ਼ਲੀ' ਦੀ ਸਿਰਜਣ ਪ੍ਰਕਿਰਿਆ ਬਾਰੇ ਚਾਨਣਾ ਪਾਇਆ। ਉਹਨਾਂ ਕਿਹਾ ਕਿ ਇਸ ਰੂਪ ਵਿੱਚ ਮੇਰੀ ਪਹਿਲੀ ਪਛਾਣ ਹੈ। ਉਂਝ ਵੀ ਮੈਂ ਲਿਖਣਾ ਦੇਰ ਨਾਲ ਸ਼ੁਰੂ ਕੀਤਾ। ਉਹਨਾਂ ਆਪਣੇ ਸਾਹਿਤਕ ਸਫ਼ਰ ਦੀ ਸੰਖੇਪ ਵਿੱਚ ਗੱਲ ਕਰਦਿਆਂ ਚੋਣਕਾਰਾਂ ਦਾ ਧੰਨਵਾਦ ਕੀਤਾ।

ਕਹਾਣੀਕਾਰਾਂ ਪਰਵੇਜ਼ ਸੰਧੂ ਦਾ ਸੰਦੇਸ਼ ਬੀਬਾ ਅਮਨ ਨੇ ਪੜ੍ਹਿਆ। ਪਰਵੇਜ਼ ਸੰਧੂ ਨੇ ਕਿਹਾ ਕਿ ਕਲਮ ਨੇ ਮੈਨੂੰ ਜਿਉਣਾ ਸਿਖਾਇਆ। ਦਸ ਕਹਾਣੀਆਂ ਵਿੱਚ ਮੇਰੀ ਕਹਾਣੀ ਦੀ ਚੋਣ ਮੇਰੇ ਲਈ ਇਨਾਮ ਤੇ ਸਨਮਾਨ ਹੈ। ਬੂਟਾ ਸਿੰਘ ਚੌਹਾਨ ਨੇ 'ਸਿਰ ਦੀ ਛੱਤ' ਬਾਰੇ ਵਿਸਥਾਰ ਨਾਲ ਗੱਲਾਂ ਕੀਤੀਆਂ। ਉਹਨਾਂ ਕਿਹਾ ਕਿ ਪ੍ਰੀਤ ਨਗਰ ਆ ਕੇ ਬਹੁਤ ਖੁਸ਼ੀ ਹੋਈ ਹੈ। ਇਹ ਉਨ੍ਹਾਂ ਅਦੀਬਾਂ ਦੀ ਧਰਤੀ ਹੈ, ਜੋ ਸਿਰਫ ਪੜ੍ਹੇ ਹੀ ਨਹੀਂ ਗਏ, ਸਗੋਂ ਪੂਜੇ ਗਏ।

ਚੌਹਾਨ ਨੇ ਲਿਖਤਾਂ ਦੇ ਆਮ ਵਰਤਾਰੇ ਦੀ ਗੱਲ ਕਰਦਿਆਂ ਕਿਹਾ ਕਿ ਜੋ ਪਾਤਰ ਸਿਰਜੇ ਜਾਂਦੇ ਹਨ, ਉਹ ਸਮਾਜ ਵਿੱਚ ਹੁੰਦੇ ਨਹੀਂ। ਭੁਪਿੰਦਰ ਸਿੰਘ ਮਾਨ ਨੇ ਆਪਣੀ ਕਹਾਣੀ 'ਲਾਲ ਰੱਤਾ' ਬਾਰੇ ਗੱਲਾਂ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਮੇਰਾ ਸੁਪਨਾ ਸੱਚ ਹੋਣ ਵਾਂਗ ਹੈ।

ਮੇਜਰ ਮਾਂਗਟ ਨੇ ਆਪਣੀ ਕਹਾਣੀ 'ਗਿੱਠ ਮੁਠੀਏ' ਲਈ ਸੰਦੇਸ਼ ਭੇਜਿਆ। ਇਹ ਸੰਦੇਸ਼ ਕਹਾਣੀਕਾਰ ਬਿੰਦਰ ਬਸਰਾ ਨੇ ਪੜ੍ਹ ਕੇ ਸੁਣਾਇਆ। ਮਾਂਗਟ ਨੇ ਲਿਖਿਆ ਕਿ ਕਹਾਣੀ ਲਿਖਣਾ ਉਸੇ ਤਰ੍ਹਾਂ ਹੈ ਜਿਵੇਂ ਕੋਈ ਔਰਤ ਸਵੈਟਰ ਬੁਣਦੀ ਹੈ, ਉਸ 'ਤੇ ਫੁੱਲ-ਬੂਟੀਆਂ ਬਣਾਉਂਦੀ ਹੈ।

ਰਾਜਪ੍ਰੀਤ ਕੌਰ ਬੈਨੀਪਾਲ ਨੇ 'ਸਰਗਮ ਵਿਹੂਣੇ ਸਾਜ਼' ਬਾਰੇ ਗੱਲ ਕਰਨ ਦੇ ਨਾਲ-ਨਾਲ ਪ੍ਰੀਤ ਨਗਰ ਆ ਕੇ ਮਨ ਦੀ ਸਕੂਨਮਈ ਅਵਸਥਾ ਬਾਰੇ ਵਰਣਨ ਕੀਤਾ। ਉਹਨਾਂ ਕਿਹਾ ਕਿ ਇਹ ਮੁਕੱਦਸ ਥਾਂ ਹੈ।

ਇਸੇ ਦੌਰਾਨ ਸੁਕੀਰਤ ਹੁਰਾਂ ਦੱਸਿਆ ਕਿ ਇਸ ਵਾਰ ਅਜਮੇਰ ਰੋਡੇ ਦੀ ਕਹਾਣੀ 'ਹਜ਼ਾਰ ਮੀਲ ਲੰਬੀ ਬਾਂਹ' ਪਹਿਲੇ ਸਥਾਨ 'ਤੇ ਆਈ ਹੈ। ਇਸ ਕਹਾਣੀ ਬਾਰੇ ਜਸਵਿੰਦਰ ਕੌਰ ਬਿੰਦਰਾ ਦਾ ਲਿਖਿਆ ਸੰਦੇਸ਼ ਡਾਕਟਰ ਆਰਤੀ ਨੇ ਪੜ੍ਹ ਕੇ ਸੁਣਾਇਆ। ਡਾ. ਆਰਤੀ ਦੇ ਗੱਲ ਕਰਦਿਆਂ ਭਾਅ ਜੀ ਗੁਰਸ਼ਰਨ ਸਿੰਘ ਦਾ ਝਾਉਲ਼ਾ ਪੈਂਦਾ ਰਿਹਾ। ਉਹਨਾਂ ਕਿਹਾ ਕਿ ਅਜਮੇਰ ਰੋਡੇ ਨੇ ਪੰਜਾਬੀ ਕਹਾਣੀ ਨੂੰ ਹਜ਼ਾਰ ਮੀਲ ਲੰਬੀ ਬਾਂਹ ਦਿੱਤੀ ਹੈ। ਗੱਡਾ ਬਣਾਉਣ ਤੇ ਬੰਬ ਸੰਬੰਧੀ ਇਸ ਕਹਾਣੀ ਦੀ ਚੱਲ ਰਹੀ ਚਰਚਾ ਦੇ ਹਵਾਲੇ ਨਾਲ ਜਸ ਮੰਡ ਨੇ ਟਿੱਪਣੀ ਕੀਤੀ ਕਿ ਜਿਸ ਵੇਲੇ ਖਾੜੀ ਦੇਸ਼ਾਂ ਉੱਤੇ ਬੰਬ ਵਰ੍ਹ ਰਹੇ ਹਨ ਤਾਂ ਅਸੀਂ ਪ੍ਰੀਤ ਨਗਰ ਵਿੱਚ ਗੱਡਾ ਬਣਾ ਰਹੇ ਹਾਂ। ਇਸ ਟਿੱਪਣੀ 'ਤੇ ਪ੍ਰੀਤ ਨਗਰ ਦੇ ਨਾਂਅ 'ਤੇ ਭਰਪੂਰ ਤਾੜੀਆਂ ਵੱਜੀਆਂ। ਪਹਿਲੇ ਸਥਾਨ 'ਤੇ ਆਈ ਕਹਾਣੀ ਦੇ ਲੇਖਕ ਅਜਮੇਰ ਰੋਡੇ ਨੂੰ ਸਨਮਾਨ ਚਿੰਨ੍ਹ ਤੇ ਨਗਦ ਰਾਸ਼ੀ ਰਘਬੀਰ ਸਿੰਘ, ਸੁਕੀਰਤ, ਹਿਰਦੇ ਪਾਲ ਸਿੰਘ ਤੇ ਜਸ ਮੰਡ ਨੇ ਸੌਂਪੀ। ਇਹ ਸਨਮਾਨ ਬਿੰਦਰ ਬਸਰਾ ਨੇ ਪ੍ਰਾਪਤ ਕੀਤਾ।

ਸਮਾਗਮ ਦਾ ਸਿਖਰਲਾ ਤੇ ਅੰਤਿਮ ਪੜਾਅ ਉੱਘੇ ਵਿਦਵਾਨ ਤੇ ਮੁੱਖ ਮਹਿਮਾਨ ਹਰਭਜਨ ਸਿੰਘ ਭਾਟੀਆ ਦੀ ਤਕਰੀਰ ਨਾਲ ਸ਼ੁਰੂ ਹੋਇਆ। ਡਾ. ਭਾਟੀਆ ਦੇ ਸਾਹਿਤਕ, ਸਮਾਜਿਕ ਤੇ ਅਕਾਦਮਿਕ ਰੁਤਬੇ ਬਾਰੇ ਡਾ. ਜਸ ਮੰਡ ਨੇ ਜਾਣਕਾਰੀ ਦਿੱਤੀ।

ਡਾ. ਭਾਟੀਆ ਨੇ ਪ੍ਰੀਤ ਨਗਰ ਨੂੰ ਮੁਕੱਦਸ ਸਥਾਨ ਦੱਸਦਿਆਂ ਕਿਹਾ ਕਿ ਅੱਜ ਇੱਥੇ ਪੂਰਾ ਅਦਬੀ ਪਰਵਾਰ ਹਾਜ਼ਰ ਹੈ। ਜਿਸ ਦੌਰ ਵਿੱਚ ਅਸੀਂ ਗੁਜ਼ਰ ਰਹੇ ਹਾਂ, ਉਸ ਵਿੱਚ ਅਜਿਹੀ ਸੰਸਥਾ ਵੱਲੋਂ ਸਨਮਾਨ ਦੇਣਾ ਬੜੇ ਮਾਇਨੇਖੇਜ਼ ਹੈ। ਸਨਮਾਨਿਤ ਸਾਹਿਤਕਾਰ ਇੱਥੋਂ ਊਰਜਤ ਹੋ ਕੇ ਜਾਂਦਾ ਹੈ। ਸੰਵੇਦਨਸ਼ੀਲ ਹੋਣਾ ਤੇ ਮਾਨਵੀ ਸਰੋਕਾਰਾਂ ਨਾਲ ਜੁੜੇ ਹੋਣਾ ਵੱਡੀ ਗੱਲ ਹੈ ਪ੍ਰੰਤੂ ਵਿਸ਼ੇ ਤਾਂ ਹੋਰ ਬੜੇ ਹਨ। ਗੁਰਬਖ਼ਸ਼ ਸਿੰਘ ਨਾਨਕ ਸਿੰਘ ਫਾਊਂਡੇਸ਼ਨ ਅਤੇ ਪ੍ਰੀਤ ਨਗਰ ਦੇ ਸੰਦਰਭ ਵਿੱਚ ਗੱਲ ਕਰਦਿਆਂ ਭਾਟੀਆ ਨੇ ਕਿਹਾ ਕਿ ਇਹ ਕਿਸੇ ਯੂਨੀਵਰਸਿਟੀ ਤੋਂ ਘੱਟ ਨਹੀਂ ਹੈ। ਪ੍ਰੀਤਾਂ ਦੇ ਪਹਿਰੇਦਾਰ ਦੀ ਲੇਖਣੀ ਬਾਰੇ ਉਹਨਾਂ ਕਿਹਾ ਕਿ ਮੁਹੱਬਤ ਉਸ ਸੰਵੇਦਨਾ ਨਾਲ ਪੈਦਾ ਹੁੰਦੀ ਹੈ, ਜੋ ਗੁਰਬਖ਼ਸ਼ ਸਿੰਘ ਨੇ ਪੈਦਾ ਕੀਤੀ। ਇਸੇ ਕਰਕੇ ਮੁਹੱਬਤੀ ਤੇ ਮਹਾਨ ਲੋਕਾਂ ਲਈ ਇਹ ਸਥਾਨ ਮੱਕਾ ਬਣਿਆ। 1942 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਵੀ ਇਸ ਸਥਾਨ 'ਤੇ ਸਜਦਾ ਕਰਨ ਆਏ ਸਨ। ਫੈਜ਼ ਅਹਿਮਦ ਫੈਜ਼, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਆਦਿ ਇੱਥੇ ਆ ਕੇ ਸਾਹਿਤਕ ਸੂਝ ਅਤੇ ਮਾਨਵੀ ਚਾਨਣ ਦਾ ਛੱਟਾ ਦਿੰਦੇ ਰਹੇ। ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਇਸ ਧਰਤੀ 'ਤੇ ਪੈਦਾ ਹੋਏ ਤੇ ਅਸਮਾਨ ਵਿੱਚ ਗਏ, ਪਰੰਤੂ ਨਜ਼ਰ ਧਰਤੀ 'ਤੇ ਰੱਖੀ।

ਜਿੱਥੋਂ ਤੱਕ ਆਨੰਦ ਜੋੜੀ ਸਿਮਰਤੀ ਪੁਰਸਕਾਰ ਸਮਾਰੋਹ ਵਿੱਚ ਪੁੱਜਣ ਵਾਲਿਆਂ ਦੀ ਗੱਲ ਹੈ, ਉਹ ਵੀ ਤਸੱਲੀਬਖ਼ਸ਼ ਹੈ। ਆਨੰਦ ਜੋੜੀ ਦੀ ਧੀ ਸ੍ਰੀਮਤੀ ਸੁਅੰਗਨਾ, ਦੋਹਤਰੀ ਕੰਦਲਾ ਤੇ ਦੋਹਤਰਾ ਸੁਹਿਰਦ ਸਿੰਘ ਸਮਾਗਮ ਵਿੱਚ ਪੇਸ਼ ਰਹੇ। ਸ੍ਰ: ਗੁਰਬਖ਼ਸ਼ ਸਿੰਘ ਦੀ ਨੂੰਹ ਸ੍ਰੀਮਤੀ ਪਰਵੀਨ ਹਿਰਦੇਪਾਲ ਸਿੰਘ ਵੀ ਸਮਾਗਮ ਦੀ ਸ਼ੋਭਾ ਵਧਾਉਣ ਵਾਲਿਆਂ ਵਿੱਚ ਸ਼ਾਮਲ ਸਨ। ਇਹਨਾਂ ਤੋਂ ਇਲਾਵਾ ਅਮਰੀਕਾ ਤੋਂ ਅਮਰੀਕ ਖਡਾਲੀਆ, ਜਰਮਨੀ ਤੋਂ ਵਿਸਾਖਾ ਸਿੰਘ, ਕੈਨੇਡਾ ਤੋਂ ਅਮਰਜੀਤ ਚਾਹਲ, ਵਾਰਤਾਕਾਰ ਤੇ ਕਵੀ ਨਿਰਲੇਪ ਸਿੰਘ, ਮੈਗਜ਼ੀਨ 'ਸੁਰਿਤ' ਦੇ ਸੰਪਾਦਕ ਗੁਰਬੀਰ ਬਰਾੜ, ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰੋਫੈਸਰ ਹੀਰਾ ਸਿੰਘ, ਨਾਟਕਕਾਰ ਜਗਦੀਸ਼ ਸਚਦੇਵਾ, ਲੇਖਕ ਮੁਖਤਾਰ ਗਿੱਲ ਤੇ ਧਰਵਿੰਦਰ ਔਲਖ, ਰੀਟਾ, ਦੇਸ ਰਾਜ ਤੇ ਬਲਦੇਵ ਮਾਲੜੀ ਵੀ ਮਹਿਮਾਨਾਂ ਵਿੱਚ ਸ਼ਾਮਲ ਸਨ। ਸ਼ਾਨਦਾਰ ਸਮਾਗਮ ਦੀ ਸਮਾਪਤੀ ਉਪਰੰਤ ਸਭ ਨੇ ਇਕੱਠਿਆਂ ਪ੍ਰੀਤੀ ਭੋਜ ਕੀਤਾ।

ਇੱਥੇ ਇਹ ਵੀ ਵਰਨਣਯੋਗ ਹੈ ਕਿ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਤੇ ਸਮਾਪਤ ਹੋਣ ਤੋਂ ਬਾਅਦ ਕਈ ਸਾਹਿਤ ਪ੍ਰੇਮੀਆਂ ਤੇ ਸਾਹਿਤਕਾਰਾਂ ਨੇ ਪ੍ਰੀਤ ਨਗਰ ਦਾ ਗੇੜਾ ਵੀ ਕੱਢਿਆ। ਆਪਣੇ ਮਨਾਂ ਅੰਦਰ ਉਨ੍ਹਾਂ ਸਮਿਆਂ ਦਾ ਅਹਿਸਾਸ ਭਰਨ ਦਾ ਯਤਨ ਕੀਤਾ, ਜਦੋਂ ਇੱਥੇ ਗੁਰਬਖ਼ਸ਼ ਸਿੰਘ ਅਤੇ ਹੋਰ ਬਹੁਤ ਸਾਰੇ ਅਦੀਬਾਂ ਦਾ ਵਾਸਾ ਹੋਇਆ ਕਰਦਾ ਸੀ। ਮਾਲਣੀ ਤੇ ਦਾਰ ਜੀ ਦੀ ਰਿਹਾਇਸ਼ ਨੂੰ ਵੀ ਨਿਹਾਰਿਆ, ਜੋ ਬਿਨਾਂ ਬਾਹਰਲੇ ਗੇਟ ਤੋਂ ਹੈ। ਦੱਸਦੇ ਹਨ ਕਿ ਉਦੋਂ ਇੱਥੇ ਕੋਠੀਆਂ ਨੂੰ ਜਿੰਦਰੇ ਲਾਉਣ ਦਾ ਰਿਵਾਜ ਨਹੀਂ ਸੀ। ਮਾਲਣੀ ਤੇ ਦਾਰ ਜੀ ਦੀ ਰਿਹਾਇਸ਼ ਅੱਜ ਵੀ ਸਲੀਕੇ ਨਾਲ ਰਹਿਣ ਦਾ ਸੰਦੇਸ਼ ਦੇ ਰਹੀ ਹੈ। ਇਹ ਗੱਲ ਆਪਣੇ ਆਪ 'ਚ ਤਸੱਲੀ ਵਾਲੀ ਹੈ ਕਿ ਹੁਣ ਇੱਥੇ ਗੁਰਬਖ਼ਸ਼ ਦਾ ਬੇਟਾ ਹਿਰਦੇਪਾਲ ਸਿੰਘ ਤੇ ਨੂੰਹ ਪ੍ਰਵੀਨ ਹਿਰਦੇਪਾਲ ਰਹਿ ਰਹੇ ਹਨ।

ਮੋਬਾ. 98725-40447